ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 50 | 17 December 2021 to 23 December 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਕਿਸਾਨ ਆਗੂ ਰਾਜੇਵਾਲ ਤੇ ਡੱਲੇਵਾਲ ਵਿਚਾਲੇ ਤਕਰਾਰ

## ✪ ਆਰ ਐਸ ਐਸ ਨਾਲ ਸਬੰਧ ਵਾਲੇ ਬਿਆਨ 'ਤੇ ਭੜਕੇ ਕਿਸਾਨ ਆਗੂ ਡੱਲੇਵਾਲ ✪ ਬਲਬੀਰ ਰਾਜੇਵਾਲ ਨੂੰ ਦਿੱਤਾ ਠੋਕਵਾਂ ਜਵਾਬ

**ਜਲੰਧਰ/ਏ.ਟੀ.ਨਿਊਜ਼ :** ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਏਕਤਾ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਆਪਣੇ 'ਤੇ ਆਰ.ਐੱਸ.ਐੱਸ. ਦਾ ਮੈਂਬਰ ਹੋਣ ਦੇ ਲੱਗੇ ਇਲਜ਼ਾਮ ਉਤੇ ਆਪਣੀ ਸਫਾਈ ਦਿੱਤੀ ਹੈ। ਡੱਲੇਵਾਲ ਨੇ ਕਿਹਾ ਕਿ ਅਜਿਹੇ ਇਲਜ਼ਾਮ ਲਾਉਣਾ ਵਾਜਿਬ ਨਹੀਂ ਹੈ ਤੇ ਜਿਸ ਰਾਸ਼ਟਰੀ ਕਿਸਾਨ ਮਹਾਂਸੰਘ ਦਾ ਉਨਾਂ ਨੂੰ ਮੀਤ ਪ੍ਰਧਾਨ ਦੱਸਿਆ ਜਾ ਰਿਹਾ ਹੈ, ਉਸ ਸੰਗਠਨ ਵਿਚ ਤਾਂ ਨਾ ਕੋਈ ਪ੍ਰਧਾਨ ਹੈ, ਨਾ ਕੋਈ ਸੈਕਟਰੀ ਤੇ ਨਾ ਹੀ ਕੋਈ ਹੋਰ ਅਹੁਦਾ। ਉਨਾਂ ਕਿਹਾ ਕਿ ਇਸ ਸੰਘ ਵਿਚ ਮੇਰੇ ਤੋਂ ਪਹਿਲਾਂ ਤਾਂ ਬਲਬੀਰ ਸਿੰਘ ਰਾਜੇਵਾਲ ਫਾਊਂਡਰ ਹਨ। ਉਨਾਂ ਕਿਹਾ ਕਿ ਜੇ ਇਸ ਵਿਚ ਆਉਣ ਵਾਲਾ ਆਰ. ਐੱਸ. ਐੱਸ. ਦਾ ਵਿਅਕਤੀ ਹੈ ਤਾਂ ਰਾਜੇਵਾਲ ਸਾਹਿਬ ਤਾਂ ਫਿਰ ਮੇਰੇ ਤੋਂ ਵੀ ਪਹਿਲਾਂ ਆਏ ਸਨ। ਉਨਾਂ ਕਿਹਾ ਕਿ ਮੋਰਚੇ ਦੌਰਾਨ ਇਹ ਨਿਸ਼ਾਨ ਸਾਹਿਬ ਲਗਾਉਣ ਤੇ ਜੈਕਾਰੇ ਲਗਾਉਣ, ਨਿਹੰਗ ਸਿੰਘਾਂ ਵਿਰੁਧ ਬੋਲਦੇ ਰਹੇ, ਪਰ ਮੈਂ ਇਨਾਂ ਹਾਲਾਤਾਂ ਨੂੰ ਸ਼ਾਂਤ ਕਰਦਾ ਰਿਹਾ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਇਕ ਵੀਡੀਓ ਲੀਕ ਹੋਈ ਸੀ, ਜਿਸ ਵਿਚ ਡੱਲੇਵਾਲ ਕਹਿ ਰਹੇ ਸਨ ਕਿ ਕਿਸਾਨ ਅੰਦੋਲਨ ਦੌਰਾਨ ਜਥੇਬੰਦੀਆਂ ਨੇ ਕਰੋੜਾਂ ਰੁਪਏ ਵਿਦੇਸ਼ੀ ਫੰਡਿੰਗ ਦੇ ਨਾਂ ਉਤੇ ਮੰਗਵਾਏ। ਉਨਾਂ ਕਿਹਾ ਸੀ ਕਿ ਮੈਂ ਇਕ ਰੁਪਿਆ ਵੀ ਵਿਦੇਸ਼ਾਂ ਵਿਚੋਂ ਨਹੀਂ ਮੰਗਵਾਇਆ। ਉਨਾਂ ਕਿਹਾ ਸੀ ਕਿ ਕਈ ਜਥੇਬੰਦੀਆਂ ਦੇ ਆਗੂ ਮੁੱਖ ਮੰਤਰੀ ਬਣਨਾ ਚਾਹੁੰਦੇ ਹਨ। ਉਸ ਮਗਰੋਂ ਬਲਬੀਰ ਰਾਜੇਵਾਲ ਨੇ ਬਿਆਨ ਦਿੱਤਾ ਸੀ ਕਿ ਜਗਜੀਤ ਸਿੰਘ ਡੱਲੇਵਾਲ ਆਰ. ਐੱਸ. ਐੱਸ. ਦੇ ਵਿਅਕਤੀ ਹਨ। ਇਥੇ ਜ਼ਿਕਰਯੋਗ ਹੈ ਕਿ ਅਜੇ ਕਿਸਾਨਾਂ ਨੂੰ ਵਾਪਸ ਆਏ ਹਫ਼ਤਾ ਵੀ ਨਹੀਂ ਹੋਇਆ ਕਿ ਇਨਾਂ ਦੇ ਅੰਦਰ ਦੀ ਸਿਆਸਤ ਬਾਹਰ ਆਉਣੀ ਸ਼ੁਰੂ ਹੋ ਗਈ ਹੈ, ਜਿਸ ਤੋਂ ਇਹ




ਸਮਝ ਆਉਂਦਾ ਹੈ ਕਿ ਇਨਾਂ ਨੇ ਅਸਲ ਵਿਚ ਸਿਆਸਤਦਾਨਾਂ ਨੂੰ ਏਨਾ ਦੂਰ ਨਹੀਂ ਰਖਿਆ ਜਿੰਨਾ ਵਿਰੋਧੀ ਧਿਰ ਨੂੰ ਆਪਣੇ ਤੋਂ ਦੂਰ ਰਖਣ ਦਾ ਕੰਮ ਕੀਤਾ, ਖਾਸ ਕਰਕੇ ਸਿੱਖ ਨੌਜਵਾਨਾਂ ਨੂੰ। ਸੰਯੁਕਤ ਕਿਸਾਨ ਮੋਰਚੇ ਦੇ ਨੇਤਾ ਬਲਬੀਰ ਸਿੰਘ ਰਾਜੇਵਾਲ ਵਲੋਂ ਜਗਜੀਤ ਸਿੰਘ ਡੱਲੇਵਾਲ ਨੂੰ ਮੀਡੀਆ ਵਿਚ ਆਰ.ਐਸ.ਐਸ. ਦਾ ਆਗੂ ਦਸਿਆ ਗਿਆ ਹੈ। ਇਹ ਭੇਤ ਹੁਣ ਕਿਉਂ ਖੋਲਿਆ ਗਿਆ ਹੈ ਜਦਕਿ ਡੱਲੇਵਾਲ ਸੰਯੁਕਤ ਕਿਸਾਨ ਮੋਰਚੇ ਦਾ ਅਟੁੱਟ ਹਿੱਸਾ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਦੇ ਲੀਡਰਾਂ ਬਾਰੇ ਕਿਸੇ ਨਾ ਕਿਸੇ ਪਾਰਟੀ ਨਾਲ ਜੁੜੇ ਹੋਣ ਦੀ ਗੱਲ ਚਰਚਾ ਵਿਚ ਰਹੀ ਪਰ ਕਿਸਾਨ ਆਗੂਆਂ ਤੇ ਆਮ ਜਨਤਾ ਉਤੇ ਪੰਜਾਬ ਤੇ ਹਰਿਆਣਾ ਦਾ ਦਬਾਅ ਅਜਿਹਾ ਸੀ ਕਿ ਕੋਈ ਆਪਣੀ ਸਿਆਸੀ ਸੋਚ ਨੂੰ ਖੁਲ ਕੇ ਨਾ ਪ੍ਰਗਟਾਅ ਸਕਿਆ। ਹੁਣ ਚਰਚਾ ਛਿੜੀ ਹੈ ਕਿ ਰਾਜੇਵਾਲ ਆਪ ਪਾਰਟੀ ਪੰਜਾਬ ਵਲੋਂ ਮੁਖ ਮੰਤਰੀ ਦਾ ਚਿਹਰਾ ਬਣ ਰਹੇ ਹਨ।

ਕੌਣ ਕਿਸੇ ਧੜੇ ਜਾਂ ਕਿਸ ਸੋਚ ਨਾਲ ਖੜਾ ਹੈ, ਇਸ ਬਾਰੇ ਕੁੱਝ ਨਹੀਂ ਆਖਿਆ ਜਾ ਸਕਦਾ ਪਰ ਇਹ ਜ਼ਰੂਰ ਆਖਿਆ ਜਾ ਸਕਦਾ ਹੈ ਕਿ ਹੁਣ ਕਿਸਾਨ ਆਗੂਆਂ ਦਾ ਵੱਡਾ ਹਿੱਸਾ ਆਪ ਸਿਆਸਤਦਾਨਾਂ ਦਾ ਹਮਜੋਲੀ ਬਣ ਚੁੱਕਾ ਹੈ। ਜਿਸ ਕਾਹਲੀ ਨਾਲ ਐਮ.ਐਸ.ਪੀ. ਤੇ ਲਖੀਮਪੁਰ ਕਾਂਡ ਦੀ ਜੰਗ ਅੱਧ ਵਿਚਕਾਰ ਛੱਡ ਕੇ ਕਿਸਾਨ ਆਗੂ ਪਰਤੇ ਹਨ, ਇਹ ਪੰਜਾਬ ਚੋਣਾਂ ਸਦਕੇ ਹੋਇਆ ਹੈ। ਜਦਕਿ ਕਿਸਾਨ ਆਗੂ ਟਿਕੈਤ ਇਸ ਦੇ ਹੱਕ ਵਿਚ ਨਹੀਂ ਸਨ।ਹੁਣ ਕਿਸਾਨ ਆਗੂਆਂ ਬਾਰੇ ਛੇਤੀ ਹੀ ਬਹੁਤ ਕੁਝ ਬਾਹਰ ਆਵੇਗਾ। ਅਫ਼ਸੋਸ ਇਸ ਗੱਲ ਦਾ ਹੈ ਕਿ ਜਿਹੜੇ ਸੂਬੇ ਦੇ ਸਿਰ ਉਤੇ ਕਿਸਾਨੀ ਸੰਘਰਸ਼ ਦੀ ਬੇਮਿਸਾਲ ਸਫ਼ਲਤਾ ਦਾ ਤਾਜ ਸਜਿਆ, ਅੱਜ ਉਸੇ ਹੀ ਰਾਜ ਦੇ ਕਿਸਾਨ ਨੇਤਾ, ਆਪਣੇ ਨਿੱਜੀ ਸਿਆਸੀ ਹਿਤਾਂ ਨੂੰ ਪੂਰਾ ਕਰਨ ਲਈ ਪੰਜਾਬ ਦਾ ਨੁਕਸਾਨ ਕਰਵਾਉਣ ਲੱਗ ਪਏ ਹਨ। ਲੋੜ ਇਸ ਗੱਲ ਦੀ ਸੀ ਕਿ ਇਹ ਸਾਰੇ ਇਕੱਠੇ ਹੋ ਕੇ ਖੇਤੀ ਦਾ ਕੁਦਰਤੀ ਪੰਜਾਬ ਮਾਡਲ ਸਿਰਜਕੇ ਪੰਜਾਬ ਨੂੰ ਬਚਾਉਣ ਤੇ ਫੈਲਾਉਣ ਦੀਆਂ ਯੋਜਨਾਵਾਂ ਬਣਾਉਂਦੇ, ਸਿਆਸਤ ਵਿਚ ਕਿਸਾਨ ਦੀ ਆਵਾਜ਼ ਉੱਚੀ ਕਰਨ ਦੀ ਰਣਨੀਤੀ ਬਣਾਉਣ ਪਰ ਉਹ ਹੀ ਕਿਸਾਨੀ ਮੁੱਦੇ ਤੇ ਇਕ ਦੂਜੇ ਨੂੰ ਰੋਲ ਕੇ, ਕੁਰਸੀਆਂ ਵਲ ਦੌੜਨ ਲੱਗ ਪਏ ਹਨ। ਇਹ ਸੰਗਤ ਦਾ ਸਿਦਕ ਹੈ, ਉਹ ਖੇਤੀ ਕਾਨੂੰਨ ਰੱਦ ਕਰਵਾਉਣ ਤੱਕ ਇਨਾਂ ਨੂੰ ਇਕਜੁਟ ਕਰ ਸਕੇ। ਪਰ ਕਿਸਾਨ ਆਗੂਆਂ ਵਿਚ ਫੁਟ ਕਿਸਾਨੀ ਲਹਿਰ ਨੂੰ ਪ੍ਰਭਾਵਿਤ ਕਰੇਗੀ।

# ਦਰਬਾਰ ਸਾਹਿਬ ਤੋਂ ਅਰਦਾਸ ਕਰਕੇ ਇਹ ਮੋਰਚਾ ਸ਼ੁਰੂ ਹੋਇਆ ਤੇ ਸਫਲ ਹੋਇਆ : ਟਿਕੈਤ

## ✪ ਦਰਬਾਰ ਸਾਹਿਬ ਵਿਖੇ ਸ਼ੁਕਰਾਨਾ ਕਰਨ ਪੁੱਜੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ✪ ਕਿਸਾਨ ਮੋਰਚੇ ਦੀ ਜਿੱਤ ਨੇ ਪੰਜਾਬੀਆਂ ਦੇ ਇਤਿਹਾਸ ਦੀ 300 ਸਾਲ ਪੁਰਾਣੀ ਜਿੱਤ ਦੀ ਯਾਦ ਨੂੰ ਮੁੜ ਤਾਜ਼ਾ ਕੀਤਾ : ਰਾਜੇਵਾਲ ✪ 'ਫ਼ਤਹਿ ਮਾਰਚ' ਦਾ ਗੁਰੂ ਨਗਰੀ ਵਿਚ ਥਾਂ-ਥਾਂ ਸ਼ਾਨਦਾਰ ਸਵਾਗਤ

**ਅੰਮ੍ਰਿਤਸਰ/ਏ.ਟੀ.ਨਿਊਜ :-** ਖੇਤੀ ਕਾਨੂੰਨਾਂ ਖਿਲਾਫ਼ ਕਿਸਾਨੀ ਸੰਘਰਸ਼ ਦੀ ਇਤਿਹਾਸਕ ਜਿੱਤ ਪ੍ਰਾਪਤ ਕਰਨ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਦਿੱਲੀ ਤੋਂ 'ਫ਼ਤਹਿ ਮਾਰਚ' ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਵੱਡੀ ਗਿਣਤੀ ਵਿਚ ਕਿਸਾਨਾਂ ਤੇ ਸੰਗਤਾਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ ਤੇ ਅਰਦਾਸ ਕੀਤੀ। ਕਿਸਾਨ ਫ਼ਤਹਿ ਮਾਰਚ ਦਾ ਗੁਰੂ ਨਗਰੀ ਵਿਚ ਜਿੱਥੇ ਥਾਂ-ਥਾਂ 'ਤੇ ਵੱਖ-ਵੱਖ ਜਥੇਬੰਦੀਆਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ ਉਥੇ ਹੀ ਸ਼੍ਰੋਮਣੀ ਕਮੇਟੀ ਵਲੋਂ ਵਿਸ਼ੇਸ਼ ਗੁਰਮਤਿ ਸਮਾਗਮ ਸਜਾ ਕੇ ਕਿਸਾਨ ਆਗੂਆਂ ਨੂੰ ਸਨਮਾਨਿਤ ਕੀਤਾ। ਜਿਉਂ ਹੀ ਕਿਸਾਨ ਫ਼ਤਹਿ ਮਾਰਚ ਅੰਮ੍ਰਿਸਰ ਦੀ ਹਦੂਦ ਵਿਚ ਸ਼ਾਮਿਲ ਹੋਇਆ ਤਾਂ ਪਹਿਲਾਂ ਤੋਂ ਸੜਕਾਂ ਦੇ ਕਿਨਾਰੇ ਖੜੇ ਹਜ਼ਾਰਾਂ ਜ਼ਿਲਾ ਵਾਸੀਆਂ ਅਤੇ ਵੱਖ-ਵੱਖ ਧਾਰਮਿਕ, ਕਿਸਾਨ ਤੇ ਸਮਾਜ ਸੇਵੀ ਜਥੇਬੰਦੀਆਂ ਨੇ ਕਿਸਾਨਾਂ 'ਤੇ ਫੁੱਲਾਂ ਦੀ ਵਰਖਾ ਕਰਕੇ, ਆਗੂਆਂ ਨੂੰ ਸਿਰੋਪਾਉ ਭੇਟ ਕਰਕੇ, ਲੱਡੂ, ਗੁੜ ਸਮੇਤ ਹੋਰ ਵੱਖ-ਵੱਖ ਪਦਾਰਥਾਂ ਦੇ ਲੰਗਰ ਲਗਾ ਕੇ ਸਵਾਗਤ ਕੀਤਾ ਗਿਆ।

**ਸ਼੍ਰੋਮਣੀ ਕਮੇਟੀ ਵਲੋਂ ਸਨਮਾਨ**

ਸ਼੍ਰੋਮਣੀ ਕਮੇਟੀ ਵਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਕਿਸਾਨ ਆਗੂਆਂ ਦੇ ਸਨਮਾਨ ਹਿਤ ਵਿਸ਼ੇਸ਼ ਗੁਰਮਤਿ ਸਮਾਗਮ ਸਜਾਇਆ ਗਿਆ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਘੰਟਾ ਘਰ ਪਲਾਜ਼ਾ ਵਿਖੇ ਫੁੱਲਾਂ ਦੇ ਬੁੱਕੇ ਦਿੰਦੇ ਹੋਏ ਕਿਸਾਨ




ਆਗੂਆਂ ਨੂੰ ਜੀ ਆਇਆਂ ਕਿਹਾ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਬਲਬੀਰ ਸਿੰਘ ਰਾਜੇਵਾਲ, ਰਾਕੇਸ਼ ਟਿਕੈਤ, ਗੁਰਨਾਮ ਸਿੰਘ ਚੜੂਨੀ, ਡਾ. ਸਵੈਮਾਨ ਸਿੰਘ, ਡਾ. ਦਰਸ਼ਨ ਪਾਲ, ਡਾ. ਸਤਨਾਮ ਸਿੰਘ ਅਜਨਾਲਾ ਤੇ ਹੋਰ ਆਗੂਆਂ ਨੂੰ ਸਿਰੋਪਾਉ ਤੇ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਭੇਟ ਕਰਕੇ ਸਨਮਾਨਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਕ੍ਰਿਪਾ ਨਾਲ ਕਿਸਾਨੀ ਸੰਘਰਸ਼ ਨੂੰ ਜਿੱਤ ਪ੍ਰਾਪਤ ਹੋਈ ਹੈ। ਉਨਾਂ ਕਿਹਾ ਕਿ ਇਸ ਅੰਦੋਲਨ ਨੇ ਭਾਈਚਾਰਕ ਸਾਂਝ ਦੀਆਂ ਤੰਦਾਂ ਹੋਰ ਮਜ਼ਬੂਤ ਕੀਤੀਆਂ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਮੋਰਚੇ ਦੀ ਜਿੱਤ ਨੇ ਪੰਜਾਬੀਆਂ ਦੇ ਇਤਿਹਾਸ ਦੀ 300 ਸਾਲ ਪੁਰਾਣੀ ਜਿੱਤ ਦੀ ਯਾਦ ਨੂੰ ਮੁੜ ਤਾਜ਼ਾ ਕੀਤਾ ਹੈ। ਉਨਾਂ ਕਿਹਾ ਕਿ ਇਸ ਮੋਰਚੇ ਵਿਚ ਹਰਿਆਣਾ, ਯੂ.ਪੀ. ਸਮੇਤ ਦੇਸ਼ ਦੇ ਹਰ ਸੂਬੇ ਦੇ ਕਿਸਾਨਾਂ ਨੇ ਭਰਵਾਂ ਸਹਿਯੋਗ ਦਿੱਤਾ। ਉਨਾਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਸਨਮਾਨਿਤ ਕਰਨ ਲਈ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਜਿਹੜੇ ਕਿਸਾਨ ਆਗੂ ਦੀਵਾਨ ਹਾਲ ਵਿਖੇ ਕਿਸੇ ਕਾਰਨ ਨਹੀਂ ਪੁੱਜ ਸਕੇ, ਉਨਾਂ ਦੇ ਪ੍ਰਤੀਨਿਧਾਂ ਨੂੰ ਉਨਾਂ ਦਾ ਸਨਮਾਨ ਭੇਟ ਕੀਤਾ ਗਿਆ। ਇਸ ਮੌਕੇ ਭਾਈ ਜਸਬੀਰ ਸਿੰਘ ਰੋਡੇ ਵਲੋਂ ਚਾਂਦੀ ਦਾ ਹੱਲ ਕਿਸਾਨ ਆਗੂਆਂ ਨੂੰ ਭੇਟ ਕੀਤਾ ਗਿਆ।

**ਟਿਕੈਤ ਤੇ ਹੋਰ ਆਗੂ ਦਫ਼ਤਰ ਵਿਖੇ ਸਨਮਾਨਤ**

ਕਿਸਾਨ ਆਗੂ ਸ੍ਰੀ ਰਾਕੇਸ਼ ਟਿਕੈਤ, ਡਾ: ਦਰਸ਼ਨ ਪਾਲ ਅਤੇ ਯੁੱਧਵੀਰ ਸਿੰਘ ਕੁਝ ਦੇਰੀ ਨਾਲ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਜਿਨਾਂ ਨੂੰ ਬਾਅਦ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਅਤੇ ਮੈਂਬਰ ਸਾਹਿਬਾਨ ਵਲੋਂ ਦਫ਼ਤਰ ਵਿਖੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਟਿਕੈਤ ਨੇ ਕਿਹਾ ਕਿ ਉਨਾਂ ਦੀ ਇੱਛਾ ਸੀ ਕਿ ਕਿਸਾਨੀ ਮੋਰਚੇ ਦੀ ਜਿੱਤ ਤੋਂ ਬਾਅਦ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ੁਕਰਾਨਾ ਕਰਕੇ ਫਿਰ ਘਰ ਜਾਣਗੇ।

**ਬਾਕੀ ਸਫ਼ਾ 29 'ਤੇ**

# ਨਗਰ ਕੀਰਤਨ ਦੇ ਰੂਪ 'ਚ ਨਿਹੰਗ ਸਿੰਘ ਦਿੱਲੀ ਤੋਂ ਦਰਬਾਰ ਸਾਹਿਬ ਪੁੱਜੇ

## ਬਾਬਾ ਰਾਜਾ ਰਾਜ ਸਿੰਘ, ਬਾਬਾ ਮਾਨ ਸਿੰਘ, ਮਾਨ ਦਲ ਦੇ ਜਸਕਰਨ ਸਿੰਘ, ਹਰਦੀਪ ਸਿੰਘ ਡਿਬਡਿਬਾ, ਲੱਖਾ ਸਿਧਾਣਾ, ਦੀਪ ਸਿੱਧੂ ਆਦਿ ਹੋਏ ਸ਼ਾਮਲ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਖੇਤੀ ਕਾਨੂੰਨ ਵਾਪਸ ਲਏ ਜਾਣ ਮਗਰੋਂ ਦਿੱਲੀ ਤੋਂ ਨਗਰ ਕੀਰਤਨ ਦੇ ਰੂਪ ਵਿੱਚ ਅੰਮ੍ਰਿਤਸਰ ਪੁੱਜੇ ਨਿਹੰਗ ਜਥੇਬੰਦੀਆਂ, ਅਕਾਲੀ ਦਲ ਅੰਮ੍ਰਿਤਸਰ ਤੇ ਹੋਰ ਜਥੇਬੰਦੀਆਂ ਦੇ ਕਾਰਕੁਨਾਂ ਨੇ ਸ਼ੁਕਰਾਨੇ ਵਜੋਂ ਦਰਬਾਰ ਸਾਹਿਬ ਮੱਥਾ ਟੇਕਿਆ। ਇਸ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਵਾਗਤ ਕੀਤਾ ਗਿਆ। ਪ੍ਰਵੇਸ਼ ਦੁਆਰ ਪਲਾਜ਼ਾ 'ਤੇ ਅਕਾਲ ਤਖਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਦਲ ਖਾਲਸਾ ਦੇ ਕੰਵਰਪਾਲ ਸਿੰਘ ਤੇ ਹੋਰਨਾਂ ਨੇ ਇਨਾਂ ਨੂੰ ਜੀ ਆਇਆਂ ਆਖਿਆ। ਪਾਵਨ ਸਰੂਪ ਨੂੰ ਅਕਾਲ ਤਖਤ ਵਿਖੇ ਸੁੱਖ ਆਸਣ ਅਸਥਾਨ 'ਤੇ ਲਿਜਾਇਆ ਗਿਆ। ਨਗਰ ਕੀਰਤਨ ਨਾਲ ਦਿੱਲੀ ਤੋਂ ਆਏ ਨਿਹੰਗ ਜਥੇਬੰਦੀਆਂ ਵਿਚ ਬਾਬਾ ਰਾਜਾ ਰਾਜ ਸਿੰਘ, ਬੁੱਢਾ ਦਲ ਦੇ ਬਾਬਾ ਮਾਨ ਸਿੰਘ, ਮਾਨ ਦਲ ਦੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਜੁਗਰਾਜ ਸਿੰਘ ਤੇ ਹੋਰ ਸ਼ਾਮਲ ਸਨ।

ਇਨਾਂ ਤੋਂ ਇਲਾਵਾ ਰਾਹ ਵਿੱਚ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ, ਸੁਰਜੀਤ ਸਿੰਘ ਫੂਲ, ਮਨਧੀਰ ਸਿੰਘ ਨਵਾਂਸ਼ਹਿਰ, ਹਰਦੀਪ ਸਿੰਘ ਡਿਬਡਿਬਾ, ਲੱਖਾ ਸਿਧਾਣਾ, ਬਾਬਾ ਹਰਦੀਪ ਸਿੰਘ ਮਹਿਰਾਜ, ਦੀਪ ਸਿੱਧੂ, ਬਾਬਾ ਕੁਲਵਿੰਦਰ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਗੁਰਜੰਟ ਸਿੰਘ ਸਮੇਤ ਹੋਰ ਸ਼ਖਸੀਅਤਾਂ ਸ਼ਾਮਲ ਹੋਈਆਂ।


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS Love's AMBEST
FUEL CARDS
NO CREDIT - NO PROBLEM
BEST CUSTOMER SERVICE
QUIKQ wex
TOGETHER WE SAVE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
YOU BREAK DOWN
WE SHOW UP
24-HOUR ROADSIDE ASSISTANCE
ROAD SQUAD connect
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE: BAYS. EXPERTISE. SOLUTIONS.
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਜੱਗੀ ਜੌਹਲ ਦੇ ਭਰਾ ਨੇ 'ਜੱਗੀ' ਦੀ ਹਿੰਦੁਸਤਾਨ 'ਚ ਨਜ਼ਰਬੰਦੀ ਨੂੰ ਲੈ ਕੇ ਕੀਤੀ ਲੋਕਾਂ ਨੂੰ ਅਪੀਲ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਸਕਾਟਿਸ਼ ਵਕੀਲ ਅਤੇ ਜੱਗੀ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਹਿੰਦੁਸਤਾਨ ਵਿੱਚ ਜੱਗੀ ਜੌਹਲ ਦੀ 1500 ਦਿਨਾਂ ਤੋਂ ਵੱਧ ਹੋ ਚਲੀ ਨਜ਼ਰਬੰਦੀ ਖਿਲਾਫ ਉਸ ਦੀ ਰਿਹਾਈ ਲਈ ਮੁਹਿੰਮ ਚਲਾਈ ਹੋਈ ਹੈ। ਜੱਗੀ ਜੌਹਲ, ਜਿਸ ਨੂੰ ਪੰਜਾਬ ਖੇਤਰ ਵਿੱਚ ਉਸਦੇ ਵਿਆਹ ਤੋਂ ਤੁਰੰਤ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਉਸ ਉੱਤੇ ਧਰਮ ਅਤੇ ਰਾਜਨੀਤੀ ਤੋਂ ਪ੍ਰੇਰਿਤ ਇੱਕ ਕਤਲ ਦੀ ਸਾਜ਼ਿਸ਼ ਵਿੱਚ 4000 ਪੌਂਡ ਦਾ ਭੁਗਤਾਨ ਕਰਨ ਦਾ ਦੋਸ਼ ਹੈ। ਉਸਦੇ ਪਰਿਵਾਰ ਦਾ ਮੰਨਣਾ ਹੈ ਕਿ ਇਹ ਇਲਜ਼ਾਮ ਹਿੰਦੁਸਤਾਨ ਵਿੱਚ ਸਿੱਖਾਂ ਵਿਰੁੱਧ ਇਤਿਹਾਸਕ ਹਿੰਸਾ ਨੂੰ ਦਸਤਾਵੇਜ਼ੀ ਰੂਪ ਦੇਣ ਵਾਲੀ ਇੱਕ ਵੈਬਸਾਈਟ ਰਾਹੀਂ ਉਸਦੀ ਔਨਲਾਈਨ ਸਿੱਖ ਸਰਗਰਮੀ ਨਾਲ ਸਬੰਧਤ ਹੈ। ਚਾਰ ਸਾਲਾਂ ਬਾਅਦ, ਵੱਖ-ਵੱਖ ਅਦਾਲਤਾਂ ਅੰਦਰ ਅਜੇ ਤੱਕ ਮੁਕੱਦਮਾ ਚੱਲਣਾ ਬਾਕੀ ਹੈ ਅਤੇ ਪਾਰਟੀ ਸਪੈਕਟ੍ਰਮ ਦੇ ਸਾਰੇ ਸੰਸਦ ਮੈਂਬਰਾਂ ਨੇ ਉਸ ਦੀ ਨਜ਼ਰਬੰਦੀ ਨੂੰ ਮਨਮਾਨੀ ਕਰਾਰ ਦਿੰਦੇ ਹੋਏ ਗੰਭੀਰ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਇਸ ਸਬੰਧੀ ਹਿੰਦੁਸਤਾਨੀ ਅਧਿਕਾਰੀਆਂ ਨੇ ਆਲੋਚਨਾ ਨੂੰ ਖਾਰਜ ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਨਾਂ ਕੋਲ ਲੋੜੀਂਦੇ ਸਬੂਤ ਹਨ। ਯੂ.ਕੇ. ਸਰਕਾਰ ਦਾ ਕਹਿਣਾ ਹੈ ਕਿ ਉਹ ਜਗਤਾਰ ਅਤੇ ਉਸਦੇ ਪਰਿਵਾਰ ਦਾ ਸਮਰਥਨ ਕਰ ਰਹੀ ਹੈ।

ਲੋਕਾਂ ਨੂੰ ਅਪੀਲ ਕਰਦਿਆਂ ਗੁਰਪ੍ਰੀਤ ਦਾ ਕਹਿਣਾ ਹੈ ਕਿ ਸਿਰਫ ਜਨਤਕ ਦਬਾਅ ਨਾਲ ਹੀ ਬਦਲਾਅ ਆਵੇਗਾ। ਮੇਰਾ ਭਰਾ ਅੱਜ ਹਿੰਦੁਸਤਾਨੀ ਜੇਲ ਦੀ ਕੋਠੜੀ ਵਿੱਚ 1500 ਦਿਨਾਂ ਤੋਂ ਵੱਧ ਸਮੇਂ ਤੋਂ ਆਪਣੇ ਹੀ ਬਿਸਤਰੇ 'ਤੇ ਨਹੀਂ ਸੁੱਤਾ ਹੈ। ਮੇਰਾ ਭਰਾ ਇੱਕ ਪਤੀ, ਇੱਕ ਚਾਚਾ, ਇੱਕ ਪੋਤਾ, ਇੱਕ ਦੋਸਤ, ਇੱਕ ਬਲੌਗਰ, ਇੱਕ ਖੋਜਕਰਤਾ, ਇੱਕ ਆਰਸਨਲ ਸਮਰਥਕ ਹੈ ਪਰ ਉਹ ਅਪਰਾਧੀ ਨਹੀਂ ਹੈ ਅਤੇ ਉਸ ਨੂੰ ਕਿਸੇ ਵੀ ਚੀਜ਼ ਲਈ ਦੋਸ਼ੀ ਨਹੀਂ ਠਹਿਰਾਇਆ ਗਿਆ ਹੈ। ਉਨਾਂ ਕਿਹਾ ਕਿ ਜਗਤਾਰ ਦੀਆਂ 235 ਤੋਂ ਵੱਧ ਸੁਣਵਾਈਆਂ ਹੋ ਚੁੱਕੀਆਂ ਹਨ ਅਤੇ ਅੱਜ ਤੱਕ ਉਸ ਵਿਰੁੱਧ ਕੋਈ ਸਬੂਤ ਪੇਸ਼ ਨਹੀਂ ਕੀਤਾ ਗਿਆ ਅਤੇ ਨਾ ਹੀ ਉਸ 'ਤੇ ਗੰਭੀਰ ਦੋਸ਼ਾਂ ਤਹਿਤ ਕੋਈ ਦੋਸ਼ ਲਗਾਇਆ ਗਿਆ ਹੈ।

ਸਾਡੇ ਪੂਰੇ ਪਰਿਵਾਰ ਨੂੰ ਉਸ ਚੀਜ਼ ਲਈ ਸਜ਼ਾ ਦਿੱਤੀ ਜਾ ਰਹੀ ਹੈ ਜਿਸ ਲਈ ਉਸ ਨੂੰ ਦੋਸ਼ੀ ਠਹਿਰਾਇਆ ਨਹੀਂ ਗਿਆ ਹੈ ਅਤੇ 1500 ਦਿਨਾਂ ਤੋਂ ਵੀ ਵੱਧ ਸਮੇਂ ਬਾਅਦ ਵੀ ਅਸੀਂ ਯੂ.ਕੇ. ਸਰਕਾਰ ਨੂੰ ਜਗਤਾਰ ਨੂੰ ਘਰ ਲਿਆਉਣ ਲਈ ਆਪਣੀ ਕੂਟਨੀਤਕ ਸ਼ਕਤੀ ਦੀ ਪੂਰੀ ਵਾਹ ਲਾਉਣ ਦੀ ਅਪੀਲ ਕਰ ਰਹੇ ਹਾਂ। ਉਨਾਂ ਕਿਹਾ ਕਿ ਉਹ 1500 ਦਿਨ ਬਹੁਤ ਹੌਲੀ-ਹੌਲੀ ਲੰਘ ਗਏ ਹਨ, ਪਰ ਜਗਤਾਰ ਨੂੰ ਉਸਦੇ ਵਿਆਹ ਦੇ ਪੰਦਰਵਾੜੇ ਬਾਅਦ ਹੀ ਸੜਕ ਤੋਂ ਅਗਵਾ ਕਰਨ ਤੋਂ ਬਾਅਦ ਦੁਨੀਆ ਬਦਲ ਗਈ ਹੈ। ਅਸੀਂ ਉਦੋਂ ਤੋਂ ਦੋ ਪ੍ਰਧਾਨ ਮੰਤਰੀਆਂ ਅਤੇ ਤਿੰਨ ਵਿਦੇਸ਼ ਸਕੱਤਰਾਂ ਦੇ ਰਾਹੀਂ ਗਏ ਹਾਂ। ਅਸੀਂ ਇੱਕ ਗਲੋਬਲ ਮਹਾਂਮਾਰੀ ਵਿੱਚ ਦਾਖਲ ਹੋਏ ਹਾਂ। ਅਸੀਂ ਗਲਾਸਗੋ ਸ਼ਹਿਰ ਵਿੱਚ ਕੋਪ 26 ਦੀ ਮੇਜ਼ਬਾਨੀ ਕੀਤੀ ਹੈ, ਜਿੱਥੇ ਮੇਰੇ ਭਰਾ ਦਾ ਜਨਮ ਹੋਇਆ ਸੀ। ਜਗਤਾਰ ਹੋਰ ਕਿੰਨਾ ਕੁ ਮਿਸ ਕਰੇਗਾ?



ਇੱਕ ਵਕੀਲ ਵਜੋਂ, ਮੈਂ ਸਮਝਦਾ ਹਾਂ ਕਿ ਉਚਿਤ ਪ੍ਰਕਿਰਿਆ ਕਿਵੇਂ ਕੰਮ ਕਰਦੀ ਹੈ। ਜਗਤਾਰ ਦੇ ਕੇਸ ਵਿਚ ਸਹੀ ਪ੍ਰਕਿਰਿਆ ਵਰਗਾ ਕੁਝ ਨਹੀਂ ਹੈ ਅਤੇ ਅੱਜ ਤੱਕ ਅਸੀਂ ਉਸ ਦੇ ਖਿਲਾਫ ਇੱਕ ਵੀ ਸਬੂਤ ਨਹੀਂ ਸੁਣਿਆ ਹੈ। ਸਾਡੇ ਪਰਿਵਾਰ ਦਾ ਮੰਨਣਾ ਹੈ ਕਿ ਉਸਨੂੰ ਉਸਦੀ ਕੌਮੀਅਤ, ਉਸਦੇ ਧਰਮ ਅਤੇ 1984 ਵਿੱਚ ਭਾਰਤ ਵਿੱਚ ਸਿੱਖਾਂ ਦੇ ਖਿਲਾਫ ਹੋਈ ਬੇਰਹਿਮੀ ਬਾਰੇ ਬਲੌਗਿੰਗ ਲਈ ਅਗਵਾ ਕੀਤਾ ਗਿਆ ਸੀ। ਜੇਕਰ ਜਗਤਾਰ ਦੇ ਖਿਲਾਫ ਕੋਈ ਸਬੂਤ ਹੈ ਤਾਂ ਦਸਿਆ ਜਾਏ ਅਤੇ ਦੁਨੀਆ ਨੂੰ ਇਸ ਨੂੰ ਬਾਰੇ ਪਤਾ ਲੱਗੇ ਨਹੀਂ ਤਾਂ ਉਸਨੂੰ ਛੱਡ ਦਿਓ।

ਉਨਾਂ ਕਿਹਾ ਕਿ ਇੱਕ ਬ੍ਰਿਟਿਸ਼ ਨਾਗਰਿਕ ਹੋਣ ਦੇ ਨਾਤੇ ਮੈਂ ਸੱਚਮੁੱਚ ਹੈਰਾਨ ਹਾਂ ਕਿ ਕਿਵੇਂ ਯੂ.ਕੇ. ਸਰਕਾਰ ਨੇ ਮੇਰੇ ਭਰਾ ਦੇ ਕੇਸ ਅਤੇ ਸਾਡੇ ਪਰਿਵਾਰ ਨਾਲ ਵਿਵਹਾਰ ਕੀਤਾ ਹੈ, ਦੋਵਾਂ ਦਾ ਸਮਰਥਨ ਕਰਨ ਦਾ ਦਾਅਵਾ ਕਰਨ ਦੇ ਬਾਵਜੂਦ, ਉਹ ਅਜਿਹਾ ਕਰਨ ਤੋਂ ਬਹੁਤ ਦੂਰ ਹਨ। ਯੂ.ਕੇ. ਸਰਕਾਰ ਨੇ ਜਗਤਾਰ ਦੀ ਪਤਨੀ ਨੂੰ ਆਪਣੀ ਇਮੀਗ੍ਰੇਸ਼ਨ ਲੜਾਈ ਦੇ ਅਧੀਨ ਕਰ ਦਿੱਤਾ, ਸ਼ੁਰੂ ਵਿੱਚ, ਉਸਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਗਿਆ ਸੀ, ਹਾਲਾਂਕਿ ਇੱਕ ਅਪੀਲ ਮਨਜ਼ੂਰ ਕੀਤੀ ਗਈ ਸੀ। ਹੋਮ ਆਫਿਸ ਅਤੇ ਜਗਤਾਰ ਦੀ ਪਤਨੀ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਮੀਗ੍ਰੇਸ਼ਨ ਜੱਜ ਨੇ ਅਪੀਲ ਦੀ ਮਨਜ਼ੂਰੀ ਦੇ ਦਿੱਤੀ ਪਰ ਹੋਮ ਆਫਿਸ ਨੇ ਕਾਨੂੰਨ ਦੀ ਗਲਤੀ 'ਤੇ ਫੈਸਲੇ 'ਤੇ ਅਪੀਲ ਕਰ ਦਿੱਤੀ ਅਤੇ ਹੈਰਾਨੀਜਨਕ ਤੌਰ 'ਤੇ ਟ੍ਰਿਬਿਊਨਲ ਨੇ ਇਜਾਜ਼ਤ ਦੇ ਦਿੱਤੀ। ਇਸ ਲਈ ਉੱਚ ਟ੍ਰਿਬਿਊਨਲ ਵੱਲੋਂ ਸੁਣਵਾਈ ਕੀਤੀ ਗਈ। ਆਖਰਕਾਰ ਇੱਕ ਸਾਲ ਤੋਂ ਵੱਧ ਆਪਣੀ ਲੜਾਈ ਲੜਨ ਤੋਂ ਬਾਅਦ, ਜਗਤਾਰ ਦੀ ਪਤਨੀ ਨੂੰ ਸਤੰਬਰ 2021 ਵਿੱਚ ਯੂ.ਕੇ. ਵਿੱਚ ਮਨੁੱਖੀ ਸੁਰੱਖਿਆ ਪ੍ਰਦਾਨ ਕੀਤੀ ਗਈ ਸੀ। ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਉਹ ਜਗਤਾਰ ਦੀ ਰਿਹਾਈ ਅਤੇ ਵਾਪਸੀ ਲਈ ਅਸਲ ਵਿੱਚ ਕੀ ਕਰ ਰਹੇ ਹਨ।

ਯੂ.ਕੇ. ਸਰਕਾਰ ਦਾ ਦਾਅਵਾ ਹੈ ਕਿ ਹਿੰਦੁਸਤਾਨ ਇੱਕ 'ਚੰਗਾ ਦੋਸਤ' ਹੈ। ਉਹ ਇਹ ਵੀ ਦੱਸਦੇ ਹਨ ਕਿ ਉਹ ਜਗਤਾਰ ਦਾ ਕੇਸ 70 ਤੋਂ ਵੱਧ ਵਾਰ ਉਠਾ ਚੁੱਕੇ ਹਨ ਪਰ ਉਨਾਂ ਨੂੰ 'ਤਸੱਲੀਬਖਸ਼ ਜਵਾਬ' ਨਹੀਂ ਮਿਲਿਆ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਦੋਸਤੀ ਇੱਕ ਤਰਫ਼ਾ ਹੈ। ਯੂ.ਕੇ. ਸਰਕਾਰ ਨੂੰ ਉਸਦੀ ਤਰਫ਼ੋਂ ਆਪਣੀ ਸਾਰੀ ਕੂਟਨੀਤਕ ਸ਼ਕਤੀ ਦੀ ਵਰਤੋਂ ਕਰਨੀ ਚਾਹੀਦੀ ਹੈ। ਕਿਉਂਕਿ ਜੇ ਇਹ ਮੇਰੇ ਭਰਾ, ਇੱਕ ਕਾਨੂੰਨ ਦੀ ਪਾਲਣਾ ਕਰਨ ਵਾਲੇ ਨਵ-ਵਿਆਹੁਤਾ ਨਾਲ ਹੋ ਸਕਦਾ ਹੈ ਤਾਂ ਇਹ ਦੂਜਿਆਂ ਨਾਲ ਵੀ ਹੋ ਸਕਦਾ ਹੈ। ਕ੍ਰਿਪਾ ਕਰਕੇ ਆਪਣੇ ਸੰਸਦ ਮੈਂਬਰ ਨੂੰ ਲਿਖੋ ਅਤੇ ਉਨਾਂ ਨੂੰ ਮਨਮਾਨੇ ਢੰਗ ਨਾਲ ਨਜ਼ਰਬੰਦ ਜਗਤਾਰ ਨੂੰ ਘਰ ਲਿਆਉਣ ਵਿੱਚ ਮਦਦ ਕਰਨ ਲਈ ਕਹੋ। ਉਨਾਂ ਨੂੰ ਪ੍ਰਧਾਨ ਮੰਤਰੀ ਨੂੰ #ਫ੍ਰੀ ਜੱਗੀ ਨਾਓ ਮੁਹਿੰਮ ਦੀ ਮਦਦ ਕਰਨ ਲਈ ਕਹੋ।

# ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪੱਕੀ ਰਿਹਾਈ ਕਰੇ ਕੇਜਰੀਵਾਲ ਸਰਕਾਰ




**ਜਲੰਧਰ/ਏ.ਟੀ.ਨਿਊਜ਼ :** ਬੀਤੇ 26 ਸਾਲਾਂ ਤੋਂ ਕੈਦ ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪੱਕੀ ਰਿਹਾਈ ਵਿਚਲੇ ਸਾਰੇ ਕਾਨੂੰਨੀ ਅੜਿੱਕੇ ਹੁਣ ਦੂਰ ਹੋ ਚੁੱਕੇ ਹਨ ਇਸ ਲਈ ਦਿੱਲੀ ਦੀ ਕੇਜਰੀਵਾਲ ਸਰਕਾਰ ਨੂੰ ਬਿਨਾ ਦੇਰੀ ਪ੍ਰੋ. ਭੁੱਲਰ ਦੀ ਰਿਹਾਈ ਦੇ ਪਰਵਾਨੇ ਉੱਤੇ ਦਸਤਖਤ ਕਰਕੇ ਰਿਹਾਈ ਕਰਨੀ ਚਾਹੀਦੀ ਹੈ।

ਇਹ ਮਸਲਾ ਚੁੱਕਦਿਆਂ ਪੰਜਾਬ ਵਿਚਲੇ ਸਿੱਖ ਨੌਜਵਾਨਾਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਲ 1995 ਤੋਂ ਜੇਲ੍ਹ ਵਿਚ ਕੈਦ ਪ੍ਰੋ. ਭੁੱਲਰ ਦੀ ਰਿਹਾਈ ਲਈ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਸਹਿਮਤੀ ਦੇ ਚੁੱਕੀ ਹੈ ਅਤੇ ਜੇਲ੍ਹ ਪ੍ਰਸ਼ਾਸਨ, ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਨੇ ਵੀ ਉਸਦੀ ਰਿਹਾਈ ਨਾਲ ਸਹਿਮਤੀ ਪ੍ਰਗਾਟਾਈ ਹੈ ਤੇ ਹੁਣ ਸਿਰਫ ਕੇਜਰੀਵਾਲ ਸਰਕਾਰ ਦੇ ਦਸਤਖਤਾਂ ਉੱਤੇ ਨਿਰਭਰ ਹੈ। ਇਸ ਮੌਕੇ ਪ੍ਰੋ. ਭੁੱਲਰ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਾਲ 2019 ਵਿਚ ਪ੍ਰੋ. ਭੁੱਲਰ ਦੀ ਪੱਕੀ ਰਿਹਾਈ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਜਿਸ ਵਿਰੁਧ ਸੁਪਰੀਮ ਕੋਰਟ ਵਿਚ ਪਈ ਇਕ ਪਟੀਸ਼ਨ ਕਾਰਨ ਪ੍ਰੋ. ਭੁੱਲਰ ਦੀ ਰਿਹਾਈ ਦਾ ਮਾਮਲਾ ਲਮਕ ਗਿਆ ਸੀ। ਪਰ ਹੁਣ ਸੁਪਰੀਮ ਕੋਰਟ ਨੇ ਇਹ ਪਟੀਸ਼ਨ ਖਾਰਜ ਕਰਕੇ ਇਹ ਰੁਕਾਵਟ ਵੀ ਦੂਰ ਕਰ ਦਿੱਤੀ ਹੈ। ਉਹਨਾ ਕਿਹਾ ਕਿ ਦਿੱਲੀ ਸਰਕਾਰ ਨੂੰ ਤਾਜਾ ਸਥਿਤੀ ਤੋਂ ਜਾਣੂ ਕਰਵਾਇਆ ਜਾ ਚੁੱਕਾ ਹੈ ਤੇ ਕੇਜਰੀਵਾਲ ਸਰਕਾਰ ਨੂੰ ਬਿਨਾਂ ਦੇਰੀ ਪ੍ਰੋ. ਭੁੱਲਰ ਦੀ ਰਿਹਾਈ ਕਰਨੀ ਚਾਹੀਦੀ ਹੈ, ਕਿਉਂਕਿ ਪਹਿਲਾਂ ਕੇਜਰੀਵਾਲ ਖੁਦ ਵੀ ਉਹਨਾ ਦੀ ਰਿਹਾਈ ਦੀ ਮੰਗ ਕਰਦੇ ਰਹੇ ਹਨ।

ਇਸ ਮੌਕੇ ਪੰਥ ਸੇਵਕ ਜਥਾ ਦੁਆਬਾ ਦੇ ਭਾਈ ਮਨਧੀਰ ਸਿੰਘ ਨੇ ਕਿਹਾ ਕਿ ਪੰਥ ਸੇਵਾ ਨੂੰ ਸਮਰਪਿਤ ਸਿੱਖ ਨੌਜਵਾਨਾਂ ਦੀਆਂ ਜਥੇਬੰਦੀਆਂ ਨੇ 26 ਦਸੰਬਰ ਨੂੰ ਸਮੂਹ ਬੰਦੀ ਸਿੰਘਾਂ ਦੀ ਚੜ੍ਹਦੀਕਲਾ ਅਤੇ ਪੱਚੀ ਸਾਲ ਤੋਂ ਵੱਧ ਉਮਰਕੈਦ ਕੱਟ ਚੁੱਕੇ 9 ਬੰਦੀ ਸਿੰਘਾਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਗੁਰਮੀਤ ਸਿੰਘ, ਭਾਈ ਲਖਵਿੰਦਰ ਸਿੰਘ, ਭਾਈ ਸ਼ਮਸ਼ੇਰ ਸਿੰਘ ਅਤੇ ਭਾਈ ਗੁਰਦੀਪ ਸਿੰਘ ਖੇੜਾ ਦੀ ਪੱਕੀ ਰਿਹਾਈ ਲਈ ਅਰਦਾਸ ਸਮਾਗਮ ਕੀਤੇ ਜਾਣਗੇ। ਉਹਨਾਂ ਦੇਸ਼-ਵਿਦੇਸ਼ ਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ, ਸਿੱਖ ਸੰਪਰਦਾਵਾਂ, ਸਿੱਖ ਸੰਸਥਾਵਾਂ ਤੇ ਜਥੇਬੰਦੀਆਂ,



ਸੇਵਾ ਸਭਾਵਾਂ ਨੂੰ ਵੀ 26 ਦਸੰਬਰ ਨੂੰ ਆਪਣੇ ਨੇੜਲੇ ਗੁਰਦੁਆਰਾ ਸਾਹਿਬਾਨ ਵਿੱਚ ਬੰਦੀ ਸਿੰਘਾਂ ਦੀ ਚੜ੍ਹਦੀਕਲਾ ਅਤੇ ਬੰਦ ਖੁਲਾਸੀ ਲਈ ਅਰਦਾਸ ਸਮਾਗਮ ਕਰਵਾਏ ਜਾਣ।

ਇਸ ਮੌਕੇ ਅਜੈਪਾਲ ਸਿੰਘ ਬਰਾੜ, ਪਰਮਜੀਤ ਸਿੰਘ ਮੰਡ (ਸਿੱਖ ਯੂਥ ਆਫ ਪੰਜਾਬ), ਸੁਖਦੀਪ ਸਿੰਘ ਮੀਕੇ (ਪੰਥ ਸੇਵਕ ਜਥਾ ਮਾਝਾ), ਦਵਿੰਦਰ ਸਿੰਘ ਸੇਖੋਂ, ਜੁਝਾਰ ਸਿੰਘ (ਸੱਥ), ਇੰਦਰਪਾਲ ਸਿੰਘ (ਸਾਡਾ ਪੰਜਾਬ), ਪਰਦੀਪ ਸਿੰਘ ਇਆਲੀ (ਸਿੱਖ ਯੂਥ ਪਾਵਰ ਪੰਜਾਬ) ਅਤੇ ਪਰਮਜੀਤ ਸਿੰਘ ਗਾਜ਼ੀ ਵੀ ਹਾਜ਼ਰ ਸਨ

## ਵਰਲਡ ਸਿੱਖ ਚੈਂਬਰ ਆਫ਼ ਕਾਮਰਸ ਨੇ ਨਵੀਂ ਦਿੱਲੀ ਵਿਖੇ ਮੁੱਖ ਦਫ਼ਤਰ ਦਾ ਕੀਤਾ ਉਦਘਾਟਨ



**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:-** ਵਰਲਡ ਸਿੱਖ ਚੈਂਬਰ ਆਫ਼ ਕਾਮਰਸ ਨੇ ਲਾਜਪਤ ਨਗਰ ਨਵੀਂ ਦਿੱਲੀ ਵਿਖੇ ਆਪਣੇ ਮੁੱਖ ਦਫ਼ਤਰ ਦਾ ਉਦਘਾਟਨ ਕੀਤਾ ਹੈ। ਇੱਕ ਵਿਸ਼ਵ ਵਿਆਪੀ ਗੈਰ-ਲਾਭਕਾਰੀ ਸਿੱਖ ਨੈੱਟਵਰਕਿੰਗ ਪਲੇਟਫਾਰਮ ਹੈ ਜਿਸ ਵਿੱਚ ਸਿੱਖ ਕਾਰੋਬਾਰੀ, ਉਦਯੋਗਪਤੀ, ਪੇਸ਼ੇਵਰ, ਉੱਦਮੀ ਅਤੇ ਉਭਰਦੇ ਸਟਾਰਟ ਅੱਪ ਸ਼ਾਮਲ ਹਨ, ਦੀ ਸਥਾਪਨਾ ਅਪ੍ਰੈਲ 2020 ਵਿੱਚ ਸਿੱਖ ਕਾਰੋਬਾਰਾਂ ਅਤੇ ਪੇਸ਼ੇਵਰਾਂ ਨੂੰ ਇੱਕ ਵੱਡੇ ਸਮੂਹ ਵਿੱਚ ਲਿਆਉਣ ਅਤੇ ਉਨਾਂ ਨੂੰ ਕਾਰੋਬਾਰੀ ਨੈਟਵਰਕਿੰਗ ਲਈ ਇੱਕ ਪ੍ਰਭਾਵਸ਼ਾਲੀ ਅਤੇ ਕੁਸ਼ਲ ਪਲੇਟਫਾਰਮ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੀਤੀ ਗਈ ਹੈ, ਜੋ ਉਨਾਂ ਦੇ ਕਾਰੋਬਾਰ ਅਤੇ ਸਕਿੱਲ ਦੇ ਵਾਧੇ ਵਿੱਚ ਉਨਾਂ ਦੀ ਸਹਾਇਤਾ ਕਰੇਗਾ। ਇਹ ਪਲੇਟਫਾਰਮ ਪਿਛਲੇ 20 ਮਹੀਨਿਆਂ ਵਿੱਚ ਤੇਜ਼ੀ ਨਾਲ ਵਧਿਆ ਅਤੇ ਮੈਨੇਜਮੈਂਟ ਨੇ ਇਸ ਦਫਤਰ ਨੂੰ ਦਿੱਲੀ ਦੇ ਦਿਲ ਵਿੱਚ ਲੈ ਲਿਆ। ਇਹ ਦਫ਼ਤਰ ਵਿਸ਼ੇਸ਼ ਤੌਰ 'ਤੇ ਪ੍ਰਬੰਧਕਾਂ ਅਤੇ ਮੈਂਬਰਾਂ ਲਈ ਹੈ, ਉਹਨਾਂ ਦੇ ਸਟਾਫ, ਮੁੱਖ ਫੈਸਲੇ ਲੈਣ, ਖਾਸ ਮੀਟਿੰਗਾਂ, ਵੱਖ-ਵੱਖ ਸਿੱਖ ਸ਼ਖਸੀਅਤਾਂ, ਵਿਦੇਸ਼ੀ ਰਾਜਦੂਤਾਂ ਅਤੇ ਹੋਰ ਸੰਸਾਧਨ ਵਿਅਕਤੀਆਂ ਦੀ ਮੇਜ਼ਬਾਨੀ ਨੈੱਟਵਰਕ ਅਤੇ ਕੁਨੈਕਸ਼ਨ ਬਣਾਉਣ ਦੇ ਉਦੇਸ਼ ਲਈ ਹੈ। ਇਸ ਨਾਲ ਮੈਂਬਰਾਂ ਅਤੇ ਸਿੱਖ ਭਾਈਚਾਰੇ ਨੂੰ ਸਮੁੱਚੇ ਤੌਰ 'ਤੇ ਲਾਭ ਹੋਵੇਗਾ। ਇਹ ਦਫ਼ਤਰ ਸਾਡੀਆਂ ਆਉਣ ਵਾਲੀਆਂ ਸਿੱਖ ਪੀੜੀਆਂ ਲਈ ਨੈੱਟਵਰਕਿੰਗ ਅਤੇ ਕਾਰੋਬਾਰ ਵਧਾਵੇ ਲਈ ਇੱਕ ਢਾਂਚਾ ਸਥਾਪਤ ਕਰੇਗਾ।

### ਸਾਢੇ 4 ਕਰੋੜ ਰੁਪਏ ਦਾ ਮਾਮਲਾ

## ਧੋਖਾਧੜੀ ਵਿਚ ਦੋ ਭਾਰਤੀਆਂ ਨੂੰ 27 ਮਹੀਨੇ ਜੇਲ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਅਮਰੀਕਾ ਦੀ ਇਕ ਅਦਾਲਤ ਨੇ ਅਮਰੀਕੀ ਬਜ਼ੁਰਗਾਂ ਨਾਲ ਧੋਖਾਧੜੀ ਕਰਨ ਦੇ ਇਕ ਮਾਮਲੇ ਵਿਚ ਦੋ ਭਾਰਤੀਆਂ ਨੂੰ 27 ਮਹੀਨੇ ਜੇਲ ਦੀ ਸਜ਼ਾ ਸੁਣਾਈ ਹੈ। ਦੋਵਾਂ 'ਤੇ ਛੇ ਲੱਖ ਡਾਲਰ ਦੀ ਧੋਖਾਧੜੀ ਕਰਨ ਦਾ ਦੋਸ਼ ਸੀ।

ਨਿਊਜਰਸੀ ਦੀ ਸੰਘੀ ਅਦਾਲਤ ਦੇ ਜ਼ਿਲਾ ਜੱਜ ਜੋਸਫ ਰੋਡ੍ਰਿਗੇਜ ਨੇ ਜੀਸ਼ਾਨ ਖ਼ਾਨ (22) ਤੇ ਮਾਜ ਅਹਿਮਦ ਸ਼ਮਸੀ (24) ਨੂੰ ਸਜ਼ਾ ਸੁਣਾਈ। ਦੋਵਾਂ ਨੂੰ ਵਾਇਰ ਧੋਖਾਧੜੀ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਦੋਵਾਂ ਨੇ ਆਪਣਾ ਅਪਰਾਧ ਕਬੂਲ ਕਰ ਲਿਆ ਸੀ। ਕਾਰਜਕਾਰਨੀ ਅਟਾਰਨੀ ਰੇਚੇਲ ਹੋਨਿੰਗ ਨੇ ਦੱਸਿਆ ਕਿ ਸ਼ਮਸੀ ਤੇ ਜੀਸ਼ਾਨ 'ਤੇ 19 ਲੋਕਾਂ ਤੋਂ ਵਾਇਰ ਟ੍ਰਾਂਸਫਰ ਜ਼ਰੀਏ 6,18,000 ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਤੈਅ ਕੀਤੇ ਗਏ ਸਨ। ਵਾਇਰ ਟ੍ਰਾਂਸਫਰ, ਬੈਂਕ ਟ੍ਰਾਂਸਫਰ ਜਾਂ ਕ੍ਰੈਡਿਟ ਟ੍ਰਾਂਸਫਰ ਵਿਅਕਤੀ ਜਾਂ ਸੰਸਥਾ ਦੇ ਦੂਜੇ ਵਿਅਕਤੀ ਨੂੰ ਇਲੈਕਟ੍ਰਾਨਿਕ ਫੰਡ ਟ੍ਰਾਂਸਫਰ ਦਾ ਤਰੀਕਾ ਹੈ। ਅਦਾਲਤੀ ਦਸਤਾਵੇਜ਼ ਮੁਤਾਬਕ ਭਾਰਤ 'ਚ ਕੁਝ ਕਾਲ ਸੈਂਟਰਾਂ ਦੀ ਵਰਤੋਂ ਕਰਕੇ ਅਮਰੀਕੀ ਨਾਗਰਿਕਾਂ ਨੂੰ ਖ਼ਾਸ ਕਰ ਕੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਆਟੋਮੇਟਿਡ ਕਾਲ ਜ਼ਰੀਏ ਪੀੜਤ ਨਾਲ ਸੰਪਰਕ ਕਰ ਕੇ ਠੱਗੀ ਕੀਤੀ ਜਾਂਦੀ ਸੀ।

# ਅਮਰੀਕੀ ਰਾਸ਼ਟਰਪਤੀ ਵੱਲੋਂ ਹੰਗਾਮੀ ਯੋਜਨਾ ਦਾ ਐਲਾਨ

## ਕੈਂਨਟੱਕੀ ਸਮੇਤ 4 ਰਾਜਾਂ ਵਿਚ ਆਏ ਜਬਰਦਸਤ ਤੂਫਾਨ ਕਾਰਨ ਮਰਨ ਵਾਲਿਆਂ ਦੀ ਗਿਣਤੀ 84 ਹੋਈ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਰਾਸ਼ਟਰਪਤੀ ਜੋ ਬਾਈਡਨ ਨੇ ਕੈਂਨਟੱਕੀ ਵਾਸਤੇ ਹੰਗਾਮੀ ਯੋਜਨਾ ਦਾ ਐਲਾਨ ਕੀਤਾ ਹੈ। ਉਨਾਂ ਨੇ ਸੰਘੀ ਹੰਗਾਮੀ ਮੈਨੇਜਮੈਂਟ ਏਜੰਸੀ ਨੂੰ ਤੂਫਾਨ ਪੀੜਤਾਂ ਦੀ ਮੱਦਦ ਕਰਨ ਲਈ ਕਿਹਾ ਹੈ। ਵਾਇਟ ਹਾਊਸ ਅਨੁਸਾਰ ਰਾਸ਼ਟਰਪਤੀ ਨੇ ਤੂਫਾਨ ਤੋਂ ਪ੍ਰਭਾਵਿਤ ਰਾਜਾਂ ਦੇ ਗਵਰਨਰਾਂ ਨਾਲ ਗੱਲ ਕੀਤੀ ਹੈ ਤੇ ਸਥਿੱਤੀ ਦਾ ਜਾਇਜ਼ਾ ਲਿਆ ਹੈ। ਰਾਸ਼ਟਰਪਤੀ ਨੇ ਕਿਹਾ ਕਿ 'ਅਸੀਂ ਇਕਮੁੱਠ ਹੋ ਕੇ ਹਾਲਾਤ ਦਾ ਮੁਕਾਬਲਾ ਕਰਾਂਗੇ। ਸੰਘੀ ਸਰਕਾਰ ਪਿੱਛੇ ਨਹੀਂ ਹਟੇਗੀ। ਇਹ ਮੌਕਾ ਅਜਿਹਾ ਹੈ ਜਦੋਂ ਅਸੀਂ ਡੈਮੋਕਰੈਟਸ ਜਾਂ ਰਿਪਬਲੀਕਨ ਨਹੀਂ ਹਾਂ ਤੇ ਅਸੀਂ ਸਾਰੇ ਅਮਰੀਕੀ ਹਾਂ।' ਅਮਰੀਕਾ ਦੇ ਕੈਂਨਟੱਕੀ, ਇਲੀਨੋਇਸ, ਟੈਨੇਸੀ ਤੇ ਅਰਕੰਸਾਸ ਰਾਜ ਵਿਚ ਆਏ ਜਬਰਦਸਤ ਤੂਫਾਨ ਵਿਚ ਫਸ ਕੇ ਅਨੇਕਾਂ ਲੋਕ ਮਾਰੇ ਗਏ ਹਨ ਤੇ ਭਾਰੀ ਤਬਾਹੀ ਹੋਈ ਹੈ। ਕੈਂਨਟੱਕੀ ਦੇ ਗਵਰਨਰ ਐਂਡੀ ਬੇਸ਼ੀਅਰ ਨੇ ਕਿਹਾ ਹੈ ਕਿ ਘੱਟੋ ਘੱਟ 84 ਲੋਕਾਂ ਦੇ ਮਾਰੇ ਜਾਣ ਦੀਆਂ ਰਿਪੋਰਟਾਂ ਹਨ। ਇਸ ਤੋਂ ਇਲਾਵਾ ਘਰਾਂ, ਸਨਅਤੀ ਇਮਾਰਤਾਂ ਤੇ ਨਰਸਿੰਗ ਹੋਮ ਇਮਾਰਤਾਂ ਨੂੰ ਭਾਰੀ ਨੁਕਸਾਨ ਪੁੱਜਾ ਹੈ।

ਸਭ ਕੁਝ ਤਬਾਹ : ਪੱਛਮੀ ਕੈਂਨਟੱਕੀ ਵਿਚ ਚਾਰੇ ਪਾਸੇ ਤਬਾਹੀ ਦਾ ਮੰਜਰ ਨਜਰ ਆ ਰਿਹਾ ਹੈ ਤੇ ਰਾਜ ਦੇ ਇਤਿਹਾਸ ਵਿਚ ਇਹ ਪਹਿਲਾ ਸਭ ਤੋਂ ਵਧ ਖਤਰਨਾਕ ਤੂਫਾਨ ਹੈ। ਹਵਾਵਾਂ 227 ਕਿਲੋਮੀਟਰ ਦੀ ਰਫਤਾਰ ਨਾਲ ਚੱਲੀਆਂ ਤੇ ਉਨਾਂ ਦੇ ਰਸਤੇ ਵਿਚ ਜੋ ਵੀ ਆਇਆ ਉਸ ਨੂੰ ਹੂੰਝ ਕੇ ਲੈ ਗਈਆਂ। ਕੈਂਨਟੱਕੀ ਤੋਂ ਇਲਾਵਾ ਅਰਕੰਸਾਸ ਵਿਚ ਇਕ 86 ਬਿਸਤਰਿਆਂ ਵਾਲਾ ਨਰਸਿੰਗ ਹੋਮ ਢਹਿ ਢੇਰੀ ਹੋ ਗਿਆ ਜਿਸ ਕਾਰਨ ਇਕ ਵਿਅਕਤੀ ਮਾਰਿਆ ਗਿਆ ਤੇ 5 ਵਿਅਕਤੀ ਗੰਭੀਰ ਰੂਪ ਵਿਚ ਜਖਮੀ ਹੋ ਗਏ। ਇਲੀਨੋਇਸ ਵਿਚ ਐਡਵਰਡਸਵਿਲੇ ਵਿਖੇ ਸੇਂਟ ਲੋਇਸ ਦੇ ਪੂਰਬ ਵਿਚ ਐਮਾਜ਼ੋਨ ਦੀ ਇਕ ਇਮਾਰਤ ਦੀ ਛੱਤ ਉੱਡ ਗਈ। ਅੱਗ ਬੁਝਾਊ ਵਿਭਾਗ ਦੇ ਮੁੱਖੀ ਜੇਮਜ ਵਾਇਟਫੋਰਡ ਅਨੁਸਾਰ ਇੱਥੇ 6 ਲੋਕ ਮਾਰੇ ਗਏ ਹਨ। ਇਕ ਜ਼ਖਮੀ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਹੈ। ਐਮਾਜ਼ੋਨ ਨੇ ਇਕ ਬਿਆਨ ਰਾਹੀਂ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਮੌਕੇ ਉਪਰ ਮੱਦਦ ਲਈ ਪੁੱਜੇ ਲੋਕਾਂ ਦਾ ਧੰਨਵਾਦ ਕੀਤਾ ਹੈ। ਟੈਨੇਸੀ ਦੇ ਉਤਰ ਪੱਛਮੀ ਹਿੱਸੇ ਵਿਚ 3 ਲੋਕਾਂ ਦੇ ਮਾਰੇ ਜਾਣ ਦੀ ਰਿਪੋਰਟ ਹੈ।

# ਅਮਰੀਕਾ ਵਿਚ ਤੂਫਾਨ ਨਾਲ ਮਾਰੇ ਗਏ ਵਿਅਕਤੀਆਂ ਦੇ ਸਸਕਾਰ ਲਈ ਪ੍ਰਤੀ ਮ੍ਰਿਤਕ 5 ਹਜ਼ਾਰ ਡਾਲਰ ਦੇਣ ਦਾ ਐਲਾਨ

## ਰਾਸ਼ਟਰਪਤੀ ਬੁੱਧਵਾਰ ਨੂੰ ਪ੍ਰਭਾਵਿਤ ਖੇਤਰਾਂ ਦਾ ਕਰਨਗੇ ਦੌਰਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਦੇ 5 ਰਾਜਾਂ ਵਿਚ ਆਏ ਜਬਰਦਸਤ ਤੂਫਾਨ ਕਾਰਨ ਭਾਰੀ ਤਬਾਹੀ ਹੋਈ ਹੈ। ਹਜ਼ਾਰਾਂ ਲੋਕ ਬੇਘਰ ਹੋਏ ਹਨ ਤੇ ਹਜ਼ਾਰਾਂ ਲੋਕ ਬਿਨਾਂ ਬਿਜਲੀ ਦੇ ਦਿਨ ਕੱਟਣ ਲਈ ਮਜ਼ਬੂਰ ਹਨ ਜਿਸ ਨੂੰ ਬਹਾਲ ਕਰਨ ਲਈ ਸਮਾਂ ਲੱਗ ਸਕਦਾ ਹੈ। ਕੈਂਟੁਕੀ ਵਿਚ ਸਭ ਤੋਂ ਵਧ ਤਬਾਹੀ ਹੋਈ ਹੈ। ਕੈਂਟੁਕੀ ਦੇ ਗਵਰਨਰ ਐਂਡੀ ਬੇਸ਼ੀਅਰ ਨੇ ਕਿਹਾ ਹੈ ਕਿ ਰਾਜ ਵਿਚ 74 ਮੌਤਾਂ ਹੋਣ ਦੀ ਪੁਸ਼ਟੀ ਹੋ ਚੁੱਕੀ ਹੈ ਜਦ ਕਿ ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਉਨਾਂ ਕਿਹਾ ਕਿ ਮ੍ਰਿਤਕਾਂ ਦੀ ਅਸਲ ਗਿਣਤੀ ਦਾ ਪਤਾ ਲੱਗਣ ਵਿੱਚ ਹਫਤੇ ਦਾ ਸਮਾਂ ਲੱਗ ਸਕਦਾ ਹੈ। ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮ੍ਰਿਤਕਾਂ ਵਿਚ 5 ਸਾਲ ਤੋਂ ਲੈ ਕੇ 86 ਸਾਲ ਦੇ ਲੋਕ ਸ਼ਾਮਿਲ ਹਨ। ਉਨਾਂ ਨੇ ਮ੍ਰਿਤਕਾਂ ਨੂੰ ਸਪੁਰਦੇ ਖਾਕ ਕਰਨ ਲਈ ਹਰੇਕ ਪੀੜਤ ਪਰਿਵਾਰ ਨੂੰ 5 ਹਜ਼ਾਰ ਡਾਲਰ ਦੇਣ



ਦਾ ਐਲਾਨ ਵੀ ਕੀਤਾ। ਗਵਰਨਰ ਨੇ ਕਿਹਾ ਕਿ ਰਾਜ ਵਿਚ ਜਾਨੀ ਨੁਕਸਾਨ ਤੋਂ ਇਲਾਵਾ 1000 ਤੋਂ ਵਧ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ ਤੇ ਬਿਜਲੀ, ਪਾਣੀ ਸਬੰਧੀ ਸੇਵਾਵਾਂ ਬਹਾਲ ਕਰਨ ਲਈ ਕਈ ਦਿਨ ਲੱਗ ਸਕਦੇ ਹਨ, ਕਿਉਂਕਿ ਬੁਨਿਆਦੀ ਢਾਂਚੇ ਨੂੰ ਨੁਕਸਾਨ ਪੁੱਜਾ ਹੈ। ਇਸੇ ਦੌਰਾਨ ਕੈਂਟੁਕੀ ਐਮਰਜੈਂਸੀ ਮੈਨੇਜਮੈਂਟ ਡਾਇਰੈਕਟਰ ਮਾਈਕਲ ਡੋਸੈਟ ਨੇ ਤੂਫਾਨ ਕਾਰਨ ਹੋਏ ਨੁਕਸਾਨ ਦਾ ਵੇਰਵਾ ਦਿੰਦਿਆਂ ਦੱਸਿਆ ਕਿ 10000 ਘਰਾਂ ਤੇ ਕਾਰੋਬਾਰੀ ਅਦਾਰਿਆਂ ਨੂੰ ਪਾਣੀ ਦੀ ਸਪਲਾਈ ਬੰਦ ਹੋ ਗਈ ਹੈ। ਉਨਾਂ ਨੂੰ ਉਬਲਿਆ ਪਾਣੀ ਪੀਣ ਦੀ ਸਲਾਹ ਦਿੱਤੀ ਗਈ ਹੈ। 26000 ਘਰਾਂ ਦੀ ਬਿਜਲੀ ਸਪਲਾਈ ਠੱਪ ਪਈ ਹੈ।

**ਬਾਕੀ ਸਫ਼ਾ 29 'ਤੇ**

# ਗੌਤਮ ਰਾਘਵਨ ਵਾਈਟ ਹਾਊਸ ਪਰਸੋਨਲ ਦਫਤਰ ਦਾ ਮੁਖੀ ਨਿਯੁਕਤ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਰਾਸ਼ਟਰਪਤੀ ਜੋਅ ਬਾਈਡਨ ਨੇ ਭਾਰਤੀ ਮੂਲ ਦੇ ਅਮਰੀਕੀ ਗੌਤਮ ਰਾਘਵਨ ਨੂੰ ਵਾਇਟ ਹਾਊਸ ਪਰਸੋਨਲ ਦਫਤਰ ਦਾ ਮੁਖੀ ਨਿਯੁਕਤ ਕੀਤਾ ਹੈ। ਉਹ ਰਸਲ ਦੀ ਥਾਂ ਲੈਣਗੇ ਜਿਨਾਂ ਨੂੰ ਯੁਨੀਸੈਫ ਦਾ ਕਾਰਜਕਾਰੀ ਡਾਇਰੈਕਟਰ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਰਾਘਵਨ ਵਾਇਟ ਹਾਊਸ ਵਿਚ ਰਸਲ ਦੇ ਡਿਪਟੀ ਵਜੋਂ ਕੰਮ ਕਰਦੇ ਸਨ। ਰਾਘਵਨ ਨੇ ਸਟੈਨਫੋਰਡ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ ਹੈ ਤੇ ਉਹ ਸੀਅਟਲ, ਵਸ਼ਿੰਗਟਨ ਵਿਚ ਵੱਢਾ ਹੋਇਆ ਹੈ।



# ਓਮੀਕਰੋਨ ਤੋਂ ਪ੍ਰਭਾਵਿਤ ਮਰੀਜ਼ਾਂ ਵਿਚ ਹਲਕੇ ਲੱਛਣ ਪਾਏ ਗਏ : ਸੀ ਡੀ ਸੀ

## 80% ਮਾਮਲੇ ਟੀਕਾਕਰਨ ਕਰਵਾ ਚੁੱਕੇ ਲੋਕਾਂ ਵਿੱਚ ਮਿਲੇ, ਕੇਵਲ ਇਕ ਮਰੀਜ਼ ਨੂੰ ਹਸਪਤਾਲ ਦਾਖਲ ਕਰਵਾਉਣ ਦੀ ਲੋੜ ਪਈ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** 'ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ' (ਸੀ ਡੀ ਸੀ) ਨੇ ਕੋਰੋਨਾ ਦੇ ਨਵੇਂ ਰੂਪ ਓਮੀਕਰੋਨ ਦੇ ਹੁਣ ਤੱਕ ਆਏ ਮਾਮਲਿਆਂ ਬਾਰੇ ਦਸਦਿਆਂ ਕਿਹਾ ਹੈ ਕਿ ਜਿਆਦਾਤਾਰ ਮਾਮਲੇ ਪੂਰੀ ਤਰਾਂ ਟੀਕਾਕਰਨ ਕਰਵਾ ਚੁੱਕੇ ਲੋਕਾਂ ਵਿਚ ਪਾਏ ਗਏ ਹਨ ਤੇ ਇਨਾਂ ਲੋਕਾਂ ਵਿਚ ਹਲਕੇ ਲੱਛਣ ਵੇਖਣ ਨੂੰ ਮਿਲੇ ਹਨ। ਸੀ ਡੀ ਸੀ ਦੇ ਡਾਇਰੈਕਟਰ ਡਾਕਟਰ ਰੋਚੈਲ ਵਾਲੇਂਸਕੀ ਨੇ ਵਾਇਟ ਹਾਊਸ ਵਿਖੇ ਦੁਪਹਿਰ ਬਾਅਦ ਓਮੀਕਰੋਨ ਬਾਰੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਵਾਇਰਸ ਤੋਂ ਤਕਰੀਬਨ 80% ਉਹ ਲੋਕ ਪ੍ਰਭਾਵਿਤ ਹੋਏ ਹਨ ਜਿਨਾਂ ਨੇ ਕੋਰੋਨਾ ਤੋਂ ਬਚਾਅ ਲਈ ਮੁਕੰਮਲ ਵੈਕਸੀਨ ਲਵਾਈ ਹੋਈ ਹੈ। ਇਨਾਂ ਲੋਕਾਂ ਵਿਚ ਓਮੀਕਰੋਨ ਦਾ ਮੁਕਾਬਲਾ ਕਰਨ ਦੀ ਸਮਰੱਥਾ ਹੈ ਇਸ ਲਈ ਇਨਾਂ ਵਿਚ ਮਾਮੂਲੀ ਲੱਛਣ ਹੀ ਵੇਖਣ ਨੂੰ ਮਿਲੇ ਹਨ। ਉਨਾਂ ਕਿਹਾ ਕਿ ਓਮੀਕਰੋਨ ਤੋਂ ਪ੍ਰਭਾਵਿਤ ਕੇਵਲ ਇਕ ਮਰੀਜ਼ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਨਾਂ ਕਿਹਾ ਕਿ ਓਮੀਕਰੋਨ ਤੋਂ ਪ੍ਰਭਾਵਿਤ ਲੋਕਾਂ ਵਿਚ 18 ਤੋਂ 39 ਸਾਲ ਦੇ ਲੋਕ ਸ਼ਾਮਿਲ ਹਨ ਤੇ ਇਨਾਂ ਵਿਚੋਂ ਇਕ ਤਿਹਾਈ ਲੋਕ ਦੂਸਰੇ ਦੇਸ਼ਾਂ ਵਿਚੋਂ ਮੁੜੇ ਹਨ। ਉਨਾਂ ਇਹ ਵੀ ਕਿਹਾ ਕਿ ਹੁਣ ਤੱਕ ਅਮਰੀਕਾ ਦੇ 25 ਰਾਜਾਂ ਵਿਚ ਓਮੀਕਰੋਨ ਦੇ ਮਾਮਲੇ ਮਿਲੇ ਹਨ। ਸੀ ਡੀ ਸੀ ਵੱਲੋਂ ਓਮੀਕਰੋਨ ਤੋਂ ਬਚਾਅ ਲਈ ਵੈਕਸੀਨ ਦੀ ਤੀਸਰੀ ਬੂਸਟਰ ਖੁਰਾਕ ਲੈਣ ਲਈ ਕਿਹਾ ਗਿਆ ਹੈ। ਵਾਲੇਂਸਕੀ ਨੇ ਕਿਹਾ ਕਿ ਓਮੀਕਰੋਨ ਦੇ 14 ਮਾਮਲੇ ਬੂਸਟਰ ਵੈਕਸੀਨ ਲਵਾ ਚੁੱਕੇ ਲੋਕਾਂ ਵਿਚ ਵੀ ਮਿਲੇ ਹਨ ਪ੍ਰੰਤੂ ਇਨਾਂ ਨੇ ਹਾਲ ਹੀ ਵਿਚ ਬੂਸਟਰ ਵੈਕਸੀਨ ਲਵਾਈ ਹੈ ਇਸ ਲਈ ਹੋ ਸਕਦਾ ਹੈ ਕਿ ਇਸ ਨੇ ਅਜੇ ਆਪਣੀ ਪੂਰੀ ਸਮਰੱਥਾ ਨਾਲ ਕੰਮ ਕਰਨਾ ਸ਼ੁਰੂ ਨਾ ਕੀਤਾ ਹੋਵੇ। ਉਨਾਂ ਕਿਹਾ ਕਿ 'ਹਾਲਾਂਕਿ ਸਾਡੇ ਕੋਲ ਓਮੀਕਰੋਨ ਬਾਰੇ ਹਰ ਸਵਾਲ ਦਾ ਜਵਾਬ ਨਹੀਂ ਹੈ ਪ੍ਰੰਤੂ ਆਰੰਭਕ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਕੋਵਿਡ-19 ਬੂਸਟਰ ਖੁਰਾਕ ਇਸ ਵਾਇਰਸ ਵਿਰੁੱਧ ਵਧੇਰੇ ਕਾਰਗਰ ਹੈ। ਉਨਾਂ ਸਪੱਸ਼ਟ ਕੀਤਾ ਕਿ ਇਸ ਵੇਲੇ ਅਮਰੀਕਾ ਵਿਚ ਤਕਰੀਬਨ 99% ਮਾਮਲੇ ਡੈਲਟਾ ਵਾਇਰਸ ਦੇ ਹਨ।



**ਨਿਊਯਾਰਕ ਵਿਚ ਅੰਦਰ ਹੁੰਦੇ ਸਮਾਗਮਾਂ ਵਿਚ ਮਾਸਕ ਪਹਿਣਨਾ ਕੀਤਾ ਜਰੂਰੀ**

ਵਧ ਰਹੇ ਨਵੇਂ ਕੋਰੋਨਾ ਵਾਇਰਸ ਦੇ ਮਾਮਲਿਆਂ ਕਾਰਨ ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਨੇ ਰਾਜ ਵਿਚ ਆਰਜੀ ਤੌਰ 'ਤੇ ਇਨਡੋਰ ਸਮਾਗਮਾਂ ਵਿਚ ਮਾਸਕ ਪਹਿਣਨਾ ਜਰੂਰੀ ਕਰਨ ਦਾ ਐਲਾਨ ਕੀਤਾ ਹੈ। ਹੋਚੁਲ ਨੇ ਕਿਹਾ ਕਿ ਇਹ ਨਿਯਮ 15 ਜਨਵਰੀ 2022 ਤੱਕ ਲਾਗੂ ਰਹੇਗਾ। ਉਨਾਂ ਕਿਹਾ ਕਿ ਇਹ ਕਦਮ ਵਧ ਰਹੇ ਕੋਰੋਨਾ ਮਾਮਲਿਆਂ, ਹਸਪਤਾਲਾਂ ਦੀ ਘਟੀ ਸਮਰੱਥਾ ਤੇ ਕੁਝ ਖੇਤਰਾਂ ਵਿਚ ਨਾ ਤਸੱਲੀਬਖਸ਼ ਵੈਕਸੀਨੇਸ਼ਨ ਦਰ ਕਾਰਨ ਪੁੱਟਿਆ ਗਿਆ ਹੈ।

# ਯੂ.ਕੇ. ਦੀ ਜੇਲ ਵਿਚੋਂ 34 ਸਾਲ ਸਜ਼ਾ ਕੱਟ ਕੇ ਭਾਰਤ ਪਰਤੇ ਭਾਈ ਰਾਜਿੰਦਰ ਸਿੰਘ

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗਿਆਨੀ ਹਰਪ੍ਰੀਤ ਸਿੰਘ ਵਲੋਂ ਸਨਮਾਨ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਯੂ. ਕੇ. ਦੇ ਸਾਊਥਾਲ ਵਿਚ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਪ੍ਰੰਪਰਾਵਾਂ ਖ਼ਿਲਾਫ਼ ਮੰਦੀ ਸ਼ਬਦਾਵਲੀ ਬੋਲਣ ਵਾਲੇ ਇਕ ਅਖੌਤੀ ਸਾਧ ਦੇ 1987 ਵਿਚ ਹੋਏ ਕਤਲ ਦੇ ਮਾਮਲੇ ਵਿਚ 34 ਸਾਲ ਦੀ ਕੈਦ ਕੱਟ ਕੇ ਇੰਗਲੈਂਡ ਦੀ ਜੇਲ ਵਿਚੋਂ ਰਿਹਾਅ ਹੋਣ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਤੇ ਸ਼ੁਕਰਾਨਾ ਕਰਨ ਲਈ ਨਤਮਸਤਕ ਹੋਏ ਭਾਈ ਰਜਿੰਦਰ ਸਿੰਘ ਮੁਗਲਾਵਾਲਾ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵਲੋਂ ਦਸਤਾਰ ਤੇ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਤੇ ਭਾਈ ਮੁਗਲਾਵਾਲਾ ਦੇ ਪਰਿਵਾਰਕ ਮੈਂਬਰ ਵੀ ਹਾਜ਼ਰ ਸਨ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਕੌਮ ਆਪਣੇ ਗੁਰੂ ਸਾਹਿਬਾਨ ਅਤੇ ਸਿੱਖ ਯੋਧਿਆਂ ਬਾਰੇ ਮੰਦੀ ਸ਼ਬਦਾਵਲੀ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ।ਉਨਾਂ ਕਿਹਾ ਕਿ ਭਾਈ ਰਾਜਿੰਦਰ ਸਿੰਘ ਅਤੇ ਉਨਾਂ ਦੇ ਸਾਥੀ ਭਾਈ ਮਨਜੀਤ ਸਿੰਘ ਵਰਗੇ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਪੰਥ ਹਮੇਸ਼ਾ ਯਾਦ ਰੱਖਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ ਭਾਈ ਰਾਜਿੰਦਰ ਸਿੰਘ ਸਿੱਖ ਕੌਮ ਦਾ ਹੀਰਾ ਹੈ ਤੇ ਉਨਾਂ ਦੀ ਕੌਮ ਪ੍ਰਤੀ ਵੱਡੀ ਦੇਣ ਹੈ। ਭਾਈ ਰਜਿੰਦਰ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਸਨਮਾਨ ਮਿਲਣਾ ਉਸ ਲਈ ਮਾਣ ਵਾਲੀ ਗੱਲ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਓਮੀਕਰੋਨ ਦੇ ਖ਼ਤਰੇ ਵਿਚ ਆਇਆ ਪੰਜਾਬ

## ਹਾਈ ਰਿਸਕ ਦੇਸ਼ਾਂ ਤੋਂ ਪਹੁੰਚੇ 100 ਲੋਕ

**ਚੰਡੀਗੜ੍ਹ/ਏ.ਟੀ.ਨਿਊਜ਼ :** ਓਮੀਕਰੋਨ ਦੇ ਖ਼ਤਰੇ ਦੇ ਵਿਚਕਾਰ ਵਧਦੇ ਸੰਕਰਮਣ ਦੇ ਮੱਦੇਨਜ਼ਰ ਪੰਜਾਬ ਵਿੱਚ ਹਾਈ ਅਲਰਟ ਐਲਾਨਿਆ ਗਿਆ ਹੈ। ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਹੁਣ ਤੱਕ ਸੂਬੇ ਦੇ ਹਾਈ ਰਿਸਕ ਦੇਸ਼ਾਂ ਤੋਂ 1000 ਲੋਕ ਪੰਜਾਬ ਪਹੁੰਚ ਚੁੱਕੇ ਹਨ। ਚਿੰਤਾਜਨਕ ਗੱਲ ਇਹ ਹੈ ਕਿ ਇਨਾਂ ਵਿਚੋਂ ਚਾਰ ਲੋਕਾਂ ਦੇ ਨਮੂਨਿਆਂ ਦੀ ਜਾਂਚ ਵਿੱਚ ਕੋਰੋਨਾ ਸੰਕਰਮਣ ਦੀ ਪੁਸ਼ਟੀ ਹੋਈ ਹੈ। ਲੰਘੇ ਵੀਰਵਾਰ ਨੂੰ ਵੀ ਇਨਫੈਕਸ਼ਨ ਨਾਲ ਦੋ ਦੀ ਮੌਤ ਹੋ ਗਈ, ਜਦੋਂ ਕਿ 40 ਨਵੇਂ ਸੰਕਰਮਿਤ ਪਾਏ ਗਏ ਹਨ।

ਇਸ ਦੇ ਨਾਲ ਹੀ ਚੰਡੀਗੜ੍ਹ ਵਿਚ ਓਮੀਕਰੋਨ ਦਾ ਪਹਿਲਾ ਮਰੀਜ਼ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਵਿਚ ਚਿੰਤਾ ਦਾ ਮਾਹੌਲ ਹੈ। ਪੰਜਾਬ ਵਿਚ ਸਿਹਤ ਵਿਭਾਗ ਨੇ ਹਾਈ ਅਲਰਟ ਜਾਰੀ ਕੀਤਾ ਹੋਇਆ ਹੈ ਪਰ ਕਰਮਚਾਰੀਆਂ ਦੀ ਹੜਤਾਲ ਕਾਰਨ ਸਿਸਟਮ ਕਮਜ਼ੋਰ ਹੋ ਗਿਆ ਹੈ। ਹਾਲਾਂਕਿ, ਵਿਦੇਸ਼ਾਂ ਤੋਂ ਉੱਚ ਜੋਖਮ ਵਾਲੇ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਉਤੇ ਖਾਸ ਤੌਰ 'ਤੇ ਨਜ਼ਰ ਰੱਖੀ ਜਾ ਰਹੀ ਹੈ।

ਉਧਰ ਓਮੀਕਰੋਨ ਦੇ ਡਰ ਦੇ ਮੱਦੇਨਜ਼ਰ ਸਿਹਤ ਵਿਭਾਗ ਨੇ ਕੋਰੋਨਾ ਪੌਜ਼ੇਟਿਵ ਆਏ ਮਰੀਜ਼ਾਂ ਦੇ




ਸੈਂਪਲ ਦਿੱਲੀ ਭੇਜੇ ਹਨ। ਸਟੇਟ ਨੋਡਲ ਅਫ਼ਸਰ ਡਾ: ਰਾਜੇਸ਼ ਭਾਸਕਰ ਨੇ ਦੱਸਿਆ ਕਿ ਪਿਛਲੇ 16 ਦਿਨਾਂ ਵਿੱਚ 2000 ਦੇ ਕਰੀਬ ਲੋਕ ਵਿਦੇਸ਼ਾਂ ਤੋਂ ਸੂਬੇ ਵਿੱਚ ਆਏ ਹਨ। ਇਨਾਂ ਵਿੱਚ 1000 ਉੱਚ ਜੋਖਮ ਵਾਲੇ ਦੇਸ਼ਾਂ ਤੋਂ ਆਉਣ ਵਾਲੇ ਲੋਕ ਸ਼ਾਮਲ ਹਨ। ਉਨਾਂ ਦੇ ਨਮੂਨਿਆਂ ਦੀ ਜਾਂਚ ਕੀਤੀ ਗਈ, ਜਿਸ ਵਿੱਚ ਚਾਰ ਦੇ ਕੋਰੋਨਾ ਹੋਣ ਦੀ ਪੁਸ਼ਟੀ ਹੋਈ।

ਉਨਾਂ ਦੱਸਿਆ ਕਿ ਸ਼ੱਕੀ ਮਰੀਜ਼ ਜਲੰਧਰ, ਕਪੂਰਥਲਾ, ਨਵਾਂਸ਼ਹਿਰ ਅਤੇ ਅੰਮ੍ਰਿਤਸਰ ਨਾਲ ਸਬੰਧਤ ਹਨ। ਮਰੀਜ਼ਾਂ ਨੂੰ ਸਿਹਤ ਵਿਭਾਗ ਦੀ ਨਿਗਰਾਨੀ ਹੇਠ ਆਈਸੋਲੇਟ ਕੀਤਾ ਗਿਆ ਹੈ। ਸਿਹਤ ਵਿਭਾਗ ਮੁਤਾਬਕ, ਵੀਰਵਾਰ ਨੂੰ ਸੰਕਰਮਣ ਨਾਲ ਦੋ ਸੰਕਰਮਿਤ ਲੋਕਾਂ ਦੀ ਮੌਤ ਹੋ ਗਈ। ਇਨਾਂ ਚੋਂ ਇੱਕ ਲੁਧਿਆਣਾ ਅਤੇ ਇੱਕ ਰੋਪੜ ਦਾ ਹੈ।ਨਾਲ ਹੀ 40 ਨਵੇਂ ਸੰਕਰਮਿਤ ਪਾਏ ਗਏ ਹਨ। ਸਭ ਤੋਂ ਵੱਧ 7 ਸੰਕਰਮਿਤ ਕਪੂਰਥਲਾ ਵਿੱਚ ਆਏ ਹਨ। ਮੋਹਾਲੀ ਵਿੱਚ 5, ਫਿਰੋਜ਼ਪੁਰ, ਪਠਾਨਕੋਟ ਅਤੇ ਰੋਪੜ ਵਿੱਚ 4-4 ਸੰਕਰਮਿਤ ਪਾਏ ਗਏ ਹਨ। ਜਲੰਧਰ ਵਿੱਚ 3 ਅਤੇ 6 ਜ਼ਿਲਿਆਂ ਵਿੱਚ 2-2 ਵਿਅਕਤੀਆਂ ਦੀ ਰਿਪੋਰਟ ਪੌਜ਼ੇਟਿਵ ਆਈ ਹੈ। ਅੰਮ੍ਰਿਤਸਰ ਵਿੱਚ ਇੱਕ ਨਵਾਂ ਸੰਕਰਮਿਤ ਮਰੀਜ਼ ਪਾਇਆ ਗਿਆ ਹੈ। ਜਿਸ ਨਾਲ ਸੂਬੇ ਵਿਚ 333 ਐਕਟਿਵ ਕੇਸ ਹੋ ਗਏ ਹਨ।

# ਇੰਨਕੋਰ ਸੀਨੀਅਰ ਖੇਡਾਂ ਵਿੱਚ ਪੰਜਾਬੀ ਚੋਬਰਾਂ ਨੇ ਵਿਖਾਏ ਜੌਹਰ

**ਸੈਨ-ਮਟਿਓ(ਕੈਲੀਫੋਰਨੀਆਂ)/ਗੁਰਿੰਦਰਜੀਤ ਨੀਟਾ ਮਾਛੀਕੇ/ਕੁਲਵੰਤ ਧਾਲੀਆਂ :-** ਸਥਾਨਿਕ ਸੈਨ-ਮਟਿਓ ਸਿਟੀ ਕਾਲਜ ਵਿੱਚ ਇੰਨਕੋਰ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਨਾਂ ਖੇਡਾਂ ਵਿੱਚ ਦੁਨੀਆਂ ਭਰ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ।ਇਹ ਖੇਡਾਂ ਕਾਲਜ ਦੇ ਟ੍ਰੈਕ ਐਂਡ ਫੀਲਡ ਖੇਤਰ ਵਿੱਚ ਕਰਵਾਈਆਂ ਗਈਆਂ। ਇਨਾਂ ਖੇਡਾਂ ਵਿੱਚ ਐਤਕੀਂ ਦੋ ਪੰਜਾਬੀ ਸੀਨੀਅਰ ਗੱਭਰੂਆਂ ਨੇ ਵੀ ਹਿੱਸਾ ਲਿਆ ਤੇ ਕੁਲ 6 ਮੈਡਲ ਆਪਣੇ ਨਾਮ ਕੀਤੇ। ਇਨਾਂ ਖਿਡਾਰੀਆਂ ਵਿੱਚੋਂ ਗੁਰਬਖ਼ਸ਼ ਸਿੰਘ ਸਿੱਧੂ ਨੇ ਹੈਮਰ ਥਰੋ ਵਿੱਚ ਗੋਲਡ ਮੈਡਲ, ਸ਼ਾਟਪੁਟ ਵਿੱਚ ਅਤੇ ਡਿਸਕਸ ਥਰੋ ਵਿੱਚ ਕਾਂਸੀ ਦਾ ਤਮਗਾ ਜਿੱਤਿਆ। ਇਸ ਤੋਂ ਇਲਾਵਾ ਪਾਮਡੇਲ ਸ਼ਹਿਰ ਦੇ ਹਰਿੰਦਰ ਸਿੰਘ ਚੀਮਾ ਨੇ ਸ਼ਾਟ ਪੁੱਟ ਮੁਕਾਬਲੇ ਵਿੱਚ ਗੋਲਡ ਮੈਡਲ ਅਤੇ ਹੈਮਰ ਥਰੋਅ ਅਤੇ ਜੈਵਲਿਨ ਥਰੋਅ ਵਿੱਚ ਚਾਂਦੀ ਦੇ ਤਮਗ਼ੇ ਹਾਸਲ ਕੀਤੇ। ਹਰਿੰਦਰ ਸਿੰਘ ਚੀਮਾ ਮੂਲ ਰੂਪ ਵਿੱਚ ਬੱਸੀ ਪਠਾਣਾ ਦੇ ਰਹਿਣ ਵਾਲੇ ਹਨ ਅਤੇ ਉਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਪਣੀ ਬੀ.ਏ ਅਤੇ ਸਰੀਰਕ ਸਿੱਖਿਆ





ਦੀਆਂ ਡਿਗਰੀਆਂ ਪੂਰੀਆਂ ਕੀਤੀਆਂ ਹਨ। ਇਹ ਸਾਲ ਦੀਆਂ ਆਖਰੀ ਖੇਡਾਂ ਸਨ। ਸੈਨ-ਫਰਾਂਸਿਸਕੋ, ਬੇ ਏਰੀਆ ਵਿੱਚ ਬਰਸਾਤ ਦਾ ਦਿਨ ਸੀ, ਫਿਰ ਵੀ 200+ ਪੁਰਸ਼ ਅਤੇ ਔਰਤ ਅਥਲੀਟਾਂ ਨੇ ਖੇਡਾਂ ਵਿੱਚ ਹਿੱਸਾ ਲਿਆ। ਦੂਜੇ ਰਾਜਾਂ ਦੇ ਐਥਲੀਟ ਵੀ 10 ਮਈ ਤੋਂ 23, 2021 ਤੱਕ ਫੋਰਟ ਲਾਡਰਡੇਲ, ਫਲੋਰੀਡਾ ਵਿੱਚ ਹੋਣ ਵਾਲੀਆਂ ਰਾਸ਼ਟਰੀ ਸੀਨੀਅਰ ਖੇਡਾਂ ਲਈ ਕੁਆਲੀਫਾਈ ਕਰਨ ਲਈ ਮੁਕਾਬਲਾ ਕਰਨ ਲਈ ਆਏ ਸਨ। ਇੱਥੇ ਇਹ ਗੱਲ ਵੀ ਜ਼ਿਕਰਯੋਗ ਹੈ ਕਿ ਫਰਿਜ਼ਨੋ ਗੁਰਬਖ਼ਸ਼ ਸਿੰਘ ਸਿੱਧੂ ਪਹਿਲਾਂ ਵੀ ਸੀਨੀਅਰ ਗੇਮਾਂ ਵਿੱਚ ਮੈਡਲ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕਰ ਚੁੱਕੇ ਹਨ।

# ਅਮਰੀਕਾ ਵਿਚ ਪਿਛਲੇ ਸਾਲ ਦੀ ਤੁਲਨਾ ਇਸ ਸਾਲ ਹੱਤਿਆਵਾਂ 'ਚ ਹੋਇਆ ਚਿੰਤਜਨਕ ਵਾਧਾ

## ਜਿਆਦਾਤਰ ਹਿੰਸਾ ਜਾਣ ਪਛਾਣ ਵਾਲੇ ਲੋਕਾਂ ਵਿਚਾਲੇ ਹੋਈ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਅਮਰੀਕਾ ਦੇ ਸਭ ਤੋਂ ਵੱਧ ਅਬਾਦੀ ਵਾਲੇ ਦੋ ਤਿਹਾਈ ਸ਼ਹਿਰਾਂ ਵਿਚ ਪਿਛਲੇ ਸਾਲ ਦੀ ਤੁਲਨਾ ਵਿਚ ਇਸ ਸਾਲ ਹੱਤਿਆਵਾਂ ਵਿਚ ਵਾਧਾ ਹੋਇਆ ਹੈ ਜੋ ਚਿੰਤਾ ਦਾ ਕਾਰਨ ਹੈ। ਸੀ ਐਨ ਐਨ ਵੱਲੋਂ 40 ਪ੍ਰਮੁੱਖ ਸ਼ਹਿਰਾਂ ਵਿਚ ਕਰਵਾਏ ਸਰਵੇ ਵਿਚ ਇਹ ਖੁਲਾਸਾ ਹੋਇਆ ਹੈ। ਅਮਰੀਕਾ ਦੇ ਘੱਟੋ ਘੱਟ 9 ਸ਼ਹਿਰਾਂ ਵਿਚ 2020 ਦੀ ਤੁਲਨਾ ਵਿਚ 2021 ਵਿਚ ਹੱਤਿਆਵਾਂ ਦਾ ਰਿਕਾਰਡ ਟੁੱਟਾ ਹੈ। ਹਾਲਾਂਕਿ ਇਸ ਸਾਲ ਦੇ ਦੋ ਹਫਤੇ ਤੋਂ ਵਧ ਦਾ ਸਮਾਂ ਅਜੇ ਰਹਿੰਦਾ ਹੈ। ਫਿਲਾਡੈਲਫੀਆ ਵਿਚ ਇਸ ਸਾਲ 513 ਹੱਤਿਆਵਾਂ ਹੋਈਆਂ ਹਨ ਜਦ ਕਿ ਇਸ ਤੋਂ ਪਹਿਲਾਂ ਇਸ ਸ਼ਹਿਰ ਵਿਚ 1990 ਵਿਚ ਸਭ ਤੋਂ ਵਧ ਹੱਤਿਆਵਾਂ 503 ਹੋਈਆਂ ਸਨ। ਇੰਡਿਆਨਾਪੋਲਿਸ ਵਿਚ 2021 ਦੌਰਾਨ 230 ਹੱਤਿਆਵਾਂ ਹੋਈਆਂ ਹਨ ਜਦ ਕਿ ਪਿਛਲੇ ਸਾਲ 215 ਹੱਤਿਆਵਾਂ ਹੋਈਆਂ ਸਨ। ਆਸਟਿਨ ਵਿਚ ਇਸ ਸਾਲ 88 ਹੱਤਿਆਵਾਂ ਹੋ ਚੁੱਕੀਆਂ ਹਨ। ਇਸ ਤੋਂ ਪਹਿਲਾਂ ਆਸਟਿਨ ਵਿਚ ਸਭ ਤੋਂ ਵਧ ਹੱਤਿਆਵਾਂ 1984 ਵਿਚ 59 ਹੋਈਆਂ ਸਨ। ਸਰਵੇ ਵਿਚ ਕਿਹਾ ਗਿਆ ਹੈ ਕਿ ਇਹ ਹੱਤਿਆਵਾਂ ਕਿਸੇ ਖਾਸ ਖੇਤਰ ਨਾਲ ਸਬੰਧਤ ਨਹੀਂ ਹਨ ਬਲਕਿ ਸਮੁੱਚੇ ਅਮਰੀਕਾ ਨਾਲ ਸਬੰਧਿਤ ਹਨ। ਹੋਰ ਦੂਸਰੇ ਸ਼ਹਿਰ ਜਿਨਾਂ ਵਿਚ ਹੱਤਿਆਵਾਂ ਵਿਚ ਵਾਧਾ ਹੋਇਆ ਹੈ, ਉਨਾਂ ਵਿਚ ਲੋਇਸਵਿਲੇ, ਕੈਂਟੁਕੀ, ਕੋਲੰਬਸ, ਓਹੀਓ, ਨਿਊ-ਮੈਕਸੀਕੋ,ਟਕਸਨ, ਐਰੀਜ਼ੋਨਾ, ਰੋਚੈਸਟਰ, ਨਿਊਯਾਰਕ,ਪੋਰਟਲੈਂਡ ਤੇ ਓਰਗੋਨ ਸ਼ਾਮਿਲ ਹਨ। ਲਾਸ ਏਂਜਲਸ ਵਿਚ ਇਸ ਸਾਲ ਹੁਣ ਤੱਕ ਰਿਕਾਰਡ 352 ਹੱਤਿਆਵਾਂ ਹੋਈਆਂ ਹਨ। ਸ਼ਿਕਾਗੋ ਵਿਚ 756 ਹੱਤਿਆਵਾਂ ਹੋਈਆਂ ਹਨ । ਲਾਸ ਏਂਜਲਸ ਤੇ ਸ਼ਿਕਾਗੋ ਵਿਚ ਪਿਛਲੇ ਸਾਲ ਦੀ ਤੁਲਨਾ ਵਿਚ ਹੱਤਿਆਵਾਂ ਵਿੱਚ ਕ੍ਰਮਵਾਰ 12% ਤੇ 4% ਦਾ ਵਾਧਾ ਹੋਇਆ ਹੈ। ਹੋਸਟਨ ਵਿਚ ਪਿਛਲੇ ਸਾਲ ਦੀ ਤੁਲਨਾ ਵਿਚ 18% ਵਧ ਲੋਕ ਨਿੱਜੀ ਰੰਜਿਸ਼ਾਂ ਜਾਂ ਹੋਰ ਕਾਰਨਾਂ ਕਰਕੇ ਮਾਰੇ ਗਏ। ਸਰਵੇ ਅਨੁਸਾਰ ਅਮਰੀਕਾ ਦੇ ਤਕਰੀਬਨ ਸਾਰੇ ਸ਼ਹਿਰਾਂ ਵਿਚ 2019 ਤੋਂ ਬਾਅਦ ਹੱਤਿਆਵਾਂ ਵਿਚ ਵਾਧਾ ਹੋਇਆ ਹੈ ਜਦ ਕਿ ਪਿਛਲੇ ਸਾਲ ਤੋਂ ਬਾਅਦ ਇਹ ਵਾਧਾ ਤੇਜੀ ਨਾਲ ਹੋਇਆ ਹੈ। ਆਸਟਿਨ ਜਸਟਿਸ ਕੁਲੀਸ਼ਨ ਦੇ ਇਕ ਮੈਂਬਰ ਕ੍ਰਿਸ ਹੈਰਿਸ ਅਨੁਸਾਰ ਸ਼ਹਿਰ ਵਿਚ ਹਿੰਸਾ ਦੀਆਂ ਘਟਨਾਵਾਂ ਇਕ ਦੂਸਰੇ ਨੂੰ ਜਾਣਦੇ ਲੋਕਾਂ ਵਿਚਾਲੇ ਹੋਈਆਂ ਹਨ। ਇਹ ਇਕ ਖਤਰਨਾਕ ਗੱਲ ਹੈ ਕਿਉਂਕਿ ਵਿਵਾਦ ਵਾਲੇ ਮੁੱਦਿਆਂ ਨੂੰ ਹਿੰਸਾ ਦੀ ਬਜਾਏ ਸ਼ਾਂਤਮਈ ਢੰਗ ਤਰੀਕੇ ਨਾਲ ਹੱਲ ਕੀਤਾ ਜਾ ਸਕਦਾ ਹੈ। ਆਸਟਿਨ ਦੇ ਪੁਲਿਸ ਮੁਖੀ ਜੋਸਫ ਚਕੋਨ ਨੇ ਹਿੰਸਾ ਵਿਚ ਹੋਏ ਵਾਧੇ ਨੂੰ ਨਿਰਾਸ਼ਾਜਨਕ ਕਰਾਰ ਦਿੰਦਿਆਂ ਕਿਹਾ ਕਿ ਇਸ ਦਾ ਸਪੱਸ਼ਟ ਉੱਤਰ ਨਹੀਂ ਦਿੱਤਾ ਜਾ ਸਕਦਾ।

# ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਸਪੋਰਟ ਤੇ ਪੀਸੀਆਰ ਹੋਵੇ ਖ਼ਤਮ

## ਪਾਕਿਸਤਾਨੀ ਸਿੱਖਾਂ ਨੇ ਕੀਤੀ ਮੰਗ

**ਅੰਮ੍ਰਿਤਸਰ/ਏ.ਟੀ.ਨਿਊਜ਼ :-** ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਕਰਤਾਰਪੁਰ ਲਾਂਘੇ ਰਾਹੀਂ ਭਾਰਤ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਤੇ ਪੀਸੀਆਰ ਟੈਸਟ ਦੀ ਸ਼ਰਤਾਂ ਖ਼ਤਮ ਕਰਨ ਦੀ ਅਪੀਲ ਕੀਤੀ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਆਮਿਰ ਸਿੰਘ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਲਿਖੇ ਪੱਤਰ ਵਿਚ ਉਨਾਂ ਨੂੰ ਬੇਨਤੀ ਕੀਤੀ ਹੈ ਕਿ ਕਰਤਾਰਪੁਰ ਲਾਂਘੇ ਰਾਹੀਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਨਾਰੋਵਾਲ ਪਾਕਿਸਤਾਨ ਆਉਣ ਵਾਲੇ ਭਾਰਤੀ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖ਼ਤਮ ਕੀਤੀ ਜਾਵੇ ਅਤੇ ਉਨਾਂ ਨੂੰ ਕ੍ਰੈਡਿਟ ਕਾਰਡ ਦੇਣ ਦੀ ਇਜਾਜ਼ਤ ਦਿੱਤੀ ਜਾਵੇ। ਅਮੀਰ ਸਿੰਘ ਨੇ NCOC ਨੂੰ ਇਕ ਹੋਰ ਪੱਤਰ ਲਿਖ ਕੇ ਭਾਰਤੀ ਸ਼ਰਧਾਲੂਆਂ ਲਈ ਕਰਤਾਰਪੁਰ ਸਾਹਿਬ ਦੇ ਲਾਂਘੇ 'ਤੇ ਪਹੁੰਚਣ ਤੋਂ 72 ਘੰਟੇ ਪਹਿਲਾਂ ਪੀ.ਸੀ.ਆਰ ਟੈਸਟ ਦੀ ਸ਼ਰਤ ਨੂੰ ਖਤਮ ਕਰਕੇ ਕੋਰੋਨਾ ਟੀਕਾਕਰਨ ਸਰਟੀਫਿਕੇਟ ਸਵੀਕਾਰ ਕਰਨ ਲਈ ਕਿਹਾ ਹੈ।

# ਕਰਤਾਰਪੁਰ ਗੁਰਦੁਆਰੇ ਜਾਣ ਵਾਲੇ ਸ਼ਰਧਾਲੂ ਹੁਣ 11,000 ਰੁਪਏ ਤੱਕ ਲਿਜਾ ਸਕਣਗੇ ਕੈਸ਼ : ਕੇਂਦਰੀ ਬੈਂਕ

**ਜਲੰਧਰ/ਏ.ਟੀ.ਨਿਊਜ਼ :** ਭਾਰਤੀ ਨਾਗਰਿਕਾਂ ਦੇ ਨਾਲ-ਨਾਲ ਭਾਰਤੀ ਮੂਲ ਦੇ ਵਿਅਕਤੀਆਂ ਨੂੰ, ਕਰਤਾਰਪੁਰ ਸਾਹਿਬ ਲਾਂਘੇ ਦੇ ਦਰਸ਼ਨਾਂ ਲਈ, ਭਾਰਤੀ ਰਿਜ਼ਰਵ ਬੈਂਕ ਦੁਆਰਾ 11,000 ਰੁਪਏ ਤੋਂ ਵੱਧ ਦੇ ਭਾਰਤੀ ਰੁਪਏ ਜਾਂ ਅਮਰੀਕੀ ਡਾਲਰ ਦੇ ਕਰੰਸੀ ਨੋਟਾਂ ਨੂੰ ਬਾਹਰ ਲਿਜਾਣ ਅਤੇ ਦੇਸ਼ ਦੇ ਅੰਦਰ ਲਿਆਉਣ ਦੀ ਇਜਾਜ਼ਤ ਦਿੱਤੀ ਗਈ ਹੈ।

ਕੇਂਦਰੀ ਬੈਂਕ ਨੇ ਕਿਹਾ ਹੈ ਕਿ ਇਹ ਸੀਮਾ ਭਾਰਤੀ ਪਾਸਪੋਰਟ ਧਾਰਕਾਂ ਅਤੇ ਭਾਰਤੀ ਮੂਲ ਦੇ ਵਿਅਕਤੀਆਂ ਨੂੰ ਆਪਣੇ ਪਾਸਪੋਰਟਾਂ ਦੇ ਨਾਲ ਵਿਦੇਸ਼ੀ ਨਾਗਰਿਕ ਕਾਰਡ ਲੈ ਕੇ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ, ਜੋ ਕਰਤਾਰਪੁਰ ਦਾ ਦੌਰਾ ਕਰ ਰਹੇ ਹਨ। ਆਰਬੀਆਈ ਨੇ ਇੱਕ ਨੋਟੀਫਿਕੇਸ਼ਨ ਵਿੱਚ ਕਿਹਾ ਕਿ ਵਿਦੇਸ਼ੀ ਮੁਦਰਾ ਪ੍ਰਬੰਧਨ (ਮੁਦਰਾ ਦਾ ਨਿਰਯਾਤ ਅਤੇ ਆਯਾਤ) ਨਿਯਮ 2015, ਸਮੇਂ-ਸਮੇਂ 'ਤੇ ਸੋਧਿਆ ਜਾਂਦਾ ਹੈ। ਹਾਲਾਂਕਿ ਹੁਣ ਸ਼ਰਧਾਲੂਆਂ ਨੂੰ ਆਪਣੇ ਨਾਲ ਲਿਜਾਣ ਜਾਂ 11,000 ਰੁਪਏ ਤੋਂ ਵੱਧ ਦੀ ਰਕਮ ਵਾਪਸ ਲਿਆਉਣ ਦੀ ਆਗਿਆ ਦੇਣ ਲਈ ਇਸ ਵਿੱਚ ਸੋਧ ਕੀਤੀ ਗਈ ਹੈ।

# ਚਟੋਪਾਧਿਆਏ ਬਣੇ ਸਹੋਤਾ ਦੀ ਥਾਂ ਪੰਜਾਬ ਦੇ ਕਾਰਜਕਾਰੀ ਡੀਜੀਪੀ

**ਚੰਡੀਗੜ੍ਹ/ਏ.ਟੀ.ਨਿਊਜ਼:** ਹੁਣੇ ਜਿਹੇ ਹੋਏ ਫੇਰਬਦਲ ਵਿੱਚ ਪੰਜਾਬ ਸਰਕਾਰ ਨੇ ਆਈਪੀਐਸ ਸਹੋਤਾ ਦੀ ਥਾਂ ਸਿਧਾਰਥ ਚਟੋਪਾਧਿਆਏ ਨੂੰ ਕਾਰਜਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ ਨਿਯੁਕਤ ਕੀਤਾ ਹੈ। ਸਹੋਤਾ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਕਰੀਬੀ ਮੰਨੇ ਜਾਂਦੇ ਹਨ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੱਧੂ ਵੱਲੋਂ ਉਨਾਂ ਨੂੰ ਹਟਾਉਣ ਲਈ ਦਬਾਅ ਪਾਉਣ ਦੇ ਬਾਵਜੂਦ ਉਹ ਇਸ ਅਹੁਦੇ ਉਤੇ ਰਹੇ। ਆਪਣੀ ਨਵੀਂ ਜ਼ਿੰਮੇਵਾਰੀ ਦੇ ਨਾਲ 1986 ਬੈਚ ਦੇ ਆਈਪੀਐਸ ਅਧਿਕਾਰੀ ਚਟੋਪਾਧਿਆਏ ਵਿਜੀਲੈਂਸ ਬਿਊਰੋ ਦੇ ਮੁੱਖ ਨਿਰਦੇਸ਼ਕ ਦਾ ਚਾਰਜ ਸੰਭਾਲਣਗੇ। ਇਸ ਦੇ ਨਾਲ ਹੀ ਸਹੋਤਾ ਡੀਜੀਪੀ, ਪੀਏਪੀ, ਜਲੰਧਰ ਬਣੇ ਰਹਿਣਗੇ।



ਦੱਸ ਦਈਏ ਕਿ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਅਹੁਦੇ ਤੋਂ ਹਟਣ ਤੋਂ ਬਾਅਦ ਸੂਬਾ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੱਲੋਂ ਚਟੋਪਾਧਿਆਏ ਨੂੰ ਡੀਜੀਪੀ ਬਣਾਉਣ ਲਈ ਜ਼ੋਰ ਪਾਇਆ ਜਾ ਰਿਹਾ ਸੀ। ਚਟੋਪਾਧਿਆਏ ਨੇ 2007 ਤੋਂ 2012 ਤੱਕ ਕਾਂਗਰਸ ਸਰਕਾਰ ਦੌਰਾਨ ਬਾਦਲ ਪਰਿਵਾਰ ਦੇ ਵਿੱਤੀ ਸੌਦਿਆਂ ਦੀ ਜਾਂਚ ਕੀਤੀ ਸੀ।

# ਐੱਨਆਰਆਈਜ਼ ਦੀ ਬੇਭਰੋਸਗੀ ਨੂੰ ਦੂਰ ਕਰਨ ਲਈ ਹੀ ਪੰਜਾਬ ਸਰਕਾਰ ਖੋਲੇਗੀ ਵੈੱਬ ਪੋਰਟਲ

## ਪ੍ਰਵਾਸੀ ਪੰਜਾਬੀਆਂ ਲਈ ਚੰਨੀ ਸਰਕਾਰ ਦਾ ਐਲਾਨ

**ਚੰਡੀਗੜ੍ਹ/ਏ.ਟੀ.ਨਿਊਜ਼ :** ਪੰਜਾਬ ਨਾਲੋਂ ਟੁੱਟ ਰਹੀ ਐੱਨ. ਆਰ. ਆਈਜ਼ ਦੀ ਤੀਜੀ ਪੀੜੀ ਨੂੰ ਆਪਣੀ ਮਿੱਟੀ ਨਾਲ ਜੋੜਨ ਲਈ ਪੰਜਾਬ ਸਰਕਾਰ ਇਕ ਐੱਨ. ਆਰ. ਆਈ. ਵੈੱਬ ਸਾਈਟ ਖੋਲਣ ਜਾ ਰਹੀ ਹੈ। ਇਸ ਵੈੱਬਸਾਈਟ ਰਾਹੀਂ ਐੱਨ. ਆਰ. ਆਈ. ਆਪਣੇ ਇਲਾਕੇ ਨਾਲ ਸਬੰਧਤ ਕਿਸੇ ਵੀ ਅਫ਼ਸਰ ਜਾਂ ਸਬੰਧਤ ਮਹਿਕਮੇ ਦੇ ਅਧਿਕਾਰੀ ਨਾਲ ਗੱਲਬਾਤ ਕਰ ਸਕਦੇ ਹਨ। ਜੇਕਰ ਉਨਾਂ ਨੂੰ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਹ ਫੋਨ ਰਾਹੀਂ ਸੰਪਰਕ ਕਰਕੇ ਆਪਣੀ ਸਮੱਸਿਆ ਦਾ ਹੱਲ ਕਰਵਾ ਸਕਦੇ ਹਨ। ਇਹ ਗੱਲ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਪਰਗਟ ਸਿੰਘ ਨੇ ਆਖੀ। ਉਨਾਂ ਕਿਹਾ ਕਿ ਦੇਖਣ 'ਚ ਆਇਆ ਹੈ ਕਿ ਐੱਨ.ਆਰ.ਆਈਜ਼ ਦੀ ਤੀਜੀ ਪੀੜੀ ਲਗਾਤਾਰ ਪੰਜਾਬ ਨਾਲੋਂ ਟੁੱਟ ਰਹੀ ਹੈ ਅਤੇ ਉਹ ਆਪਣੀਆਂ ਜਾਇਦਾਦਾਂ ਵੇਚ ਰਹੀ ਹੈ। ਉਹ ਸਿਰਫ ਬੇਭਰੋਸਗੀ ਕਾਰਨ ਹੀ ਇਹ ਕਦਮ ਚੁੱਕ ਰਹੇ ਹਨ। ਐੱਨ.ਆਰ.ਆਈਜ਼ ਦੀ ਬੇਭਰੋਸਗੀ ਨੂੰ ਦੂਰ ਕਰਨ ਲਈ ਹੀ ਪੰਜਾਬ ਸਰਕਾਰ ਵੈੱਬ ਪੋਰਟਲ ਖੋਲਣ ਜਾ ਰਹੀ ਹੈ।

# ਪੰਜਾਬ ਤੋਂ ਸੈਂਟਰਲ ਇੰਡੀਆ ਤੱਕ ਸਾਰੇ ਰਾਜਨੀਤਕ ਕੈਦੀ ਰਿਹਾਅ ਅਤੇ ਕਾਲ਼ੇ ਕਠੋਰ ਕਾਨੂੰਨ ਰੱਦ ਹੋਣ : ਸੰਘਰਸ਼ਸ਼ੀਲ ਕੌਮਾਂ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਮਨੁੱਖੀ ਅਧਿਕਾਰ ਦਿਵਸ ਮੌਕੇ ਦਲ ਖ਼ਾਲਸਾ ਦੇ ਸੱਦੇ ’ਤੇ ਪਹੁੰਚੇ ਸੰਘਰਸ਼ਸ਼ੀਲ ਕੌਮਾਂ ਸਿੱਖ, ਤਾਮਿਲ, ਨਾਗਾ, ਤ੍ਰਿਪੁਰਾ, ਕਸ਼ਮੀਰੀ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰ ਰਹੇ ਨੁਮਾਇੰਦਿਆਂ ਨੇ ਸੰਜੋਗ ਹੋਟਲ ਵਿਚ ਹੋਈ ਕਨਵੈਨਸ਼ਨ ਵਿਚ ਸੰਬੋਧਨ ਹੁੰਦਿਆਂ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਯੂ.ਏ.ਪੀ.ਏ., ਅਫਸਪਾ, ਪੀ.ਐੱਸ.ਏ ਵਰਗੇ ਕਠੋਰ ਕਾਲੇ ਕਾਨੂੰਨਾਂ ਨੂੰ ਰੱਦ ਅਤੇ ਸਾਰੇ ਰਾਜਨੀਤਿਕ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ।

ਮਰਹੂਮ ਐੱਸ.ਏ.ਆਰ. ਗਿਲਾਨੀ ਦੇ ਬੇਟੇ ਐਡਵੋਕੇਟ ਆਤਿਫ਼ ਗਿਲਾਨੀ ਨੂੰ ਉਨਾਂ ਦੇ ਪਿਤਾ ਵੱਲੋਂ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਪਾਏ ਯੋਗਦਾਨ ਪ੍ਰਤੀ ਸਨਮਾਨਿਤ ਕੀਤਾ ਗਿਆ।

ਆਗੂਆਂ ਅਤੇ ਕਾਰਕੁੰਨਾਂ ਨੇ 10 ਦਸੰਬਰ ਨੂੰ ਸ੍ਰੀ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ, ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਬਣੇ ਗੁਰਦੁਆਰਾ ਸਾਹਿਬ ਦੇ ਦਰਸ਼ਨ-ਦੀਦਾਰੇ ਕੀਤੇ ਅਤੇ ਅਗਲੇ ਦਿਨ ਡੇਰਾ ਬਾਬਾ ਨਾਨਕ ਜਾ ਕੇ ਭਾਰਤ ਵਾਲੇ ਪਾਸਿਓਂ ਕਰਤਾਰਪੁਰ ਸਾਹਿਬ ਲਾਂਘੇ ਦੇ ਦਰਸ਼ਨ ਵੀ ਕੀਤੇ ਤੇ ਅਰਦਾਸ ਕਰਦਿਆਂ ਕਿਹਾ ਕਿ ਪਿਆਰ ਅਤੇ ਸਾਂਝ ਦਾ ਪ੍ਰਤੀਕ ਇਹ ਲਾਂਘਾ ਸਦਾ ਖੁੱਲਾ ਰਹੇ।

ਇਸ ਮੌਕੇ ਦਲ ਖਾਲਸਾ ਦੇ ਸੀਨੀਅਰ ਆਗੂ ਸ. ਕੰਵਰਪਾਲ ਸਿੰਘ ਨੇ ਕਿਹਾ ਕਿ ਭਾਰਤ ਬਹੁਤ ਤੇਜ਼ੀ ਨਾਲ ਤਾਨਾਸ਼ਾਹੀ, ਬਹੁ-ਗਿਣਤੀਵਾਦ ਅਤੇ ਪੁਲਿਸ ਰਾਜ ਵੱਲ ਵਧ ਰਿਹਾ ਹੈ। ਇਸ ਨੂੰ ਤਾਨਾਸ਼ਾਹੀ ਰਾਜ ਬਣਾਉਣ ਵਿਚ ਨਿਆਂਇਕ, ਕਾਰਜਕਾਰੀ ਅਤੇ ਪ੍ਰਸ਼ਾਸਨਿਕ ਮਸ਼ੀਨਰੀ ਬਰਾਬਰ ਦੀ ਭਾਗੀਦਾਰ ਹੈ।

ਪਾਰਟੀ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਸ਼ਮੀਰ ਤੋਂ ਲੈ ਕੇ ਨਾਗਾਲੈਂਡ ਅਤੇ ਤ੍ਰਿਪੁਰਾ ਤੱਕ, ਪੰਜਾਬ ਤੋਂ ਲੈ ਕੇ ਤਾਮਿਲਨਾਡੂ ਤੱਕ, ਸਾਰੀਆਂ ਸੰਘਰਸ਼ਸ਼ੀਲ ਕੌਮਾਂ ਅਤੇ ਵੱਖਰੇ ਵਿਚਾਰ ਰੱਖਣ ਵਾਲੇ ਸਮੂਹਾਂ, ਵਿਅਕਤੀਆਂ, ਪੱਤਰਕਾਰਾਂ ਦੇ ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ਨੂੰ ਬੁਰੀ ਤਰਾਂ ਖਤਮ ਕੀਤਾ ਜਾ ਰਿਹਾ ਹੈ।

ਨਾਗਾਲੈਂਡ ਪੀਪਲਜ਼ ਮੂਵਮੈਂਟ ਫਾਰ ਹਿਊਮਨ ਰਾਈਟਸ ਦੇ ਆਗੂ ਕਰੋਮੇ ਨੇ ਸੰਬੋਧਨ ਹੁੰਦਿਆਂ ਕਿਹਾ ਕਿ ਭਾਰਤ ਸਰਕਾਰ ਨਾਗਾਲੈਂਡ ਸਮੱਸਿਆ ਨੂੰ ਹੱਲ ਕਰਨ ਲਈ ਸਾਡੇ ਲੋਕਾਂ ਨਾਲ ਹੋਈ ਸੰਧੀ ਨੂੰ ਲਾਗੂ ਨਾ ਕਰਨ ਦੀ ਬਦਨੀਤੀ ਅਤੇ ਅੜੀਅਲ ਰਵੱਈਆ ਅਖਤਿਆਰ ਕਰੀ ਬੈਠੀ ਹੈ।

ਐਡਵੋਕੇਟ ਜਸਪਾਲ ਸਿੰਘ ਮੰਝਪੁਰ ਅਤੇ ਵਕੀਲ ਈਮਾਨ ਸਿੰਘ ਖਾਰਾ ਨੇ ਕਿਹਾ ਕਿ ਪੰਜਾਬ ਵਿੱਚ ਸਿੱਖ ਨੌਜਵਾਨਾਂ ਨੂੰ ਝੂਠੇ ਕੇਸਾਂ ਵਿੱਚ ਉਲਝਾ ਕੇ ਤੰਗ ਪ੍ਰੇਸ਼ਾਨ, ਤਸ਼ੱਦਦ ਕਰਨ ਅਤੇ ਯੂ.ਏ.ਪੀ.ਏ ਵਰਗੇ ਕਾਲੇ ਕਾਨੂੰਨਾਂ ਵਿਚ ਗ੍ਰਿਫ਼ਤਾਰ ਕਰਨ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਪੰਜਾਬ ਦੇ ਇੱਕ ਤਿਹਾਈ ਤੋਂ ਵੱਧ ਹਿੱਸੇ ਨੂੰ ਸੀਮਾ ਸੁਰੱਖਿਆ ਬਲ ਦੇ ਅਧਿਕਾਰ ਖੇਤਰ ਅਧੀਨ ਕਰ ਦਿੱਤਾ ਗਿਆ ਹੈ। ਐਨ.ਆਈ.ਏ ਨੂੰ ਦਿੱਤੀਆਂ ਅੰਨੀਆਂ ਤਾਕਤਾਂ ਦਾ ਸਿਆਸੀ ਕਾਰਕੁੰਨਾਂ ਵਿਰੁੱਧ ਗਲਤ ਇਸਤੇਮਾਲ ਹੋ ਰਿਹਾ ਹੈ।

ਕਸ਼ਮੀਰ ਦੇ ਅਵਾਮੀ ਇਤਿਹਾਦ ਪਾਰਟੀ ਦੇ ਬੁਲਾਰੇ ਸ਼ੀਬਾਨ ਨੇ ਮੰਚ ’ਤੇ ਸੰਬੋਧਨ ਹੁੰਦਿਆਂ ਕਿਹਾ ਕਿ ਕਸ਼ਮੀਰ ਵਿੱਚੋਂ ਧਾਰਾ 370 ਅਤੇ 35 ਏ ਨੂੰ ਰੱਦ ਕਰਨ ਤੋਂ ਬਾਅਦ, ਕਸ਼ਮੀਰੀਆਂ ਨੂੰ ਘਰਾਂ ਵਿੱਚੋਂ ਬਾਹਰ ਨਿਕਲਣ ਦੀ ਅਜ਼ਾਦੀ ਨਹੀਂ ਹੈ। ਅਜ਼ਾਦੀ ਦੀ ਗੱਲ ਕਰਨ ਅਤੇ ਭਾਰਤੀ ਸਟੇਟ ਨਾਲੋਂ ਵੱਖਰੀ ਸੁਰ ਰੱਖਣ ਵਾਲੇ ਲੋਕਾਂ ਨੂੰ ਜੇਲਾਂ ਵਿੱਚ ਡੱਕਿਆ ਜਾ ਰਿਹਾ ਹੈ। ਭਾਰਤੀ ਸੁਰੱਖਿਆ ਬਲਾਂ ਨੂੰ ਕਸ਼ਮੀਰੀ ਲੋਕਾਂ ’ਤੇ ਅੱਤਿਆਚਾਰ ਕਰਨ ਦੀਆਂ ਖੁੱਲੀਆਂ ਤਾਕਤਾਂ ਦਿੱਤੀਆਂ ਗਈਆਂ ਹਨ। ਮਰਦਾਂ, ਔਰਤਾਂ ਅਤੇ ਬੱਚਿਆਂ ’ਤੇ ਤਸ਼ੱਦਦ ਕੀਤੇ ਜਾ ਰਹੇ ਹਨ, ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਜਾ ਰਹੇ ਹਨ।

ਪੂਨੇ ਦੀ ਜੇਲ ਵਿਚ ਨਜ਼ਰਬੰਦ ਰਾਜਨੀਤਿਕ ਕੈਦੀ ਪ੍ਰੋਫੈਸਰ ਜੀ.ਐੱਨ. ਸਾਈਂ ਬਾਬਾ ਦੀ ਪਤਨੀ ਵਸੰਤਾ ਨੇ ਆਪਣੇ ਪਤੀ ਦੇ ਕੇਸ ਅਤੇ ਪਰਿਵਾਰ ਉੱਤੇ ਜੋ ਸਰਕਾਰ ਦਮਨ ਚੱਲਿਆ ਉਸ ਬਾਰੇ ਬੜੀ ਭਾਵੁਕਤਾ ਨਾਲ ਆਪਣਾ ਦਰਦ ਸਾਂਝਾ ਕੀਤਾ ਅਤੇ ਸਾਰਿਆਂ ਤੋਂ ਮੰਗ ਕੀਤੀ ਕਿ ਉਹ ਉਨਾਂ ਦੇ ਪਤੀ ਨੂੰ ਇਨਸਾਫ਼ ਦਿਵਾਉਣ ਵਿੱਚ ਮਦਦਗਾਰ ਹੋਣ।











ਤ੍ਰਿਪੁਰਾ ਪੀਪਲ ਫ਼ਰੰਟ ਦੇ ਮੀਤ ਪ੍ਰਧਾਨ ਮਨਹਰੀ ਜਮਾਤੀਆ ਨੇ ਕਿਹਾ ਕਿ ਪਿਛਲੇ 70 ਸਾਲਾਂ ਤੋਂ ਤ੍ਰਿਪੁਰਾ ਦੇ ਆਦਿਵਾਸੀਆਂ ਦੇ ਹੱਕਾਂ ਨੂੰ ਲਤਾੜਿਆ ਜਾ ਰਿਹਾ ਹੈ। ਅਸੀਂ ਲੋਕ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ। ਸਾਡੇ ਲੋਕਾਂ ਦੀ ਭਾਸ਼ਾ, ਸੱਭਿਆਚਾਰ, ਜੰਗਲ ਅਤੇ ਜ਼ਮੀਨ ਸਰਕਾਰੀ ਬਦਨੀਤੀ ਕਾਰਨ ਗ਼ੈਰ-ਕਾਨੂੰਨੀ ਬੰਗਲਾਦੇਸ਼ੀ ਪ੍ਰਵਾਸੀਆਂ ਨੇ ਹੜੱਪ ਲਈ ਹੈ।

ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਕੁਮਾਰ ਸੰਜੇ ਸਿੰਘ ਨੇ ਕਿਹਾ ਕਿ ਪੂਰੇ ਭਾਰਤ ਵਿੱਚ ਤਾਕਤਾਂ ਦੇ ਕੇਂਦਰੀਕਰਨ ਦੀ ਨੀਤੀ ਲਗਾਤਾਰ ਜਾਰੀ ਹੈ, ਸੂਬਿਆਂ ਦੇ ਅਧਿਕਾਰਾਂ ਨੂੰ ਖੋਹ ਕੇ ਕੇਂਦਰ ਆਪਣੇ ਅਧੀਨ ਕਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਈਮਾਨ ਸਿੰਘ ਮਾਨ ਨੇ ਕਿਹਾ ਕਿ ਮੁਸਲਮਾਨਾਂ ਅਤੇ ਦਲਿਤਾਂ ਨੂੰ ਹਾਸ਼ੀਏ ਉੱਤੇ ਧੱਕਿਆ ਜਾ ਰਿਹਾ ਹੈ। ਭਾਵੇਂ ਇਹ ਉਨਾਂ ਦੇ ਨਾਗਰਿਕ ਅਧਿਕਾਰਾਂ ਦੀ ਗੱਲ ਹੋਵੇ ਜਾਂ ਰਾਜਨੀਤਿਕ ਅਧਿਕਾਰਾਂ ਦੀ, ਉਨਾਂ ਨੂੰ ਦਬਾਇਆ ਜਾ ਰਿਹਾ ਹੈ। ਇਹ ਲੋਕ ਡਰ ਦੇ ਮਾਹੌਲ ਵਿੱਚ ਜਿਉਣ ਲਈ ਮਜਬੂਰ ਕਰ ਦਿੱਤੇ ਗਏ ਹਨ।

ਨਾਮ ਤਾਮਿਲਰ ਕਚੀ ਤਾਮਿਲਨਾਡੂ ਦੇ ਪ੍ਰਮੁੱਖ ਆਗੂ ਸ੍ਰੀ ਸੀਮਾਨ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਪੁਲਿਸ ਨੂੰ ਸੰਘਰਸ਼ ਕਰ ਰਹੇ ਲੋਕਾਂ ਉੱਤੇ ਖੁੱਲੇਆਮ ਤਸ਼ੱਦਦ ਕਰਨ ਦੀ ਸਰਕਾਰੀ ਸ਼ਹਿ ਪ੍ਰਾਪਤ ਹੈ। ਕਿਸੇ ਵੀ ਸੂਬੇ ਦੁਆਰਾ ਇਨਾਂ ਫੋਰਸਾਂ ਨੂੰ ਮਨੁੱਖੀ ਅਧਿਕਾਰਾਂ ਦੇ ਸਿਧਾਂਤਾਂ ਨੂੰ ਸਵੀਕਾਰ ਕਰਨ ਲਈ ਸਿਖਲਾਈ ਦੇਣ ਲਈ ਕੋਈ ਯਤਨ ਨਹੀਂ ਕੀਤਾ ਜਾ ਰਿਹਾ।

ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਭਾਰਤ ਦੇ ਗ੍ਰਹਿ ਰਾਜ ਮੰਤਰੀ ਨੂੰ ਲਖੀਮਪੁਰ ਖੇੜੀ ਦੇ ਕਿਸਾਨਾਂ, ਜਿਨਾਂ ਨੂੰ ਕੁਚਲ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਦੇ ਘਿਨਾਉਣੇ ਕਤਲ ਵਿੱਚ ਉਸਦੀ ਭੂਮਿਕਾ ਲਈ ਬਰਖਾਸਤ ਨਹੀਂ ਕੀਤਾ ਗਿਆ ਹੈ।

ਦਲ ਖਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਅੱਜ ਸਮਾਂ ਹੈ ਕਿ ਭਾਰਤੀ ਰਾਜ ਦੀ ਕੇਂਦਰੀਕਰਨ ਦੀ ਪ੍ਰਕਿਰਿਆ ਅਤੇ ਵਧ ਰਹੀ ਅਸਹਿਣਸ਼ੀਲਤਾ ਨੂੰ ਚੁਣੌਤੀ ਦੇਣ ਲਈ ਸੰਘਰਸ਼ਸ਼ੀਲ ਕੌਮਾਂ, ਲੋਕਾਂ ਅਤੇ ਖੇਤਰੀ ਪਛਾਣਾਂ ਇਕਜੁੱਟ ਹੋਣ।

ਇਸ ਮੌਕੇ ਜੁਗਰਾਜ ਸਿੰਘ ਪਿੰਡ ਵਾਂ, ਪ੍ਰੋ ਜਗਮੋਹਨ ਸਿੰਘ, ਭਗਵੰਤ ਸਿੰਘ ਸਿਆਲਕਾ, ਨੌਜਵਾਨ ਆਗੂ ਕੰਵਰ ਚੜਤ ਸਿੰਘ, ਅਕਾਲ ਫ਼ੈਡਰੇਸ਼ਨ ਦੇ ਪ੍ਰਧਾਨ ਨਰਾਇਣ ਸਿੰਘ ਚੌੜਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਪ੍ਰੋਫੈਸਰ ਮਹਿੰਦਰਪਾਲ ਸਿੰਘ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ, ਅੰਗਦ ਸਿੰਘ ਕਸ਼ਮੀਰ, ਗਿਆਨੀ ਕੇਵਲ ਸਿੰਘ, ਬਲਜੀਤ ਸਿੰਘ ਖ਼ਾਲਸਾ, ਸੰਦੀਪ ਕੌਰ, ਸਰਬਜੀਤ ਸਿੰਘ ਘੁਮਾਣ, ਗੁਰਦੀਪ ਸਿੰਘ ਕਾਲਕਟ, ਜਸਬੀਰ ਸਿੰਘ ਖੰਡੂਰ, ਰਣਵੀਰ ਸਿੰਘ, ਪਰਮਜੀਤ ਸਿੰਘ ਟਾਂਡਾ, ਗੁਰਨਾਮ ਸਿੰਘ ਮੂਨਕਾਂ, ਬਾਬਾ ਹਰਦੀਪ ਸਿੰਘ ਮਹਿਰਾਜ, ਜਗਜੀਤ ਸਿੰਘ ਖੋਸਾ ਆਦਿ ਹਾਜ਼ਰ ਸਨ।

# ਮੋਦੀ ਵੱਲੋਂ ਕਾਸ਼ੀ ਵਿਸ਼ਵਨਾਥ ਧਾਮ ਦਾ ਉਦਘਾਟਨ

## 400 ਮਕਾਨ ਢਾਹ ਕੇ ਤੇ 1400 ਲੋਕਾਂ ਨੂੰ ਉਜਾੜ ਕੇ ਬਣਿਆ ਇਹ ਕੌਰੀਡੋਰ

**ਵਾਰਾਣਸੀ/ਏ.ਟੀ.ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਕਾਸ਼ੀ ਵਿਸ਼ਵਨਾਥ ਧਾਮ ਦੇ ਪਹਿਲੇ ਪੜਾਅ ਦਾ ਉਦਘਾਟਨ ਕੀਤਾ। ਆਪਣੇ ਚੋਣ ਹਲਕੇ ਵਿਚ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਕਾਲ ਭੈਰਵ ਮੰਦਰ ਵਿਚ ਪੂਜਾ ਕੀਤੀ ਅਤੇ ਗੰਗਾ ਨਦੀ ਵਿਚ ਇਸ਼ਨਾਨ ਕੀਤਾ। ਉਹ ਉੱਥੋਂ ਗੰਗਾ ਜਲ ਲੈ ਕੇ ਭਗਵਾਨ ਸ਼ਿਵ ’ਤੇ ਚੜਾਉਣ ਲਈ ਕਾਸ਼ੀ ਵਿਸ਼ਵਨਾਥ ਮੰਦਰ ਆਏ। ਕਾਸ਼ੀ ਵਿਸ਼ਵਨਾਥ ਧਾਮ ਦੇ ਉਦਘਾਟਨ ਤੋਂ ਪਹਿਲਾਂ ਮੋਦੀ ਨੇ ਇਕ ਪ੍ਰਾਰਥਨਾ ਸਮਾਰੋਹ ਵਿਚ ਹਿੱਸਾ ਲਿਆ। ਉਪਰੰਤ ਉਨਾਂ ਇਸ ਪ੍ਰਾਜੈਕਟ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ’ਤੇ ਉਨਾਂ ਦੇ ਕੰਮ ਲਈ ਧੰਨਵਾਦ ਕਰਨ ਵਾਸਤੇ ਫੁੱਲਾਂ ਦੀ ਵਰਖਾ ਕੀਤੀ। ਜਾਣਕਾਰਾਂ ਮੁਤਾਬਕ ਮੋਦੀ ਅਤੇ ਯੋਗੀ ਸਰਕਾਰ ਦੀ ਕੋਸ਼ਿਸ਼ ਹੈ ਕਿ ਬਨਾਰਸ ਨੂੰ ਪੂਰੇ ਦੇਸ਼ ਦੇ ਸਾਹਮਣੇ ਧਰਮ ਅਤੇ ਵਿਕਾਸ ਦੇ ਇੱਕ ਮਾਡਲ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕੇ ਜਿਸ ਨਾਲ ਚੋਣਾਂ ਉੱਤੇ ਇਸ ਦਾ ਸਕਾਰਾਮਤਕ ਅਸਰ ਦਿਖਾਈ ਦੇਵੇ।

ਯਾਦ ਰਹੇ ਕਿ ਸੰਨ 1669 ਵਿਚ ਅਹਿਲਯਾਬਾਈ ਹੋਲਕਰ ਨੇ ਕਾਸ਼ੀ ਵਿਸ਼ਵਨਾਥ ਮੰਦਰ ਨੂੰ ਰੇਨੋਵੇਟ ਕਰਵਾਇਆ ਸੀ। ਉਸ ਦੇ ਲਗਭਗ 350 ਸਾਲਾਂ ਬਾਅਦ ਪੀਐੱਮ ਨਰਿੰਦਰ ਮੋਦੀ ਨੇ ਮੰਦਰ ਦੇ ਵਿਸਥਾਰ ਅਤੇ ਰੇਨੋਵੇਸ਼ਨ ਲਈ 8 ਮਾਰਚ, 2019 ਵਿੱਚ ਵਿਸ਼ਵਨਾਥ ਮੰਦਰ ਕੌਰੀਡੋਰ ਦਾ ਨੀਂਹ ਪੱਥਰ ਰੱਖਿਆ ਸੀ।ਨੀਂਹ ਪੱਥਰ ਦੇ ਲਗਭਗ ਦੋ ਸਾਲ 8 ਮਹੀਨਿਆਂ ਬਾਅਦ ਇਸ ਡ੍ਰੀਮ ਪ੍ਰੋਜੈਕਟ ਦੇ 95 ਫੀਸਦੀ ਕੰਮ ਨੂੰ ਪੂਰਾ ਕਰ ਲਿਆ ਗਿਆ।







**ਕੌਰੀਡੋਰ ਦੀ ਨੀਂਹ 400 ਮਕਾਨਾਂ ’ਤੇ ਰੱਖੀ ਗਈ**

ਵਿਸ਼ਵਨਾਥ ਮੰਦਰ ਦੇ ਕਾਫੀ ਸੰਘਣੀ ਆਬਾਦੀ ਵਿੱਚ ਬਣੇ ਹੋਣ ਕਾਰਨ ਲਗਭਗ 400 ਜਾਇਦਾਦਾਂ ਨੂੰ ਖਰੀਦਿਆ ਗਿਆ ਅਤੇ ਲਗਭਗ 1400 ਲੋਕਾਂ ਨੂੰ ਸ਼ਹਿਰ ਵਿੱਚ ਕਿਤੇ ਹੋਰ ਥਾਂ ਵਸਾਇਆ ਗਿਆ। ਲਗਭਗ 2 ਸਾਲ 8 ਮਹੀਨਿਆਂ ਦੇ ਇਸ ਡ੍ਰੀਮ ਪ੍ਰੋਜੈਕਟ ਦੇ 95 ਫੀਸਦੀ ਕੰਮ ਨੂੰ ਪੂਰਾ ਕਰ ਲਿਆ ਗਿਆ ਹੈ। ਮੌਜੂਦਾ ਸਮੇਂ ਇਸ ਕੌਰੀਡੋਰ ਵਿੱਚ 2600 ਮਜ਼ਦੂਰ ਅਤੇ 300 ਇੰਜੀਨੀਅਰ ਤਿੰਨ ਸ਼ਿਫਟਾਂ ਵਿੱਚ ਲਗਾਤਾਰ ਕੰਮ ਕਰ ਰਹੇ ਹਨ।

### ਮਾਮਲਾ ਲਖੀਮਪੁਰ ਖੀਰੀ ਦੀ ਖ਼ੂਨੀ ਘਟਨਾ ਦਾ

# ਸਿਟ ਨੇ ਕਿਹਾ ਕਿ ਪੂਰੀ ਤਰਾਂ ਗਿਣੀ-ਮਿਥੀ ਸਾਜ਼ਿਸ਼ ਸੀ



**ਲਖੀਮਪੁਰ ਖੀਰੀ/ਏ.ਟੀ.ਨਿਊਜ਼ :** 3 ਅਕਤੂਬਰ ਦੀ ਲਖੀਮਪੁਰ ਖੀਰੀ ਹਿੰਸਾ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਚੀਫ਼ ਜੁਡੀਸ਼ਲ ਮੈਜਿਸਟਰੇਟ (ਸੀਜੇਐੱਮ) ਅੱਗੇ 13 ਮੁਲਜ਼ਮਾਂ ਖ਼ਿਲਾਫ਼ ਹੱਤਿਆ ਦੀ ਕੋਸ਼ਿਸ਼ ਦੀ ਨਵੀਂ ਧਾਰਾ ਦਰਜ ਕਰਨ ਲਈ ਅਰਜ਼ੀ ਦਾਇਰ ਕੀਤੀ ਹੈ। ਐੱਸਆਈਟੀ ਦੇ ਜਾਂਚ ਅਧਿਕਾਰੀ ਵਿੱਦਿਆਰਾਮ ਦਿਵਾਕਰ ਨੇ ਆਈਪੀਸੀ ਦੀਆਂ ਧਾਰਾਵਾਂ 279, 338 ਅਤੇ 304ਏ ਦੀ ਥਾਂ ਵਾਰੰਟ ਵਿੱਚ ਨਵੀਂ ਧਾਰਾਵਾਂ ਜੋੜਨ ਲਈ ਸੀਜੇਐੱਮ ਦੀ ਅਦਾਲਤ ਵਿੱਚ ਪਿਛਲੇ ਹਫ਼ਤੇ ਅਰਜ਼ੀ ਦਾਇਰ ਕੀਤੀ ਸੀ। ਆਪਣੀ ਅਰਜ਼ੀ ਵਿੱਚ ਜਾਂਚ ਅਧਿਕਾਰੀ ਨੇ ਦੱਸਿਆ ਕਿ ਲਖੀਮਪੁਰ ਖੀਰੀ ਘਟਨਾ ਯੋਜਨਾਬੱਧ ਅਤੇ ਜਾਣਬੁੱਝ ਕੇ ਕੀਤੀ ਗਈ ਸੀ ਨਾ ਕਿ ਲਾਪ੍ਰਵਾਹੀ ਜਾਂ ਗਲਤੀ ਸੀ। ਜਾਂਚ ਅਧਿਕਾਰੀ ਨੇ ਧਾਰਾ 279 ਨੂੰ ਬਦਲ ਕੇ ਭਾਰਤੀ ਦੰਡਾਵਲੀ ਦੀ ਧਾਰਾ 307 (ਕਤਲ ਦੀ ਕੋਸ਼ਿਸ਼), 326, 34 , 338 ਅਤੇ 304ਏ ਲਾਉਣ ਦੀ ਬੇਨਤੀ ਕੀਤੀ ਹੈ। 3 ਅਕਤੂਬਰ ਨੂੰ ਕੇਂਦਰੀ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੀ ਐੱਸਯੂਵੀ ਦੀ ਲਪੇਟ ਵਿੱਚ ਆਉਣ ਨਾਲ ਚਾਰ ਪ੍ਰਦਰਸ਼ਨਕਾਰੀ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ ਸੀ। ਹਿੰਸਾ ਵਿੱਚ ਪੱਤਰਕਾਰ ਵੀ ਮਾਰਿਆ ਗਿਆ ਸੀ। ਐੱਸਆਈਟੀ ਨੇ ਹੁਣ ਤੱਕ ਆਸ਼ੀਸ਼ ਮਿਸ਼ਰਾ, ਲਵਕੁਸ਼, ਆਸ਼ੀਸ਼ ਪਾਂਡੇ, ਸ਼ੇਖਰ ਭਾਰਤੀ, ਅੰਕਿਤ ਦਾਸ, ਲਤੀਫ, ਸ਼ਿਸ਼ੂਪਾਲ, ਨੰਦਨ ਸਿੰਘ, ਸਤਿਅਮ ਤ੍ਰਿਪਾਠੀ, ਸੁਮਿਤ ਜੈਸਵਾਲ, ਧਰਮਿੰਦਰ ਬੰਜਾਰਾ, ਰਿੰਕੂ ਰਾਣਾ ਅਤੇ ਉਲਾਸ ਤ੍ਰਿਵੇਦੀ ਨੂੰ ਗ੍ਰਿਫਤਾਰ ਕੀਤਾ ਹੈ। ਉਹ ਲਖੀਮਪੁਰ ਖੀਰੀ ਜ਼ਿਲਾ ਜੇਲ ਵਿੱਚ ਬੰਦ ਹਨ। ਇਸ ਦੌਰਾਨ ਅਲਾਹਾਬਾਦ ਹਾਈਕੋਰਟ ਦੀ ਲਖਨਊ ਬੈਂਚ ਨੇ ਰਾਜ ਸਰਕਾਰ ਨੂੰ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਅਰਜ਼ੀ ’ਤੇ ਜਵਾਬੀ ਹਲਫ਼ਨਾਮਾ ਦਾਖ਼ਲ ਕਰਨ ਲਈ ਦੋ ਹਫ਼ਤਿਆਂ ਦਾ ਸਮਾਂ ਦਿੱਤਾ ਹੈ।

# ਅਕਾਲੀ ਦਲ ਦਾ ਮੁਕਾਬਲਾ ਤਿੰਨ ਸਰਕਾਰਾਂ ਮੋਦੀ ਸਰਕਾਰ, ਦਿੱਲੀ ਦੀ ਆਪ ਪਾਰਟੀ ਦੀ ਸਰਕਾਰ ਅਤੇ ਰਾਜ ਦੀ ਮੌਜੂਦਾ ਕਾਂਗਰਸ ਸਰਕਾਰ ਨਾਲ : ਬਾਦਲ

**✪ ਬਾਦਲ ਦਲ ਦੀ ਮੋਗਾ ਰੈਲੀ ਵਿਚ ਅਨੰਦਪੁਰ ਦਾ ਮਤਾ ਵੀ ਯਾਦ ਕੀਤਾ ✪ ਰਾਜਾਂ ਦੇ ਖੋਹੇ ਜਾ ਰਹੇ ਅਧਿਕਾਰਾਂ ਲਈ ਖੇਤਰੀ ਪਾਰਟੀਆਂ ਇਕਜੁੱਟ ਹੋਣ : ਸੁਖਬੀਰ ✪ ਅਕਾਲੀ-ਬਸਪਾ ਗੱਠਜੋੜ ਤੋਂ ਕਾਂਗਰਸ ਡਰੀ : ਗੜ੍ਹੀ ✪ ਦਿੱਲੀ ਦੇ ਧਾੜਵੀਆਂ ਤੋਂ ਸੁਚੇਤ ਰਹੇ ਸੰਗਤ : ਧਾਮੀ**

**ਕਿੱਲੀ ਚਾਹਲਾਂ (ਮੋਗਾ)/ਏ.ਟੀ.ਨਿਊਜ਼** :-ਸ਼੍ਰੋਮਣੀ ਅਕਾਲੀ ਦਲ ਦੇ 100ਵੇਂ ਸਥਾਪਨਾ ਦਿਵਸ ਮੌਕੇ ਪਾਰਟੀ ਵਲੋਂ ਮੋਗਾ ਦੇ ਪਿੰਡ ਕਿੱਲੀ ਚਾਹਲਾਂ ਦੇ ਖੁੱਲ੍ਹੇ ਪੰਡਾਲ ਵਿਚ ਮਹਾਂਰੈਲੀ ਕਰਵਾਈ ਗਈ, ਜਿਸ ਵਿਚ ਅਨੰਦਪੁਰ ਦੇ ਮਤੇ ਨੂੰ ਚੇਤੇ ਕੀਤਾ ਗਿਆ। ਇਕੱਠ ਦੇ ਪੱਖ ਤੋਂ ਰੈਲੀ ਪ੍ਰਭਾਵਸ਼ਾਲੀ ਰਹੀ। ਸਟੇਜ ’ਤੇ ਸੰਸਦ ਮੈਂਬਰ ਨਰੇਸ਼ ਗੁਜਰਾਲ, ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਤੇ ਜਥੇਦਾਰ ਤੋਤਾ ਸਿੰਘ ਸਾਬਕਾ ਮੰਤਰੀ ਸਮੇਤ ਪਾਰਟੀ ਆਗੂਆਂ ਤੋਂ ਇਲਾਵਾ ਅਕਾਲੀ-ਬਸਪਾ ਦੇ ਹੁਣ ਤੱਕ ਵੱਖ-ਵੱਖ ਹਲਕਿਆਂ ਤੋਂ ਐਲਾਨੇ ਉਮੀਦਵਾਰ ਤੇ ਸ਼੍ਰੋਮਣੀ ਕਮੇਟੀ ਮੈਂਬਰ ਵੀ ਬੈਠੇ ਹੋਏ ਸਨ । ਸਟੇਜ ’ਤੇ ਇਕੋ-ਇਕ ਔਰਤ ਆਗੂ ਸਾਬਕਾ ਕੇਂਦਰੀ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਮੌਜੂਦ ਸਨ । ਰੈਲੀ ਦੌਰਾਨ ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਵਲੋਂ ਪੇਸ਼ ਕੀਤੇ ਗਏ ਮਤਿਆਂ ਨੂੰ ਪਾਰਟੀ ਵਰਕਰਾਂ ਵਲੋਂ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ । ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਅਕਾਲੀ-ਬਸਪਾ ਆਗੂਆਂ ਨੇ ਜਿੱਥੇ ਰਾਜ ਦੀ ਸੱਤਾਧਾਰੀ ਕਾਂਗਰਸ, ਕੇਂਦਰ ਦੀ ਭਾਜਪਾ ਸਰਕਾਰ ਅਤੇ ਆਪ ਪਾਰਟੀ ’ਤੇ ਤਿੱਖੇ ਹਮਲੇ ਕੀਤੇ, ਉੱਥੇ ਵਰਕਰਾਂ ਨੂੰ ਰਾਜ ਦੀ ਮੌਜੂਦਾ ਕਾਂਗਰਸ ਸਰਕਾਰ ਨੂੰ ਉਖਾੜ ਸੁੱਟਣ ਦਾ ਸੱਦਾ ਵੀ ਦਿੱਤਾ । ਇਸ ਮੌਕੇ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਗੁਰਧਾਮਾਂ ਦੀ ਸੇਵਾ ਸੰਭਾਲ ਹਮੇਸ਼ਾ ਸ਼੍ਰੋਮਣੀ ਅਕਾਲੀ ਦਲ ਨੂੰ ਦਿੱਤੀ ਹੈ ਪਰ ਸਮੇਂ ਦੀਆਂ ਸਰਕਾਰਾਂ ਵਲੋਂ ਗੁਰਧਾਮਾਂ ’ਤੇ ਕਬਜ਼ੇ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਨਾਂ ਨੂੰ ਸਿੱਖ ਕੌਮ ਨੇ ਨਾਕਾਰ ਦਿੱਤਾ ਹੈ । ਉਨਾਂ ਕਿਹਾ ਕਿ ਹੁਣ ਸਾਡੇ ਸਾਹਮਣੇ ਵਿਧਾਨ ਸਭਾ ਦੀਆਂ ਚੋਣਾਂ ਹਨ ਤੇ ਇਨਾਂ ਚੋਣਾਂ ਵਿਚ ਵੀ ਪੰਜਾਬ ਦੇ ਲੋਕਾਂ ਨੇ ਸੂਬੇ ਦੀ ਕਿਸਮਤ ਦਾ ਫ਼ੈਸਲਾ ਕਰਨਾ ਹੈ। ਉਨਾਂ ਨੂੰ ਉਹ ਸਰਕਾਰ ਚੁਣਨੀ ਚਾਹੀਦੀ ਹੈ, ਜਿਹੜੀ ਪੰਜਾਬ ਦਾ ਭਲਾ ਕਰ ਸਕੇ । ਉਨਾਂ ਕਿਹਾ ਕਿ ਇਨਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਮੁਕਾਬਲਾ ਤਿੰਨ ਸਰਕਾਰਾਂ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ, ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਰਾਜ ਦੀ ਮੌਜੂਦਾ ਕਾਂਗਰਸ ਸਰਕਾਰ ਨਾਲ ਹੈ ਤੇ ਪੰਜਾਬ ਦੇ ਲੋਕਾਂ ਨੂੰ ਤਕੜੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗੱਠਜੋੜ ਦਾ ਸਾਥ ਦੇਣ ਲਈ ਅੱਗੇ ਆਉਣਾ ਚਾਹੀਦਾ ਹੈ ।

**ਅਕਾਲੀ ਦਲ ਦਾ 100 ਸਾਲਾ ਇਤਿਹਾਸ ਸ਼ਾਨਾਮੱਤਾ : ਸੁਖਬੀਰ**

ਰੈਲੀ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ







ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੀ ਨੁਮਾਇੰਦਗੀ ਕਰਨ ਵਾਲੇ ਆਗੂਆਂ ਵਲੋਂ ਪਾਰਟੀ ਦੀ ਮਜ਼ਬੂਤੀ ਲਈ ਕੀਤੇ ਗਏ ਕੰਮਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਪਾਰਟੀ ਦਾ 100 ਸਾਲਾ ਇਤਿਹਾਸ ਸ਼ਾਨਾਮੱਤਾ ਹੈ। ਇਸ ਮੌਕੇ ਉਨਾਂ ਪਾਰਟੀ ਵਰਕਰਾਂ ਨੂੰ ਚੋਣਾਂ ਲਈ ਕਮਰਕੱਸੇ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਇਸ ਵਾਰ ਦੀ ਲੜਾਈ ਚਾਰ ਫਰੰਟਾਂ ’ਤੇ ਲੜੀ ਜਾਣੀ ਹੈ ।

ਉਨਾਂ ਸੂਬਿਆਂ ਦੇ ਖੋਹੇ ਜਾ ਰਹੇ ਅਧਿਕਾਰਾਂ ਲਈ ਆਵਾਜ਼ ਉਠਾਉਂਦੇ ਹੋਏ ਜਿੱਥੇ ਖੇਤਰੀ ਪਾਰਟੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ, ਉੱਥੇ ਪੰਜਾਬ ਦੀਆਂ ਹੱਕੀ ਮੰਗਾਂ ਲਈ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਇਕ ਵਾਰ ਫਿਰ ਦੁਹਰਾਇਆ । ਇਸ ਮੌਕੇ ਉਨਾਂ ਜਿੱਥੇ ਪਾਰਟੀ ਵਲੋਂ ਪਹਿਲਾਂ ਐਲਾਨੇ 13 ਨੁਕਾਤੀ ਏਜੰਡੇ ਨੂੰ ਲਾਗੂ ਕਰਨ ਦੀ ਗੱਲ ਦੁਹਰਾਈ, ਉੱਥੇ ਉਨਾਂ 5 ਹੋਰ ਅਹਿਮ ਐਲਾਨ ਵੀ ਕੀਤੇ ।ਉਨਾਂ ਕਿਸਾਨਾਂ ਲਈ ਫ਼ਸਲ ਬੀਮਾ ਯੋਜਨਾ ਦਾ ਐਲਾਨ ਕਰਦਿਆਂ ਕਿਹਾ ਕਿ ਫ਼ਸਲ ਦੇ ਨੁਕਸਾਨ ’ਤੇ ਕਿਸਾਨਾਂ ਨੂੰ ਇਸ ਸਕੀਮ ਤਹਿਤ ਪ੍ਰਤੀ ਏਕੜ 50 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ । ਇਸ ਦੇ ਨਾਲ ਹੀ ਉਨਾਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਅਤੇ ਪੁਰਾਣੀ ਪੈਨਸ਼ਨ ਸਕੀਮ (2004 ਤੋਂ ਬਾਅਦ ਦੇ ਮੁਲਾਜ਼ਮਾਂ ਲਈ ਪੈਨਸ਼ਨ) ਨੂੰ ਬਹਾਲ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਉਨਾਂ ਰਾਜ ਦੇ ਸਾਰੇ ਧਾਰਮਿਕ ਅਸਥਾਨਾਂ (ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਅਤੇ ਗਿਰਜਾਘਰਾਂ) ਲਈ ਮੁਫਤ ਬਿਜਲੀ ਦੇਣ ਦਾ ਵੀ ਐਲਾਨ ਕੀਤਾ।ਇਸ ਤੋਂ ਇਲਾਵਾ ਉਨਾਂ ਸ਼ਰਾਬ ਅਤੇ ਮਾਈਨਿੰਗ ਮਾਫੀਏ ਨੂੰ ਖਤਮ ਕਰਨ ਲਈ ਨਵੀਂ ਸ਼ਰਾਬ ਅਤੇ ਮਾਈਨਿੰਗ ਨੀਤੀ (ਸ਼ਰਾਬ ਤੇ ਮਾਈਨਿੰਗ ਕਾਰਪੋਰੇਸ਼ਨ) ਬਣਾਉਣ ਦਾ ਵੀ ਭਰੋਸਾ ਦਿੱਤਾ ।

**ਪਾਸ ਕੀਤੇ ਗਏ ਮਤੇ**

ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਅਕਾਲੀ-ਬਸਪਾ ਆਗੂਆਂ ’ਤੇ ਝੂਠੇ ਕੇਸ ਬਣਾਏ ਜਾਣ ਸੰਬੰਧੀ ਰਚੀਆਂ ਜਾ ਰਹੀਆਂ ਸਾਜਿਸ਼ਾਂ ਖਿਲਾਫ ਮਤਾ ਪਾਸ ਕਰਦਿਆਂ ਕਾਂਗਰਸ ਸਰਕਾਰ ਨੂੰ ਇਸ ਦੇ ਗੰਭੀਰ ਸਿੱਟੇ ਭੁਗਤਣ ਦੀ ਚਿਤਾਵਨੀ ਦਿੱਤੀ । ਇਸੇ ਤਰਾਂ ਇਕ ਹੋਰ ਮਤੇ ਰਾਹੀਂ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ’ਤੇ ਰਾਜ ਸਰਕਾਰ ਦੇ ਹੀ ਇਕ ਮੰਤਰੀ ਵਲੋਂ ਰਿਸ਼ਵਤ ਲੈ ਕੇ ਐਸ. ਐਸ. ਪੀ. ਲਗਾਉਣ ਦੇ ਲਗਾਏ ਗਏ ਦੋਸ਼ਾਂ ਨੂੰ ਗੰਭੀਰ ਦੱਸਦੇ ਹੋਏ ਇਨਾਂ ਦੀ ਜੁਡੀਸ਼ੀਅਲ ਜਾਂਚ ਕਰਵਾਉਣ ਦੀ ਮੰਗ ਕੀਤੀ ।ਜਦਕਿ ਕੌਮੀ ਪੱਧਰ ’ਤੇ ਸੰਘੀ ਢਾਂਚਾ ਮਜ਼ਬੂਤ ਕਰਨ ਲਈ ਸਾਂਝਾ ਮੋਰਚਾ ਬਣਾਉਣ ਲਈ ਵੀ ਮਤਾ ਪਾਸ ਕੀਤਾ ਗਿਆ ।

ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸੰਸਦ ਮੈਂਬਰ ਸਤੀਸ਼ ਚੰਦਰ ਮਿਸ਼ਰਾ ਨੇ ਕਿਹਾ ਕਿ ਅਕਾਲੀ-ਬਸਪਾ ਗੱਠਜੋੜ ਪੰਜਾਬ ਵਿਚ ਸ਼ਾਨਦਾਰ ਜਿੱਤ ਹਾਸਿਲ ਕਰਕੇ ਆਪਣੀ ਸਰਕਾਰ ਬਣਾਏਗਾ ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਕੌਮ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਦੀਆਂ ਸਾਜਿਸ਼ਾਂ ਤੋਂ ਪੰਥ ਨੂੰ ਸੁਚੇਤ ਰਹਿਣ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਦਿੱਲੀ ਦੇ ਧਾੜਵੀ ਸ਼੍ਰੋਮਣੀ ਕਮੇਟੀ ‘ਤੇ ਕਬਜ਼ੇ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਪਰ ਉਹ ਆਪਣੇ ਮਕਸਦ ਵਿਚ ਸਫਲ ਨਹੀਂ ਹੋਣਗੇ ।ਉਨਾਂ ਕਿਹਾ ਕਿ ਅਗਲੇ ਸਾਲ ਵਿਧਾਨ ਸਭਾ ਚੋਣਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਵੀ ਚੋਣਾਂ ਹੋਣ ਜਾ ਰਹੀਆਂ ਹਨ ਤੇ ਪੰਥ ਵਿਰੋਧੀ ਤਾਕਤਾਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਹੁਣ ਤੋਂ ਹੀ ਤਿਆਰੀ ਆਰੰਭ ਦੇਣੀ ਚਾਹੀਦੀ ਹੈ ।

ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਅਕਾਲੀ-ਬਸਪਾ ਗਠਜੋੜ ਤੋਂ ਕਾਂਗਰਸ ਬੁਰੀ ਤਰਾਂ ਡਰ ਗਈ ਹੈ। ਉਨਾਂ ਕਿਹਾ ਕਿ ਕਾਂਗਰਸ ਦੀ 74 ਸਾਲ ਬਾਅਦ ਅੱਖ ਖੁੱਲੀ ਤੇ ਇਕ ਦਲਿਤ ਨੂੰ ਮੁੱਖ ਮੰਤਰੀ ਬਣਾ ਕੇ ਆਉਂਦੀਆਂ ਚੋਣਾਂ ਵਿਚ ਦਲਿਤ ਭਾਈਚਾਰੇ ਨੂੰ ਖੁਸ਼ ਕਰਨ ਦਾ ਪੱਤਾ ਖੇਡਿਆ ਹੈ, ਜਦਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕੋਈ ਤਾਕਤ ਨਹੀਂ ਦਿੱਤੀ ਗਈ ਤੇ ਉਹ ਇਕ ਤਰਾਂ ਨਾਲ ਹਵਾ-ਹਵਾਈ ਮੁੱਖ ਮੰਤਰੀ ਹੀ ਸਾਬਤ ਹੋ ਰਹੇ ਹਨ ।

## ਕਿਸਾਨ ਆਗੂ ਰਾਜੇਵਾਲ ਸਿਆਸਤ ’ਚ ਆਉਣ ਬਾਰੇ ਸ਼ਸ਼ੋਪੰਜ ਵਿਚ

**✪ ਰਾਜੇਵਾਲ ਨੇ ਕਿਸਾਨ ਅੰਦੋਲਨ ਵਿਚ ਮਿਲੀ ਸਫਲਤਾ ਨੂੰ ਕੁਦਰਤ ਦਾ ਕਰਿਸ਼ਮਾ ਕਰਾਰ ਦਿੱਤਾ**

**✪ ਚੋਣਾਂ ਬਾਰੇ ਸੰਯੁਕਤ ਕਿਸਾਨ ਮੋਰਚੇ ਦਾ ਫ਼ੈਸਲਾ ਅੰਤਿਮ ਹੋਵੇਗਾ : ਰਾਜੇਵਾਲ**

**ਜਲੰਧਰ/ਏ.ਟੀ.ਨਿਊਜ਼** : ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਸਾਨ ਅੰਦੋਲਨ ਵਿੱਚ ਮਿਲੀ ਸਫਲਤਾ ਨੂੰ ਕੁਦਰਤ ਦਾ ਕਰਿਸ਼ਮਾ ਕਰਾਰ ਦਿੱਤਾ। ਉਨਾਂ ਕਿਹਾ ਕਿ ਜੋ ਕੁਝ ਹੋਇਆ ਉਹ ਕੁਦਰਤ ਨੇ ਕਰਵਾਇਆ ਹੈ।ਉਨਾਂ ਕਿਹਾ ਕਿ ਕਦੇ-ਕਦੇ ਹੀ ਅਜਿਹਾ ਭਾਣਾ ਵਰਤਦਾ ਹੈ ਅਤੇ ਕਈ ਸਾਲਾਂ ਬਾਅਦ ਅਜਿਹਾ ਮਾਹੌਲ ਬਣਿਆ। ਇਹ ਬਿਲਕੁਲ ਓਵੇਂ ਹੈ, ਜਿਵੇਂ 1977 ਵਿੱਚ ਜੀ ਪੀ ਅੰਦੋਲਨ ਦੇ ਸਮੇਂ ਹੋਇਆ ਸੀ।ਉਨਾਂ ਕਿਹਾ ਕਿ 50 ਸਾਲਾਂ ਬਾਅਦ ਲੋਕ ਰਾਜਨੀਤਿਕ ਪਾਰਟੀਆਂ ਦੇ ਵਿਛਾਏ ਜਾਲਾਂ ਵਿੱਚੋਂ ਨਿਕਲ ਕੇ ਆਪਣੇ ਹੱਕ ਲਈ ਲੜੇ ਹਨ ਅਤੇ ਇਹ ਮਾਹੌਲ ਕਦੇ-ਕਦੇ ਬਣਦਾ ਹੈ।

ਰਾਜਨੀਤੀ ਵਿੱਚ ਸਰਗਰਮ ਭੂਮਿਕਾ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਉਨਾਂ ਆਖਿਆ ਕਿ ਜਦੋਂ ਤੱਕ ਸਾਰੇ ਕਿਸਾਨ ਆਗੂ ਇਸ ਗੱਲ ਉੱਤੇ ਸਹਿਮਤ ਨਹੀਂ ਹੋ ਜਾਂਦੇ ਕਿ ਚੋਣਾਂ ਵਿੱਚ ਹਿੱਸਾ ਲੈਣਾ ਹੈ ਜਾਂ ਨਹੀਂ, ਉਦੋਂ ਤੱਕ ਇਸ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ, ਪਰ ਨਾਲ ਹੀ ਉਨਾਂ ਚੋਣਾਂ ਲੜਨ ਤੋਂ ਸਾਫ਼ ਇਨਕਾਰ ਵੀ ਨਹੀਂ ਕੀਤਾ। ਉਨਾਂ ਸਪੱਸ਼ਟ ਕੀਤਾ ਕਿ ਜਦੋਂ ਤੱਕ ਕਿਸਾਨ ਜਥੇਬੰਦੀਆਂ ਨੂੰ ਚੋਣਾਂ ਲੜਨ ਸਬੰਧੀ ਉਨਾਂ ਨੂੰ ਆਦੇਸ਼ ਨਹੀਂ ਦਿੰਦੀਆਂ ਉਦੋਂ ਤੱਕ ਉਹ ਕੁਝ ਨਹੀਂ ਕਰਨਗੇ। ਜੇਕਰ ਉਹ ਆਗਿਆ ਦੇਣਗੇ ਤਾਂ ਮੈਂ ਸਭ ਨੂੰ



ਨਾਲ ਲੈ ਕੇ ਜਾਵਾਂਗਾ, ਇਕੱਲਾ ਨਹੀਂ। ਉਨਾਂ ਸਪੱਸ਼ਟ ਕੀਤਾ ਕਿ ਇਸ ਬਾਰੇ ਸੰਯੁਕਤ ਕਿਸਾਨ ਮੋਰਚੇ ਦਾ ਫ਼ੈਸਲਾ ਅੰਤਿਮ ਹੋਵੇਗਾ। ਰਾਜੇਵਾਲ ਨੇ ਕਿਹਾ ਕਿ ਲੋਕਾਂ ਵਿੱਚ ਜੋਸ਼ ਹੈ ਪਰ ਮੈਨੂੰ ਇਸ ਨੂੰ ਨਾਪਣ ਅਤੇ ਤੋਲਣ ਦੇ ਲਈ ਵਕਤ ਚਾਹੀਦਾ ਹੈ। ਉਨਾਂ ਸਪੱਸ਼ਟ ਕੀਤਾ ਕਿ ਚੋਣਾਂ ਦਾ ਐਲਾਨ ਹੋ ਜਾਣ ਦਿਓ, ਉਸ ਤੋਂ ਬਾਅਦ ਕਿਸਾਨ ਆਗੂ ਮੀਟਿੰਗ ਕਰ ਕੇ ਆਪਣੀ ਸਥਿਤੀ ਸਪੱਸ਼ਟ ਕਰ ਦੇਣਗੇ। ਉਨਾਂ ਆਖਿਆ ਕਿ ਕਿਸਾਨ ਜਥੇਬੰਦੀਆਂ ਲੋਕਾਂ ਦੀ ਅਗਵਾਈ ਕਰਨ ਦੇ ਯੋਗ ਹਨ ਅਤੇ ਕੀ ਲੋਕ ਕਿਸਾਨਾਂ ਦੇ ਨਾਲ ਖੜੇ ਰਹਿਣਗੇ, ਇਹ ਇੱਕ ਸਵਾਲ ਹੈ ਇਸ ਨੂੰ ਦੇਖਣਾ ਬਹੁਤ ਜ਼ਰੂਰੀ ਵੀ ਹੈ।

ਉਨਾਂ ਇਹ ਵੀ ਕਿਹਾ ਕਿ ਮੈਨੂੰ ਨਹੀਂ ਲੱਗਦਾ ਪ੍ਰਧਾਨ ਮੰਤਰੀ ਆਪਣੀਆਂ ਆਖੀਆਂ ਗੱਲਾਂ ਉੱਤੇ ਖਰਾ ਉੱਤਰੇਗਾ। 2024 ਤੱਕ ਕਿਸਾਨੀ ਮੁੱਦਿਆਂ ਉੱਤੇ ਇਹ ਸਰਕਾਰ ਕੁਝ ਨਹੀਂ ਕਰੇਗੀ। ਫ਼ੌਜ ਨੂੰ ਦੂਜੀ ਲੜਾਈ ਲਈ ਤਿਆਰ ਕਰਨ ਤੋਂ ਪਹਿਲਾਂ ਉਸ ਨੂੰ ਰਿਚਾਰਜ ਕਰਨਾ ਜ਼ਰੂਰੀ ਹੈ। ਥੱਕੀ ਹੋਈ ਫ਼ੌਜ ਜਿੱਤ ਨਹੀਂ ਸਕਦੀ। ਅਸੀਂ ਵੱਡੀ ਜਿੱਤ ਹਾਸਲ ਕੀਤੀ ਹੈ ਜਿਸ ਦੀ ਉਦਾਹਰਨ ਪੂਰੀ ਦੁਨੀਆ ਵਿੱਚ ਨਹੀਂ ਹੈ। ਕਾਨੂੰਨ ਬਣਨ ਤੋਂ ਬਾਅਦ ਉਹ ਰੱਦ ਹੋ ਜਾਣੇ, ਇਹ ਕੋਈ ਛੋਟੀ ਗੱਲ ਨਹੀਂ ਹੈ। ਚੋਣਾਂ ਲਈ ਪੰਜਾਬ ਵਿੱਚ ਚੰਗੇ ਲੋਕਾਂ ਦੀ ਕਮੀ ਨਹੀਂ ਹੈ। ਜੇਕਰ ਪੰਜਾਬ ਵਿੱਚ ਬਦਲਾਅ ਆ ਗਿਆ ਤਾਂ ਪੂਰੇ ਦੇਸ਼ ਦੇ ਵਿੱਚ ਇਸ ਦਾ ਅਸਰ ਹੋਵੇਗਾ ਖਾਸ ਤੌਰ ਉਤੇ 2024 ਦੀਆਂ ਆਮ ਚੋਣਾਂ ਵਿੱਚ।ਲੋਕਾਂ ਵਿੱਚ ਜੋਸ਼ ਹੈ ਅਤੇ ਲੋਕ ਬਦਲਾਅ ਚਾਹੁੰਦੇ ਵੀ ਹਨ।ਰਾਜਨੀਤੀ ਕਾਰੋਬਾਰ ਬਣ ਗਈ ਹੈ, ਪਹਿਲਾਂ ਆਗੂ ਨਿਵੇਸ਼ ਕਰਦੇ ਹਨ ਅਤੇ ਫਿਰ ਕਮਾਈ।

## ਬੇਅਦਬੀ ਕਾਂਡ ਬਾਰੇ ਸਿੱਟ ਵੱਲੋਂ ਸੌਦਾ ਸਾਧ ਤੋਂ ਪੁੱਛਗਿੱਛ

**ਰੋਹਤਕ/ਏ.ਟੀ.ਨਿਊਜ਼** : ਫ਼ਰੀਦਕੋਟ ਬੇਅਦਬੀ ਕਾਂਡ ਮਾਮਲੇ ਵਿੱਚ ਜੇਲ ਵਿੱਚ ਬੰਦ ਡੇਰਾ ਮੁਖੀ ਰਾਮ ਰਹੀਮ ਤੋਂ ਪੁੱਛਗਿੱਛ ਲਈ ਪੰਜਾਬ ਤੋਂ ਸਿੱਟ ਸੁਨਾਰੀਆ ਪੁੱਜੀ। ਸਿੱਟ ਨੇ ਸ਼ਾਮ ਤੱਕ ਡੇਰਾ ਮੁਖੀ ਤੋਂ ਪੁੱਛਗਿੱਛ ਕੀਤੀ। ਇਸ ਤੋਂ ਪਹਿਲਾਂ ਵੀ ਸਿੱਟ ਨੇ 9 ਨਵੰਬਰ ਨੂੰ ਰਾਮ ਰਹੀਮ ਤੋਂ ਲਗਭਗ 9 ਘੰਟਿਆਂ ਤੱਕ ਪੁੱਛਗਿੱਛ ਕੀਤੀ ਸੀ। ਇਸ ਵਾਰ ਸਿੱਟ ਵਿੱਚ ਅਧਿਕਾਰੀਆਂ ਸਮੇਤ ਲਗਭਗ 30 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੂੰ ਸ਼ਾਮਲ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਸਿੱਟ ਨੇ ਡੇਰਾ ਮੁਖੀ ਤੋਂ 100 ਤੋਂ ਵੱਧ ਸੁਆਲ ਪੁੱਛੇ।

**ਮਾਮਲਾ ਨਸ਼ਿਆਂ ਤੇ ਬੇਅਦਬੀ ਦਾ**

## ਮੁੱਖ ਮੰਤਰੀ ਅਸਥਾਨਾ ਦਾ ਪੱਤਰ ਲੀਕ ਹੋਣ ਕਾਰਨ ਪੁਲਿਸ ਕੇਸ ਦਰਜ ਕਰਵਾਉਣਗੇ

**ਚੰਡੀਗੜ/ਏ.ਟੀ.ਨਿਊਜ਼** : ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਐਲਾਨ ਕੀਤਾ ਕਿ ਜਾਂਚ ਬਿਊਰੋ ਦੇ ਡਾਇਰੈਕਟਰ ਐਸ.ਕੇ. ਅਸਥਾਨਾ ਦੀ ਛੁੱਟੀ ਅਤੇ ਨਸ਼ਿਆਂ ਸਬੰਧੀ ਕੇਸ ਦੀ ਨੋਟਿੰਗ ਲੀਕ ਹੋਣ ਦੇ ਮਾਮਲੇ ’ਤੇ ਸਰਕਾਰ ਵਲੋਂ ਪੁਲਿਸ ਕੇਸ ਦਰਜ ਕਰਵਾਉਣ ਦਾ ਫ਼ੈਸਲਾ ਲਿਆ ਗਿਆ ਹੈ ਅਤੇ ਇਸ ਗੱਲ ਦੀ ਜਾਂਚ ਕੀਤੀ ਜਾਵੇਗੀ ਕਿ ਇਹ ਸਰਕਾਰੀ ਰਿਕਾਰਡ ਕਿਵੇਂ ਤੇ ਕਿੱਥੋਂ ਲੀਕ ਹੋਇਆ ਪਰ ਉਨਾਂ ਸਪੱਸ਼ਟ ਕੀਤਾ ਕਿ ਸਰਕਾਰ ਦੀ ਨੋਟਿੰਗ ਦਾ ਕੁਝ ਹਿੱਸਾ ਲੀਕ ਹੋਇਆ। ਜਦੋਂਕਿ ਅਸਥਾਨਾਂ ਵਲੋਂ ਆਪਣੇ ਹੱਥ ਨਾਲ ਲਿਖ ਕੇ ਭੇਜੀ ਗਈ ਨੋਟਿੰਗ ਦਾ ਹਿੱਸਾ ਲੀਕ ਨਹੀਂ ਹੋ ਸਕਿਆ । ਮੁੱਖ ਮੰਤਰੀ ਨੇ ਕਿਹਾ ਕਿ ਕਾਨੂੰਨ ਆਪਣਾ ਕੰਮ ਕਰਦਾ ਰਹੇਗਾ ਅਤੇ ਨਸ਼ਿਆਂ ਤੇ ਬੇਅਦਬੀਆਂ ਦੇ ਕੇਸਾਂ ਨਾਲ ਸਬੰਧਤ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਮੋਦੀ ਸਰਕਾਰ ਤੇ ਮਨੁੱਖੀ ਅਧਿਕਾਰ



**ਗੁਰਮੀਤ ਸਿੰਘ ਪਲਾਹੀ**
9815802070

ਮਨੁੱਖੀ ਅਧਿਕਾਰਾਂ ਦਾ ਘਾਣ ਭਾਰਤ ਵਿੱਚ ਪਿਛਲੇ ਸਮੇਂ ਦੌਰਾਨ ਮੌਜੂਦਾ ਹਾਕਮ ਧਿਰ ਨੇ ਜਿਵੇਂ ਕੀਤਾ ਹੈ, ਸ਼ਾਇਦ ਦੇਸ਼ ਦੀ ਅਜ਼ਾਦੀ ਦੇ 74 ਵਰਿਆਂ ਵਿੱਚ ਕਿਸੇ ਵੀ ਹੋਰ ਸਰਕਾਰ ਨੇ ਨਾ ਕੀਤਾ ਹੋਵੇ। ਆਪਣੀ ਹੋਂਦ ਅਤੇ ਆਪਣੇ ਅਧਿਕਾਰਾਂ ਦੀ ਲੜਾਈ ਲੜ ਰਿਹਾ ਦੇਸ਼ ਦਾ ਕਿਸਾਨ ਮੁਢਲੇ ਮਨੁੱਖੀ ਅਧਿਕਾਰ ਖੋਹੇ ਜਾਣ ਕਾਰਨ ਪੀੜਤ ਰਿਹਾ। ਸੰਘਰਸ਼ ਲੜਦਿਆਂ, ਅੱਤਵਾਦੀ, ਵੱਖਵਾਦੀ, ਖਾਲਸਤਾਨੀ, ਦੇਸ਼ਧ੍ਰੋਹੀ, ਸ਼ਹਿਰੀ-ਨਕਸਲੀ, ਅੰਦੋਲਨਜੀਵੀ ਅਤੇ ਪਰਜੀਵੀ ਕਹਿਲਾਇਆ। ਅਣਕਿਆਸੀਆਂ ਹਾਲਤਾਂ ਵਿੱਚ ਦਿੱਲੀ ਦੀਆਂ ਬਰੂਹਾਂ 'ਤੇ ਖੁੱਲੀ ਜੇਲ ਸਿਰਜਕੇ ਸਰਕਾਰ ਵੱਲੋਂ ਅੰਦੋਲਨਕਾਰੀਆਂ ਨੂੰ ਬੰਦੀ ਬਣਾ ਦਿੱਤਾ ਗਿਆ। ਆਪਣੀ ਗੱਲ ਕਹਿਣ ਦੇ ਨਾਗਰਿਕ ਦੇ ਹੱਕ ਨੂੰ ਖੋਹਦਿਆਂ ਦਿੱਲੀ ਤਕ ਮਾਰਚ ਕਰਨ 'ਤੇ ਉਸ 'ਤੇ ਰੋਕ ਲਗਾ ਦਿੱਤੀ ਗਈ। ਉਹਦੇ ਰਾਹ ਵਿੱਚ ਕੰਡੇ, ਕਿੱਲਾਂ ਵਿਛਾ ਦਿੱਤੇ ਗਏ, ਬੰਦਿਸ਼ਾਂ ਲਗਾ ਦਿੱਤੀਆਂ ਗਈਆਂ। ਉਨਾਂ ਨਾਲ ਇਵੇਂ ਵਰਤਾਰਾ ਕੀਤਾ ਗਿਆ ਜਿਵੇਂ ਉਹ ਸਰਹੱਦੋਂ ਪਾਰ ਦੇ ਲੋਕ ਹੋਣ। ਕੀ ਇਹ ਉਨਾਂ ਦੇ ਮੁਢਲੇ ਅਧਿਕਾਰਾਂ ਦਾ ਘਾਣ ਨਹੀਂ ਸੀ ?

ਪੂਰਾ ਇੱਕ ਵਰਾ ਉਨਾਂ ਨੂੰ ਆਪਣੇ ਖੇਤਾਂ-ਖਲਿਆਣਾਂ, ਆਪਣੀਆਂ ਪੈਲੀਆਂ, ਆਪਣੇ ਪਸ਼ੂਆਂ, ਆਪਣੇ ਬੱਚਿਆਂ ਤੋਂ ਦੂਰ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ। ਕੀ ਇਹ ਉਨਾਂ ਦੇ ਮਨੁੱਖੀ ਅਧਿਕਾਰਾਂ 'ਤੇ ਛਾਪਾ ਨਹੀਂ ਸੀ ? ਕੜਕਦੀ ਧੁੱਪ, ਠੰਢੀਆਂ ਠਾਰ ਰਾਤਾਂ, ਬਰਸਾਤ ਦੇ ਮੌਸਮ ਦੀ ਮਾਰ ਝੱਲਦਿਆਂ ਉਨਾਂ ਨੂੰ ਟਾਇਲਟਾਂ-ਬਾਥਰੂਮਾਂ ਬਿਨਾਂ, ਖੁੱਲੇ ਵਿੱਚ ਇਸ਼ਨਾਨ ਕਰਨੇ ਪਏ, ਜੰਗਲ-ਪਾਣੀ ਜਾਣਾ ਪਿਆ, ਅਣਮਨੁੱਖੀ ਜੀਵਨ ਹਾਲਤਾਂ ਵਿੱਚ ਰਹਿਣਾ ਪਿਆ। ਕੀ ਇਹ ਉਨਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਨਹੀਂ ਸੀ ? ਬਜ਼ੁਰਗ, ਔਰਤਾਂ ਸਿਹਤ ਸਹੂਲਤਾਂ ਤੋਂ ਵਿਰਵੇ ਰਹੇ। ਇਸ ਤੋਂ ਵੱਡੀ ਹੋਰ ਕਿਹੜੀ ਤ੍ਰਾਸਦੀ ਹੋ ਸਕਦੀ ਹੈ ਕਿ 700 ਦੇ ਲਗਭਗ ਕਿਸਾਨ ਇਸ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਗੁਆ ਬੈਠੇ। ਕੀ ਇਹ ਮਨੁੱਖੀ ਅਧਿਕਾਰਾਂ ਦਾ ਘਾਣ ਨਹੀਂ ਸੀ ?

ਕਸ਼ਮੀਰੀ ਲੋਕਾਂ ਦੇ ਹੱਕ ਖੋਹ ਲਏ ਗਏ। ਧਾਰਾ 370 ਖਤਮ ਕਰ ਦਿੱਤੀ ਗਈ। ਜੰਮੂ-ਕਸ਼ਮੀਰ ਦੇ ਤਿੰਨ ਟੋਟੇ ਕਰ ਦਿੱਤੇ ਗਏ। ਇਹ ਕਸ਼ਮੀਰੀ ਲੋਕਾਂ ਨਾਲ ਮੌਕੇ ਦੀ ਹਕੂਮਤ ਦੀ ਵਾਅਦਾ ਖਿਲਾਫ਼ੀ ਸੀ, ਅਕ੍ਰਿਤਘਣਤਾ ਸੀ। ਨੌਜਵਾਨਾਂ ਦਾ ਨਿੱਤ ਝੂਠੇ ਮੁਕਾਬਲਿਆਂ ਵਿੱਚ ਸੁਰੱਖਿਆ ਬਲਾਂ ਵੱਲੋਂ ਕਤਲ, ਬਿਨਾਂ ਮੁਕੱਦਮਾ ਚਲਾਏ ਵਰਿਆਂਬੱਧੀ ਕਸ਼ਮੀਰੀਆਂ ਨੂੰ ਜੇਲੀਂ ਡੱਕਣਾ ਕਿਹੜੇ ਲੋਕਤੰਤਰ ਦੀ ਤਸਵੀਰ ਹੈ ? ਗ਼ੈਰ ਲੋਕਤੰਤਰੀ ਹਾਕਮਾਂ ਵੱਲੋਂ ਸੰਵਿਧਾਨ ਨਾਲ ਖਿਲਵਾੜ ਕਰਦਿਆਂ ਮਨੁੱਖੀ ਹੱਕਾਂ ਉੱਤੇ ਛਾਪਾ ਕੀ ਜਾਇਜ਼ ਹੈ ?

ਵਿਚਾਰਾਂ ਦੇ ਵਖਰੇਵੇਂ ਕਾਰਨ ਸ਼ਾਹੀਨ ਬਾਗ਼ ਵਿੱਚ ਲੱਗਿਆ ਦਾਦੀਆਂ, ਨਾਨੀਆਂ, ਸਿਆਣੀਆਂ, ਸੁਆਣੀਆਂ ਦਾ ਮੋਰਚਾ, ਮਜ਼ਹਬ, ਫਿਰਕੇ ਇਲਾਕੇ ਤੋਂ ਉੱਪਰ ਉੱਠ ਕੇ ਮਾਨਵੀ ਇਤਿਹਾਸ ਦਾ ਇੱਕ ਵੱਖਰਾ ਪੈਂਤੜਾ ਸੀ, ਜਿਸ ਨੇ ਫਿਰਕੂ ਹਾਕਮ ਧਿਰ ਦੇ ਛੱਕੇ ਛੁਡਾ ਦਿੱਤੇ। ਸ਼ਾਹੀਨ ਬਾਗ਼ ਨੇ ਮੁਹੱਬਤ ਦੀ ਆਜ਼ਾਦੀ, ਸੰਗਤ ਦੀ ਸੁਹਬਤ ਦੀ ਬਾਤ ਪਾਈ। ਇਨਸਾਨੀ ਤਾਰੀਖ਼ ਦੇ ਵਰਕੇ 'ਤੇ ਇੱਕ ਸੁਨਹਿਰੀ ਬਾਬ ਉੱਕਰਿਆ ਗਿਆ, ਜਿਸ ਨੇ ਬੋਲਣ ਦੀ, ਲਿਖਣ ਦੀ, ਆਜ਼ਾਦੀ ਮੰਗੀ। ਵਿਹੜਿਆਂ, ਬਸਤੀਆਂ, ਚੋਪਾਲ, ਸੱਥ ਵਿੱਚੋਂ ਉੱਠ ਲੋਕਾਂ ਨੇ ਵਿਚਾਰਕਾਂ, ਚਿੰਤਕਾਂ, ਬੁੱਧੀਮਾਨਾਂ ਦੇ ਵਿਚਾਰ ਸੁਣੇ, ਜਿਨਾਂ ਨੇ ਹੱਕ, ਨਿਆਂ, ਸੌਂਦਰਯ ਸੰਵਿਧਾਨ ਦੇ ਗੂੜੇ ਅੱਖਰਾਂ ਵਾਲੇ ਸਫ਼ਿਆਂ ਦੇ ਪੱਤਰੇ ਫੋਲੇ। ਇਹ ਹਕੂਮਤ ਨੂੰ ਰਾਸ ਨਾ ਆਏ।

ਸਾਜ਼ਿਸ਼ ਤਹਿਤ ਇਸ ਸੱਚ ਨੂੰ ਪੁਲਿਸ ਬੁਲਾ ਕੇ ਸੈਂਕੜੇ ਗੁੰਡਿਆਂ ਦੀ ਸਹਾਇਤਾ ਨਾਲ ਸ਼ਾਹੀਨ ਬਾਗ਼ ਤੋਂ ਉਠਾ ਦਿੱਤਾ। ਕਰੋਨਾ ਮਹਾਂਮਾਰੀ ਦਾ ਰੌਲਾ ਪਾ ਕੇ ਦੇਸ਼ ਦੀ ਉੱਚ ਅਦਾਲਤ ਤੋਂ ਧਰਨਾ ਚੁੱਕਣ ਦੇ ਹੁਕਮ ਪ੍ਰਾਪਤ ਕਰਨ ਦਾ ਯਤਨ ਹੋਇਆ। 2020 ਵਿੱਚ ਫਿਰਕੂ ਦੰਗੇ ਕਰਵਾਏ ਗਏ। ਉੱਤਰ ਪੂਰਬੀ ਦਿੱਲੀ ਵਿੱਚ 53 ਲੋਕ ਮਾਰੇ ਗਏ। 200 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ। ਮੁੱਖ ਤੌਰ 'ਤੇ ਹਿੰਦੂ ਭੀੜ ਵੱਲੋਂ ਮੁਸਲਮਾਨਾਂ 'ਤੇ ਹਮਲੇ ਹੋਏ। ਮਾਰੇ ਗਏ 53 ਲੋਕਾਂ ਵਿੱਚੋਂ 2 ਤਿਹਾਈ ਮੁਸਲਮਾਨ ਸਨ, ਜਿਨਾਂ ਨੂੰ ਗੋਲੀ ਮਾਰੀ ਗਈ, ਤਲਵਾਰਾਂ ਨਾਲ ਵੱਢ ਦਿੱਤਾ ਗਿਆ ਅਤੇ ਅੱਗ ਨਾਲ ਜਲਾ ਦਿੱਤਾ ਗਿਆ। ਇਨਾਂ ਦੰਗਿਆਂ ਨੇ 1984 ਦੇ ਸਿੱਖ ਕਤਲੇਆਮ ਦੀ ਯਾਦ ਦਿੱਲੀ ਨੂੰ ਤਾਜ਼ਾ ਕਰਵਾ ਦਿੱਤੀ। ਹਿੰਸਾ ਖ਼ਤਮ ਹੋਣ ਦੇ ਇੱਕ ਹਫ਼ਤੇ ਤੋਂ ਵੀ ਵੱਧ ਸਮਾਂ ਬਾਅਦ ਸੈਂਕੜੇ ਜ਼ਖ਼ਮੀ ਇਲਾਜ ਖੁਣੋ ਤੜਫਦੇ ਰਹੇ ਅਤੇ ਲਾਸ਼ਾਂ ਖੁੱਲੀਆਂ ਨਾਲੀਆਂ ਵਿੱਚ ਪਈਆਂ ਵੇਖੀਆਂ ਗਈਆਂ। ਇਹ ਘਟਨਾਵਾਂ 23 ਫਰਵਰੀ 2020 ਤੋਂ 29 ਫਰਵਰੀ 2020 ਦੇ ਦੌਰਾਨ ਵਾਪਰੀਆਂ। ਕਿਸ ਕਿਸਮ ਦਾ ਗਣਤੰਤਰ ਹੈ ਇਹ ? ਕਿਸ ਕਿਸਮ ਦਾ ਲੋਕਤੰਤਰ ਹੈ ਇਹ ? ਕਿਸ ਕਿਸਮ ਦੇ ਲੋਕ ਦੇਸ਼ ਦੇ ਹਾਕਮ ਹਨ ਜਿਹੜੇ ਵਿਰੋਧੀ ਵਿਚਾਰਾਂ ਨੂੰ ਪ੍ਰਵਾਨ ਨਹੀਂ ਕਰਦੇ ? ਕੀ ਇਹ ਸਭ ਕੁਝ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਕਿ ਜ਼ਖ਼ਮੀ ਨੂੰ ਇਲਾਜ ਨਾ ਮਿਲੇ ? ਮਰੇ ਜਾਂ ਮਾਰੇ ਗਏ ਨੂੰ ਕਬਰ ਜਾਂ ਸ਼ਮਸ਼ਾਨ ਨਾ ਮਿਲੇ ਤੇ ਉਹ ਨਾਲੀਆਂ ਗਲੀਆਂ ਵਿੱਚ ਰੁਲਦਾ ਰਹੇ। ਦਹਿਸ਼ਤ ਦੇ ਮਾਰਿਆ ਕੋਈ ਉਸ ਦੀ ਲਾਸ਼ ਨੂੰ ਸੰਭਾਲਣ ਦਾ ਹੌਸਲਾ ਵੀ ਨਾ ਕਰ ਸਕੇ। ਇਹ ਇਹੋ ਜਿਹਾ ਲੋਕਰਾਜ ਹੈ, ਜਿੱਥੇ ਭੀੜ ਮਾਰਦੀ ਹੈ, ਭੀੜ ਤਮਾਸ਼ਾ ਬਣੀ ਦੇਖਦੀ ਹੈ। ਜਿੱਥੇ ਵਿਰੋਧ ਨੂੰ ਡਾਂਗਾਂ-ਡੰਡਿਆਂ ਨਾਲ ਦਬਾਇਆ ਜਾਂਦਾ ਹੈ।

ਸੰਵਿਧਾਨ ਵਿੱਚ ਬਰਾਬਰ ਦੇ ਮਨੁੱਖੀ ਅਧਿਕਾਰਾਂ ਵਿੱਚ ਸਿੱਖਿਆ ਦਾ ਅਧਿਕਾਰ ਵੀ ਹੈ ਅਤੇ ਵਿਚਾਰਾਂ ਦੀ ਆਜ਼ਾਦੀ ਦਾ ਵੀ। ਹਜ਼ਾਰਾਂ ਏਕੜ ਵਿੱਚ ਫੈਲੇ ਅਕਲ ਸਾਗਰ ਜੇ.ਐੱਨ. ਯੂ. (ਜਵਾਹਰ ਲਾਲ ਯੂਨੀਵਰਸਿਟੀ, ਨਵੀਂ ਦਿੱਲੀ) ਵਿੱਚ ਫੁੱਟਦੇ ਨਵੇਂ ਅੰਕੁਰ ਨੌਜਵਾਨ ਸਿੱਖਿਆ ਪ੍ਰਾਪਤ ਕਰਦੇ ਹਨ। ਉਨਾਂ ਦੇ ਇੱਥੇ ਦਿਮਾਗ਼ ਪੱਕਦੇ ਹਨ। ਉਨਾਂ ਦੇ ਇੱਥੇ ਮੱਥੇ ਲਿਸ਼ਕਦੇ ਹਨ। ਇੱਥੋਂ ਉਹ ਦੇਸ਼ ਨੂੰ ਦੇਖਦੇ-ਘੋਖਦੇ ਹਨ। ਇੱਕ ਦੂਜੇ ਦੇ ਰੰਗਾਂ ਵਿੱਚ ਤਾੜੀਆਂ ਲਗਾਉਂਦੇ ਹਨ, ਗੋਸ਼ਟੀਆਂ ਕਰਦੇ ਹਨ, ਸੰਵਾਦ ਰਚਾਉਂਦੇ ਹਨ, ਸਾਂਝੀ ਜ਼ਮੀਨ, ਸਾਂਝੇ ਅਸਥਾਨ ਦੀ ਵਿਚਾਰਧਾਰਾ ਦਾ ਵਿਚਾਰ ਪ੍ਰਵਾਹ ਕਰਦੇ ਹਨ। ਇੱਥੇ ਉਹ ਸਿੱਖਦੇ ਹਨ, ਮੁਸਕਰਾਉਂਦੇ ਹਨ, ਗ਼ਮੀ-ਖੁਸ਼ੀ ਦੇ ਗੀਤ ਇਕੱਠੇ ਗਾਉਂਦੇ ਹਨ। ਪਰ ਹਾਕਮ ਨੂੰ ਖੁੱਲੇ ਕੁੜਤੇ, ਜੀਨਾਂ ਲਿਬਾਸ, ਬੋਲੀਆਂ, ਰੰਗਾਂ ਦੇ ਮੇਲੇ ਰਾਸ ਨਹੀਂ ਆਏ। ਹਾਕਮਾਂ ਨੇ ਸਾਜ਼ਿਸ਼ੀ, ਖਰੂਦੀ, ਚਾਲਬਾਜ਼ਾਂ ਰਾਹੀਂ ਇਨਾਂ 'ਤੇ ਸਵਾਲ ਉਠਾਏ ਕਿ ਇਹ ਕਿਹੋ ਜਿਹੇ ਬੁੱਧੀਜੀਵੀ ਹਨ ਜੋ ਹਾਕਮ ਦੇ ਵਰਤਾਰੇ 'ਤੇ ਪ੍ਰਸ਼ਨ ਚਿੰਨ ਲਗਾਉਂਦੇ ਹਨ। ਜਦੋਂ ਇਹ ਪਾੜ੍ਹੇ ਗੋਸ਼ਟੀਆਂ ਵਾਲੇ ਸੜਕਾਂ 'ਤੇ ਨਿਕਲੇ, ਤਾਂ ਪੁਲਸੀਆਂ ਨੇ ਕੁੱਟੇ। ਹੋਸਟਲਾਂ ਵਿੱਚ ਵੜ ਮੁੰਡੇ ਕੁੜੀਆਂ 'ਤੇ ਤਸ਼ੱਦਦ ਕੀਤਾ। ਨੂੜ ਕੇ ਥਾਣੇ ਡੱਕ ਦਿੱਤਾ। ਹੋਸਟਲ ਖਾਲੀ ਕਰਵਾਏ। ਹਾਕਮਾਂ ਨੇ ਪਾੜ੍ਹਿਆਂ ਨੂੰ ਆਫ਼ਤਬਾਜ਼ ਕਿਹਾ। ਫਿਲਾਸਫ਼ਰ ਆਖ ਉਨਾਂ ਦਾ ਹਾਸਾ ਉਡਾਇਆ। ਹਾਕਮ ਨੇ ਆਪਣੀ ੫੬ ਇੰਚ ਚੌੜੀ ਛਾਤੀ ਦਾ ਰੋਹਬ ਦਿਖਾਇਆ। ਕੀ ਇਹ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਸੀ ? ਕੀ ਇਹ ਭਾਰਤੀ ਨਾਗਰਿਕਾਂ ਦੇ ਹੱਕਾਂ ਉੱਤੇ ਸਿੱਧਾ ਹਮਲਾ ਨਹੀਂ ਸੀ ? ਭੀੜ ਪੈਣ 'ਤੇ ਸੜਕਾਂ 'ਤੇ ਨਿਕਲ ਜ਼ਿੰਦਗੀ ਦੇ ਅਰਥ ਲੱਭਣਾ ਕੀ ਗੁਨਾਹ ਹੈ ? ਕੀ ਵਿਦਿਆਰਥੀਆਂ, ਨਾਗਰਿਕਾਂ, ਕਿਸਾਨਾਂ ਦਾ ਸੰਘਰਸ਼ ਗ਼ੈਰ ਕਾਨੂੰਨੀ ਹੈ ? ਕੀ ਵਿਖਾਵੇ ਕਰਨਾ, ਆਪਣੇ ਹੱਕਾਂ ਲਈ ਸੰਘਰਸ਼ ਕਰਨਾ, ਲੋਕ ਕਚਹਿਰੀ ਵਿੱਚ ਆਪਣੀ ਆਵਾਜ਼ ਉਠਾਉਣਾ (ਕਿਉਂਕਿ ਦੇਸ਼ ਦੀ ਪਾਰਲੀਮੈਂਟ ਵਿੱਚ ਤਾਂ ਉਨਾਂ ਦੀ ਗੱਲ ਕੋਈ ਸੁਣਦਾ ਹੀ ਨਹੀਂ) ਕੀ ਵਾਜਬ ਨਹੀਂ ? ਜੇਕਰ ਇਹ ਵਾਜਬ ਨਹੀਂ ਤਾਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਆਖ਼ਰ ਅਰਥ ਕੀ ਹਨ ?

ਜਿਨਾਂ ਪੱਤਰਕਾਰਾਂ, ਬੁੱਧੀਜੀਵੀਆਂ, ਲੇਖਕਾਂ ਨੇ ਮੋਦੀ ਸਰਕਾਰ ਅਤੇ ਗੋਦੀ ਮੀਡੀਆ ਵਿਰੁੱਧ ਆਵਾਜ਼ ਉਠਾਈ, ਉਨਾਂ ਨੂੰ ਜੇਲੀਂ ਜਾਣਾ ਪਿਆ। ਮੋਦੀ ਭਗਤਾਂ ਨੇ ਉਨਾਂ ਨੂੰ ਮੌਤ ਦੀ ਨੀਂਦ ਤਕ ਸੁਆ ਦਿੱਤਾ। ਔਰਤ ਪੱਤਰਕਾਰ ਗੌਰੀ ਲੰਕੇਸ਼ ਦੇ ਸਿਰ ਅਤੇ ਛਾਤੀ ਵਿੱਚ ਗੋਲੀਆਂ ਦਾਗ਼ ਦਿੱਤੀਆਂ ਗਈਆਂ, ਕਿਉਂਕਿ ਉਹ ਸਰਕਾਰੀ ਹੀਜ਼-ਪਿਆਜ਼ ਉਘੇੜਦੀ ਸੀ। ਉਸ ਦੇ ਵਿਚਾਰਾਂ ਦੀ ਸੰਘੀ ਘੁੱਟ ਦਿੱਤੀ ਗਈ।

ਪਿਛਲੇ 10 ਸਾਲਾਂ ਵਿੱਚ, 2010 ਤੋਂ ਲੈ ਕੇ 2020 ਤੱਕ 154 ਪੱਤਰਕਾਰਾਂ 'ਤੇ ਫੌਜਦਾਰੀ ਕੇਸ ਦਰਜ ਕੀਤੇ ਗਏ। ਜਿਨਾਂ ਵਿੱਚੋਂ 40 ਫ਼ੀਸਦੀ ਭਾਵ 61 ਇਕੱਲੇ 2020 ਵਿੱਚ ਦੇਸ਼ ਦੀ ਭਾਜਪਾ ਸਰਕਾਰਾਂ ਨੇ ਦਰਜ ਕਰਵਾਏ। ਇਸ ਤੋਂ ਬਿਨਾਂ 9 ਵਿਦੇਸ਼ੀ ਪੱਤਰਕਾਰਾਂ 'ਤੇ ਵੀ ਮੋਦੀ ਸਰਕਾਰ ਵਿਰੁੱਧ ਪ੍ਰਗਟ ਕੀਤੇ ਵਿਚਾਰਾਂ 'ਤੇ ਰਿਪੋਰਟਾਂ ਕਾਰਨ ਕੇਸ ਦਰਜ ਕਰਵਾਏ। ਯੂ.ਪੀ. ਵਿੱਚ 29, ਜੰਮੂ-ਕਸ਼ਮੀਰ ਵਿੱਚ 16, ਤਾਮਿਲਨਾਡੂ ਵਿੱਚ 15 ਅਤੇ ਦਿੱਲੀ ਵਿੱਚ 10 ਪੱਤਰਕਾਰ ਕੇਸਾਂ ਦੇ ਵਲੇਟੇ ਵਿੱਚ ਆਏ। ਇਸ ਸਮੇਂ ਦੌਰਾਨ 198 ਪੱਤਰਕਾਰਾਂ 'ਤੇ ਜਾਨਲੇਵਾ ਹਮਲੇ ਹੋਏ। ਕਲਮ ਦੀ ਅਜ਼ਾਦੀ 'ਤੇ ਇਹ ਹਮਲਾ ਭਾਰਤੀ ਲੋਕਤੰਤਰ 'ਤੇ ਕੀ ਧੱਬਾ ਨਹੀਂ ?

ਭਾਰਤ ਵਿੱਚ ਘੱਟਗਿਣਤੀਆਂ ਤਾਂ ਬਹੁਤਵਾਦ ਦਾ ਸ਼ਿਕਾਰ ਹਨ ਹੀ ਪਰ ਜਿਸ ਕਿਸਮ ਦਾ ਵਰਤਾਰਾ ਦਲਿਤ ਸਮਾਜ ਨਾਲ ਦੇਸ਼ ਵਿੱਚ ਹੋ ਰਿਹਾ ਹੈ ਉਸ ਦੀ ਇੱਕ ਉਦਾਹਰਣ ਐਸੀ ਹੈ ਜੋ ਦੇਸ਼ ਨੂੰ ਸਰਮਸ਼ਾਰ ਕਰਦੀ ਹੈ।

ਪਹਿਲੀ ਜਨਵਰੀ 1819 ਨੂੰ ਮਾਹਰ ਜਾਤ (ਦਲਿਤ ਵਰਗ) ਦੇ 800 ਫੌਜੀਆਂ ਨੇ ਜੋ ਅੰਗਰੇਜ਼ ਸਾਮਰਾਜ ਅਤੇ ਅੰਗਰੇਜ਼ ਕੰਪਨੀ ਵਿੱਚ ਨੌਕਰੀਪੇਸ਼ਾ ਸਨ ਪੇਸ਼ਵਾ ਬਾਜੀਰਾਓ ਦੀ 2000 ਦੀ ਗਿਣਤੀ ਵਾਲੀ ਫੌਜ ਨੂੰ ਭੀਮਾ ਕਾਰਾਗਾਓਂ ਪਿੰਡ ਵਿੱਚ ਹਰਾ ਦਿੱਤਾ ਸੀ। ਉਨਾਂ ਦੀ ਯਾਦ ਵਿੱਚ ਪਿੰਡ ਭੀਮਾ ਕਾਰਾਗਾਓਂ ਵਿੱਚ ਯਾਦਗਾਰ ਉਸਾਰੀ ਗਈ ਹੈ। ਉਨਾਂ ਦੀ ਯਾਦ ਵਿੱਚ ਡਾ. ਬੀ.ਆਰ. ਅੰਬੇਡਕਰ ਦੀ ਅਗਵਾਈ ਵਿੱਚ ਪਹਿਲੀ ਵਾਰ ਯਾਦਗਾਰੀ ਸਮਾਗਮ 1927 ਵਿੱਚ ਕੀਤਾ ਗਿਆ ਸੀ। ਪਹਿਲੀ ਜਨਵਰੀ 2018 ਨੂੰ ਜਦੋਂ ਉਨਾਂ ਦਾ 200 ਸਾਲਾ ਯਾਦ ਸਮਾਗਮ ਮਨਾਇਆ ਜਾ ਰਿਹਾ ਸੀ, ਉੱਥੇ ਮਾਹਰ ਜਾਤ (ਅਨੁਸੂਚਿਤ ਜਾਤੀ) ਦੇ ਲੋਕਾਂ ਦਾ ਭਾਰੀ ਇਕੱਠ ਸੀ। ਕੁਝ ਸਿਰਫਿਰਿਆਂ ਨੇ ਇਸ ਇਕੱਠ 'ਤੇ ਪੱਥਰ ਸੁੱਟੇ ਅਤੇ ਸਮਾਗਮ ਵਿੱਚ ਸ਼ਾਮਲ ਲੋਕਾਂ ਨੇ ਵਿਰੋਧ ਪ੍ਰਗਟ ਕੀਤਾ ਅਤੇ ਪੱਥਰ ਸੁੱਟਣ ਵਾਲਿਆਂ ਵਿੱਚੋਂ ਇੱਕ ਨੌਜਵਾਨ ਮਾਰਿਆ ਗਿਆ ਅਤੇ ਪੰਜ ਜ਼ਖ਼ਮੀ ਹੋ ਗਏ। ਇਹ ਵਿਅਕਤੀ ਉੱਚ ਜਾਤੀ ਵਾਲਿਆਂ ਨਾਲ ਸਬੰਧਤ ਸਨ। ਪੁਲਿਸ ਨੇ 302 ਧਾਰਾ ਅਧੀਨ ਕਤਲ ਅਤੇ ਇਰਾਦਾ ਕਤਲ ਦਾ ਮੁਕੱਦਮਾ ਦਰਜ ਕੀਤਾ ਅਤੇ ਸਮਾਗਮ ਦੀ ਪ੍ਰਧਾਨਗੀ ਕਰਨ ਵਾਲੇ ਅਤੇ ਸਮਾਗਮ ਵਿੱਚ ਸ਼ਾਮਲ ਦੇਸ਼ ਦੇ ਉੱਚ ਕੋਟੀ ਦੇ ਲੇਖਕਾਂ, ਬੁੱਧੀਜੀਵੀਆਂ, ਸਮਾਜਿਕ ਕਾਰਕੁੰਨਾਂ ਦੇ ਨਾਮ ਪੁਲਿਸ ਨੇ ਐੱਫ.ਆਈ.ਆਰ. ਵਿੱਚ ਲਿਖ ਦਿੱਤੇ।

ਦੇਸ਼ ਦਾ ਸਰਮਾਇਆ ਰੌਸ਼ਨ ਦਿਮਾਗ਼ ਬੁੱਧੀਜੀਵੀਆਂ ਨੂੰ ਲੰਮਾ ਸਮਾਂ ਮੁਕੱਦਮੇ ਲਟਕਾ ਕੇ ਜੇਲਾਂ ਵਿੱਚ ਸਾੜਨਾ ਕੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ? ਕੀ ਮੱਥਿਆਂ ਵਿੱਚ ਦੀਵੇ ਬਾਲੀ ਬੈਠੇ ਇਨਾਂ ਦੇਸ਼ ਦੇ ਨਾਗਰਿਕਾਂ ਨਾਲ ਇਹ ਮਾਨਸਿਕ ਸਰੀਰਕ ਧੱਕਾ ਨਹੀਂ ? ਡੂੰਘੀਆਂ ਸੋਚਾਂ ਤੇ ਤਿੱਖੇ ਬੋਲਾਂ ਨੂੰ ਚੁੱਪ ਕਰਾਉਣ ਦੀ ਸਾਜ਼ਿਸ਼ ਨਹੀਂ ?

ਪਾਣੀ ਵਿੱਚ ਦੀਵੇ ਬਾਲਣ ਵਾਲੇ ਹਾਕਮ ਉਨਾਂ ਸਭਨਾਂ ਨੂੰ ਨੂੜਣ ਤੇ ਅਕਲ ਦੇ ਖੂਹ ਪੂਰਨ ਦੇ ਰਾਹ ਪਏ ਹੋਏ ਹਨ ਜਿਹੜੇ ਲੋਕਾਂ ਵਿੱਚ ਅਣਖ ਦੀ ਜੋਤ ਜਗਾਉਂਦੇ ਹਨ। ਪਰ ਕੀ ਇਹ ਹਾਕਮ ਲੋਕ ਇਤਿਹਾਸ ਬਦਲ ਦੇਣਗੇ ? ਸ਼ਾਇਦ ਕਦੇ ਨਹੀਂ।

ਲੋਕ ਆਪਣੇ ਹੱਕਾਂ ਦੀ ਰਾਖੀ ਲਈ ਸੜਕਾਂ 'ਤੇ ਆਉਂਦੇ ਰਹਿਣਗੇ, ਮਨ ਕੀ ਬਾਤ ਪਾਉਂਦੇ ਰਹਿਣਗੇ ਅਤੇ ਹਾਕਮ ਦੇ 'ਮਨ ਦੀ ਫਰੇਬੀ ਬਾਤ' 'ਤੇ ਮਿੱਟੀ ਪਾਉਂਦੇ ਰਹਿਣਗੇ।



# ਕਿਸਾਨ ਜਿੱਤ ਦਾ ਪੰਥਕ ਬਿਰਤਾਂਤ

## ਸਿੱਖ ਸੰਸਥਾਵਾਂ ਨੇ ਕਿਸਾਨ ਮੋਰਚੇ ਦੌਰਾਨ ਗੁਰੂ ਪੰਥ ਦਾ ਨਾਮ ਰੋਸ਼ਨ ਕੀਤਾ ✪ ਠੇਠ ਹਰਿਆਣਵੀਂ ਤੇ ਯੂ.ਪੀ. ਵਾਲੇ ਵੀ ਬੋਲਣ ਲੱਗੇ ਪੰਜਾਬੀ ✪ ਅੰਦੋਲਨ ਲਈ ਗੁਰੂਘਰ ਤੋਂ ਬਲ ਮਿਲਿਆ : ਟਿਕੈਤ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਕਿਸਾਨ ਮੋਰਚੇ ਦੀ ਜਿੱਤ ਨੇ ਸਿੱਖ ਪੰਥ ਦੇ ਇਤਿਹਾਸ ਦੀ ਸਦੀਆਂ ਪੁਰਾਣੀ ਯਾਦ ਨੂੰ ਮੁੜ ਤਾਜ਼ਾ ਕੀਤਾ ਹੈ ਕਿ ਜਿਹੀ ਦਿੱਲੀ ਮਾਰੀ ਤੇਹੀ ਬਿੱਲੀ ਮਾਰੀ। ਕਿਸਾਨ ਮੋਰਚੇ ਵਿਚ ਹਰਿਆਣਾ, ਯੂ.ਪੀ. ਤੇ ਦੇਸ਼ ਦੇ ਹੋਰ ਸੂਬਿਆਂ ਦੇ ਕਿਸਾਨਾਂ ਨੇ ਪੂਰਾ ਸਹਿਯੋਗ ਦਿੱਤਾ ਹੈ।ਭਾਵੇਂ ਸਿੱਖ ਜਥੇਬੰਦ ਨਹੀਂ ਹਨ।ਪਰ ਇਸਦੇ ਬਾਵਜੂਦ ਸਿੱਖ ਜਜ਼ਬਾ, ਦਾਰਸ਼ਨਿਕਤਾ ਇਤਿਹਾਸ ਨੇ ਕਿਸਾਨੀ ਸਿੱਖ ਸੰਗਤ ਨੂੰ ਇਤਿਹਾਸ ਦੀ ਉਚਾਈ ਉਪਰ ਖੜਾ ਕਰ ਦਿੱਤਾ ਹੈ। ਇਹ ਸਮਝ ਗੁਰੂ ਨੇ ਸਿੱਖਾਂ ਵਿਚ ਬਣਾਈ ਜੋ ਪੀੜੀ ਦਰ ਪੀੜੀ ਚਲ ਰਹੀ ਹੈ। ਕਿਸਾਨ ਮੋਰਚਾ ਸਿੱਖ ਪੰਥ ਦੀ ਝੋਲੀ ਪਿਆ ਹੈ। ਇਸ ਦਾ ਕਾਰਨ ਹੈ ਵਿਸ਼ਵ ਵਿਚ ਸਿੱਖ ਪੰਥ ਦਾ ਬੋਲਬਾਲਾ, ਸਿੱਖ ਪੰਥ ਦੇ ਕਾਰਨ ਕਿਸਾਨ ਸੰਘਰਸ਼ ਦੇ ਹੱਕ ਵਿਚ ਸਭ ਦੇਸ਼ਾਂ ਦੀ ਹਮਾਇਤ ਪ੍ਰਾਪਤ ਹੋਈ ਹੈ। ਕਿਸਾਨੀ ਮੋਰਚੇ ਵਿਚ ਪੰਜਾਬ ਤੋਂ ਬਹੁਤੀ ਸਿੱਖ ਸੰਗਤ ਆਈ ਸੀ। ਯੂ.ਪੀ. ਵਿਚੋਂ ਕਾਫੀ ਸਿੱਖ ਸੰਗਤ ਸੀ। ਹਰਿਆਣੇ ਵਾਲੇ ਭਾਈ ਸਿੱਖ ਕਿਰਦਾਰ ਤੋਂ ਪ੍ਰਭਾਵਿਤ ਸਨ । ਕਿਸਾਨ ਅੰਦੋਲਨ ਨੇ ਨਵੀਂਆਂ ਪੈੜਾਂ ਪਾਈਆਂ ਹਨ। ਸਾਲ ਭਰ ਚੱਲੇ ਅੰਦੋਲਨ ਨੇ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਸਣੇ ਦੇਸ਼ ਦੀ ਕਈ ਸੂਬਿਆਂ ਦੇ ਕਿਸਾਨਾਂ ਨੂੰ ਇੱਕ ਤਾਰ ਵਿੱਚ ਪਰੋ ਦਿੱਤਾ ਹੈ। ਖਾਸਕਰ ਹਰਿਆਣਾ ਤੇ ਪੰਜਾਬ ਦੇ ਕਿਸਾਨਾਂ ਵਿਚਾਲੇ ਕਾਫੀ ਨੇੜਤਾ ਬਣੀ ਹੈ। ਇਸ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਹੁਣ ਠੇਠ ਹਰਿਆਣਵੀਂ ਤੇ ਯੂ.ਪੀ. ਵਾਲੇ ਵੀ ਪੰਜਾਬੀ ਬੋਲਣ ਲੱਗੇ ਹਨ।ਦਰਅਸਲ ਇੱਕ ਸਾਲ ਤੱਕ ਚੱਲੇ ਕਿਸਾਨ ਅੰਦੋਲਨ ਦੌਰਾਨ ਤਿੰਨਾਂ ਸੂਬਿਆਂ ਦੇ ਕਿਸਾਨਾਂ ਨੇ ਇੱਕ ਦੂਜੇ ਦੇ ਸੱਭਿਆਚਾਰ, ਭਾਸ਼ਾ, ਭੋਜਨ, ਗੀਤ-ਸੰਗੀਤ ਦਾ ਆਦਾਨ-ਪ੍ਰਦਾਨ ਵੀ ਕੀਤਾ। ਇਸ ਦਾ ਨਜ਼ਾਰਾ ਹੁਣ ਹਰਿਆਣਾ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਨੌਜਵਾਨਾਂ ਦੇ ਨਾਲ ਹੀ ਹਰਿਆਣਵੀਂ ਬਜ਼ੁਰਗ ਵੀ ਪੰਜਾਬੀ ਬੋਲ ਰਹੇ ਹਨ। ਇਸ ਤੋਂ ਇਲਾਵਾ ਦੂਜੇ ਸੂਬਿਆਂ ਦੇ ਕਿਸਾਨਾਂ ਦੇ ਪੰਜਾਬ ਬਾਰੇ ਕਈ ਭਰਮ ਭੁਲੇਖੇ ਵੀ ਦੂਰ ਹੋਏ ਹਨ।







ਕਿਸਾਨ ਆਗੂ ਰਾਕੇਸ਼ ਟਿਕੈਤ ਦਾ ਰੋਲ ਸਿੱਖ ਪੰਥ ਦੇ ਹੱਕ ਵਿਚ ਰਿਹਾ। ਬੀਕੇਯੂ ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਤਿੰਨ ਵਿਵਾਦਿਤ ਖੇਤੀ ਕਾਨੂੰਨਾਂ ਤੇ ਹੋਰ ਮੰਗਾਂ ਲਈ ਸਰਕਾਰ ਖਿਲਾਫ਼ ਵਿੱਢੇ ਅੰਦੋਲਨ ਲਈ ਕਿਸਾਨਾਂ ਨੂੰ ਗੁਰੂਘਰ ਤੋਂ ਬਲ ਮਿਲਿਆ ਹੈ ਅਤੇ ਉਹ ਇਸ ਦਾ ਸ਼ੁਕਰਾਨਾ ਕਰਨ ਦਰਬਾਰ ਸਾਹਿਬ ਆਏ ਹਨ। ਸਿੱਖ ਕੌਮ ਬਹੁਤ ਮਹਾਨ ਤੇ ਦਲੇਰ ਕੌਮ ਹੈ। ਉਨਾਂ ਕਿਹਾ ਕਿ ਕਿਸਾਨ ਸੰਘਰਸ਼ ਦੀ ਸਫਲਤਾ ਲਈ ਹਰ ਵਰਗ ਨੇ ਸਹਿਯੋਗ ਦਿੱਤਾ ਹੈ। ਖਾਸ ਕਰਕੇ ਸਿੱਖਾਂ ਦਾ ਧੰਨਵਾਦੀ ਹਾਂ ਅਤੇ ਸ਼ਾਂਤੀ ਨਾਲ ਲੰਮਾ ਸਮਾਂ ਚੱਲੇ ਇਸ ਸੰਘਰਸ਼ ਅੱਗੇ ਸਰਕਾਰ ਨੂੰ ਮਜਬੂਰ ਹੋ ਕੇ ਖੇਤੀ ਕਾਨੂੰਨ ਵਾਪਸ ਲੈਣੇ ਪਏ ਹਨ।

ਹਰਿਆਣੇ ਦੇ ਆਗੂ ਜਥੇਦਾਰ ਗੁਰਨਾਮ ਸਿੰਘ ਚੜੂਨੀ ਦਾ ਰੋਲ ਵੀ ਉਘਾ ਸੀ। ਉਨਾਂ ਨਾਲ ਖੱਬੇਪਖੀ ਆਗੂਆਂ ਦੀ ਟਸਲ ਚਲਦੀ ਰਹੀ। ਯੋਗਿੰਦਰ ਯਾਦਵ ਮਹਾਂਭਾਰਤ ਦੇ ਸ਼ਾਤਰ ਕਿਰਦਾਰ ਮਾਮਾ ਸ਼ੁਕਨੀ ਦਾ ਰੋਲ ਨਿਭਾਉਂਦਾ ਰਿਹਾ। ਯਾਦਵ ਦੀ ਦੌੜ ਚੜੂਨੀ ਨੂੰ ਪਛਾੜ ਕੇ ਖੁਦ ਹਰਿਆਣਾ ਕਿਸਾਨ ਦਾ ਲੀਡਰ ਬਣਨ ਦੀ ਸੀ। ਖੱਬੇਪੱਖੀ ਆਗੂਆਂ ਨੂੰ ਵੀ ਟਿਕੈਤ ਵਰਗਾ ਰੋਲ ਨਿਭਾਉਣਾ ਚਾਹੀਦਾ ਸੀ। ਕੀ ਕੋਈ ਕਬੀਲਾ ਜਾਂ ਭਾਈਚਾਰਾ ਲੰਗਰ ਸਾਲ ਭਰ ਲੱਖਾਂ ਲੋਕਾਂ ਨੂੰ ਛਕਾ ਸਕਦਾ ਹੈ ? ਇਹ ਸਿਫਤ ਸਿਰਫ ਸਿੱਖ ਪੰਥ ਕੋਲ ਹੈ। ਲੰਗਰ, ਸੇਵਾ,ਮੈਡੀਕਲ ਸਹੂਲਤਾਂ ਨਾਲ ਲੈਸ ਸਿੱਖ ਸੰਸਥਾਵਾਂ ਨੇ ਕਿਸਾਨ ਮੋਰਚੇ ਦੌਰਾਨ ਗੁਰੂ ਪੰਥ ਦਾ ਨਾਮ ਰੋਸ਼ਨ ਕੀਤਾ। ਹੋਰ ਦੇਖਣ ਵਾਲੀ ਗੱਲ ਇਹ ਹੈ ਕਿ ਸਿੱਖ ਪੰਥ ਦੇ ਜੈਕਾਰੇ, ਝੰਡੇ ਕਿਸਾਨੀ ਸਮਾਗਮਾਂ ਵਿਚ ਗੂੰਜਦੇ ਤੇ ਝੂਲਦੇ ਰਹੇ। ਕੁਝ ਨਿਰਪੱਖ ਸਦਵਾਉਣ ਵਾਲੇ ਕਿਸਾਨ ਲੀਡਰ ਤੇ ਖੱਬੇਪੱਖੀ ਇਸ ਬਿਰਤਾਂਤ ਵਿਰੁਧ ਬੋਲੇ ਕਿ ਇਹ ਨਹੀਂ ਹੋਣੇ ਚਾਹੀਦੇ। ਇਸ ਕਾਰਨ ਮੋਰਚੇ ਤੇ ਸੋਸ਼ਲ ਮੀਡੀਆ ਵਿਚ ਤਕਰਾਰ ਚਲਦਾ ਰਿਹਾ।ਪਰ ਅੱਜ ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਮਾਨਤਾ ਦੇ ਕੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਤੇ ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਉਪਰ ਐਲਾਨ ਕੀਤਾ। ਕਹਿਣ ਤੋਂ ਭਾਵ ਕਿ ਸਰਕਾਰ ਵੱਲੋਂ ਖੇਤੀ ਕਾਨੂੰਨ ਵਾਪਸ ਲੈਣ, ਐੱਮਐੱਸਪੀ ਦੀ ਗਰੰਟੀ ਲਈ ਕਮੇਟੀ ਬਣਾਉਣ ਸਮੇਤ ਲਗਭਗ ਸਾਰੀਆਂ ਕਿਸਾਨੀ ਮੰਗਾਂ ਮੰਨ ਲਈਆਂ ਗਈਆਂ ਹਨ।ਹਾਲੇ ਗ੍ਰਿਫਤਾਰ ਕਿਸਾਨ ਰਿਹਾਅ ਹੋਣੇ ਬਾਕੀ ਹਨ। ਇਹ ਗੱਲਾਂ ਸਮੇਂ ਦੇ ਗਰਭ ਵਿਚ ਹਨ ਕਿ ਅੱਗੇ ਕੀ ਹੋਵੇਗਾ ? ਪਰ ਸਤਿਗੁਰੂ ਉਪਰ ਟੇਕ ਰੱਖਕੇ ਗੁਰੂ ਹੁਕਮ ਅਧੀਨ ਰਹਿਕੇ ਹੀ ਸਿੱਖਾਂ ਦਾ ਭਵਿੱਖ ਚੰਗਾ ਹੋਵੇਗਾ। ਸਿੱਖਾਂ ਨਾਲ ਟਕਰਾਅ ਖੱਬੇਪੱਖੀ ਲੋਕਾਂ ਦੇ ਪੱਖ ਵਿਚ ਨਹੀਂ ਹੋਵੇਗਾ। ਸਾਂਝੀਵਾਲਤਾ ਵਿਚ ਹੀ ਪੰਜਾਬ ਦਾ ਭਵਿੱਖ ਹੈ।ਪੰਜਾਬ ਗੁਰੂਆਂ ਦੇ ਨਾਮ ਜਿਉਂਦਾ ਰਹੇਗਾ।ਇਸ ਮੋਰਚੇ ਵਿਚ ਪੰਜ ਸ਼ਹਾਦਤਾਂ ਸਿੱਖਾਂ ਦੀਆਂ ਹਨ। ਇਕ ਦਿੱਲੀ, ਬਾਕੀ ਯੂ.ਪੀ. ਵਿਚ। ਬੈਰੀਅਰ ਵੀ ਸਿਖ ਨੌਜਵਾਨਾਂ ਨੇ ਤੋੜੇ। ਹਰਿਆਣਵੀ ਜਾਟ ਸਿੱਖਾਂ ਤੋਂ ਕਾਇਲ ਹਨ ਜਿਨਾਂ ਲੰਗਰਾਂ ਦੀਆਂ ਇੱਟਾਂ ਵੀ ਪਾਵਨ ਜਾਣ ਕੇ ਘਰਾਂ ਵਿਚ ਰੱਖ ਲਈਆਂ। ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਖੱਬੇਪਖੀ ਕੇਡਰ ਦਾ ਵੀ ਰੋਲ ਇਸ ਮੋਰਚੇ ਵਿਚ ਸਲਾਹੁਣਯੋਗ ਹੈ। ਪਰ ਖੱਬੇਪੱਖੀ ਕੁਝ ਲੀਡਰ ਸਿੱਖ ਪੰਥ ਨਾਲ ਸਿੰਙ ਫਸਾਉਂਦੇ ਰਹੇ, ਜਿਸਦੀ ਲੋੜ ਨਹੀਂ ਸੀ।ਗਰੀਬ ਮਜਦੂਰ ਵਾਰ ਵਾਰ ਸਿੱਖ ਪੰਥ ਦਾ ਧੰਨਵਾਦ ਕਰਦੇ ਵੀਡੀਓ ਫਿਲਮਾਂ ਵਿਚ ਦੇਖੇ ਗਏ। ਇਨਾਂ ਨੂੰ ਰਜਕੇ ਰੋਟੀ ਗੁਰੂ ਦੇ ਲੰਗਰ ਤੋਂ ਮਿਲਦੀ। ਜਾਣ ਲੱਗਿਆਂ ਪੰਥਕ ਸੰਸਥਾਵਾਂ ਉਨਾਂ ਲਈ ਤੰਬੂ, ਪੱਖੇ, ਕੂਲਰ, ਕੁਰਸੀਆਂ ਸਮੇਤ ਹੋਰ ਜਰੂਰੀ ਸਮਾਨ ਛੱਡ ਗਏ ਤਾਂ ਜੋ ਗਰੀਬ ਲੋਕ ਠੰਡ ਤੋਂ ਬਚ ਸਕਣ।

ਕਿਸਾਨਾਂ ਨੇ ਮੋਰਚੇ ਸਥਾਨ ਦੀ ਸਾਫ਼-ਸਫ਼ਾਈ ਖਾਲਸਾ ਏਡ ਤੇ ਹੋਰ ਪੰਥਕ ਸੰਸਥਾਵਾਂ ਨੇ ਜ਼ਿੰਮਾ ਵੀ ਖੁਦ ਸੰਭਾਲਿਆ। ਜ਼ਿਕਰਯੋਗ ਹੈ ਕਿ ਮੋਰਚਾ ਸ਼ੁਰੂ ਹੋਣ ਤੋਂ ਬਾਅਦ ਸਵੱਛ ਕਿਸਾਨ ਮੋਰਚਾ ਦੇ ਭਾਈ ਭਰਪੂਰ ਸਿੰਘ ਨੇ ਸਿੰਘੂ ਬਾਰਡਰ ’ਤੇ 1300 ਟਾਇਲਟ ਬਣਾਏ ਸਨ ਤੇ ਸਾਰੇ ਸੀਵਰੇਜ ਵੀ ਸਾਫ਼ ਕਰਵਾਏ ਗਏ ਸਨ ।

ਵਿਚਾਰਧਾਰਾ ਪੱਖੋਂ ਅਸੀਂ ਸਿੱਖ ਪੰਥ ਵਾਲੇ ਪੱਕੇ ਪੈਰੀ ਹਾਂ, ਸਾਨੂੰ ਕਿਸੇ ਤੋਂ ਖਤਰਾ ਨਹੀਂ।ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਪੰਥ ਨੂੰ ਜੇਤੂ ਬਣਾਏਗਾ।ਗੁਰੂ ਪੰਥ ਹਮੇਸ਼ਾ ਜਿਤਿਆ, ਸਦਾ ਜਿਤੇਗਾ ਸਾਡੀ ਜਿਤ ਵਾਹਿਗੁਰੂ ਦੀ ਜੋਦੜੀ ਵਿਚ ਹੈ।ਅਸੀਂ ਸਭ ਨੂੰ ਕਲਾਵੇ ਵਿਚ ਲੈਣਾ ਚਾਹੁੰਦੇ ਹਾਂ।ਸੰਘੀ ਰਾਜਨੀਤੀ ਖੱਬੇਪੱਖੀਆਂ ਨੂੰ ਭਾਰਤ ਵਿਚ ਨਹੀਂ ਉਠਣ ਦੇਵੇਗੀ। ਬੰਗਾਲ ਇਸ ਦੀ ਮਿਸਾਲ ਹੈ। ਜੇ ਇਸ ਮੋਰਚੇ ਵਿਚ ਸਿੱਖ ਨਾ ਹੁੰਦੇ ਤਾਂ ਸੰਭਾਵਨਾ ਸੀ ਕਿ ਇਹ ਸ਼ਹੀਨ ਬਾਗ ਹੁੰਦਾ। ਸਿੱਖ ਪੰਥ ਦੀ ਮਹਿਮਾ ਸਾਰੇ ਸੰਸਾਰ ਵਿਚ ਪ੍ਰਗਟ ਹੈ।ਸਾਰਾ ਸੰਸਾਰ ਸਿਖ ਪੰਥ ਤੋਂ ਕਾਇਲ ਹੋ ਰਿਹਾ।ਗੁਰੂ ਨਾਨਕ ਪਾਤਸ਼ਾਹ ਦਾ ਪ੍ਰਵਚਨ ਕਿਰਤ, ਨਾਮ, ਵੰਡ ਛਕਣ ਦਾ ਸਿੱਖਾਂ ਦੀ ਰੂਹ ਵਿਚ ਹੈ।ਇਹੀ ਸਿੱਖ ਪੰਥ ਦੀ ਮਹਾਨਤਾ ਹੈ।ਇਹੀ ਤਾਕਤ ਹੈ।ਖੱਬੇਪਖੀ ਪੰਜਾਬ ਦੇ ਯੂਨੀਅਨ ਲੀਡਰ ਇਸ ਬਿਰਤਾਂਤ ਨੂੰ ਸਮਝ ਸਕਣ ਤਾਂ ਪੰਜਾਬ ਦਾ ਭਲਾ ਹੋ ਸਕਦਾ ਹੈ।

# ਧਰਮ ਤੇ ਜਾਤੀਵਾਦ ਤੋਂ ਉਪਰ ਉੱਠ ਕੇ ਜਿੱਤਿਆ ਕਿਸਾਨੀ ਸੰਘਰਸ਼



**ਸਰਬਜੀਤ ਕੌਰ ਸਰਬ**

‘ਧਰਮ’ ਉਹ ਰਾਹ ਜਿਸ ਉੱਤੇ ਚੱਲ ਕੇ ਇਨਸਾਨ ਉਸ ਅਕਾਲ ਪੁਰਖ ਵਾਹਿਗੁਰੂ ਪਰਮ ਪਿਤਾ ਪ੍ਰਮਾਤਮਾ ਨੂੰ ਪਾਉਂਦਾ ਹੈ । ਕੋਈ ਵੀ ਧਰਮ ਵੈਰ ਵਿਰੋਧ ਕਰਨਾ ਨਹੀਂ ਸਿਖਾਉਂਦਾ ਅਤੇ ਨਾ ਹੀ ਕਿਸੇ ਨੂੰ ਬੁਰਾ ਆਖਦਾ ਹੈ । ਇਸ ਧਰਤੀ ਉੱਤੇ ਜੋ ਜਾਤ ਪਾਤ ਦਾ ਅਡੰਬਰ ਰਚਿਆ ਹੋਇਆ ਹੈ, ਉਹ ਇਨਸਾਨੀ ਉਪਜ ਹੈ ਨਾ ਕਿ ਪ੍ਰਮਾਤਮਾ ਦੁਆਰਾ ਪਾਈ ਗਈ ਵੰਡੀ। ਇਨਸਾਨ ਆਪਣੀ ਚੰਗੀ ਮਾੜੀ ਸੋਚ ਦੇ ਰਾਹੀਂ ਹੀ ਜ਼ਿੰਦਗੀ ਜਿਉਂਦਾ ਹੈ। ਕੁਦਰਤ ਉਸ ਨੂੰ ਕਦੇ ਵੀ ਬੁਰੇ ਰਾਹ ਨਹੀਂ ਪਾਉਂਦੇ। ਇਨਸਾਨ ਦੀਆਂ ਲੋੜਾਂ ਅਤੇ ਉਸ ਦੀਆਂ ਲਾਲਸਾਵਾਂ ਹੀ ਉਸ ਦੇ ਕਿਰਦਾਰ ਨੂੰ ਬਣਾਉਂਦੀਆਂ ਹਨ ਪਰ ਜਦੋਂ ਹੱਕਾਂ ਦੀ ਗੱਲ ਕੀਤੀ ਜਾਂਦੀ ਹੈ ਤਦ ਇਹ ਇੱਕ ਸਾਂਝੀਵਾਲਤਾ ਦੇ ਕਿਰਦਾਰ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ । ਧਰਮ ਤੋਂ ਉੱਪਰ ਉੱਠ ਕੇ ਅਤੇ ਜਾਤੀਵਾਦ ਧਾਰਨਾ ਨੂੰ ਪਿੱਛੇ ਛੱਡ ਕੇ ਜਿੱਤਿਆ ਇਹ ਕਿਸਾਨੀ ਸੰਘਰਸ਼ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦਾ ਪ੍ਰਗਟਾਵਾ ਕਰਦਾ ਹੈ । ਜਿਸ ਵਿਚ ਨਾ ਕੋ ਹਿੰਦੂ ਨਾ ਕੋ ਮੁਸਲਮਾਨ ਦਾ ਸਿਧਾਂਤ ਸ਼ਾਮਿਲ ਹੈ। ਬੇਸ਼ੱਕ ਇਸ ਸੰਘਰਸ਼ ਦੇ ਦੌਰਾਨ ਅਨੇਕਾਂ ਅਜਿਹੀਆਂ ਔਕੜਾਂ ਆਈਆਂ ਜੋ ਅਗਲੇ ਹੀ ਪਲ ਫੈਸਲਾ ਕਰਦੀਆਂ ਸਨ ਕਿ ਸ਼ਾਇਦ ਇਹ ਕਿਸਾਨੀ ਸੰਘਰਸ਼ ਖ਼ਤਮ ਹੋ ਜਾਵੇਗਾ। ਭਾਰਤੀ ਹਕੂਮਤ ਦੁਆਰਾ ਕੀਤਾ ਗਿਆ ਤਸ਼ੱਦਦ ਜਿਸ ਵਿਚ ਅਨੇਕਾਂ ਮਾਵਾਂ ਦੇ ਪੁੱਤ ਸ਼ਹੀਦ ਹੋ





ਗਏ ਅਤੇ ਅਨੇਕਾਂ ਬੱਚਿਆਂ ਦੇ ਸਿਰ ਉਪਰੋਂ ਪਿਉ ਦਾ ਸਾਇਆ ਉੱਠ ਗਿਆ ਸੀ ਪਰ ਫੇਰ ਵੀ ਸਬਰ ਤੇ ਸਿਦਕ ਦੇ ਨਾਲ ਕਿਸਾਨ ਡਟੇ ਰਹੇ ਤੇ ਅੰਤ ਇਸ ਸੰਘਰਸ਼ ਉੱਤੇ ਜਿੱਤ ਪ੍ਰਾਪਤ ਕੀਤੀ ।

ਇਸ ਸੰਘਰਸ਼ ਦੇ ਦੌਰਾਨ ਅਨੇਕਾਂ ਅਜਿਹੀਆਂ ਰੱਬੀ ਰੂਹਾਂ ਜਿਨਾਂ ਨੇ ਨਿਰਸਵਾਰਥ ਇਸ ਅੰਦੋਲਨ ਵਿਚ ਲੋਕਾਂ ਦੀ ਸੇਵਾ ਕੀਤੀ, ਜਿਨਾਂ ਵਿੱਚੋਂ ਡਾ. ਸਵੈਮਾਨ ਸਿੰਘ ਇਕ ਹਨ, ਉਨਾਂ ਦੀ ਮਿਹਨਤ ਅਤੇ ਲਗਨ ਨੇ ਕਿਸਾਨਾਂ ਦਾ ਦਿਲ ਜਿੱਤ ਲਿਆ । ਇਹ ਇੱਕ ਅਜਿਹੇ ਡਾਕਟਰ ਹਨ ਜੋ ਆਮ ਲੋਕਾਂ ਵਿੱਚ ਵਿਚਰ ਕੇ ਉਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਹਨ। ਕਿਸਾਨੀ ਅੰਦੋਲਨ ਵਿੱਚ ਇਨਾਂ ਦੀ ਅਹਿਮ ਭੂਮਿਕਾ ਰਹੀ ਹੈ । ਇਨਾਂ ਦੇ ਜੋਸ਼ ਅਤੇ ਲਗਨ ਨੇ ਸਾਬਿਤ ਕਰ ਦਿੱਤਾ ਕਿ ਜੇਕਰ ਇਨਸਾਨ ਚਾਹੇ ਤਾਂ ਉਹ ਹਰ ਇੱਕ ਕੰਮ ਨੂੰ ਕਰ ਸਕਦਾ ਹੈ। ਬੇਸ਼ੱਕ ਪੇਸ਼ੇ ਵਜੋਂ ਇਹ ਇਕ ਡਾਕਟਰ ਹਨ ਪਰ ਕਿਸਾਨੀ ਅੰਦੋਲਨ ਵਿਚ ਇਨਾਂ ਦੀ ਅਗਵਾਈ ਇੱਕ ਲੀਡਰ ਵਜੋਂ ਵੀ ਸੀ, ਜਿਨਾਂ ਨੇ ਨੌਜਵਾਨਾਂ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਸੀ ਤੇ ਜਿਸ ਦਾ ਅਸਲ ਮਕਸਦ ਸੀ ਜਿੱਤ ਪ੍ਰਾਪਤ ਕਰਨਾ ।

ਜਦੋਂ ਇਸ ਸੰਘਰਸ਼ ਨੂੰ ਜਿੱਤਿਆ ਗਿਆ, ਉਸ ਸਮੇਂ ਵੀ ਆਪਸੀ ਵਿਛੋੜੇ ਨੇ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ ਸਨ। ਜੇਕਰ ਸਾਡੇ ਰਾਜਨੀਤਿਕ ਸਿਆਸਤਦਾਨ ਆਪਸੀ ਵੰਡੀਆਂ ਨਾ ਪਵਾਉਣ ਤਾਂ ਕਦੇ ਵੀ ਇੱਕ ਦੂਸਰੇ ਦੇ ਖ਼ਿਲਾਫ਼ ਈਰਖਾ ਪੈਦਾ ਨਾ ਹੁੰਦੀ । ਰਾਜਨੀਤਕ ਲੀਡਰ ਕਦੇ ਧਰਮ ਦੇ ਨਾਂ ਉੱਤੇ ਵੰਡੀ ਪਵਾਉਂਦੇ ਹਨ ਅਤੇ ਕਦੀ ਜਾਤੀਵਾਦ ਨੂੰ ਲੈ ਕੇ ਅੱਗੇ ਆ ਜਾਂਦੇ ਹਨ ਤੇ ਜੇਕਰ ਇਨਾਂ ਕੋਲ ਕੋਈ ਹੋਰ ਮਸਲਾ ਨਾ ਮਿਲੇ ਤਾਂ ਇਹ ਨਸ਼ਿਆਂ ਦਾ ਦਰਿਆ ਵਹਾ ਕੇ ਨੌਜਵਾਨੀ ਪੀੜੀ ਨੂੰ ਖ਼ਤਮ ਕਰਨ ਦਾ ਬੀੜਾ ਚੁੱਕ ਲੈਂਦੇ ਹਨ। ਇਸ ਕਿਸਾਨੀ ਅੰਦੋਲਨ ਨੇ ਬਹੁਤ ਵੱਡਾ ਸਬਕ ਦਿੱਤਾ ਹੈ, ਜਿਸ ਵਿੱਚ ਇੱਕ ਗੱਲ ਸਾਫ਼ ਹੈ ਕਿ ਜੇਕਰ ਮੋਰਚਾ ਜਿੱਤਣਾ ਹੈ ਤਾਂ ਉਸ ਵਿੱਚ ਨਾ ਹੀ ਧਰਮ ਤੇ ਨਾ ਹੀ ਜਾਤੀਵਾਦ ਨੂੰ ਵਿੱਚ ਲਿਆਇਆ ਜਾਵੇ, ਰਾਜਨੀਤਿਕ ਪਾਰਟੀਆਂ ਦੇ ਸਿਆਸਤਦਾਨਾਂ ਨੂੰ ਕਦੇ ਵੀ ਮੋਰਚਿਆਂ ਵਿੱਚ ਸ਼ਾਮਲ ਨਾ ਕੀਤਾ ਜਾਵੇ। ਜੇਕਰ ਇਹ ਸਭ ਕੁਝ ਮੋਰਚੇ ਵਿੱਚ ਸ਼ਾਮਲ ਹੋ ਜਾਂਦਾ ਤਾਂ ਹੌਲੀ ਹੌਲੀ ਘੁਣ ਦੇ ਵਾਂਗ ਉਸ ਨੂੰ ਉੱਥੇ ਹੀ ਖ਼ਤਮ ਕਰ ਦਿੰਦਾ। ਬੇਸ਼ੱਕ ਅਨੇਕਾਂ ਔਕੜਾਂ ਨੇ ਇਸ ਮੋਰਚੇ ਨੂੰ ਹਿਲਾਇਆ ਸੀ, ਪਰ ਨਾਨਕ ਪਾਤਸ਼ਾਹ ਦੀ ਸੋਚ ਨੂੰ ਮੁੱਖ ਰੱਖ ਕੇ ਅੱਗੇ ਚੱਲਿਆ ਇਹ ਕਿਸਾਨੀ ਮੋਰਚਾ ਆਖਰਕਾਰ ਫ਼ਤਹਿ ਹੋਇਆ ਹੈ ।

ਕਿਸਾਨੀ ਅੰਦੋਲਨ ਨੂੰ ਜਿੱਤ ਕੇ ਇਕ ਵਾਰ ਫਿਰ ਸਿੱਖ ਕੌਮ ਨੇ ਇਹ ਸਾਬਿਤ ਕਰ ਦਿੱਤਾ ਹੈ ਕੀ ਸੱਚ ਦੇ ਰਾਹ ਉੱਤੇ ਚਲਦੇ ਹੋਏ ਬੇਸ਼ੱਕ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਵੇ ਪਰ ਆਖ਼ਰਕਾਰ ਜਿੱਤ ਸਚਾਈ ਦੀ ਹੀ ਹੁੰਦੀ ਹੈ । ਸਿੱਖ ਕੌਮ ਇੱਕ ਵਾਰ ਫੇਰ ਦੁਨੀਆਂ ਦੇ ਦਿਲਾਂ ਉੱਤੇ ਰਾਜ ਕਰ ਰਹੀ ਹੈ । ਕਿਸੇ ਨੇ ਸੱਚ ਹੀ ਆਖਿਆ ਹੈ ਕਿ ‘ਸਿੱਖਾਂ ਦੇ ਹੱਥ ਸੱਚ ਦੀ ਤਲਵਾਰ ਹੈ ਪਰ ਫੇਰ ਵੀ ਉਹ ਦਿਲਾਂ ਉੱਤੇ ਰਾਜ ਕਰਨਾ ਜਾਣਦੇ ਹਨ’, ਪਿਆਰ ਨਾਲ ਭਾਵੇਂ ਇਨਾਂ ਦੀ ਕੋਈ ਜਾਨ ਕੱਢ ਲਵੇ ਪਰ ਈਨ ਕਦੇ ਵੀ ਨਹੀਂ ਮੰਨ ਸਕਦੇ।

ਅੰਮ੍ਰਿਤਸਰ ਟਾਈਮਜ਼ AMRITSAR TIMES

17 ਦਸੰਬਰ 2021 ਤੋਂ 23 ਦਸੰਬਰ 2021

## ਪੰਜਾਬ ਦੀ ਸਿਆਸਤ ’ਚ ਸ਼ੁਰੂ ਹੋ ਰਿਹਾ ਬਦਲਾਅ

ਪੰਜਾਬ ਵਿੱਚ ਚੋਣਾਂ ਨਜ਼ਦੀਕ ਹਨ ਅਤੇ ਸਾਰੀਆਂ ਹੀ ਪਾਰਟੀਆਂ ਵੱਲੋਂ ਚੋਣਾਂ ਨੂੰ ਮੁੱਖ ਰੱਖਦਿਆਂ ਸਿਆਸੀ ਜੋੜ-ਤੋੜ ਕੀਤੇ ਜਾ ਰਹੇ ਹਨ। ਦਲ-ਬਦਲੀਆਂ, ਨਵੇਂ ਐਲਾਨ, ਵਾਧੇ, ਦੂਸ਼ਣਬਾਜ਼ੀ ਅਤੇ ਰੈਲੀਆਂ ਦੇ ਰੌਲੇ ਰੱਪੇ ਵਿੱਚ ਪਿਛਲੇ ਦਿਨੀਂ ਇੱਕ ਨਵੀਂ ਜਥੇਬੰਦੀ ਹੋਂਦ ਵਿੱਚ ਆਈ ਹੈ। ਇਸ ਜਥੇਬੰਦੀ ਨੂੰ 'ਜੂਝਦਾ ਪੰਜਾਬ' ਦਾ ਨਾਮ ਦਿੱਤਾ ਗਿਆ ਹੈ। ਜਥੇਬੰਦੀ ਦੇ ਐਲਾਨ ਵਕਤ ਕਾਫੀ ਨਾਮੀ ਚਿਹਰੇ ਮੌਜੂਦ ਸਨ ਜਿੰਨ੍ਹਾਂ ਵਿੱਚ ਗਿਆਨੀ ਕੇਵਲ ਸਿੰਘ, ਸ.ਹਮੀਰ ਸਿੰਘ, ਡਾ.ਬਲਵਿੰਦਰ ਸਿੰਘ ਸਿੱਧੂ, ਡਾ.ਸ਼ਾਮ ਸੁੰਦਰ ਦੀਪਤੀ, ਜੱਸਾ ਪੱਟੀ, ਦੀਪਕ ਸ਼ਰਮਾ, ਬੱਬੂ ਮਾਨ, ਅਮਿਤੋਜ ਮਾਨ, ਗੁਲ ਪਨਾਗ, ਜੱਸ ਬਾਜਵਾ, ਰਣਜੀਤ ਬਾਵਾ ਆਦਿ ਹਾਜ਼ਰ ਸਨ। ਇਸ ਜਥੇਬੰਦੀ ਨੇ ਆਪਣਾ ਏਜੰਡਾ ਵੀ ਸਾਂਝਾ ਕੀਤਾ ਜੋ ਤਕਰੀਬਨ 13 ਕੁ ਸਫ਼ਿਆਂ ਦਾ ਹੈ ਜਿਸ ਵਿੱਚ ਫੈਡਰਲ ਢਾਂਚਾ, ਖੇਤੀ-ਬਾੜੀ, ਮਨਰੇਗਾ, ਲੋਕਪਾਲ, ਪੁਲਸ, ਨਸ਼ੇ, ਜੇਲਾਂ, ਪ੍ਰਸ਼ਾਸ਼ਨਿਕ ਸੁਧਾਰ, ਵਿਧਾਨ ਸਭਾ, ਸਿਹਤ, ਸਿੱਖਿਆ ਅਤੇ ਭਾਸ਼ਾ, ਖੇਡਾਂ, ਵਾਤਾਵਰਣ ਅਤੇ ਪ੍ਰਦੂਸ਼ਣ, ਬਿਜਲੀ, ਟ੍ਰਾਂਸਪੋਰਟ, ਕਲਾ ਅਤੇ ਸਾਹਿਤ, ਆਬਕਾਰੀ, ਸ਼ਹਿਰੀ ਵਿਕਾਸ, ਪੰਜਾਬ ਨੂੰ ਵਿਸ਼ੇਸ਼ ਦਰਜਾ, ਟੋਲ ਪਲਾਜ਼ੇ, ਨਿਰੰਕੁਸ ਕਾਨੂੰਨ, ਦਰਿਆਈ ਪਾਣੀ, ਆਈ.ਟੀ, ਐਨ.ਆਰ.ਆਈਜ਼, ਮੰਤਰੀ ਮੰਡਲ ਮੀਟਿੰਗਾਂ, ਟੈਕਨੋਕਰੇਟਾਂ ਨੂੰ ਵਿਭਾਗੀ ਮੁਖੀ ਲਗਾਉਣਾ, ਰੋਜ਼ਗਾਰ ਪੈਦਾ ਕਰਨਾ ਅਤੇ ਸਮਾਜਿਕ ਸੁਰੱਖਿਆ, ਸਰਕਾਰੀ ਭਰਤੀ, ਰੇਤ ਮੁਫ਼ਤ, ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਅਤੇ ਵਧਾਇਕਾਂ ਨੂੰ ਵਾਪਸ ਬੁਲਾਉਣਾ ਆਦਿ ਮੁੱਦਿਆਂ ਉੱਤੇ ਆਪਣਾ ਨਜ਼ਰੀਆ ਦਿੱਤਾ ਹੈ। ਜਥੇਬੰਦੀ ਵੱਲੋਂ ਸਪਸ਼ਟ ਰੂਪ ਵਿੱਚ ਇਹ ਕਿਹਾ ਗਿਆ ਹੈ ਕਿ ਅਸੀਂ ਚੋਣਾਂ ਵਿੱਚ ਸਿੱਧੇ ਤੌਰ ਉੱਤੇ ਹਿੱਸਾ ਨਹੀਂ ਲਵਾਂਗੇ ਭਾਵ ਕਿ ਚੋਣਾਂ ਨਹੀਂ ਲੜਾਂਗੇ ਪਰ ਅਸੀਂ ਇੱਕ ਦਬਾਅ ਜੱਥੇ (ਪ੍ਰੈਸ਼ਰ ਗਰੁੱਪ) ਦਾ ਕੰਮ ਕਰਾਂਗੇ ਜਿਸ ਵਿੱਚ ਚੋਣਾਂ ਲੜਨ ਵਾਲੀਆਂ ਧਿਰਾਂ ਨੂੰ ਪੰਜਾਬ ਦੇ ਮੁੱਦਿਆਂ ਬਾਰੇ ਜਾਣੂ ਕਰਵਾਵਾਂਗੇ ਅਤੇ ਓਹਨਾ ਮੁੱਦਿਆਂ ਉੱਤੇ ਖੜ੍ਹਨ ਲਈ ਦਬਾਅ ਵੀ ਪਾਵਾਂਗੇ। ਇਸ ਤੋਂ ਪਹਿਲਾਂ ਸਤੰਬਰ ਮਹੀਨੇ ਦੇ ਅਖੀਰ ਵਿੱਚ ਦੀਪ ਸਿੱਧੂ ਵੱਲੋਂ 'ਵਾਰਿਸ ਪੰਜਾਬ ਦੇ' ਨਾਮੀ ਜਥੇਬੰਦੀ ਦਾ ਐਲਾਨ ਕੀਤਾ ਗਿਆ ਸੀ, ਜ਼ਿਕਰਯੋਗ ਹੈ ਕਿ ਸ਼ੰਭੂ ਬਾਰਡਰ ਉੱਤੇ ਪਿਛਲੇ ਸਾਲ ਲਗਾਏ ਗਏ ਮੋਰਚੇ ਤੋਂ ਲੈ ਕੇ ਲਗਾਤਾਰ ਦੀਪ ਸਿੱਧੂ ਵੱਲੋਂ ਵੀ ਇਹੀ ਗੱਲ ਰੱਖੀ ਜਾ ਰਹੀ ਹੈ ਕਿ ਚੋਣਾਂ ਲੜਨ ਵਾਲੀਆਂ ਧਿਰਾਂ ਦੇ ਨਾਲ ਨਾਲ ਸਮਾਜਿਕ ਧਿਰ ਦੀ ਵੀ ਬਹੁਤ ਲੋੜ ਹੈ ਜੋ ਚੋਣਾਂ ਵਿੱਚ ਹਿੱਸਾ ਨਾ ਲਵੇ ਬਲਕਿ ਮੁੱਦੇ ਤੈਅ ਕਰੇ ਅਤੇ ਸਿਆਸੀ ਪਾਰਟੀਆਂ ਨੂੰ ਓਹਨਾ ਮੁੱਦਿਆਂ ਉੱਤੇ ਖੜ੍ਹਨ ਲਈ ਦਬਾਅ ਪਾਏ। ਭਾਵੇਂ ਕੁਝ ਸੁਹਿਰਦ ਸੱਜਣ ਲਗਾਤਾਰ ਇਸ ਗੱਲ ਦੇ ਹਾਮੀ ਤੁਰੇ ਆ ਰਹੇ ਹਨ ਕਿ ਚੋਣਾਂ ਰਾਹੀਂ ਪੰਜਾਬ ਦੇ ਮਸਲਿਆਂ ਦਾ ਸੰਪੂਰਨ ਹੱਲ ਸੰਭਵ ਨਹੀਂ ਹੈ ਪਰ ਫਿਰ ਵੀ ਪੰਜਾਬ ਦੀ ਸਿਆਸਤ ਵਿੱਚ ਇਹ ਮੋੜਾ ਪੰਜਾਬ ਦਾ ਦਰਦ ਰੱਖਣ ਵਾਲਿਆਂ ਲਈ ਅਤੇ ਪੰਜਾਬ ਦੇ ਮਸਲਿਆਂ ਨੂੰ ਮਹਿਸੂਸ ਕਰਨ ਵਾਲਿਆਂ ਲਈ ਕੁਝ ਰਾਹਤ ਭਰਿਆ ਜਰੂਰ ਹੈ।

ਅਸਲ ਵਿੱਚ ਇਹ ਸਮੇਂ ਦੀ ਲੋੜ ਹੈ ਕਿ ਇਸ ਤਰ੍ਹਾਂ ਦੇ ਢਾਂਚੇ ਉਸਾਰੇ ਜਾਣ ਜਿਸ ਵਿਚ ਰਾਜਨੀਤੀ ਅਤੇ ਅਹੁਦੇਦਾਰੀਆਂ ਦੇ ਲਾਲਚ ਤੋਂ ਦੂਰ, ਤਿਆਗ ਵਾਲੇ ਮਨੁੱਖ ਜੋ ਸਰਬੱਤ ਦੇ ਭਲੇ ਦੀ ਗੱਲ ਕਰਨ, ਓਹਦੇ ਲਈ ਸੰਘਰਸ਼ ਕਰਨ, ਪੰਜਾਬ ਦੇ ਮਸਲੇ ਤੈਅ ਕਰਨ ਅਤੇ ਰਾਜਨੀਤਕ ਪਾਰਟੀਆਂ ‘ਤੇ ਓਹਨਾ ਮਸਲਿਆਂ ਉੱਤੇ ਸੰਘਰਸ਼ ਕਰਨ ਲਈ ਦਬਾਅ ਬਣਾਉਣ। ਪੰਜਾਬ ਵਿਚ ਹਾਲ ਹੀ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਦੀ ਉਦਾਹਰਣ ਬਹੁਤ ਮਿਸਾਲੀ ਹੈ, ਪਹਿਲੀ ਦਫ਼ਾ ਹੋਇਆ ਕਿ ਕਿਸਾਨ ਯੂਨੀਅਨਾਂ ਦੇ ਆਗੂ ਕੋਈ ਵੀ ਫੈਸਲਾ ਆਪਣੀ ਸੋਚ ਮੁਤਾਬਿਕ ਨਹੀਂ ਕਰ ਸਕੇ, ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਪੰਜਾਬ ਦੇ ਹੱਕਾਂ ਦੀ ਗੱਲ ਕਰ ਰਹੀਆਂ ਸਨ, ਗਾਉਣ ਵਾਲੇ ਅਤੇ ਫ਼ਿਲਮੀ ਅਦਾਕਾਰ ਆਪਣੀ ਲੀਹ ਤੋਂ ਹਟ ਕੇ ਸਿਰਫ ਪੰਜਾਬ ਦੀ ਗੱਲ ਕਰ ਰਹੇ ਸਨ, ਇਸ ਦਾ ਕਾਰਨ ਸਿਰਫ ਇਹ ਹੈ ਕਿ ਲੋਕ ਜਾਗੇ ਹੋਏ ਸਨ ਅਤੇ ਲੋਕਾਂ ਦਾ ਇਹਨਾਂ ਸਭ ਉੱਤੇ ਦਬਾਅ ਬਣਿਆ ਹੋਇਆ ਸੀ। ਇੰਨੀ ਵੱਡੀ ਮਾਤਰਾ ’ਚ ਲੋਕ ਹਮੇਸ਼ਾ ਹੀ ਸੰਘਰਸ਼ ’ਚ ਰਹਿਣ ਇਹ ਕਦੀ ਵੀ ਸੰਭਵ ਨਹੀਂ ਹੁੰਦਾ ਸੋ ਹੁਣ ਓਹਨਾ ਸਭ ਮਨੁੱਖਾਂ ਨੂੰ ਇਕੱਠੇ ਹੋਣਾ ਪੈਣਾ ਹੈ ਜੋ ਰਾਜਨੀਤਕ ਲਾਲਸਾ ਤੋਂ ਦੂਰ ਹਨ, ਸੰਘਰਸ਼ ਲਈ ਤਿਆਰ ਹਨ ਅਤੇ ਸਰਬੱਤ ਦੇ ਭਲੇ ਲਈ ਆਪਣਾ ਕੋਈ ਤਿਲ ਫੁੱਲ ਯੋਗਦਾਨ ਪਾਉਣ ਦੀ ਇੱਛਾ ਰੱਖਦੇ ਹਨ। ਪੰਜਾਬ ਵਿੱਚ ਖਿੱਤੇ ਅਨੁਸਾਰ ਭਾਵ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਵਿੱਚ ਇਹ ਜਥੇ ਬਣਾ ਕੇ ਸ਼ੁਰੂਆਤ ਕਰਨੀ ਚਾਹੀਦੀ ਹੈ ਜੋ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਅਤੇ ਇਸੇ ਤਰ੍ਹਾਂ ਵੱਖ ਵੱਖ ਵਿਸ਼ਿਆਂ ਦੇ ਮਾਹਰਾਂ ਦਾ ਆਪਣਾ ਆਪਣਾ ਜਥਾ ਵੀ ਹੋਵੇ ਜੋ ਓਹਨਾ ਵਿਸ਼ਿਆਂ ਤੇ ਕੇਂਦਰਿਤ ਰਹਿ ਕੇ ਸੰਘਰਸ਼ ਕਰਨ।

ਇਹਨਾਂ ਦੋਵੇਂ ਜਥੇਬੰਦੀਆਂ ਵਿੱਚੋਂ ਕੌਣ ਕਿੰਨਾ ਨਿਭ ਸਕੇਗਾ ਇਹ ਸਵਾਲ ਦਾ ਸਪਸ਼ਟ ਜਵਾਬ ਤਾਂ ਭਵਿੱਖ ਦੇ ਗਰਭ ਵਿੱਚ ਹੀ ਹੈ ਪਰ ਹਾਲ ਦੀ ਘੜੀ ਵੱਧ ਅਹਿਮ ਗੱਲ ਇਹ ਹੈ ਕਿ ਸਿਆਸੀ ਪਾਰਟੀਆਂ ਬਣਾਉਣ ਦੀ ਦੌੜ ਤੋਂ ਹਟ ਕੇ ਕੁਝ ਉੱਦਮ ਹੋਣੇ ਸ਼ੁਰੂ ਹੋ ਗਏ ਹਨ। ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਹਨਾ ਦੋਵੇਂ ਜਥੇਬੰਦੀਆਂ ਲਈ ਜਿੱਥੇ ਇੱਕ ਹਿੱਸਾ ਹੱਕ ਵਿੱਚ ਹੈ ਉੱਥੇ ਇੱਕ ਹਿੱਸਾ ਇਹਨਾਂ ਦੇ ਵਿਰੋਧ ਵਿੱਚ ਵੀ ਹੈ ਜਾਂ ਕਹਿ ਲਈਏ ਕਿ ਬੇਵਿਸ਼ਵਾਸੀ ਵਿੱਚ ਹੈ। ਉਹ ਵੀ ਆਪਣੀ ਥਾਂ ਠੀਕ ਹੋ ਸਕਦੇ ਹਨ ਪਰ ਇੱਥੇ ਮਸਲੇ ਨਾਲੋਂ ਵੱਧ ਅਹਿਮ ਇਹ ਗੱਲ ਹੈ ਕਿ ਘੱਟੋ-ਘੱਟ ਪੰਜਾਬ ਦੀ ਸਿਆਸਤ ਵਿੱਚ ਇਹ ਅਮਲੀ ਮੋੜਾ ਆਉਣਾ ਤਾਂ ਸ਼ੁਰੂ ਹੋਇਆ ਅਤੇ ਆਮ ਲੋਕਾਂ ਨੂੰ ਇਸ ਮੋੜੇ ਦੀ ਸਮਝ ਆਉਣੀ ਸ਼ੁਰੂ ਹੋ ਗਈ ਇਹ ਵੀ ਬਹੁਤ ਵੱਡੀ ਪ੍ਰਾਪਤੀ ਹੈ। ਭਵਿੱਖ ਵਿੱਚ ਗੁਰੂ ਪਾਤਿਸਾਹ ਮਿਹਰ ਕਰਨ ਕਿ ਇਸ ਤਰ੍ਹਾਂ ਦੇ ਮੋੜੇ ਨਾਲ ਪੰਜਾਬ ਦੇ ਜਿੰਨੇ ਕੁ ਮਸਲੇ ਹੱਲ ਹੋ ਸਕਦੇ ਹਨ ਉਹਨਾਂ ਵੱਲ ਕੋਈ ਸਾਰਥਿਕ ਕਦਮ ਅਮਲੀ ਤੌਰ ਉੱਤੇ ਹੋ ਸਕੇ। ਲੀਡਰ ਆਪਣੀ ਪਾਰਟੀ ਦੇ ਪ੍ਰਧਾਨ ਦੀ ਥਾਂ ਆਮ ਲੋਕਾਂ ਨੂੰ ਜਵਾਬਦੇਹ ਹੋ ਸਕਣ। ਹੋਣਾ ਕੀ ਹੈ ਇਹ ਸਮਾਂ ਅਤੇ ਹਲਾਤ ਤੈਅ ਕਰੇਗਾ ਪਰ ਇਹ ਬਦਲਾਅ ਇੱਕ ਚੰਗੀ ਸ਼ੁਰੂਆਤ ਵਜੋਂ ਵੇਖਿਆ ਜਾ ਸਕਦਾ ਹੈ।

# ਪੰਜਾਬ ਅਸੈਂਬਲੀ ਚੋਣਾਂ ਤੋਂ ਪਹਿਲਾਂ ਰਾਜਨੀਤਿਕ ਸਮੀਕਰਨ



**ਰਣਜੀਤ ਸਿੰਘ ਕੁਕੀ**

ਪੰਜਾਬ ਦੀ ਰਾਜਨੀਤੀ ਵਿਚ ਇਸ ਸਮੇਂ ਰਾਜਨੀਤਕ ਖਲਾਅ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਸ ਵਿਚ ਬਦਲਾਅ ਲੈ ਕੇ ਆਉਣ ਲਈ ਗਹਿਰੀ ਸੰਵੇਦਨਾ ਦੀ ਮੌਜੂਦਗੀ ਵੀ ਦੇਖੀ ਜਾ ਸਕਦੀ ਹੈ ਕਿਉਂਕਿ ਪੰਜਾਬ ਦੇ ਲੋਕ ਨਵੀ ਲੀਡਰਸ਼ਿਪ ਦੀ ਤਾਂਘ ਰੱਖਦੇ ਹਨ।ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਇਸ ਖਲਾਅ ਨੂੰ ਪੂਰਨ ਲਈ ਪੂਰੀ ਵਾਹ ਲਗਾ ਰਹੇ ਹਨ।ਆਉਣ ਵਾਲੀਆਂ ਚੋਣਾਂ ਬਾਦਲ-ਕੈਪਟਨ ਦੇ ਰਾਜਨੀਤਿਕ ਯੁੱਗ ਤੋਂ ਬਾਅਦ ਕਿਸੇ ਹੋਰ ਦੀ ਅਗਵਾਈ ਵਿਚ ਲੜੀਆਂ ਜਾਣ ਵਾਲੀਆਂ ਪਹਿਲੀਆਂ ਚੋਣਾਂ ਹਨ।

ਸੀ ਵੋਟਰ ਅਤੇ ਏਬੀਪੀ ਨਿਊਜ਼ ਦੁਆਰਾ ਕੀਤੇ ਸਰਵੇ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਚੰਨੀ ਇਸ ਸਮੇਂ ਕਾਂਗਰਸ ਦੀ ਜੋਰਦਾਰ ਵਾਪਸੀ ਲਈ ਕੋਸ਼ਿਸ਼ਾਂ ਕਰਦੇ ਨਜ਼ਰ ਆ ਰਹੇ ਹਨ।ਹਾਲਾਂਕਿ ਆਮ ਸਮਝ ਅਨੁਸਾਰ ਮੌਜੂਦਾ ਕਾਂਗਰਸ ਪਾਰਟੀ, ਸੂਬਾ ਸਰਕਾਰ ਅਤੇ ਕੇਂਦਰੀ ਲੀਡਰਸ਼ਿਪ ਪ੍ਰਤੀ ਸੰਤੁਸ਼ਟੀ ਦੀ ਦਰ ਨਾਕਾਰਾਤਮਕ ਜਿਆਦਾ ਨਜ਼ਰ ਆਉਂਦੀ ਹੈ।ਪਰ ਫਿਰ ਵੀ ਹਾਲੀਆ ਸਰਵੇ ਅਨੁਸਾਰ ਪਿਛਲੇ ਇਕ ਮਹੀਨੇ ਵਿਚ ਹੀ ਮੁੱਖ ਮੰਤਰੀ ਚੰਨੀ ਦੀ ਲੋਕਪ੍ਰਿਯਤਾ ਵਿਚ ਗਿਆਰਾਂ ਅੰਕਾਂ ਨਾਲ ਭਾਰੀ ਵਾਧਾ ਹੋਇਆ ਹੈ। ਸੀ ਵੋਟਰ ਸਰਵੇ ਅਨੁਸਾਰ ਵੀਹ ਪ੍ਰਤੀਸ਼ਤ ਲੋਕ ਚੰਨੀ ਨੂੰ ਮੁੱਖ ਮੰਤਰੀ ਦੇ ਰੂਪ ਵਿਚ ਦੇਖਣਾ ਚਾਹੁੰਦੇ ਸਨ ਜਿਨਾਂ ਦੀ ਗਿਣਤੀ ਵਧ ਕੇ ਇਕੱਤੀ ਪ੍ਰਤੀਸ਼ਤ ਹੋ ਗਈ ਹੈ ਜੋ ਕਿ ਆਪਣੇ ਵਿਰੋਧੀਆਂ ਅਤੇ ਪ੍ਰਤੀਦਵੰਦੀਆਂ ਤੋਂ ਕਾਫੀ ਅੱਗੇ ਹੈ। ਇਸ ਦੇ ਮੁਕਾਬਲੇ ਅਰਵਿੰਦ ਕੇਜਰੀਵਾਲ ਦੀ ਰੇਟਿੰਗ ਅਕਤੂਬਰ ਵਿਚ 22.2 ਪ੍ਰਤੀਸ਼ਤ ਤੋਂ ਘੱਟ ਕੇ 20.9 ਪ੍ਰਤੀਸ਼ਤ ਤੱਕ ਆ ਗਈ ਹੈ।ਸੁਖਬੀਰ ਬਾਦਲ ਦੀ ਇਸ ਸਮੇਂ ਸੀਮਿਤ ਲੋਕਪ੍ਰਿਯਤਾ ਹੈ, ਕਿਉਂਕਿ ਪੰਜਾਬ ਦੇ ਜ਼ਿਆਦਾਤਰ ਲੋਕ ਉਸ ਨੂੰ ਨਾਕਾਰਾਤਮਕ ਰੂਪ ਵਿਚ ਦੇਖ ਰਹੇ ਹਨ।ਅਕਾਲੀ ਪਾਰਟੀ ਆਪਣੇ ਮੁੱਖ ਅਕਾਲੀ ਸਮਰਥਕਾਂ ਤੋਂ ਪਰੇ ਆਪਣੀ ਪਹੁੰਚ ਬਣਾਉਣ ਵਿਚ ਨਾਕਾਮਯਾਬ ਰਹੀ ਹੈ। ਇਸ ਸਮੇਂ ਲੋਕਾਂ ਦਾ ਕਾਂਗਰਸ ਨਾਲੋਂ ਮੋਹ ਭੰਗ ਹੋਣ ਦੇ ਬਾਵਜੂਦ ਮੁੱਖ ਮੰਤਰੀ ਵਜੋਂ ਚੰਨੀ ਦਾ ਪੱਲੜਾ ਜਿਆਦਾ ਭਾਰੀ ਲੱਗ ਰਿਹਾ ਹੈ।

ਹਾਲੀਆ ਸਰਵੇ ਅਨੁਸਾਰ ਆਉਣ ਵਾਲੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਮੁੱਖ ਪ੍ਰਤੀਯੋਗੀ ਹੋਵੇਗੀ ਅਤੇ ਤ੍ਰਿਸ਼ੰਕੂ ਵਿਧਾਨ ਸਭਾ ਦੀ ਭਵਿੱਖਬਾਣੀ ਕੀਤੀ ਗਈ ਹੈ ਜਿਸ ਵਿਚ ਕਾਂਗਰਸ ਦੇ ਦੂਜੇ ਨੰਬਰ ਅਤੇ ਅਕਾਲੀ-ਬਸਪਾ ਗਠਜੋੜ ਦੇ ਤੀਜੇ ਨੰਬਰ ’ਤੇ ਰਹਿਣ ਦੀ ਸੰਭਾਵਨਾ ਹੈ।ਬੀਜੇਪੀ ਆਪਣੀ ਮਾਮੂਲੀ ਮੌਜੂਦਗੀ ਹੀ ਦਰਜ ਕਰਵਾ ਸਕਦੀ ਹੈ।ਸਰਵੇ ਅਨੁਸਾਰ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ 49 ਤੋਂ 55 ਸੀਟਾਂ ਪ੍ਰਾਪਤ ਹੋ ਸਕਦੀਆਂ ਹਨ ਜਦੋਂ ਕਿ ਕਾਂਗਰਸ ਪਾਰਟੀ 30 ਤੋਂ 47 ਸੀਟਾਂ ਪ੍ਰਾਪਤ ਕਰ ਸਕਦੀ ਹੈ। ਇਸ ਵਿਚ ਅਕਾਲੀ ਦਲ ਲਈ 17 ਤੋਂ 25 ਅਤੇ ਭਾਜਪਾ ਲਈ 0-1 ਸੀਟਾਂ ਦੀ ਭਵਿੱਖਬਾਣੀ ਕੀਤੀ ਗਈ ਹੈ।ਇਹ ਦੇਖਣਾ ਕਾਫੀ ਦਿਲਚਸਪ ਹੋਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਗੀ ਕਾਂਗਰਸ ਨੂੰ ਕਿਸ ਤਰਾਂ ਪ੍ਰਭਾਵਿਤ ਕਰਦੀ ਹੈ।ਇਸ ਬਾਰੇ ਅੰਦਾਜ਼ਾ ਕਾਂਗਰਸ ਦੁਆਰਾ ਆਪਣੇ ਉਮੀਦਵਾਰ ਘੋਸ਼ਿਤ ਕਰਨ ਤੋਂ ਵੀ ਲਗਾਇਆ ਜਾ ਸਕੇਗਾ।ਕੈਪਟਨ ਦੀ ਧਰਮ-ਨਿਰਪੱਖ ਛਵੀ ਹਿੰਦੂ ਵੋਟ ਬੈਂਕ ਨੂੰ ਪ੍ਰਭਾਵਿਤ ਕਰ ਸਕਦੀ ਹੈ। ਅਕਾਲੀ ਦਲ ਤੋਂ ਅਲੱਗ ਹੋਏ ਗਰੁੱਪ ਅਤੇ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਦੀ ਖੇਡ ਵਿਗਾੜਨ ਵਿਚ ਆਪਣਾ ਹਿੱਸਾ ਪਾ ਸਕਦੇ ਹਨ।ਆਮ ਆਦਮੀ ਪਾਰਟੀ ਤੋਂ ਭਾਰੀ ਉਮੀਦਾਂ ਦੇ ਬਾਵਜੂਦ ਅਜੇ ਤੱਕ ਮੁੱਖ ਮੰਤਰੀ ਦਾ ਚਿਹਰਾ ਨਾ ਐਲਾਨਿਆ ਜਾਣਾ ਉਨਾਂ ਦੇ ਵਿਰੁੱਧ ਭੁਗਤ ਸਕਦਾ ਹੈ। 2014 ਦੀਆਂ ਸੰਸਦੀ ਚੋਣਾਂ ਵਿਚ ਚੰਗੀ ਕਾਰਗੁਜ਼ਾਰੀ ਤੋਂ ਬਾਅਦ ਆਮ ਆਦਮੀ ਪਾਰਟੀ ਪੰਜਾਬ ਵਿਚ ਸੱਤਾ ਦੇ ਰੂਪ ਵਿਚ ਆਪਣੀ ਮਹੱਤਵਪੂਰਨ ਮੌਜੂਦਗੀ ਨਹੀਂ ਦਰਜ ਕਰਵਾ ਸਕੀ ਹੈ। ਇਹਨਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਵਾਪਸੀ ਕਰ ਸਕਦੀ ਹੈ।ਅਗਰ ਮੁਕਾਬਲਾ ਬਾਦਲ ਜਾਂ ਕੈਪਟਨ ਅਮਰਿੰਦਰ ਦੇ ਵਿਰੁੱਧ ਹੁੰਦਾ ਤਾਂ ਆਮ ਆਦਮੀ ਪਾਰਟੀ ਦਾ ਸੂਬਾ ਪ੍ਰਧਾਨ ਭਗਵੰਤ ਮਾਨ ਮੁੱਖ ਮੰਤਰੀ ਵਜੋਂ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਸੀ।ਪਰ ਕਾਂਗਰਸ ਦੁਆਰਾ ਚੰਨੀ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕਰਨ ਨੇ ਸਾਰੇ ਰਾਜਨੀਤਿਕ ਸਮੀਕਰਨ ਕੁਝ ਹੱਦ ਤੱਕ ਬਦਲ ਦਿੱਤੇ ਹਨ।ਮੁੱਖ ਮੰਤਰੀ ਚੰਨੀ ਦੇ ਦਲਿਤ ਅਤੇ ਆਮ ਪਿਛੋਕੜ ਨਾਲ ਸਬੰਧਤ ਹੋਣ ਅਤੇ ਦ੍ਰਿੜ ਸੁਭਾਅ ਨੇ ਲੋਕਾਂ ਨੂੰ ਉਸ ਨਾਲ ਜੋੜ ਦਿੱਤਾ ਹੈ।

ਚੰਨੀ ਨੇ ਕੈਪਟਨ ਦੁਆਰਾ ਲੋਕਾਂ ਵਿਚ ਪੈਦਾ ਹੋਈ ਬੇਗਾਨਗੀ ਦੀ ਭਾਵਨਾ ਨੂੰ ਵੀ ਘੱਟ ਕੀਤਾ ਹੈ ਕਿਉਂਕਿ ਉਸ ਨੂੰ ਆਮ ਹੀ ਲੋਕਾਂ ਨਾਲ ਘੁਲਦੇ-ਮਿਲਦੇ ਦੇਖਿਆ ਜਾ ਸਕਦਾ ਹੈ।ਪਰ ਕਾਂਗਰਸ ਪਾਰਟੀ ਅਜੇ ਵੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ, ਕਿਉਂਕਿ ਇਹ ਆਪਣੇ ਰਵਾਇਤੀ ਹਿੰਦੂ ਵੋਟ ਬੈਂਕ ਨੂੰ ਮਜਬੂਤ ਨਹੀਂ ਕਰ ਪਾਈ ਹੈ।ਇਸੇ ਰਵਾਇਤੀ ਹਿੰਦੂ ਵੋਟ ਬੈਂਕ ਨੇ 2017 ਦੀਆਂ ਚੋਣਾਂ ਵਿਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਸੀ।ਇਸ ਹਿੰਦੂ ਤਬਕੇ ਨੇ ਅਜੇ ਤੱਕ ਆਪਣੇ ਪੱਤੇ ਨਹੀਂ ਖੋਲੇ ਹਨ।ਆਮ ਆਦਮੀ ਪਾਰਟੀ ਦਾ ਮੁਖੀ ਅਰਵਿੰਦ ਕੇਜਰੀਵਾਲ ਵੀ ਇਸ ਹਿੰਦੂ ਤਬਕੇ ਦਾ ਸਮਰਥਨ ਪ੍ਰਾਪਤ ਕਰਨ ਲਈ ਪੁਰਜ਼ੋਰ ਕੋਸ਼ਿਸ਼ ਕਰ ਰਿਹਾ ਹੈ। ਅਕਾਲੀ-ਭਾਜਪਾ ਗਠਬੰਧਨ ਦੇ ਟੁੱਟਣ ਨਾਲ ਵੀ ਅਕਾਲੀ ਦਲ ਦੇ ਚੋਣ ਸਮੀਕਰਨਾਂ ਉੱਪਰ ਇਸ ਦਾ ਪ੍ਰਭਾਵ ਪਵੇਗਾ।

ਆਉਣ ਵਾਲੀਆਂ ਚੋਣਾਂ ਵਿਚ ਇਹ ਦੇਖਣਾ ਕਾਫੀ ਦਿਲਚਸਪ ਹੋਵੇਗਾ ਕਿ ਕਿਸਾਨੀ ਲੀਡਰਸ਼ਿਪ ਇਸ ਵਿਚ ਕੀ ਰੋਲ ਅਦਾ ਕਰਦੀ ਹੈ, ਕਿਉਂਕਿ ਅੰਦੋਲਨ ਦੀ ਜਿੱਤ ਤੋਂ ਬਾਅਦ ਉਹ ਦਿੱਲੀ ਦੀਆਂ ਬਰੂਹਾਂ ਤੋਂ ਵਾਪਿਸ ਪੰਜਾਬ ਆ ਚੁੱਕੇ ਹਨ।ਕਿਸਾਨ ਅੰਦੋਲਨ ਦਾ ਹੁਣ ਤੱਕ ਮੁੱਖ ਪ੍ਰਭਾਵ ਇਹ ਰਿਹਾ ਹੈ ਕਿ ਇਸ ਨੇ ਭਾਜਪਾ ਨੂੰ ਹਾਸ਼ੀਏ ’ਤੇ ਕਰ ਦਿੱਤਾ ਹੈ, ਕਿਉਂਕਿ ਖੇਤੀ ਕਾਨੂੰਨਾਂ ਨੂੰ ਲਾਗੂ ਕਰਨ ਕਰਕੇ ਲੋਕਾਂ ਦੇ ਵਿਰੋਧ ਦਾ ਸਾਹਮਣਾ ਪਾਰਟੀ ਨੂੰ ਕਰਨਾ ਪਿਆ ਹੈ।ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚ ਚੋਣਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਖੇਤੀ ਕਾਨੂੰਨਾਂ ਦੀ ਵਾਪਸੀ ਤੋਂ ਬਾਅਦ ਭਾਜਪਾ ਪਿਛਲੇ ਇਕ ਸਾਲ ਦੌਰਾਨ ਪੈਦਾ ਹੋਏ ਲੋਕਾਂ ਦੇ ਵਿਰੋਧ ਨੂੰ ਵੀ ਘੱਟ ਕਰਨਾ ਚਾਹੁੰਦੀ ਹੈ।ਇਸੇ ਦੀ ਰੋਸ਼ਨੀ ਵਿਚ ਅਕਾਲੀਆਂ ਦੇ ਸਹਿਯੋਗੀ ਮਨਜਿੰਦਰ ਸਿੰਘ ਸਿਰਸਾ ਨੂੰ ਭਾਜਪਾ ਵਿਚ ਸ਼ਾਮਿਲ ਕੀਤੇ ਜਾਣਾ ਧਿਆਨ ਖਿੱਚਦਾ ਹੈ। ਰਾਜਨੀਤਿਕ ਨੇਤਾ ਵਿਚਾਰਧਾਰਕ ਦੀਵਾਲੀਆਪਣ ਦੇ ਸ਼ਿਕਾਰ ਹੋ ਚੁੱਕੇ ਹਨ।ਸਿਰਸਾ ਦੁਆਰਾ ਅਚਾਨਕ ਹੀ ਭਾਜਪਾ ਵਿਚ ਚਲੇ ਜਾਣਾ ਇਸੇ ਦੀ ਨਿਸ਼ਾਨਦੇਹੀ ਕਰਦਾ ਹੈ।ਇਸੇ ਸਿਰਸਾ ਨੇ 2020 ਦੀਆਂ ਦਿੱਲੀ ਅਸੈਂਬਲੀ ਦੀਆਂ ਚੋਣਾਂ ਭਾਜਪਾ ਦੁਆਰਾ ਪੇਸ਼ ਕੀਤੇ ਨਾਗਰਿਕਤਾ ਸੋਧ ਕਾਨੂੰਨ ਦੇ ਮੁਦੇ ’ਤੇ ਮਤਭੇਦ ਨੂੰ ਮੁੱਖ ਬਣਾ ਕੇ ਹੀ ਲੜੀਆਂ ਗਈਆਂ ਸਨ।ਸਿਰਸਾ ਨੇ ਕਿਹਾ ਸੀ, ‘ਸਾਡਾ ਸਟੈਂਡ ਬਿਲਕੁਲ ਸਪੱਸ਼ਟ ਹੈ ਕਿ ਦੇਸ਼ ਨੂੰ ਧਰਮ ਦੇ ਅਧਾਰ ਤੇ ਨਹੀਂ ਵੰਡਿਆ ਜਾ ਸਕਦਾ।’ ਸਿਰਸਾ ਨੂੰ ਆਪਣੇ ਵਿਚ ਸ਼ਾਮਿਲ ਕਰਕੇ ਭਾਜਪਾ ਇਕ ਪੱਥਰ ਨਾਲ ਦੋ ਸ਼ਿਕਾਰ ਕਰਨਾ ਚਾਹੁੰਦੀ ਹੈ।ਉਹ ਕਿਸਾਨੀ ਅੰਦੋਲਨ ਦੇ ਸਮਰਥੱਕ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਕੇ ਕਿਸਾਨਾਂ ਦਾ ਭਰੋਸਾ ਜਿੱਤਣਾ ਚਾਹੁੰਦੀ ਹੈ। ਸਿਰਸਾ ਖੇਤੀ ਕਾਨੂੰਨਾਂ ਦਾ ਪ੍ਰਮੁੱਖ ਆਲੋਚਕ ਰਿਹਾ ਹੈ ਅਤੇ ਸਿੰਘੂ, ਟਿੱਕਰੀ ਅਤੇ ਗਾਜ਼ੀਪੁਰ ਸਰਹੱਦਾਂ ਉੱਪਰ ਲੰਗਰ ਲਗਾਉਣ ਵਿਚ ਉਸ ਨੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ।ਭਾਜਪਾ ਦੇ ਘੇਰੇ ਵਿਚ ਆਪਣੀ ਰਾਜਨੀਤਿਕ ਭਰੋਸੇਯੋਗਤਾ ਨੂੰ ਵਧਾਉਣ ਲਈ ਉਸ ਨੇ 26 ਜਨਵਰੀ ਦੀ ਕਥਿਤ ਹਿੰਸਾ ਸਮੇਂ ਗ੍ਰਿਫਤਾਰ ਹੋਏ ਕਿਸਾਨਾਂ ਦੀ ਮਦਦ ਵੀ ਕੀਤੀ।ਖੇਤੀ ਕਾਨੂੰਨਾਂ ਦੇ ਵਿਰੋਧ ਤੋਂ ਬਾਅਦ ਭਾਜਪਾ ਦਾ ਗੇਮ ਪਲਾਨ ਸਿਰਸਾ ਰਾਹੀ ਸਿੱਖ ਭਾਈਚਾਰੇ ਵਿਚ ਆਪਣੇ ਪ੍ਰਤੀ ਮੁੜ ਵਿਸ਼ਵਾਸ ਜਗਾਉਣਾ ਹੈ।

ਗੁਰੂ ਨਾਨਕ ਦੇਵ ਜੀ ਦੀ ਜਨਮਭੂਮੀ ਕਰਤਾਰਪੁਰ ਸਾਹਿਬ ਜਾਣ ਲਈ ਕੋਰੀਡੋਰ ਮੁੜ ਖੋਲਣਾ ਵੀ ਭਾਜਪਾ ਦੀ ਰਣਨੀਤੀ ਦਾ ਹੀ ਹਿੱਸਾ ਹੈ ਕਿਉਂਕਿ ਪੰਜਾਬ ਵਿਚ ਸਰਕਾਰ ਬਣਾਉਣ ਲਈ ਸਿੱਖਾਂ ਦਾ ਸਮਰਥਨ ਹੋਣਾ ਬਹੁਤ ਜ਼ਰੂਰੀ ਹੈ।ਸਿਰਸਾ ਤੋਂ ਬਾਅਦ ਭਾਜਪਾ ਕੈਪਟਨ ਅਮਰਿੰਦਰ ਸਿੰਘ ਨਾਲ ਸਹਿਯੋਗ ਕਰਨ ਲਈ ਵੀ ਤਿਆਰ ਹੈ।ਕੈਪਟਨ ਨੇ ਇਹ ਪਹਿਲਾਂ ਹੀ ਐਲਾਨ ਕਰ ਦਿੱਤਾ ਹੈ ਕਿ ਉਹ ਅਕਾਲੀ ਦਲ ਤੋਂ ਅਲੱਗ ਹੋਏ ਨੇਤਾਵਾਂ ਨਾਲ ਵੀ ਗੱਲਬਾਤ ਕਰਨ ਲਈ ਤਿਆਰ ਹੈ ਜਿਸ ਵਿਚ ਸੁਖਦੇਵ ਸਿੰਘ ਢੀਂਡਸਾ ਦਾ ਨਾਂ ਮੁੱਖ ਰੂਪ ਵਿਚ ਸਾਹਮਣੇ ਆਉਂਦਾ ਹੈ।ਸਿਰਸਾ ਦੁਆਰਾ ਭਾਜਪਾ ਵਿਚ ਸ਼ਾਮਿਲ ਹੋਣ ਤੋਂ ਬਾਅਦ ਪਾਰਟੀ ਦੁਆਰਾ ਇਹ ਸੰਕੇਤ ਦਿੱਤੇ ਗਏ ਕਿ ਹੋਰ ਸਿੱਖ ਨੇਤਾ ਵੀ ਪਾਰਟੀ ਵਿਚ ਆਉਣ ਲਈ ਤਿਆਰ ਹਨ।ਇਸ ਦੀ ਝਲਕ ਉਦੋਂ ਦੇਖਣ ਨੂੰ ਮਿਲੀ ਜਦੋਂ ਸਾਬਕਾ ਡੀਜੀਪੀ ਸਰਬਜੀਤ ਸਿੰਘ ਵਿਰਕ ਅਤੇ ਸਾਬਕਾ ਅਕਾਲੀ ਨੇਤਾ ਸਰਬਜੀਤ ਸਿੰਘ ਮੱਕੜ ਵੀ ਭਾਜਪਾ ਵਿਚ ਸ਼ਾਮਿਲ ਹੋ ਗਏ।

ਅਸਲ ਵਿਚ ਇਨਾਂ ਕਥਿਤ ਸਿੱਖ ਨੇਤਾਵਾਂ ਦਾ ਸਿੱਖ ਵੋਟਰਾਂ ਵਿਚ ਕੋਈ ਅਧਾਰ ਨਹੀਂ ਹੈ।ਆਪੂ-ਘੋਸ਼ਿਤ ਸਿੱਖ ਨੇਤਾਵਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨਾ ਭਾਜਪਾ ਨੂੰ ਪਿੰਡਾਂ ਵਿਚ ਚੋਣ ਪ੍ਰਚਾਰ ਕਰਨ ਲਈ ਕੁਝ ਸਪੇਸ ਪ੍ਰਦਾਨ ਕਰ ਸਕਦਾ ਹੈ, ਕਿਉਂਕਿ ਭਾਜਪਾ ਪਿਛਲੇ ਸਮੇਂ ਤੋਂ ਹੀ ਸਿੱਖ ਚਿਹਰਿਆਂ ਦੀ ਭਾਲ ਵਿਚ ਸੀ। ਪਹਿਲਾਂ ਉਨਾਂ ਨੇ ਅਕਾਲੀ ਦਲ ਨਾਲ ਗਠਜੋੜ ਕੀਤਾ ਸੀ।ਹੁਣ ਉਨਾਂ ਨੇ ਸਿਰਸਾ ਨੂੰ ਪਾਰਟੀ ਵਿਚ ਸ਼ਾਮਿਲ ਕੀਤਾ ਹੈ। ਆਉਣ ਵਾਲੇ ਸਮੇਂ ਵਿਚ ਕੁਝ ਹੋਰ ਨੇਤਾ ਵੀ ਭਾਜਪਾ ਵਿਚ ਸ਼ਾਮਿਲ ਹੋ ਸਕਦੇ ਹਨ ਕਿਉਂਕਿ ਉਨਾਂ ਦਾ ਕੋਈ ਰਾਜਨੀਤਿਕ ਅਧਾਰ ਨਹੀਂ ਹੈ। ਪਰ ਇਸ ਤਰਾਂ ਨੇਤਾਵਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨਾ ਭਾਜਪਾ ਦੁਆਰਾ ਆਪਣੀ ਛਵੀ ਸੁਧਾਰਨ ਦੀ ਕੋਸ਼ਿਸ਼ ਹੈ ਕਿ ਉਹ ਪੰਜਾਬ ਵਿਚ ਹਾਸ਼ੀਏ ’ਤੇ ਨਹੀਂ ਹਨ। ਅਮਰਿੰਦਰ ਸਿੰਘ ਅਤੇ ਹੋਰ ਅਕਾਲੀ ਗਰੁੱਪਾਂ ਨਾਲ ਗਠਬੰਧਨ ਨੂੰ ਇਸੇ ਦੀ ਰੋਸ਼ਨੀ ਵਿਚ ਦੇਖਿਆ ਜਾਣਾ ਚਾਹੀਦਾ ਹੈ।ਇਹ ਮਹਿਜ਼ ਪ੍ਰਤੀਕ ਹੀ ਹੈ। ਇਸ ਗੱਲ ਦੇ ਪੁਖਤਾ ਸਬੂਤ ਮਿਲਦੇ ਹਨ ਕਿ ਸਿੱਖ ਵੋਟਰਾਂ ਵਿਚ ਕਦੇ ਵੀ ਭਾਜਪਾ ਦੀ ਪ੍ਰਧਾਨਤਾ ਨਹੀਂ ਰਹੀ ਹੈ।ਕੁਝ ਕੁ ਸਿੱਖ ਚਿਹਰਿਆਂ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਨਾਲ ਰਾਤੋਂ-ਰਾਤ ਰਾਜਨੀਤਿਕ ਸਮੀਕਰਨ ਨਹੀਂ ਬਦਲਣਗੇ, ਕਿਉਂਕਿ ਆਮ ਲੋਕ ਇਹ ਸਮਝ ਚੁੱਕੇ ਹਨ ਕਿ ਚੋਣਾਂ ਤੋਂ ਪਹਿਲਾਂ ਪਾਰਟੀ ਬਦਲਣਾ ਨੇਤਾਵਾਂ ਲਈ ਆਮ ਹੋ ਚੁੱਕਿਆ ਹੈ। ਸਿਰਸਾ ਦੁਆਰਾ ਭਾਜਪਾ ਵਿਚ ਸ਼ਾਮਿਲ ਹੋਣਾ ਅਕਾਲੀ ਦਲ ਲਈ ਮਨੋਵਿਗਿਆਨਕ ਧੱਕਾ ਹੋ ਸਕਦਾ ਹੈ ਕਿਉਂਕਿ ਉਹ ਕਿਸਾਨ ਅੰਦੋਲਨ ਸਮੇਂ ਪਾਰਟੀ ਦਾ ਸਰਗਰਮ ਚਿਹਰਾ ਰਿਹਾ ਹੈ, ਪਰ ਇਸ ਦਾ ਪੰਜਾਬ ਦੀ ਰਾਜਨੀਤੀ ਉੱਪਰ ਕੋਈ ਜਿਆਦਾ ਪ੍ਰਭਾਵ ਨਹੀਂ ਪੈਣ ਲੱਗਿਆ, ਕਿਉਂਕਿ ਉਸ ਦਾ ਪੰਜਾਬ ਵਿਚ ਕੋਈ ਅਧਾਰ ਨਹੀਂ ਹੈ।ਉਹ ਦਿੱਲੀ ਅਧਾਰਿਤ ਨੇਤਾ ਹੈ।

ਪੰਜਾਬ ਵਿਚ ਦਲਿਤਾਂ ਵੋਟਰਾਂ ਦੀ ਅਬਾਦੀ 32 ਪ੍ਰਤੀਸ਼ਤ ਹੈ। 2022 ਦੀਆਂ ਚੋਣਾਂ ਤੋਂ ਪਹਿਲਾਂ ਸਾਰੀਆਂ ਪਾਰਟੀਆਂ ਹੀ ਉਨਾਂ ਦੀਆਂ ਵੋਟਾਂ ਬਟੋਰਨ ਦੀ ਕੋਸ਼ਿਸ਼ ਵਿਚ ਹਨ।

ਬਾਕੀ ਸਫ਼ਾ 30 ’ਤੇ

# ਮੋਦੀ ਤੇ ਕਿਸਾਨਾਂ ਦੀ ਜੰਗ; ਕੌਣ ਜਿੱਤਿਆ, ਕੌਣ ਹਾਰਿਆ ?

**ਲੋਕ ਮਿਤਰ**

ਦਿੱਲੀ ਦੀਆਂ ਸਰਹੱਦਾਂ 'ਤੇ ਡੇਰੇ ਲਾਉਣ ਵਾਲੇ ਦਿਨ ਤੋਂ ਜੇਕਰ ਗਿਣਤੀ ਕਰੀਏ ਤਾਂ 379 ਦਿਨਾਂ ਤੋਂ ਬਾਅਦ 9 ਦਸੰਬਰ ਨੂੰ ਕਰੀਬ ਇਕ ਵਜੇ ਸੰਯੁਕਤ ਕਿਸਾਨ ਮੋਰਚਾ ਨੇ ਕਿਸਾਨ ਅੰਦੋਲਨ ਖ਼ਤਮ ਕੀਤੇ ਜਾਣ ਦਾ ਐਲਾਨ ਕੀਤਾ। ਇਸ ਐਲਾਨ ਮੁਤਾਬਿਕ 11 ਦਸੰਬਰ, 2021 ਤੋਂ ਰਾਜਧਾਨੀ ਦਿੱਲੀ ਦੀਆਂ ਚਾਰ ਵੱਖ-ਵੱਖ ਸਰਹੱਦਾਂ 'ਤੇ ਅੰਦੋਲਨ ਵਿਚ ਬੈਠੇ ਕਿਸਾਨਾਂ ਨੇ ਆਪਣੇ ਘਰ ਜਾਣਾ ਸ਼ੁਰੂ ਕਰ ਦੇਣਾ ਸੀ। ਪੰਜਾਬ ਦੇ ਕਿਸਾਨ ਦਿੱਲੀ ਤੋਂ ਸਿੱਧੇ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਅੰਮ੍ਰਿਤਸਰ ਵਿਖੇ ਪਹੁੰਚਣਗੇ ਅਤੇ ਉਥੋਂ ਅਰਦਾਸ ਕਰਕੇ ਆਪੋ-ਆਪਣੇ ਘਰਾਂ ਨੂੰ ਜਾਣਗੇ ਜਦਕਿ ਦੂਜੇ ਸੂਬਿਆਂ ਨੂੰ ਜਾਣ ਵਾਲੇ ਕਿਸਾਨਾਂ ਨੇ 11 ਦਸੰਬਰ ਤੋਂ ਬਾਅਦ ਆਪਣੇ ਘਰਾਂ ਨੂੰ ਚੱਲ ਪੈਣਾ ਸੀ। 15 ਦਸੰਬਰ, 2021 ਤੋਂ ਬਾਅਦ ਤਿੰਨ ਖੇਤੀ ਕਾਨੂੰਨਾਂ ਲੈ ਕੇ ਸ਼ੁਰੂ ਹੋਇਆ ਕਿਸਾਨਾਂ ਦਾ ਭਾਰਤ ਭਰ ਵਿਚ ਅੰਦੋਲਨ ਹਰ ਜਗ੍ਹਾ ਤੋਂ ਖ਼ਤਮ ਹੋ ਜਾਵੇਗਾ ਪਰ ਸੰਯੁਕਤ ਕਿਸਾਨ ਮੋਰਚੇ ਵਿਚ ਸ਼ਾਮਿਲ ਨਾ ਸਿਰਫ਼ 400 ਵੱਧ ਸੰਗਠਨਾਂ ਵਿਚੋਂ ਕਈ ਸੰਗਠਨਾਂ ਨੇ ਵੱਖ-ਵੱਖ ਤੌਰ 'ਤੇ ਸਗੋਂ ਕਿਸਾਨ ਸੰਯੁਕਤ ਮੋਰਚਾ ਦੇ ਪ੍ਰਤੀਨਿਧੀ ਬਲਬੀਰ ਸਿੰਘ ਰਾਜੇਵਾਲ ਨੇ ਵੀ ਜ਼ੋਰ ਦੇ ਕੇ ਕਿਹਾ ਹੈ ਕਿ ਅੰਦੋਲਨ ਖ਼ਤਮ ਨਹੀਂ ਹੋ ਰਿਹਾ ਸਗੋਂ ਮੁਲਤਵੀ ਹੋ ਰਿਹਾ ਹੈ। ਅਸੀਂ ਆਉਣ ਵਾਲੀ 15 ਜਨਵਰੀ, 2022 ਤਰੀਕ ਨੂੰ ਅੰਦੋਲਨ ਦੇ ਸਬੰਧ ਵਿਚ ਇਕ ਸਮੀਖਿਆ ਬੈਠਕ ਕਰਾਂਗੇ, ਜੇਕਰ ਸਾਨੂੰ ਲੱਗੇਗਾ ਕਿ ਸਰਕਾਰ ਨੇ ਜਿਨਾਂ ਮੰਗਾਂ ਨੂੰ ਮੰਨ ਲੈਣ ਦਾ ਹਮੇਸ਼ਾ ਵਾਅਦਾ ਕੀਤਾ ਹੈ, ਜੇਕਰ ਉਨਾਂ ਮੰਗਾਂ ਨੂੰ ਮੰਨਣ ਵਿਚ ਟਾਲ-ਮਟੋਲ ਕਰਦੀ ਹੈ ਤਾਂ ਫਿਰ ਤੋਂ ਇਹ ਅੰਦੋਲਨ ਸ਼ੁਰੂ ਹੋ ਜਾਵੇਗਾ।

ਦੱਸਣਯੋਗ ਹੈ ਕਿ 19 ਨਵੰਬਰ, 2021 ਨੂੰ ਜਦੋਂ ਆਪਣੀ ਵੱਖਰੀ ਸ਼ੈਲੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਵੇਰੇ 9 ਵਜੇ ਦੇਸ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਖੇਤੀ ਸਬੰਧੀ ਬਣਾਏ ਗਏ ਤਿੰਨਾਂ ਕਾਨੂੰਨਾਂ ਨੂੰ ਬਿਨਾਂ ਸ਼ਰਤ ਵਾਪਸ ਲੈ ਰਹੇ ਹਾਂ, ਤਾਂ ਕਈ ਮਾਹਿਰਾਂ ਦਾ ਮੰਨਣਾ ਸੀ ਕਿ ਹੁਣ ਕਿਸਾਨ ਅੰਦੋਲਨ ਨੂੰ ਜਾਰੀ ਰੱਖਣ ਦਾ ਕੋਈ ਕਾਰਨ ਬਾਕੀ ਨਹੀਂ ਹੈ। ਪਰ ਕਿਸਾਨ ਜਾਣਦੇ ਸਨ ਕਿ ਬਣਾਏ ਗਏ ਤਿੰਨਾਂ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਇਹ ਅੰਦੋਲਨ ਨਹੀਂ ਸੀ, ਹਾਲਾਂਕਿ ਇਹ ਕਿਸਾਨਾਂ ਦੀ ਇਹ ਪਹਿਲੀ ਮੰਗ ਸੀ ਕਿ ਇਨਾਂ ਤਿੰਨਾਂ ਕਾਲੇ ਖੇਤੀ ਕਾਨੂੰਨਾਂ ਨੂੰ ਬਿਨਾਂ ਕਿਸੇ ਸ਼ਰਤ ਦੇ ਤੁਰੰਤ ਰੱਦ ਕੀਤਾ ਜਾਵੇ। ਇਨਾਂ ਵਿਚ ਪਹਿਲਾ ਕਾਨੂੰਨ ਸੀ ਖੇਤੀ ਉਤਪਾਦਨ, ਵਪਾਰ ਅਤੇ ਵਣਜ (ਸਰਵ ਧਨ ਅਤੇ ਸੁਵਿਧਾ) ਬਿੱਲ-2020, ਦੂਸਰਾ ਸੀ ਕਿਸਾਨ (ਸਸ਼ਕਤੀਕਰਨ ਅਤੇ ਸੁਰੱਖਿਆ) ਮੁੱਲ ਭਰੋਸੇਯੋਗਤਾ ਅਤੇ ਖੇਤੀ ਸੇਵਾ ਅਤੇ ਕਰਾਰ ਬਿੱਲ-2020 ਅਤੇ ਤੀਜਾ ਸੀ ਜ਼ਰੂਰੀ ਵਸਤੂ ਸੋਧ ਬਿੱਲ-2020 ਦੱਸਣਯੋਗ ਹੈ ਕਿ ਇਹ ਤਿੰਨੋ ਕਾਨੂੰਨ 17 ਸਤੰਬਰ, 2020 ਨੂੰ ਸੰਸਦ ਵਿਚ ਪਾਸ ਹੋਏ। ਕਿਸਾਨ ਇਨਾਂ ਕਾਲੇ ਖੇਤੀ ਕਾਨੂੰਨਾਂ ਨੂੰ ਬਿਨਾਂ ਕਿਸੇ ਬਹਿਸ ਦੇ ਖ਼ਤਮ ਕਰਨ ਦੀ ਆਪਣੀ ਮੰਗ 'ਤੇ ਅੜੇ ਹੋਏ ਸਨ, ਨਾਲ ਹੀ ਉਨਾਂ ਦਾ ਇਹ ਵੀ ਕਹਿਣਾ ਸੀ ਕਿ ਇਨਾਂ ਕਾਲੇ ਖੇਤੀ ਕਾਨੂੰਨਾਂ ਨੂੰ ਖ਼ਤਮ ਕਰ ਦੇਣ ਨਾਲ ਉਹ




ਅੰਦੋਲਨ ਖ਼ਤਮ ਨਹੀਂ ਕਰਨਗੇ।

ਦਰਅਸਲ ਪਿਛਲੇ ਸਾਲ ਤਿੰਨ ਕਾਲੇ ਖੇਤੀ ਕਾਨੂੰਨਾਂ ਦੀ ਬਿਪਤਾ ਤਤਕਾਲੀ ਤੌਰ 'ਤੇ ਕਿਸਾਨਾਂ 'ਤੇ ਪਈ ਸੀ। ਹਕੀਕਤ ਇਹ ਵੀ ਸੀ ਕਿ ਕਿਸਾਨ ਆਪਣੀਆਂ ਇਕ ਦਰਜਨ ਤੋਂ ਜ਼ਿਆਦਾ ਸਮੱਸਿਆਵਾਂ ਨੂੰ ਲੈ ਕੇ ਪਹਿਲਾਂ ਤੋਂ ਹੀ ਪੂਰੇ ਦੇਸ਼ ਵਿਚ ਅੰਦੋਲਨ ਕਰ ਰਹੇ ਸਨ। ਇਨਾਂ ਕਾਲੇ ਖੇਤੀ ਕਾਨੂੰਨਾਂ ਨੇ ਤਾਂ ਇਸ ਅੰਦੋਲਨ ਦੀ ਅੱਗ ਵਿਚ ਘਿਓ ਪਾਉਣ ਦਾ ਕੰਮ ਕੀਤਾ ਸੀ, ਜਦੋਂ ਮੌਜੂਦਾ ਕੇਂਦਰ ਸਰਕਾਰ ਨੇ ਕੋਰੋਨਾ ਸਮੇਂ ਤਾਲਾਬੰਦੀ ਦੇ ਚਲਦਿਆਂ ਸੰਸਦ ਦਾ ਇਜਲਾਸ ਰੱਦ ਕਰ ਦਿੱਤਾ ਸੀ ਅਤੇ ਇਨਾਂ ਤਿੰਨ ਖੇਤੀ ਕਾਨੂੰਨਾਂ ਨੂੰ ਆਰਡੀਨੈਂਸ ਰਾਹੀਂ ਪਾਸ ਕਰਵਾ ਲਿਆ ਗਿਆ ਸੀ। ਕਿਸਾਨਾਂ ਨੂੰ ਸ਼ਾਇਦ ਅਜਿਹੀ ਕਿਸੇ ਚਲਾਕੀ ਦੀ ਪਹਿਲਾਂ ਹੀ ਭਿਣਕ ਸੀ, ਇਸ ਲਈ ਤਿੰਨਾਂ ਖੇਤੀ ਕਾਨੂੰਨਾਂ ਲਈ ਆਰਡੀਨੈਂਸ ਜਾਰੀ ਹੋਣ ਦੇ ਨਾਲ ਹੀ ਪੰਜਾਬ ਅਤੇ ਹਰਿਆਣਾ ਵਿਚ ਕਿਸਾਨਾਂ ਨੇ ਆਪਣਾ ਜ਼ਬਰਦਸਤ ਅੰਦੋਲਨ ਸ਼ੁਰੂ ਕਰ ਦਿੱਤਾ, ਕਿਉਂਕਿ ਇਸ ਦੌਰਾਨ ਜਨਤਕ ਤੌਰ 'ਤੇ ਇਕੱਠੇ ਹੋਣ ਦੀ ਕੋਰੋਨਾ ਨਿਯਮਾਂ ਦੇ ਚਲਦਿਆਂ ਮਨਾਹੀ ਸੀ, ਇਸ ਲਈ ਕਿਸਾਨਾਂ ਨੇ ਖ਼ਾਸ ਕਰਕੇ ਪੰਜਾਬ ਵਿਚ ਆਪਣੇ ਘਰਾਂ ਦੀਆਂ ਛੱਤਾਂ 'ਤੇ ਖੜ੍ਹੇ ਹੋ ਕੇ ਥਾਲੀਆਂ, ਡੱਬੇ, ਭਾਂਡੇ ਅਤੇ ਹੋਰ ਚੀਜ਼ਾਂ ਨੂੰ ਵਜਾ ਕੇ ਸਰਕਾਰ ਦੇ ਕੰਨਾਂ ਤੱਕ ਆਪਣੀ ਆਵਾਜ਼ ਪਹੁੰਚਾਉਣ ਦੀ ਕੋਸ਼ਿਸ਼ ਕੀਤੀ।

ਪਰ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਇਕ ਨਾ ਸੁਣੀ। ਮਜਬੂਰਨ ਪੰਜਾਬ ਅਤੇ ਹਰਿਆਣਾ ਵਿਚ ਕਿਸਾਨਾਂ ਨੇ 9 ਅਗਸਤ, 2020 ਤੋਂ ਹੀ ਇਹ ਅੰਦੋਲਨ ਸ਼ੁਰੂ ਕਰ ਦਿੱਤਾ, ਜੋ ਬਾਅਦ ਵਿਚ 30 ਨਵੰਬਰ, 2020 ਨੂੰ ਦਿੱਲੀ ਦੀਆਂ ਵੱਖ-ਵੱਖ ਸਰਹੱਦਾਂ 'ਤੇ ਪਹੁੰਚ ਗਿਆ। ਜੇਕਰ ਸਰਕਾਰ ਨੇ ਕਿਸਾਨਾਂ ਦੀ ਮੰਗ 'ਤੇ ਸੰਵੇਦਨਸ਼ੀਲਤਾ ਨਾਲ ਅਗਸਤ, 2020 ਵਿਚ ਹੀ ਧਿਆਨ ਦੇ ਦਿੱਤਾ ਹੁੰਦਾ ਤਾਂ ਕਿਸਾਨਾਂ ਨੂੰ ਦਿੱਲੀ ਤੱਕ ਆਉਣਾ ਹੀ ਨਾ ਪੈਂਦਾ। ਪਰ ਇਹ ਗੱਲ ਵੀ ਸਹੀ ਹੈ ਕਿ ਕਿਸਾਨ ਦਿੱਲੀ ਤੱਕ ਇਨਾਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਹੀ ਨਹੀਂ ਸਨ ਗਏ, ਹਾਲਾਂਕਿ ਉਨਾਂ ਦੇ ਏਜੰਡੇ ਵਿਚ ਇਹ ਤਿੰਨੋਂ ਖੇਤੀ ਕਾਲੇ ਕਾਨੂੰਨ ਪਹਿਲੇ ਦਰਜੇ 'ਤੇ ਦਰਜ ਸਨ। ਪਰ ਇਨਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਦੇ ਨਾਲ-ਨਾਲ ਉਨਾਂ ਦੀਆਂ ਹੋਰ ਵੀ ਕਈ ਮੰਗਾਂ ਸਨ, ਜਿਨਾਂ 'ਤੇ ਸਮਝੌਤੇ ਤੋਂ ਬਿਨਾਂ ਨਾ ਇਹ ਅੰਦੋਲਨ ਉਦੋਂ ਖ਼ਤਮ ਹੋ ਸਕਦਾ ਸੀ ਅਤੇ ਨਾ ਹੀ ਹੁਣ ਖ਼ਤਮ ਹੋਵੇਗਾ, ਜੇਕਰ ਸਰਕਾਰ ਨੇ ਕਿਸਾਨਾਂ ਦੀਆਂ ਇਹ ਮੰਗਾਂ ਨਾ ਮੰਨੀਆਂ।

ਇਨਾਂ ਮੰਗਾਂ ਵਿਚੋਂ ਸਭ ਤੋਂ ਪ੍ਰਮੁੱਖ ਮੰਗ ਇਹ ਸੀ ਕਿ ਖੇਤੀ ਜਿਣਸਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਕਿਸਾਨ ਚਾਹੁੰਦੇ ਸਨ ਕਿ ਉਨਾਂ ਦੀਆਂ ਸਾਰੀਆਂ ਖੇਤੀ ਉਪਜਾਂ ਦਾ ਇਕ ਘੱਟੋ-ਘੱਟ ਸਮਰਥਨ ਮੁੱਲ ਤੈਅ ਹੋਵੇ ਅਤੇ ਦੇਸ਼ ਵਿਚ ਕੋਈ ਵੀ ਖ਼ਰੀਦਦਾਰ ਉਨਾਂ ਤੋਂ ਉਹ ਉਤਪਾਦ ਉਸ ਤੋਂ ਘੱਟ ਕੀਮਤ 'ਤੇ ਨਾ ਖ਼ਰੀਦ ਸਕੇ। ਜੇਕਰ ਕੋਈ ਖ਼ਰੀਦਦਾਰ ਕਿਸਾਨ ਦੀ ਕਿਸੇ ਮਜਬੂਰੀ ਦਾ ਫਾਇਦਾ ਲੈਂਦੇ ਹੋਏ ਸਮਰਥਨ ਮੁੱਲ ਤੋਂ ਉਨਾਂ ਦੇ ਉਤਪਾਦਾਂ ਦੀ ਕੀਮਤ ਘੱਟ ਦਿੰਦਾ ਹੈ ਤਾਂ ਉਸ ਖਿਲਾਫ਼ ਕਾਨੂੰਨੀ ਕਾਰਵਾਈ ਹੋਵੇ। ਇਹ ਕਿਸਾਨਾਂ ਦੀ ਸਭ ਤੋਂ ਵੱਡੀ ਮੰਗ ਹੈ ਅਤੇ ਇਹੀ ਉਹ ਮੰਗ ਹੈ ਜਿਸ ਤੋਂ ਸਰਕਾਰ ਲਗਾਤਾਰ ਪਿੱਛੇ ਹਟਦੀ ਰਹੀ ਹੈ। ਹਾਲਾਂਕਿ 9 ਦਸੰਬਰ, 2021 ਨੂੰ ਇਸ ਕਾਰਨ ਕਿਸਾਨਾਂ ਨੇ ਆਪਣੇ ਅੰਦੋਲਨ ਨੂੰ ਉਨਾਂ ਦੇ ਸ਼ਬਦਾਂ ਵਿਚ ਮੁਲਤਵੀ ਕੀਤਾ ਹੈ, ਕਿਉਂਕਿ ਸਰਕਾਰ ਨੇ ਉਨਾਂ ਨੂੰ ਭਰੋਸਾ ਦਿੱਤਾ ਹੈ ਕਿ ਉਹ ਹਰ ਸਾਲ ਐਮ.ਐਸ.ਪੀ. ਨੂੰ ਲੈ ਕੇ ਸਾਕਾਰਾਤਮਿਕ ਫ਼ੈਸਲਾ ਲਵੇਗੀ ਅਤੇ ਇਸ ਲਈ ਇਕ ਕਮੇਟੀ ਬਣਾਉਣ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ, ਜਿਸ ਵਿਚ ਵੱਡੀ ਗਿਣਤੀ ਵਿਚ ਕਿਸਾਨਾਂ ਦੇ ਪ੍ਰਤੀਨਿਧੀ ਸ਼ਾਮਿਲ ਹੋਣਗੇ।

ਸਰਕਾਰ ਨੇ ਕਿਸਾਨਾਂ ਨੂੰ ਇਸ ਗੱਲ ਲਈ ਵੀ ਠੋਸ ਅਤੇ ਲਿਖਤੀ ਭਰੋਸਾ ਦਿੱਤਾ ਹੈ ਕਿ ਦਿੱਲੀ ਦੀਆਂ ਸਰਹੱਦਾਂ 'ਤੇ ਅੰਦੋਲਨ ਕਰਨ ਵਾਲੇ ਜਿਨਾਂ 700 ਕਿਸਾਨਾਂ ਦੀ ਮੌਤ ਹੋਈ ਹੈ, ਉਨਾਂ ਲਈ ਇਕ ਨਿਸਚਿਤ ਮੁਆਵਜ਼ੇ ਦੀ ਰਕਮ ਤੈਅ ਕੀਤੀ ਜਾਵੇਗੀ। ਇਸ ਦੇ ਨਾਲ ਹੀ ਜੋ ਕਿਸਾਨ ਅੰਦੋਲਨ ਦੇ ਚਲਦਿਆਂ ਜੇਲ ਜਾਣ ਨੂੰ ਮਜਬੂਰ ਹੋਏ ਹਨ, ਉਨਾਂ 'ਤੇ ਦਰਜ ਹੋਏ ਸਾਰੇ ਕੇਸ ਵਾਪਸ ਲੈ ਲਏ ਜਾਣਗੇ। ਵੱਖ-ਵੱਖ ਖੇਤਰਾਂ ਵਿਚੋਂ ਆ ਰਹੀਆਂ ਖ਼ਬਰਾਂ ਮੁਤਾਬਿਕ ਕੇਂਦਰ ਸਰਕਾਰ ਮ੍ਰਿਤਕ ਕਿਸਾਨਾਂ ਨੂੰ ਘੱਟੋ-ਘੱਟ ਤਿੰਨ ਲੱਖ ਰੁਪਏ ਮੁਆਵਜ਼ਾ ਦੇਵੇਗੀ। ਹਾਲਾਂਕਿ ਪੰਜਾਬ ਦੀ ਸੂਬਾ ਸਰਕਾਰ ਨੇ 500 ਕਿਸਾਨਾਂ ਨੂੰ ਇਹ ਮੁਆਵਜ਼ੇ ਦੀ ਰਾਸ਼ੀ 5 ਲੱਖ ਰੁਪਏ ਦਿੱਤੀ ਹੈ ਅਤੇ ਨਾਲ ਹੀ ਅੰਦੋਲਨ ਕਰ ਰਹੇ ਕਿਸਾਨਾਂ ਦੇ ਰਿਸ਼ਤੇਦਾਰਾਂ ਵਿਚੋਂ ਕਿਸੇ ਇਕ ਨੂੰ ਸਰਕਾਰੀ ਨੌਕਰੀ ਦਿੱਤੀ ਹੈ। ਹੁਣ ਇਹ ਦੇਖਣਾ ਹੈ ਕਿ ਕੇਂਦਰ ਸਰਕਾਰ ਉਨਾਂ ਲਈ ਕੀ ਕਰੇਗੀ ?

ਫਿਲਹਾਲ ਜੇਕਰ ਪੂਰੀ ਦੁਨੀਆ ਦਾ ਧਿਆਨ ਖਿੱਚਣ ਵਾਲੇ ਭਾਰਤ ਦੇ ਇਸ ਕਿਸਾਨ ਅੰਦੋਲਨ ਦਾ ਮੁਲਾਂਕਣ ਇਸ ਕਸੌਟੀ 'ਤੇ ਕਰੀਏ ਕਿ ਆਖਿਰ ਇਸ ਲੰਬੇ ਅੰਦੋਲਨ ਵਿਚ ਜਿਸ ਵਿਚ ਸਰਕਾਰ ਤੇ ਕਿਸਾਨਾਂ ਵਿਚਾਲੇ 11 ਪੜਾਵਾਂ ਤੋਂ ਜ਼ਿਆਦਾ ਬੈਠਕਾਂ ਬੇਨਤੀਜਾ ਰਹੀਆਂ, 13 ਤੋਂ ਵੱਧ ਦੋਵਾਂ ਪਾਸਿਆਂ ਤੋਂ ਇਕ-ਦੂਜੇ ਨੂੰ ਪੱਤਰ ਲਿਖੇ ਗਏ, ਅੰਦੋਲਨ ਦੌਰਾਨ ਰੁਕ-ਰੁਕ ਕੇ ਦੇਸ਼ ਵਿਆਪੀ ਹੜਤਾਲਾਂ ਅਤੇ ਵਿਆਪਕ ਲੋਕ ਸਮਰਥਨ ਹਾਸਲ ਕਰਨ ਲਈ ਕੀਤੀਆਂ ਗਈ ਅਲੱਗ-ਅਲੱਗ ਸਰਗਰਮੀਆਂ ਨਾਲ ਕਰੀਬ ਇਕ ਲੱਖ ਕਰੋੜ ਕੰਮ ਦੇ ਘੰਟਿਆਂ ਦਾ ਨੁਕਸਾਨ ਹੋਇਆ, ਇਕ ਸਾਲ ਤੋਂ ਵੀ ਜ਼ਿਆਦਾ ਸਮੇਂ ਤੱਕ ਦਿੱਲੀ ਦੀਆਂ ਸਰਹੱਦਾਂ ਤੋਂ ਲੰਘਣ ਵਾਲਿਆਂ ਜਾਂ ਆਉਣ-ਜਾਣ ਵਾਲਿਆਂ ਨੂੰ ਪ੍ਰੇਸ਼ਾਨੀ ਹੋਈ। ਇਨਾਂ ਸਾਰੀਆਂ ਰੁਕਾਵਟਾਂ ਅਤੇ ਕਿਸਾਨਾਂ ਵਲੋਂ ਝੱਲੀਆਂ ਗਈਆਂ ਅਣਗਿਣਤ ਪ੍ਰੇਸ਼ਾਨੀਆਂ ਤੋਂ ਬਾਅਦ ਆਖਿਰ ਇਸ ਅੰਦੋਲਨ ਵਿਚ ਕਿਸ ਦੀ ਜਿੱਤ ਹੋਈ ਅਤੇ ਕਿਸ ਨੂੰ ਝੁਕਣਾ ਪਿਆ ਦੇਖੀਏ ਤਾਂ ਯਕੀਨੀ ਤੌਰ 'ਤੇ ਕਿਸਾਨਾਂ ਨੂੰ ਨਾ ਸਿਰਫ਼ ਇਸ ਅੰਦੋਲਨ ਦੇ ਚਲਦਿਆਂ ਆਪਣੇ ਪੱਖ ਵਿਚ ਸਫਲਤਾ ਮਿਲੀ, ਸਗੋਂ ਕਿਸਾਨਾਂ ਦੀ ਇਸ ਸਫਲਤਾ ਨਾਲ ਕਈ ਦੂਜੇ ਖੇਤਰਾਂ ਦੇ ਪੀੜਤਾਂ ਨੂੰ ਵੀ ਬਲ ਮਿਲਿਆ ਹੈ ਅਤੇ ਉਹ ਵੀ ਆਪਣੇ ਹਿੱਸੇ ਦੀ ਲੜਾਈ ਅੰਦੋਲਨ ਰਾਹੀਂ ਲੜਨ ਲਈ ਪ੍ਰੇਰਿਤ ਹੋਏ ਹਨ।

# ਲਖੀਮਪੁਰ ਖੀਰੀ ਹਿੰਸਾ ਬਾਰੇ ਸਿਟ ਰਿਪੋਰਟ 'ਤੇ ਵਿਰੋਧੀ ਧਿਰਾਂ ਵੱਲੋਂ ਸੰਸਦ ਵਿਚ ਹੰਗਾਮਾ

**ਰਜਿੰਦਰ ਸਿੰਘ ਪੁਰੇਵਾਲ**

ਕਾਂਗਰਸ ਅਤੇ ਕੁਝ ਹੋਰ ਵਿਰੋਧੀ ਪਾਰਟੀਆਂ ਨੇ ਉੱਤਰ ਪ੍ਰਦੇਸ਼ ਵਿੱਚ ਲਖੀਮਪੁਰ ਖੀਰੀ ਹਿੰਸਾ ਸਬੰਧੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦੀ ਰਿਪੋਰਟ ਨੂੰ ਲੈ ਕੇ ਬੀਤੇ ਬੁੱਧਵਾਰ ਨੂੰ ਲੋਕ ਸਭਾ ਵਿੱਚ ਕਾਫੀ ਹੰਗਾਮਾ ਕੀਤਾ। ਇਸ ਕਾਰਨ ਸਦਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਲਗਭਗ ਅੱਧਾ ਘੰਟਾ ਬਾਅਦ ਹੀ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਸੰਸਦ ਦੀ ਕਾਰਵਾਈ ਆਰੰਭ ਹੁੰਦਿਆਂ ਹੀ ਵਿਰੋਧੀ ਮੈਂਬਰ ਨਾਅਰੇਬਾਜ਼ੀ ਕਰਦਿਆਂ ਸਪੀਕਰ ਦੇ ਆਸਣ ਕੋਲ ਪਹੁੰਚ ਗਏ। ਉਨਾਂ ਨੇ 'ਸਾਨੂੰ ਨਿਆਂ ਚਾਹੀਦੈ', 'ਮੰਤਰੀ ਦਾ ਅਸਤੀਫ਼ਾ ਲਓ' ਅਤੇ 'ਪ੍ਰਧਾਨ ਮੰਤਰੀ ਜਵਾਬ ਦੇਣ' ਆਦਿ ਨਾਅਰੇ ਲਾਏ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਥਿਤ ਦੋਸ਼ ਲਾਇਆ ਕਿ ਸਰਕਾਰ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦੀ ਰਿਪੋਰਟ 'ਤੇ ਸੰਸਦ ਵਿੱਚ ਚਰਚਾ ਨਹੀਂ ਹੋਣ ਦੇਣਾ ਚਾਹੁੰਦੀ। ਉਨਾਂ ਮੰਗ ਦੁਹਰਾਈ ਕਿ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ, ਜਿਨਾਂ ਦਾ ਪੁੱਤਰ ਇਸ ਮਾਮਲੇ ਵਿੱਚ ਮੁਲਜ਼ਮ ਹੈ, ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਸੰਸਦ ਦੀ ਕਾਰਵਾਈ ਮੁਲਤਵੀ ਹੋਣ ਮਗਰੋਂ ਰਾਹੁਲ ਗਾਂਧੀ ਨੇ ਸੰਸਦ ਕੰਪਲੈਕਸ ਵਿਚ ਪੱਤਰਕਾਰਾਂ ਨੂੰ ਕਿਹਾ, 'ਸਰਕਾਰ ਸਾਨੂੰ ਬੋਲਣ ਨਹੀਂ ਦੇ ਰਹੀ, ਜਿਸ ਕਾਰਨ ਸਦਨ ਵਿੱਚ ਹੰਗਾਮਾ ਹੋਇਆ। ਅਸੀਂ ਕਿਹਾ ਹੈ ਕਿ ਰਿਪੋਰਟ ਆਈ ਹੈ ਅਤੇ ਉਨਾਂ ਦੇ ਮੰਤਰੀ ਸ਼ਾਮਲ ਹਨ, ਇਸ ਲਈ ਇਸ 'ਤੇ ਚਰਚਾ ਹੋਣੀ ਚਾਹੀਦੀ ਹੈ। ਪਰ ਉਹ ਚਰਚਾ ਨਹੀਂ ਕਰਨਾ ਚਾਹੁੰਦੇ।'

ਯਾਦ ਰਹੇ ਲਖੀਮਪੁਰ ਖੀਰੀ ਵਿਚ 3 ਅਕਤੂਬਰ ਨੂੰ ਤੇਜ਼ ਰਫ਼ਤਾਰ ਗੱਡੀਆਂ ਹੇਠਾਂ ਚਾਰ ਕਿਸਾਨਾਂ ਨੂੰ ਦਰੜੇ ਜਾਣ ਅਤੇ ਉਸ ਤੋਂ ਬਾਅਦ ਹੋਈ ਹਿੰਸਾ ਦੇ ਸਬੰਧ ਵਿਚ ਸੁਪਰੀਮ ਕੋਰਟ ਦੁਆਰਾ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਸਬੰਧਤ ਅਦਾਲਤ ਨੂੰ ਲਿਖੇ ਪੱਤਰ ਵਿਚ ਕਿਹਾ ਸੀ ਕਿ ਕਿਸਾਨਾਂ ਦਾ ਕਤਲ 'ਯੋਜਨਾਬੱਧ ਸਾਜ਼ਿਸ਼' ਦਾ ਸਿੱਟਾ ਸੀ। 'ਸਿਟ' ਨੇ ਸਪੱਸ਼ਟ ਕੀਤਾ ਹੈ ਕਿ ਇਹ ਅਣਗਹਿਲੀ ਨਾਲ ਗੱਡੀਆਂ ਚਲਾਉਣ ਦਾ ਮਾਮਲਾ ਨਹੀਂ ਹੈ, ਕਿਸਾਨਾਂ ਨੂੰ ਮਾਰਨ ਦੀ ਨੀਯਤ ਨਾਲ ਗੱਡੀਆਂ ਨੂੰ ਤੇਜ਼ ਰਫ਼ਤਾਰ ਨਾਲ ਚਲਾ ਕੇ ਕਿਸਾਨਾਂ 'ਤੇ ਚੜਾਇਆ ਗਿਆ। ਇਨਾਂ ਗੱਡੀਆਂ ਵਿਚੋਂ ਇਕ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਮਿਸ਼ਰਾ ਟੈਨੀ ਦਾ ਪੁੱਤਰ ਆਸ਼ੀਸ਼ ਮਿਸ਼ਰਾ ਚਲਾ ਰਿਹਾ ਸੀ। ਉੱਤਰ ਪ੍ਰਦੇਸ਼ ਪੁਲਿਸ ਨੇ ਆਸ਼ੀਸ਼ ਮਿਸ਼ਰਾ ਨੂੰ ਗ੍ਰਿਫ਼ਤਾਰ ਕਰਨ ਵਿਚ ਬਹੁਤ ਸਮਾਂ ਲਗਾਇਆ ਅਤੇ ਬਾਅਦ ਵਿਚ ਕਿਸਾਨ ਅੰਦੋਲਨ ਦੇ ਦਬਾਅ ਬਣਾਉਣ ਨਾਲ ਗ੍ਰਿਫ਼ਤਾਰੀ ਕੀਤੀ ਗਈ। ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਅਤੇ ਪੁਲੀਸ ਦੇ ਤਫ਼ਤੀਸ਼ ਕਰਨ ਦੇ ਗ਼ੈਰ-ਤਸੱਲੀਬਖ਼ਸ਼



ਰਵੱਈਏ, ਤਰੀਕੇ ਅਤੇ ਕਾਰਗੁਜ਼ਾਰੀ ਬਾਰੇ ਸਰਕਾਰ ਅਤੇ ਪੁਲੀਸ ਦੀ ਕਈ ਵਾਰ ਤਾੜਨਾ ਕੀਤੀ ਅਤੇ ਬਾਅਦ ਵਿਚ 'ਸਿਟ' ਬਣਾਉਣ ਦੇ ਆਦੇਸ਼ ਦਿੱਤੇ। ਪਹਿਲਾਂ ਬਣਾਈ 'ਸਿਟ' ਬਾਰੇ ਅਸੰਤੁਸ਼ਟੀ ਜ਼ਾਹਿਰ ਕਰਦਿਆਂ 15 ਨਵੰਬਰ ਨੂੰ ਸਰਬਉੱਚ ਅਦਾਲਤ ਨੇ 'ਸਿਟ' ਵਿਚ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਕਰਨ ਲਈ ਕਿਹਾ। ਸੁਪਰੀਮ ਕੋਰਟ ਉੱਤਰ ਪ੍ਰਦੇਸ਼ ਸਰਕਾਰ ਅਤੇ ਪੁਲਿਸ ਦੇ ਰਵੱਈਏ ਤੋਂ ਏਨਾ ਨਿਰਾਸ਼ ਸੀ ਅਤੇ ਬੇਭਰੋਸਗੀ ਏਨੀ ਵਧੀ ਹੋਈ ਸੀ ਕਿ 17 ਨਵੰਬਰ ਨੂੰ ਉਸ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਰਾਕੇਸ਼ ਕੁਮਾਰ ਜੈਨ ਨੂੰ 'ਸਿਟ' ਦੀ ਨਿਗਾਹਬਾਨੀ ਲਈ ਨਿਯੁਕਤ ਕੀਤਾ।

ਇਸ ਘਟਨਾ ਤੋਂ ਕੁਝ ਦਿਨ ਪਹਿਲਾਂ ਅਜੈ ਕੁਮਾਰ ਮਿਸ਼ਰਾ ਟੈਨੀ ਨੇ ਇਕ ਜਨਤਕ ਮੀਟਿੰਗ ਵਿਚ ਜ਼ਹਿਰੀਲਾ ਭਾਸ਼ਣ ਦਿੰਦਿਆਂ ਕਿਸਾਨਾਂ ਨੂੰ ਧਮਕੀ ਦਿੱਤੀ ਸੀ ਕਿ ਉਹ ਪਲੀਆ ਤੋਂ ਲੈ ਕੇ ਲਖੀਮਪੁਰ ਖੀਰੀ ਦਾ ਇਲਾਕਾ ਕੇਂਦਰ ਸਰਕਾਰ ਦੁਆਰਾ ਬਣਾਏ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਕਰ ਰਹੇ ਕਿਸਾਨਾਂ ਤੋਂ ਦੋ ਮਿੰਟਾਂ ਵਿਚ ਖਾਲੀ ਕਰਾ ਸਕਦਾ ਹੈ। ਕਿਸਾਨ ਲਖੀਮਪੁਰ ਖੀਰੀ ਵਿਚ ਉੱਤਰ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਦੇ ਦੌਰੇ ਦਾ ਵਿਰੋਧ ਕਰਨ ਲਈ ਇਕੱਠੇ ਹੋਏ ਸਨ। ਇਸ ਕਾਰਨ ਇਹ ਖ਼ੂਨੀ ਘਟਨਾ ਵਾਪਰੀ।

ਕਿਸਾਨਾਂ 'ਤੇ ਹੋਏ ਜਬਰ, ਅਜੈ ਕੁਮਾਰ ਮਿਸ਼ਰਾ ਦੀ ਧਮਕੀ, ਉਸ ਦੇ ਪੁੱਤਰ ਦੇ ਇਕ ਗੱਡੀ ਵਿਚ ਮੌਜੂਦ ਹੋਣ ਦੇ ਬਾਵਜੂਦ ਨਾ ਤਾਂ ਅਜੈ ਕੁਮਾਰ ਮਿਸ਼ਰਾ ਨੇ ਅਸਤੀਫ਼ਾ ਦਿੱਤਾ ਅਤੇ ਨਾ ਹੀ ਪ੍ਰਧਾਨ ਮੰਤਰੀ ਨੇ ਉਸ ਨੂੰ ਕੈਬਨਿਟ ਤੋਂ ਬਰਖ਼ਾਸਤ ਕੀਤਾ। ਜਦਕਿ ਕੇਂਦਰ ਸਰਕਾਰ ਨੂੰ ਸਖ਼ਤ ਸਟੈਪ ਲੈਣਾ ਚਾਹੀਦਾ ਸੀ। ਕਿਸਾਨ ਜਥੇਬੰਦੀਆਂ ਹਮੇਸ਼ਾ ਅਜੈ ਮਿਸ਼ਰਾ ਦੇ ਅਸਤੀਫ਼ੇ ਦੀ ਮੰਗ ਕਰਦੀਆਂ ਆ ਰਹੀਆਂ ਹਨ। 'ਸਿਟ' ਦੀ ਰਿਪੋਰਟ ਨੇ ਕਿਸਾਨ ਜਥੇਬੰਦੀਆਂ ਵਿਚ ਇਨਸਾਫ ਦੀ ਆਸ ਜਗਾਈ ਹੈ। 'ਪ੍ਰਧਾਨ ਮੰਤਰੀ ਨੂੰ ਚਾਹੀਦਾ ਹੈ ਕਿ ਅਜੈ ਕੁਮਾਰ ਮਿਸ਼ਰਾ ਨੂੰ ਬਰਖ਼ਾਸਤ ਕਰਨ ਤੇ ਪੀੜਤ ਕਿਸਾਨਾਂ ਨੂੰ ਇਨਸਾਫ ਦੇਣ।

# ਫਤਿਹ ਪਿੱਛੋਂ ਕਿਸਾਨ ਭਰਾਵਾਂ ਦੀ ਘਰ ਵਾਪਸੀ ਪੰਜਾਬ ਦੇ ਇਤਿਹਾਸ ਦਾ ਸੁਨਹਿਰੀ ਪੰਨਾ

**✪ ਹੁਣ ਹੋਣਗੇ ਸਿੱਖ-ਬਿਰਤਾਂਤ ਤੇ ਖੱਬੇਪੱਖੀ-ਬਿਰਤਾਂਤ ਆਹਮੋ ਸਾਹਮਣੇ ✪ ਕੀ ਖੱਬੇ ਪੱਖੀ ਬਿਰਤਾਂਤ ਵੀ ਰਾਸ਼ਟਰਵਾਦੀ ਬਿਰਤਾਂਤ ਦਾ ਹੀ ਹਿੱਸਾ ਬਣੇਗਾ ? ✪ ਸਿੱਖ-ਬਿਰਤਾਂਤ ਦੀਆਂ ਕਲਮਾਂ ਨੂੰ ਹਰ ਪੱਖੋਂ ਸਾਵਧਾਨ ਹੋਣ ਦੀ ਲੋੜ ✪ ਰਾਕੇਸ਼ ਟਿਕੈਤ, ✪ ਪੱਤਰਕਾਰ ਦੀਪਕ, ਰਾਜਪਾਲ ਸੱਤਪਾਲ, ਜਾਟ ਭਰਾ ਅਤੇ ਹੋਰ ਅਣਗਿਣਤ ਵੀਰ ਤੇ ਭੈਣਾਂ ਖ਼ਾਲਸਾ-ਸਭਿਅਤਾ ਦਾ ਹੀ ਹਿੱਸਾ ✪ ਛੱਬੀ ਜਨਵਰੀ ਦਾ ਖ਼ਾਲਸਾਈ ਬਿਰਤਾਂਤ ਸਿਰਜਣ ਵਾਲੀਆਂ ਕਲਮਾਂ ਦੀ ਉਡੀਕ**



**ਕਰਮਜੀਤ ਸਿੰਘ ਚੰਡੀਗੜ੍ਹ**

ਇਕ ਸੰਘਰਸ਼ ਆਪਾਂ ਜਿੱਤ ਲਿਆ ਹੈ ਪਰ ਉਸ ਤੋਂ ਵੀ ਵੱਡਾ, ਕਰੜਾ ਅਤੇ ਗੁੰਝਲਦਾਰ ਸੰਘਰਸ਼ ਅਜੇ ਜਿੱਤਣਾ ਹੈ। ਉਹ ਕਿਹੜਾ ਸੰਘਰਸ਼ ਹੈ ?ਉਹ ਸੰਘਰਸ਼ਾਂ ਦੋ ਬਿਰਤਾਂਤਾਂ ਦਾ ਸੰਘਰਸ਼ ਹੈ,ਦੋ ਵੱਖਰੀਆਂ ਵੱਖਰੀਆਂ ਕਹਾਣੀਆਂ ਦਾ ਮੁਕਾਬਲਾ ਹੈ, ਦੋ ਵਿਚਾਰਾਂ ਦੀ ਟੱਕਰ ਹੈ ਜੋ ਸਿੱਧੀ ਵੀ ਹੋ ਸਕਦੀ ਹੈ ਅਤੇ ਅਸਿੱਧੀ ਵੀ। ਇੱਕ ਤੀਜਾ ਬਿਰਤਾਂਤ ਵੀ ਉੱਭਰ ਕੇ ਸਾਹਮਣੇ ਆਵੇਗਾ ਅਤੇ ਉਹ ਹੈ ਰਾਸ਼ਟਰਵਾਦੀ ਬਿਰਤਾਂਤ।

ਪਹਿਲਾਂ ਇਹ ਸਮਝ ਲਓ ਪਈ ਸੰਖੇਪ ਵਿਚ ਨੈਰੇਟਿਵ ਹੁੰਦਾ ਕੀ ਹੈ ? ਸਿੱਧਾ ਅਤੇ ਸੌਖਾ ਮਤਲਬ ਇਹ ਹੈ ਕਿ ਤੁਸੀਂ ਘਟਨਾਵਾਂ ਨੂੰ ਬਿਆਨ 'ਕਿਵੇਂ' ਕਰਦੇ ਹੋ ? ਦੂਜੇ ਸ਼ਬਦਾਂ ਵਿੱਚ ਤੁਸੀਂ ਕਿਹੜੇ 'ਸਟੇਸ਼ਨ' ਤੋਂ ਬੋਲਦੇ ਹੋ।ਉੱਪਰੋਂ ਉੱਪਰੋਂ ਤੁਸੀਂ ਕੀ ਕਹਿੰਦੇ ਹੋ ਅਤੇ ਤੁਹਾਡੇ ਢਿੱਡ ਵਿੱਚ ਕੀ ਹੈ ? ਬਸ, ਇਸੇ ਨੂੰ ਬਰਤਾਂਤ ਕਹਿੰਦੇ ਹਨ।

ਜੇ ਤੁਸੀਂ ਘਟਨਾਵਾਂ ਨੂੰ ਮਹਿਜ਼ ਜਿਵੇਂ ਉਹ ਵਾਪਰੀਆਂ, ਬਿਆਨ ਕਰਦੇ ਹੋ ਤਾਂ ਉਹ ਸਤਹੀ ਬਿਰਤਾਂਤ ਹੋਵੇਗਾ। ਪਰ ਜੇ ਤੁਹਾਡੇ ਬਿਰਤਾਂਤ ਵਿਚ ਜ਼ਿੰਦਗੀ ਨੂੰ ਜਾਨਣ ਦੀ ਭੁੱਖ ਹੈ,ਰੀਝ ਹੈ, ਪਿਆਸ ਹੈ ਅਤੇ ਇਹ ਪਿਆਸ ਹੋਰਨਾਂ ਲੋਕਾਂ ਦੀ ਵੀ ਪਿਆਸ ਬਣ ਜਾਂਦੀ ਹੈ ਤਾਂ ਇਹ ਡੂੰਘਾ ਤੇ ਗੰਭੀਰ ਬਿਰਤਾਂਤ ਹੋਵੇਗਾ। ਸਤਹੀ ਬਿਰਤਾਂਤ ਬਸ ਜਾਣਕਾਰੀ ਦੇ ਕੇ ਹੀ ਚੁੱਪ ਕਰ ਜਾਏਗਾ ਜਦਕਿ ਡੂੰਘੇ ਬਿਰਤਾਂਤ ਵਿੱਚ ਇੱਕ ਵੱਡਾ ਸ਼ੋਰ, ਰੌਲਾ ਹੋਵੇਗਾ ਜੋ ਜਥੇਬੰਦਕ ਕਿਸਮ ਦਾ ਹੋਵੇਗਾ। ਉਹ ਦੋ ਬਿਰਤਾਂਤ ਕਿਹੜੇ ਹਨ ਜਿਹੜੇ ਆਪਸ ਵਿਚ ਯਕੀਨਨ ਭਿੜਨਗੇ ? ਇਹ ਬਿਰਤਾਂਤ ਹਨ ਸਿੱਖ ਬਿਰਤਾਂਤ ਤੇ ਖੱਬੇ ਪੱਖੀ ਬਿਰਤਾਂਤ। ਇਹ ਵੀ ਸਮਝ ਲਓ ਕਿ ਇਹ ਦੋਵੇਂ ਬਿਰਤਾਂਤ ਸਿਰਜਣ ਵਾਲੇ ਸੱਜਣ ਇੱਕ ਦੂਜੇ ਦੇ ਘਰ ਵਿੱਚ ਗੇੜੇ ਵੀ ਮਾਰਦੇ ਰਹਿਣਗੇ। ਮਿਸਾਲ ਵਜੋਂ ਬਲਬੀਰ ਸਿੰਘ ਰਾਜੇਵਾਲ ਇੱਕ ਅਜਿਹਾ ਦਿਲਚਸਪ ਵਿਅਕਤੀ ਹੈ, ਇਕ ਅਜਿਹਾ ਵਰਤਾਰਾ ਵੀ ਬਣ ਚੁੱਕਾ ਹੈ, ਇੱਕ ਬਿਰਤਾਂਤ ਵੀ ਹੈ ਜੋ ਦੋਵਾਂ ਨਾਲ ਸਾਂਝ ਪਾ ਕੇ ਰੱਖੇਗਾ ਅਤੇ ਓੜਕ ਨੂੰ ਖੱਬੇ ਪੱਖੀ ਬਿਰਤਾਂਤ ਦਾ ਹਿੱਸਾ ਹੀ ਬਣੇਗਾ।ਇਸੇ ਤਰ੍ਹਾਂ ਖੱਬੇ ਪੱਖੀ ਬਿਰਤਾਂਤ ਵਾਲੇ ਸੱਜਣ 'ਸਰਬੱਤ ਦਾ ਭਲਾ' ਅਤੇ 'ਸਾਂਝੀਵਾਲਤਾ' ਵਰਗੀਆਂ ਮਹਾਨ ਖ਼ਾਲਸਈ-ਬਰਕਤਾਂ ਨੂੰ ਹਾਈਜੈਕ ਕਰਕੇ ਖੱਬੇਪੱਖੀ ਬਿਰਤਾਂਤ ਦਾ ਝੰਡਾ ਬੁਲੰਦ ਕਰਨਗੇ।

ਸਿੱਖ ਬਿਰਤਾਂਤ ਅਤੇ ਖੱਬੇਪੱਖੀ ਬਿਰਤਾਂਤ ਵਿੱਚ ਕੌਣ ਜ਼ੋਰਾਵਰ ਹੈ ? ਕਿਸ ਨੂੰ ਜੇਤੂ ਕਰਾਰ ਦਿੱਤਾ ਜਾਵੇਗਾ ?

'ਡਰ' ਦਾ ਇਹ ਨਿਯਮ ਕਹਿੰਦਾ ਹੈ ਪਈ ਖੱਬੇਪੱਖੀ ਬਿਰਤਾਂਤ ਜੇਤੂ ਸਮਝਿਆ ਜਾਏਗਾ, ਕਿਉਂਕਿ ਉਸ ਬਿਰਤਾਂਤ ਵਿਚ ਰਾਸ਼ਟਰਵਾਦ ਦੇ ਵੀ ਰੰਗ ਹੋਣਗੇ ਅਤੇ ਉਸ ਵਿਚ 'ਝੂਠ ਵਰਗੇ ਸੱਚ' ਦੀਆਂ ਦਲੀਲਾਂ ਦੀ ਭਰਮਾਰ ਵੀ ਹੋਵੇਗੀ। ਉੱਘੀ ਸ਼ਾਇਰਾ ਪਰਵੀਨ ਸ਼ਾਕਿਰ ਦਾ ਇਹ ਤਨਜ਼ੀਆ ਸ਼ੇਅਰ ਇਸ ਬਿਰਤਾਂਤ ਤੇ ਪੂਰੀ ਤਰ੍ਹਾਂ ਢੁੱਕਦਾ ਹੈ ਕਿ ਮੈਂ ਸੱਚ ਬੋਲਾਂਗੀ ਤੇ ਹਾਰ ਜਾਵਾਂਗੀ,ਉਹ ਝੂਠ ਬੋਲੇਗਾ ਤੇ ਲਾਜਵਾਬ ਕਰ ਦਏਗਾ।'

ਤੁਸੀਂ ਪੁੱਛੋਗੇ ਕਿ ਸਿੱਖ ਬਿਰਤਾਂਤ ਤੇ ਖੱਬੇਪੱਖੀ ਬਿਰਤਾਂਤ ਵਿੱਚ ਬੁਨਿਆਦੀ ਫ਼ਰਕ ਕੀ ਹੈ ? ਦੋਵਾਂ ਦੇ ਵੱਖਰੇ ਵੱਖਰੇ ਰੰਗਾਂ ਬਾਰੇ ਤੁਸੀਂ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹੋਵੋਗੇ ? ਸਿੱਖ ਬਿਰਤਾਂਤ ਇਹ ਐਲਾਨ ਕਰਦੈ ਪਈ ਕਿਸਾਨ ਮੋਰਚੇ ਵਿਚ ਹਰ ਥਾਂ ਕਿਸੇ ਨਾ ਕਿਸੇ ਰੂਪ ਵਿੱਚ ਸਿੱਖੀ ਦੇ ਰੰਗਾਂ ਦਾ ਹੀ ਜਾਹੋ ਜਲਾਲ ਸੀ ਜਾਂ ਇਉਂ ਕਹਿ ਲਓ ਕਿ ਮੋਰਚੇ ਦੀ ਤਰਜ਼-ਏ-ਜ਼ਿੰਦਗੀ ਵਿਚ ਦੂਰ ਨੇੜੇ ਪੱਗਾਂ ਵਾਲਿਆਂ ਦਾ ਹੀ ਰਾਜ ਸੀ। ਜੇ ਇਸ ਵਿਚਾਰ ਨੂੰ ਹੋਰ ਵਿਸ਼ਾਲ ਰੂਪ ਵਿਚ ਸਮਝਣਾ ਹੋਵੇ ਤਾਂ ਇਹ 'ਖ਼ਾਲਸਾ ਸੱਭਿਅਤਾ' ਦਾ ਪ੍ਰਕਾਸ਼ ਸੀ ਜਿਸ ਵਿੱਚ ਸਾਰੀਆਂ ਕੌਮਾਂ ਅਤੇ ਸਾਰੇ ਸੱਭਿਆਚਾਰ ਨਿਸ਼ਾਨ ਸਾਹਿਬ ਦੇ ਝੰਡੇ ਹੇਠ 'ਆਪਣੇ ਆਪੇ' ਦੀ ਵਿਆਖਿਆ ਕਰ ਰਹੇ ਸਨ। ਰਾਕੇਸ਼ ਟਿਕੈਤ ਮੇਰਾ ਖਿਆਲ ਹੈ ਇਸ ਹਕੀਕਤ ਦਾ ਨਿਰਮਲ ਪ੍ਰਤੀਕ ਹੈ। ਹਿੰਦੂ ਪੱਤਰਕਾਰ ਦੀਪਕ ਵੀ ਇਸ ਦਾ ਪ੍ਰਤੀਕ ਬਣਦਾ ਹੈ। ਮੇਘਾਲਿਆ ਦਾ ਭਾਜਪਾ ਗਵਰਨਰ ਸੱਤਪਾਲ ਤਾਂ ਹੋਰ ਵੀ ਅੱਗੇ ਜਾ ਕੇ ਇਹੋ ਫ਼ੈਸਲਾ ਦੇ ਰਿਹਾ ਹੈ। ਜਦੋਂ ਪ੍ਰਧਾਨ ਮੰਤਰੀ ਜਿੱਤ ਦਾ ਐਲਾਨ ਕਰਨ ਲਈ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਵਾਲੇ ਦਿਨ ਦੀ ਚੋਣ ਕਰਦੇ ਹਨ ਤਾਂ ਭਲਾ ਦੱਸੋ ਉਹ ਕਿਨ੍ਹਾਂ ਲੋਕਾਂ ਨੂੰ ਅਸਲ ਵਿੱਚ ਮੁਖ਼ਾਤਬ ਹੋ ਰਹੇ ਸਨ ? ਇਹੋ ਹੀ ਤਾਂ ਹੈ ਸਿੱਖ ਬਿਰਤਾਂਤ। ਪਰ ਇਸ ਬਿਰਤਾਂਤ ਨੂੰ ਗੰਧਲਾ ਕਰਨ ਲਈ, ਘੱਟੇ ਕੌਡੀਆਂ ਰੋਲ ਦੇਣ ਲਈ, ਪੇਤਲਾ ਅਤੇ ਬਦਰੰਗ ਕਰਨ ਲਈ ਖੱਬੇਪੱਖੀ ਕਲਮਾਂ ਨੇ ਪੂਰੀ ਵਾਹ ਲਾ ਦੇਣੀ ਹੈ।ਲੇਕਿਨ ਸਿੱਖ ਬਿਰਤਾਂਤ ਦੇ ਝੰਡਾ ਬਰਦਾਰ ਮੁਕਾਬਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਨਹੀਂ, ਨਾ ਹੀ ਚੌਕਸ ਤੇ ਸਾਵਧਾਨ ਹਨ ਜਦਕਿ ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ, ਫ੍ਰੀ ਪ੍ਰੈਸ ਜਰਨਲ, ਟਾਈਮ ਅਤੇ ਦੁਨੀਆਂ ਦੇ ਹੋਰ ਵੱਡੇ ਵੱਡੇ ਅਖ਼ਬਾਰ ਵੀ ਇਹੋ ਫ਼ੈਸਲਾ ਦੇ ਰਹੇ ਹਨ ਕਿ ਇਸ ਸੰਘਰਸ਼ ਵਿਚ ਪੰਜਾਬ ਦੀ ਰੂਹ ਕੰਮ ਕਰਦੀ ਹੈ, ਸਿੱਖ ਅਤੇ ਸਿੱਖੀ ਦੀ ਹੀ ਪ੍ਰਧਾਨ-ਸੁਰ ਹੈ।

ਦੋਸਤੋ, ਇਹ ਖੱਬੇਪੱਖੀ ਬਿਰਤਾਂਤ ਕੀ ਹੈ ? ਇਹ ਬਹੁਤ ਸਾਰੇ ਰੰਗਾਂ ਦਾ ਮਿਸ਼ਰਣ ਹੈ। ਇਸ ਵਿੱਚ ਆਪਾ ਵਿਰੋਧੀ ਰੰਗ ਵੀ ਬਹੁਤ ਹਨ ਪਰ ਇਨ੍ਹਾਂ ਸਭਨਾਂ ਦੇ ਦੂਰ ਨੇੜੇ ਦੇ ਰਿਸ਼ਤੇਦਾਰ ਮਾਰਕਸ, ਲੈਨਿਨ ਅਤੇ ਮਾਓ ਹੀ ਹਨ। ਹਰ ਜਥੇਬੰਦੀ ਵਿਚ ਇਨ੍ਹਾਂ ਦੀ ਸੁਚੇਤ ਘੁਸਪੈਠ ਹੈ, ਇਕ ਦਰਜਨ ਤੋਂ ਉੱਪਰ ਤਾਂ ਇਹ ਕਿਸਾਨ ਜਥੇਬੰਦੀਆਂ ਦੇ ਮਾਲਕ ਹੀ ਬਣੇ ਬੈਠੇ ਹਨ।ਜਥੇਬੰਦਕ ਤਾਕਤ ਵੀ ਇਨ੍ਹਾਂ ਕੋਲ ਹੀ ਹੈ। ਬਿਨਾਂ ਸ਼ੱਕ ਖੱਬੇਪੱਖੀ ਰੰਗ ਵਾਲੇ ਅਨੁਸ਼ਾਸਨ ਵਿਚ ਵੀ ਇਹ ਰਹਿੰਦੇ ਹਨ। ਜਦੋਂ ਉੱਭਰ ਰਹੇ ਸਿੱਖ ਬਿਰਤਾਂਤ ਨੂੰ ਬਦਨਾਮ ਕਰਨਾ ਹੋਵੇ ਜਾਂ ਨੁੱਕਰੇ ਲਾਉਣਾ ਹੋਵੇ ਤਾਂ ਭਾਰਤ ਸਰਕਾਰ ਦਾ ਇਨ੍ਹਾਂ ਨੂੰ ਬਕਾਇਦਾ ਦਿਸਦਾ ਤੇ ਅਣਦਿਸਦਾ ਥਾਪੜਾ ਮਿਲਦਾ ਹੈ।

ਤੁਹਾਨੂੰ ਚੇਤੇ ਹੋਵੇਗਾ ਕਿ 80ਵਿਆਂ ਤੇ 90ਵਿਆਂ ਦੇ ਦੌਰ ਵਿੱਚ ਜੁਝਾਰੂ ਲਹਿਰ ਦਾ ਮੁਕਾਬਲਾ ਕਰਨ ਲਈ ਭਾਰਤੀ ਸਟੇਟ ਨੇ ਬਕਾਇਦਾ ਇਨ੍ਹਾਂ ਨੂੰ ਹਥਿਆਰ ਦਿੱਤੇ ਹੋਏ ਸਨ ਅਤੇ ਖ਼ੁਸ਼ੀ ਖ਼ੁਸ਼ੀ ਇਹ ਰਾਸ਼ਟਰਵਾਦ ਦਾ ਸੰਦ ਬਣੇ ਹੋਏ ਸਨ। ਸਭਿਆਚਾਰਕ ਮੁਹਾਜ਼ 'ਤੇ ਇਨ੍ਹਾਂ ਨੇ ਗੁਰਸ਼ਰਨ ਸਿੰਘ 'ਭਾਅ ਜੀ' ਨੂੰ ਅੱਗੇ ਲਾ ਰਖਿਆ ਸੀ ਜਿਸ ਨੂੰ ਸਰਕਾਰ ਨੇ ਦੂਰਦਰਸ਼ਨ ਸਮੇਤ ਆਪਣਾ **infrastructure** ਇਨ੍ਹਾਂ ਨੂੰ ਸੌਂਪ ਦਿੱਤਾ ਸੀ। ਅਜੇ ਵੀ 'ਨੀਤ ਤੇ ਨੀਤੀ' ਵਿੱਚ ਇਨ੍ਹਾਂ ਅੰਦਰ ਕੋਈ ਦਿਸਣਯੋਗ ਤਬਦੀਲੀ ਨਹੀਂ।

ਵਿੱਦਿਅਕ ਸੰਸਥਾਵਾਂ ਵਿੱਚ ਇਹ ਅਜੇ ਵੀ ਭਾਰੂ ਹਨ ਅਤੇ ਕਲਮਾਂ ਵਾਲੇ ਵੀ ਵਿੰਗੇ ਟੇਢੇ ਇਨ੍ਹਾਂ ਦੇ ਹੱਕ ਵਿੱਚ ਹੀ ਭੁਗਤਦੇ ਰਹਿੰਦੇ ਹਨ। ਲੇਖਕਾਂ ਦੀਆਂ ਦੋ ਉੱਘੀਆਂ ਜਥੇਬੰਦੀਆਂ ਵਿਚ ਵੀ ਇਹੋ ਤੁਰਦੇ ਫਿਰਦੇ ਨਜ਼ਰ ਆਉਂਦੇ ਹਨ। ਹਰ ਸਾਲ ਅਕਤੂਬਰ ਦੇ ਮਹੀਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਇਹ ਖੱਬੇਪੱਖੀ ਭਰਾ 'ਕਲਚਰਲ ਗਲਵੱਕੜੀਆਂ' ਪਾ ਕੇ ਇੱਕ ਦੂਜੇ ਦਾ ਹਾਲ ਚਾਲ ਪੁੱਛਦੇ ਹਨ। ਗ਼ਦਰ ਪਾਰਟੀ ਲਹਿਰ ਨੂੰ ਖੱਬੇਪੱਖੀ ਬਿਰਤਾਂਤ ਦਾ ਰੰਗ ਦੇਣ ਵਿੱਚ ਵੀ ਇਨ੍ਹਾਂ ਦਾ ਵੱਡਾ ਹਿੱਸਾ ਹੈ, ਪਰ ਹਾਲ ਵਿੱਚ ਹੀ ਰਾਜਵਿੰਦਰ ਸਿੰਘ ਰਾਹੀ ਅਤੇ ਅਜਮੇਰ ਸਿੰਘ ਨੇ ਆਪਣੀਆਂ ਕਲਮਾਂ ਰਾਹੀਂ ਇਨ੍ਹਾਂ ਨੂੰ ਵੱਡੀ ਸਿਧਾਂਤਕ ਟੱਕਰ ਦਿੱਤੀ ਹੈ। ਪਰ ਅਜੇ ਵੀ ਇਨ੍ਹਾਂ ਦੇ ਪੈਰ ਜੰਮੇ ਹੋਏ ਹਨ। ਕਦੇ ਇਨਾਂ ਦੇ ਦੂਰ ਰਹਿ ਕੇ ਅਤੇ ਕਦੇ ਨੇੜੇ ਰਹਿ ਕੇ ਸਾਊ, ਭਲੇਮਾਣਸ ਅਤੇ ਨਿਮਰ ਸਮਝੇ ਜਾਣ ਵਾਲੇ ਉੱਘੇ ਸ਼ਾਇਰ ਸੁਰਜੀਤ ਪਾਤਰ ਨੂੰ ਕੈਬਨਿਟ ਮੈਂਬਰ ਵਜੋਂ ਨਿਵਾਜਿਆ ਜਾ ਚੁੱਕਾ ਹੈ।

ਇਹ ਵੀ ਹੈਰਾਨੀ ਵਾਲਾ ਨੁਕਤਾ ਹੈ ਕਿ ਬਾਕੀ ਰਾਜਾਂ ਦੇ ਗੰਭੀਰ ਕਾਮਰੇਡ ਚਿੰਤਕ ਆਪਣੇ ਆਪਣੇ ਕਲਚਰ ਨਾਲ ਜੁੜ ਕੇ ਰਾਜਨੀਤੀ ਦੀ ਵਿਆਖਿਆ ਕਰਦੇ ਹਨ, ਪਰ ਪੰਜਾਬ ਦੇ ਕਾਮਰੇਡਾਂ ਨੂੰ ਇਹ ਵੱਡੀ ਮਾਰ ਵਗੀ ਹੋਈ ਹੈ ਕਿ ਉਨ੍ਹਾਂ ਦੀ ਸਾਰੀ ਰਾਜਨੀਤਕ ਤੇ ਕਲਚਰਲ ਸਮਝ ਇਸੇ ਗੱਲ ਵਿੱਚ ਹੈ ਕਿ ਸਿੱਖੀ ਨਾਲ ਵੈਰ ਕਿਵੇਂ ਕਮਾਉਣਾ ਹੈ।ਕਈ ਸਾਲ ਪਹਿਲਾਂ ਦੀ ਗੱਲ ਹੈ ਕਿ ਸ਼ਾਇਦ ਕੇਰਲਾ ਦੇ ਕਾਮਰੇਡਾਂ ਨੇ ਹੀ ਪੰਜਾਬ ਦੇ ਕਾਮਰੇਡਾਂ ਨੂੰ ਕਾਫੀ ਲਾਹਨਤਾਂ ਪਾਈਆਂ ਤੇ ਸ਼ਰਮਸਾਰ ਕਰਦੇ ਹੋਏ ਸਵਾਲ ਕੀਤਾ ਕਿ ਭਾਰਤੀ ਸਟੇਟ ਦੇ ਖ਼ਿਲਾਫ਼ ਲੜ ਰਹੀ ਜੁਝਾਰੂ ਲਹਿਰ ਦਾ ਤੁਸੀਂ ਅਕਸਰ ਵਿਰੋਧ ਕਿਉਂ ਕਰਦੇ ਹੋ ? ਪਰ ਇਨ੍ਹਾਂ ਕੋਲ ਕੋਈ ਠੋਸ ਜਵਾਬ ਨਹੀਂ ਸੀ।

ਚਲੋ ਛੱਡੋ ਹੁਣ ਇਨ੍ਹਾਂ ਗੱਲਾਂ ਨੂੰ। ਹੁਣ ਵੱਡਾ ਸਵਾਲ ਇਹ ਹੈ ਕਿ ਸਿੱਖ ਬਿਰਤਾਂਤ ਤੇ ਖੱਬੇਪੱਖੀ ਬਿਰਤਾਂਤ ਅਤੇ ਇਸਦੇ ਸੰਭਾਵੀ ਤੇ ਪੁੱਠੇ ਸਿੱਧੇ ਸਰਗਰਮ ਸਹਾਇਕ 'ਰਾਸ਼ਟਰਵਾਦੀ-ਬਿਰਤਾਂਤ' ਨਾਲ ਮੁਕਾਬਲਾ ਕਿਵੇਂ ਕਰਨਾ ਹੈ। ਕਿਸਾਨ ਮੋਰਚਾ ਇੱਕ ਵੱਡਾ ਸਮੁੰਦਰ ਸੀ ਜਿਸ ਵਿੱਚ ਟੁੱਭੀ ਮਾਰਿਆਂ ਅਣਗਿਣਤ ਹੀਰੇ ਮੋਤੀ ਮਿਲਣਗੇ।ਅਨੇਕਾਂ ਕਹਾਣੀਆਂ ਲਿਖੀਆਂ ਜਾਣਗੀਆਂ, ਨਾਵਲ ਜਨਮ ਲੈਣਗੇ, ਵੱਡੀਆਂ ਰਚਨਾਵਾਂ ਸਨ ਸਾਹਮਣੇ ਆਉਣੀਆਂ ਹੀ ਆਉਣੀਆਂ ਹਨ। ਕਵਿਤਾਵਾਂ ਵਜੂਦ ਵਿਚ ਆਉਣਗੀਆਂ। ਹਾਲ ਵਿਚ ਹੀ ਕੰਵਲ ਗਰੇਵਾਲ ਤੇ ਹਰਫ਼ ਚੀਮਾ ਦਾ ਇੱਕ ਸਾਂਝਾ ਗੀਤ ਸੋਸ਼ਲ ਮੀਡੀਆ ਤੇ ਖ਼ੂਬ ਵਾਇਰਲ ਹੋ ਰਿਹਾ ਹੈ ਜਿਸ ਦੀਆਂ ਕੁਝ ਸਤਰਾਂ ਧਿਆਨ ਨਾਲ ਪੜ੍ਹੋ :

**ਬਾਕੀ ਸਫ਼ਾ 29 'ਤੇ**

# ਗੁਰੂ ਕਾਸ਼ੀ ਕੈਂਪਸ ਦਾ ਸੰਕਟ ਕੀ ਹੈ ?

**ਸੁਖਦੀਪ ਸਿੰਘ ਬਿੱਟੂ**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ 1961 ਵਿਚ ਹੋਈ ਸੀ। ਇਹ ਵਿਸ਼ਵ ਦੀ ਦੂਜੀ ਯੂਨੀਵਰਸਿਟੀ ਹੈ ਜੋ ਮਾਂ-ਬੋਲੀ ਦੇ ਨਾਂ 'ਤੇ ਸਥਾਪਿਤ ਕੀਤੀ ਗਈ ਸੀ। ਇਸੇ ਕਾਰਨ ਇਹ ਅਕਾਦਮਿਕ ਕਾਰਜਾਂ ਦੇ ਨਾਲ-ਨਾਲ ਮਾਂ ਬੋਲੀ ਦੇ ਵਿਕਾਸ ਲਈ ਨਿਰੰਤਰ ਕਾਰਜਸ਼ੀਲ ਹੈ। ਇਹ ਪੰਜਾਬ ਦੇ ਪੱਛੜੇ ਇਲਾਕਿਆਂ ਵਿਚ ਗ਼ਰੀਬ ਵਿਦਿਆਰਥੀਆਂ ਨੂੰ ਬਹੁਤ ਘੱਟ ਖ਼ਰਚੇ 'ਤੇ ਵਿੱਦਿਆ ਪ੍ਰਦਾਨ ਕਰਨ ਵਾਲੀ ਇੱਕੋ-ਇੱਕ ਯੂਨੀਵਰਸਿਟੀ ਹੈ। ਇਸ ਖੇਤਰ ਦੀਆਂ ਹੋਰਨਾਂ ਯੂਨੀਵਰਸਿਟੀਆਂ ਦੇ ਮੁਕਾਬਲੇ ਇਸ ਵਿਚ ਪੜ੍ਹਾਈ ਦਾ ਖ਼ਰਚਾ ਅਤੇ ਹੋਸਟਲ ਫ਼ੀਸ ਆਦਿ ਖ਼ਰਚੇ ਅੱਧ ਤੋਂ ਵੀ ਘੱਟ ਹਨ। ਪੇਂਡੂ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਲਈ ਇਸ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ 'ਤੇ ਵੱਖ-ਵੱਖ ਖੇਤਰਾਂ ਵਿਚ ਰਿਜਨਲ ਸੈਂਟਰ, ਨੇਬਰਹੁੱਡ ਕੈਂਪਸ ਅਤੇ ਕਾਲਜ ਖੋਲੇ ਗਏ। ਇਨ੍ਹਾਂ ਅਦਾਰਿਆਂ ਵਿਚ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ ਸਭ ਤੋਂ ਵੱਡਾ ਕੈਂਪਸ ਹੈ।

ਸੰਨ 1988 ਵਿਚ ਤਲਵੰਡੀ ਸਾਬੋ ਵਿਚ ਗੁਰੂ ਕਾਸ਼ੀ ਕੈਂਪਸ ਦੀ ਸਥਾਪਨਾ ਐਮਬੀਏ ਕੋਰਸ ਨੂੰ ਸ਼ੁਰੂ ਕਰ ਕੇ ਕੀਤੀ ਗਈ ਸੀ। ਸੰਨ 2001 ਵਿਚ ਪਹਿਲਾਂ 'ਦਿ ਸਿੱਖ ਐਜੂਕੇਸ਼ਨ ਕੌਂਸਲ, ਸ੍ਰੀ ਦਮਦਮਾ ਸਾਹਿਬ' ਅਧੀਨ ਚੱਲ ਰਹੇ ਗੁਰੂ ਕਾਸ਼ੀ ਕਾਲਜ ਨੂੰ ਪੰਜਾਬੀ ਯੂਨੀਵਰਸਿਟੀ ਨੇ ਆਪਣੇ ਪ੍ਰਬੰਧ ਅਧੀਨ ਲੈ ਲਿਆ ਅਤੇ ਇਸ ਤਰ੍ਹਾਂ ਗੁਰੂ ਕਾਸ਼ੀ ਕੈਂਪਸ ਵਿਚ ਦੋ ਅਦਾਰੇ ਕੰਮ ਕਰਨ ਲੱਗੇ। ਇੱਥੇ ਜ਼ਿਕਰਯੋਗ ਹੈ ਕਿ ਗੁਰੂ ਕਾਸ਼ੀ ਕਾਲਜ ਦੀ ਸਥਾਪਨਾ 13 ਅਪ੍ਰੈਲ 1964 ਨੂੰ ਵਿੱਦਿਆ ਦੇ ਕਦਰਦਾਨ ਸੰਤ ਬਾਬਾ ਫ਼ਤਹਿ ਸਿੰਘ ਜੀ ਨੇ ਖ਼ੁਦ ਰੋੜੀ ਕੁੱਟ ਕੇ ਕੀਤੀ ਜਿਸ ਦੀ ਚਾਰ ਚੁਫ਼ੇਰਿਓਂ ਪ੍ਰਸ਼ੰਸਾ ਹੋਈ।

ਉਪਰੋਕਤ ਕੌਂਸਲ ਦੇ ਨਾਂ ਹੇਠ ਕਾਲਜ ਦੀ ਕਾਰਜਕਾਰੀ ਨਿਯਮਾਂਵਲੀ ਪ੍ਰਕਾਸ਼ਿਤ ਕੀਤੀ ਗਈ ਜਿਸ ਨੂੰ ਕਾਲਜ ਦੇ ਪਹਿਲੇ ਸਕੱਤਰ ਮਲੂਕ ਸਿੰਘ ਵਕੀਲ ਬਠਿੰਡਾ ਦੇ ਹਸਤਾਖ਼ਰਾਂ ਅਧੀਨ ਜਾਰੀ ਕੀਤਾ ਗਿਆ। ਲਗਭਗ 37



ਸਾਲ ਇਸ ਕੌਂਸਲ ਅਧੀਨ ਕੰਮ ਕਰਨ ਤੋਂ ਬਾਅਦ ਇਹ ਕਾਲਜ ਯੂਨੀਵਰਸਿਟੀ ਦੇ ਪ੍ਰਬੰਧ ਹੇਠ ਆਇਆ। ਇਸ ਕੈਂਪਸ ਦੇ ਵਿਕਾਸ ਦੇ ਅਗਲੇ ਪੜਾਅ 'ਤੇ 2004 ਵਿਚ ਯੂਨੀਵਰਸਿਟੀ ਨੇ ਇੱਥੇ ਯਾਦਵਿੰਦਰਾ ਕਾਲਜ ਆਫ ਇੰਜੀਨੀਅਰਿੰਗ ਸਥਾਪਿਤ ਕੀਤਾ ਜੋ ਕਿ ਇਕ ਵਿਭਾਗ ਵਾਂਗ ਸਥਾਪਿਤ ਕੀਤਾ ਗਿਆ। ਇਸ ਤਰ੍ਹਾਂ ਗੁਰੂ ਕਾਸ਼ੀ ਕੈਂਪਸ ਵਿਚ ਦੋ ਵਿਭਾਗ ਤੇ ਇਕ ਕਾਲਜ ਕੰਮ ਕਰਨ ਲੱਗੇ। ਯਾਦਵਿੰਦਰਾ ਕਾਲਜ ਪੇਂਡੂ ਗ਼ਰੀਬ ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਪ੍ਰਦਾਨ ਕਰਨ ਵਾਲਾ ਪਹਿਲਾ ਵਿਭਾਗ ਸੀ ਅਤੇ ਇਨਾਂ ਗ਼ਰੀਬ ਵਿਦਿਆਰਥੀਆਂ ਦੀ ਫ਼ੀਸ ਤਤਕਾਲੀ ਵਾਈਸ ਚਾਂਸਲਰ ਸਵਰਨ ਸਿੰਘ ਬੋਪਾਰਾਏ ਦੇ ਯਤਨਾਂ ਸਦਕਾ ਵਿਦੇਸ਼ਾਂ ਵਿਚ ਰਹਿੰਦੇ ਐੱਨਆਰਆਈਜ਼ ਤੋਂ ਗੋਲਡਨ ਹਾਰਟ ਸਕੀਮ ਤਹਿਤ ਦਾਨ ਲਈ ਜਾਂਦੀ ਸੀ। ਇਸ ਤਰ੍ਹਾਂ ਇਹ ਕੈਂਪਸ ਆਪਣੇ ਨਿਵੇਕਲੇ ਕਾਰਜ ਕਾਰਨ ਦੁਨੀਆ ਦੇ ਨਕਸ਼ੇ 'ਤੇ ਆ ਗਿਆ ਅਤੇ ਵਿੱਦਿਅਕ ਖੇਤਰ ਵਿਚ ਆਪਣਾ ਯੋਗਦਾਨ ਪਾਉਂਦਾ ਰਿਹਾ। ਇਕ ਸਤੰਬਰ 2021 ਨੂੰ ਰਾਤੀਂ 9:37 ਵਜੇ ਯੂਨੀਵਰਸਿਟੀ ਵੱਲੋਂ ਅਚਾਨਕ ਈ-ਮੇਲ ਰਾਹੀਂ ਇਹ ਫ਼ੁਰਮਾਨ ਜਾਰੀ ਕਰ ਦਿੱਤਾ ਗਿਆ ਕਿ ਗੁਰੂ ਕਾਸ਼ੀ ਕਾਲਜ ਨੂੰ ਤੋੜ ਕੇ ਦੋ ਵਿਭਾਗਾਂ ਵਿਚ ਵੰਡ ਦਿੱਤਾ ਗਿਆ ਹੈ ਅਤੇ ਇਸੇ ਤਰ੍ਹਾਂ ਯਾਦਵਿੰਦਰਾ ਕਾਲਜ ਨੂੰ ਵੀ ਦੋ ਵਿਭਾਗਾਂ ਵਿਚ ਵੰਡ ਦਿੱਤਾ ਗਿਆ ਹੈ।

ਐੱਮਬੀਏ ਵਿਭਾਗ ਉਸੇ ਤਰ੍ਹਾਂ ਹੀ ਰੱਖਿਆ ਗਿਆ। ਯੂਨੀਵਰਸਿਟੀ ਦੀ ਇਸ ਜਲਦਬਾਜ਼ੀ ਕਾਰਨ ਕਈ ਅਫ਼ਵਾਹਾਂ ਨੇ ਵੀ ਜਨਮ ਲਿਆ ਹੈ। ਯੂਨੀਵਰਸਿਟੀ ਵੱਲੋਂ ਇਹ ਤਰਕ ਦਿੱਤਾ ਜਾ ਰਿਹਾ ਹੈ ਕਿ ਇਹ ਫ਼ੈਸਲਾ ਯੂਨੀਵਰਸਿਟੀ ਦੀ ਵਿੱਤੀ ਹਾਲਤ ਨੂੰ ਸੁਧਾਰਨ ਲਈ ਲਿਆ ਗਿਆ ਹੈ। ਗੁਰੂ ਕਾਸ਼ੀ ਕਾਲਜ ਦੇ ਖ਼ਤਮ ਹੋਣ ਨਾਲ ਯੂਨੀਵਰਸਿਟੀ ਦੀ ਵਿੱਤੀ ਸਥਿਤੀ ਦੀ ਪੜਚੋਲ ਕਰਨੀ ਬਣਦੀ ਹੈ। ਯੂਜੀਸੀ ਦੇ ਨਿਯਮਾਂ ਅਨੁਸਾਰ ਇਹ ਕਾਲਜ 12ਬੀ ਅਤੇ 2ਐੱਫ ਨੰਬਰ ਅਧੀਨ ਉਕਤ ਸੰਸਥਾ ਕੋਲ ਰਜਿਸਟਰ ਸੀ। ਇਸ ਤਹਿਤ ਯੂਜੀਸੀ ਸਮੇਂ-ਸਮੇਂ 'ਤੇ ਕਈ ਗ੍ਰਾਂਟਾਂ ਕਾਲਜ ਨੂੰ ਦਿੰਦੀ ਆ ਰਹੀ ਸੀ। ਕਾਲਜ ਤੋਂ ਸੇਵਾਮੁਕਤ ਹੋਏ ਪ੍ਰਿੰਸੀਪਲ ਡਾ. ਐੱਮ. ਪੀ. ਸਿੰਘ ਨੇ 37 ਲੱਖ ਰੁਪਏ ਦੀ ਗ੍ਰਾਂਟ ਯੂਜੀਸੀ ਤੋਂ ਪ੍ਰਾਪਤ ਕਰ ਕੇ ਕਾਲਜ ਵਿਚ ਸਾਰੇ ਰੈਗੂਲਰ ਅਧਿਆਪਕਾਂ ਨੂੰ ਲੈਪਟਾਪ, ਕ੍ਰੋਮ, ਇਕ ਅਲਮਾਰੀ ਅਤੇ ਤਿੰਨ ਕੁਰਸੀਆਂ ਮੁਹੱਈਆ ਕਰਵਾਈਆਂ ਅਤੇ ਕਾਲਜ ਲਈ ਐਗਰੀਕਲਚਰ ਦੇ ਕੋਰਸਾਂ ਦਾ ਸਾਮਾਨ, ਵੱਡਾ ਆਰਓ, ਲਾਇਬ੍ਰੇਰੀ ਲਈ ਪੁਸਤਕਾਂ, ਪੱਖੇ ਅਤੇ ਨਵੀਆਂ ਟਿਊਬ ਲਾਈਟਾਂ ਆਦਿ ਬਹੁਤ ਸਾਮਾਨ ਖ਼ਰੀਦਿਆ। ਇਕ ਭਾਸ਼ਾਵਾਂ ਦੀ ਲੈਬ ਵੀ ਤਿਆਰ ਕੀਤੀ ਗਈ ਪਰ ਹੁਣ ਕਾਲਜ ਦਾ ਨਾਂ ਖ਼ਤਮ ਹੋਣ ਨਾਲ ਅਤੇ ਵਿਭਾਗ ਬਣ ਜਾਣ ਨਾਲ ਯੂਜੀਸੀ ਦੀ ਗ੍ਰਾਂਟ ਆਉਣੀ ਬੰਦ ਹੋ ਜਾਵੇਗੀ। ਦੂਸਰੇ ਨੰਬਰ 'ਤੇ ਅੱਜ ਕੱਲ ਹਰ ਕਾਲਜ ਦੀ ਰੀੜ ਦੀ ਹੱਡੀ ਹੁੰਦਾ ਹੈ ਪੀਟੀਏ ਫੰਡ ਜੋ ਵਿਦਿਆਰਥੀਆਂ ਤੋਂ ਫ਼ੀਸ ਨਾਲ ਹੀ ਲਿਆ ਜਾਂਦਾ ਹੈ ਅਤੇ ਜਿਸ ਵਿਚ ਲੱਖਾਂ-ਕਰੋੜਾਂ ਰੁਪਏ ਇਕੱਠੇ ਹੋ ਜਾਂਦੇ ਹਨ। ਸਾਰੇ ਕਾਲਜ ਇਸ ਫੰਡ ਨੂੰ ਗੈਸਟ ਫੈਕਲਟੀ ਦੇ ਅਧਿਆਪਕਾਂ ਨੂੰ ਤਨਖ਼ਾਹ ਦੇਣ ਅਤੇ ਹੋਰ ਨਵੀਆਂ ਇਮਾਰਤਾਂ ਅਤੇ ਲੋੜੀਂਦੇ ਬੁਨਿਆਦੀ ਢਾਂਚੇ ਬਣਾਉਣ ਲਈ ਵਰਤਦੇ ਹਨ। ਹੁਣ ਕਾਲਜ ਦਾ ਨਾਂ ਖ਼ਤਮ ਹੋਣ ਅਤੇ ਵਿਭਾਗ ਬਣਨ ਨਾਲ ਯੂਨੀਵਰਸਿਟੀ ਨਿਯਮਾਂ ਅਧੀਨ ਪੀਟੀਏ ਫੰਡ ਨਹੀਂ ਲਿਆ ਜਾ ਸਕੇਗਾ ਅਤੇ ਨਾ ਹੀ ਵਿਦਿਆਰਥੀ ਦੇਣਗੇ। ਇਸ ਦੇ ਨਤੀਜੇ ਵਜੋਂ ਗੈਸਟ ਫੈਕਲਟੀ ਦੇ ਸਾਰੇ ਅਧਿਆਪਕਾਂ ਨੂੰ ਤਨਖ਼ਾਹ ਦੇਣ ਦਾ ਬੋਝ ਯੂਨੀਵਰਸਿਟੀ 'ਤੇ ਹੀ ਪਵੇਗਾ। ਨਵੀਆਂ ਇਮਾਰਤਾਂ ਲਈ ਫੰਡ ਜਾਰੀ ਕਰ ਕੇ ਯੂਨੀਵਰਸਿਟੀ ਦੀ ਵਿੱਤੀ ਹਾਲਤ ਹੋਰ ਵੀ ਗੰਭੀਰ ਹੋ ਜਾਵੇਗੀ।

ਇਸ ਦੇ ਨਾਲ ਹੀ ਜੋ ਨਵੇਂ ਪੰਜ ਵਿਭਾਗ ਬਣਾਏ ਗਏ ਹਨ ਉਨਾਂ ਵਿਚ ਨਵੇਂ ਮੁਖੀਆਂ ਲਈ ਕਮਰੇ ਤਿਆਰ ਕਰਨ ਦਾ ਖ਼ਰਚਾ ਤਾਂ ਹੋਵੇਗਾ ਹੀ, ਨਾਲ ਹੀ ਹਰ ਸਾਲ ਪੰਜ ਵਿਭਾਗਾਂ ਲਈ ਇਕ-ਇਕ ਲੱਖ ਰੁਪਏ ਦੀ ਕੰਟਿਨਜੈਂਸੀ ਦਾ ਪ੍ਰਬੰਧ ਵੀ ਕਰਨਾ ਪਵੇਗਾ। ਇਨਾਂ ਨਵੇਂ ਵਿਭਾਗਾਂ ਲਈ ਕਲਰਕਾਂ, ਸੇਵਾਦਾਰਾਂ ਤੇ ਹੋਰ ਕਰਮਚਾਰੀਆਂ ਦੀ ਭਰਤੀ ਵੀ ਕਰਨੀ ਪਵੇਗੀ।

ਉਪਰੋਕਤ ਸਭ ਦਾ ਵਿਸ਼ਲੇਸ਼ਣ ਕਰਨ ਨਾਲ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਯੂਨੀਵਰਸਿਟੀ ਨੂੰ ਜਿੱਥੇ ਕਰੋੜਾਂ ਰੁਪਏ ਆਉਣੇ ਬੰਦ ਹੋ ਜਾਣਗੇ ਉੱਥੇ ਲੱਖਾਂ ਰੁਪਏ ਦੇ ਨਵੇਂ ਖ਼ਰਚੇ ਵਧ ਜਾਣਗੇ। ਇਸ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਕਦਮ ਨਾਲ ਯੂਨੀਵਰਸਿਟੀ ਦੀ ਆਰਥਿਕ ਹਾਲਤ ਹੋਰ ਡਗਮਗਾ ਜਾਵੇਗੀ। ਇਨਾਂ ਕਮਜ਼ੋਰ ਹਾਲਾਤ ਅਧੀਨ ਯੂਨੀਵਰਸਿਟੀ ਇਹ ਵਿੱਤੀ ਹਾਲਤ ਕਦੋਂ ਤੱਕ ਬਰਦਾਸ਼ਤ ਕਰੇਗੀ ? ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ।

# ਹਰਨਾਜ਼ ਸਿਰ ਮਿਸ ਯੂਨੀਵਰਸ ਦਾ ਸਜਿਆ ਤਾਜ

## ✪ ਚੰਡੀਗੜ ਦੀ 21 ਸਾਲਾ ਹਰਨਾਜ਼ ਨੇ 80 ਮੁਲਕਾਂ ਦੀਆਂ ਬੀਬੀਆਂ ਨੂੰ ਦਿੱਤੀ ਮਾਤ ✪ 21 ਸਾਲਾਂ ਬਾਅਦ ਭਾਰਤ ਦੇ ਹਿੱਸੇ ਆਇਆ ਖ਼ਿਤਾਬ ✪ ਅੱਗੇ ਆਓ, ਆਪਣੇ ਆਪ ਲਈ ਬੋਲੋ ✪ ਤੁਸੀਂ ਹੀ ਆਪਣੀ ਜ਼ਿੰਦਗੀ ਦੇ ਆਗੂ ਹੋ : ਹਰਨਾਜ਼ ਸੰਧੂ ✪ ਮਿਸ ਯੂਨੀਵਰਸ ਦਾ ਵਿਵਾਦ, ਕਾਰਪੋਰੇਟ ਮੰਡੀ ਤੇ ਗੁਰਮਤਿ ਸਭਿਆਚਾਰ-ਇਕ ਸੰਵਾਦ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਅਦਾਕਾਰਾ-ਮਾਡਲ ਹਰਨਾਜ਼ ਸੰਧੂ (21) ਮਿਸ ਯੂਨੀਵਰਸ 2021 ਬਣ ਗਈ ਹੈ। ਮੀਡੀਆ ਦੀਆਂ ਖਬਰਾਂ ਅਨੁਸਾਰ ਉਸ ਨੇ 80 ਮੁਲਕਾਂ ਦੀਆਂ ਮੁਟਿਆਰਾਂ ਨੂੰ ਮਾਤ ਦਿੱਤੀ ਤੇ 21 ਸਾਲਾਂ ਬਾਅਦ ਇਹ ਖ਼ਿਤਾਬ ਭਾਰਤ ਦੀ ਝੋਲੀ ਪਾਇਆ। ਹਰਨਾਜ਼ ਤੋਂ ਪਹਿਲਾਂ ਸਿਰਫ਼ ਦੋ ਭਾਰਤੀ ਔਰਤਾਂ ਨੇ ਇਹ ਖ਼ਿਤਾਬ ਜਿੱਤਿਆ ਹੈ। ਸੁਸ਼ਮਿਤਾ ਸੇਨ 1994 ਤੇ ਲਾਰਾ ਦੱਤਾ ਸੰਨ 2000 ਵਿਚ ਮਿਸ ਯੂਨੀਵਰਸ ਬਣੀ ਸੀ। 70ਵਾਂ ਮਿਸ ਯੂਨੀਵਰਸ ਮੁਕਾਬਲਾ ਇਜ਼ਰਾਈਲ ਵਿਚ ਹੋਇਆ। ਚੰਡੀਗੜ ਵਾਸੀ ਹਰਨਾਜ਼ ਜੋ ਕਿ ਵਰਤਮਾਨ ਵਿਚ ਪਬਲਿਕ ਐਡਮਨਿਸਟ੍ਰੇਸ਼ਨ ਵਿਚ ਮਾਸਟਰਜ਼ ਕਰ ਰਹੀ ਹੈ, ਦੇ ਸਿਰ 2020 ਵਿਚ ਮੁਕਾਬਲਾ ਜਿੱਤਣ ਵਾਲੀ ਮੈਕਸਿਕੋ ਦੀ ਐਂਡਰੀਆ ਮੇਜ਼ਾ ਨੇ ਤਾਜ ਸਜਾਇਆ। ਮੁਕਾਬਲੇ ਵਿਚ ਪੈਰਾਗੁਏ ਦੀ ਨਾਦੀਆ ਫਰੇਰਾ (22) ਦੂਜੇ ਨੰਬਰ ਉਤੇ ਰਹੀ ਜਦ ਕਿ ਦੱਖਣੀ ਅਫ਼ਰੀਕਾ ਦੀ ਲਾਲੇਲਾ ਮਸਵਾਨੇ (24) ਨੇ ਤੀਜੀ ਥਾਂ ਹਾਸਲ ਕੀਤੀ। ਹਰਨਾਜ਼ ਸੰਧੂ ਨੇ ਮੁਕਾਬਲੇ ਤੋਂ ਬਾਅਦ ਆਪਣੇ ਮਾਪਿਆਂ ਤੇ ਮਿਸ ਇੰਡੀਆ ਆਰਗੇਨਾਈਜ਼ੇਸ਼ਨ ਦਾ ਸੇਧ ਤੇ ਸਮਰਥਨ ਲਈ ਧੰਨਵਾਦ ਕੀਤਾ। ਸੰਧੂ ਨੇ ਕਿਹਾ ਕਿ, 'ਅਜੋਕੇ ਸਮੇਂ ਦਾ ਨੌਜਵਾਨ ਜਿਹੜੀ ਸਭ ਤੋਂ ਵੱਡੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ, ਉਹ ਹੈ ਖ਼ੁਦ ਵਿਚ ਵਿਸ਼ਵਾਸ ਕਰਨਾ, ਇਹ ਜਾਣਨਾ ਕਿ ਤੁਸੀਂ ਵਿਲੱਖਣ ਹੋ ਤੇ ਇਹੀ ਤੁਹਾਨੂੰ ਖ਼ੂਬਸੂਰਤ ਬਣਾਉਂਦਾ ਹੈ। ਆਪਣੀ ਦੂਜਿਆਂ ਨਾਲ ਤੁਲਨਾ ਕਰਨੀ ਬੰਦ ਕਰੋ ਤੇ ਦੁਨੀਆ ਵਿਚ ਹੋ ਰਹੀਆਂ ਹੋਰਨਾਂ ਮਹੱਤਵਪੂਰਨ ਘਟਨਾਵਾਂ ਬਾਰੇ ਗੱਲ ਕਰੋ।' ਅੱਗੇ ਆਓ, ਆਪਣੇ ਆਪ ਲਈ ਬੋਲੋ ਕਿਉਂਕਿ ਤੁਸੀਂ ਹੀ ਆਪਣੀ ਜ਼ਿੰਦਗੀ ਦੇ ਆਗੂ ਹੋ, ਤੁਸੀਂ ਹੀ ਆਪਣੀ ਆਵਾਜ਼ ਹੋ। ਮੈਂ ਖ਼ੁਦ ਵਿਚ ਯਕੀਨ ਕੀਤਾ ਤੇ ਇਸੇ ਲਈ ਮੈਂ ਅੱਜ ਇੱਥੇ ਖੜੀ ਹਾਂ।' ਉਸ ਦੇ ਜਵਾਬ ਤੋਂ ਬਾਅਦ ਪੂਰਾ ਹਾਲ ਤਾੜੀਆਂ ਨਾਲ ਗੂੰਜ ਗਿਆ।

ਸੰਧੂ ਨੇ ਇਸ ਖੇਤਰ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ 2017 ਵਿਚ ਕੀਤੀ ਸੀ ਜਦ ਉਹ ਚੰਡੀਗੜ ਦੀ ਨੁਮਾਇੰਦਗੀ ਕਰਦਿਆਂ 17 ਸਾਲ ਦੀ ਉਮਰ ਵਿਚ 'ਟਾਈਮਜ਼ ਫਰੈੱਸ਼ ਫੇਸ' ਬਣੀ। ਮਗਰੋਂ ਉਸ ਨੇ ਮਿਸ ਦੀਵਾ ਯੂਨੀਵਰਸ 2021 ਖ਼ਿਤਾਬ ਵੀ ਜਿੱਤਿਆ। ਉਹ ਪੰਜਾਬੀ ਫ਼ਿਲਮਾਂ ਵਿਚ ਵੀ ਕੰਮ ਕਰ ਚੁੱਕੀ ਹੈ। ਮਿਸ ਯੂਨੀਵਰਸ ਸਮਾਗਮ ਦੀ ਮੇਜ਼ਬਾਨੀ ਸਟੀਵ ਹਾਰਵੀ ਨੇ ਕੀਤੀ ਤੇ ਇਸ ਮੌਕੇ ਅਮਰੀਕੀ ਗਾਇਕ ਜੋਜੋ ਨੇ ਪੇਸ਼ਕਾਰੀ ਦਿੱਤੀ। ਚੋਣ ਕਮੇਟੀ ਵਿਚ ਭਾਰਤੀ ਅਦਾਕਾਰਾ ਤੇ ਸਾਬਕਾ ਮਿਸ ਯੂਨੀਵਰਸ ਇੰਡੀਆ ਉਰਵਸ਼ੀ ਰੌਟੇਲਾ ਸਣੇ ਕਈ ਹੋਰ ਉੱਘੀਆਂ ਕੌਮਾਂਤਰੀ ਸ਼ਖ਼ਸੀਅਤਾਂ ਸ਼ਾਮਲ ਸਨ।



ਮਿਸ ਯੂਨੀਵਰਸ ਬਣਨ 'ਤੇ ਕਈ ਫ਼ਿਲਮੀ ਹਸਤੀਆਂ ਸੁਸ਼ਮਿਤਾ ਸੇਨ, ਲਾਰਾ ਦੱਤਾ ਤੇ ਪ੍ਰਿਯੰਕਾ ਚੋਪੜਾ ਕਰੀਨਾ ਕਪੂਰ ਖਾਨ, ਰਵੀਨਾ ਟੰਡਨ ਆਦਿ ਨੇ ਮੁਬਾਰਕਾਂ ਦਿੱਤੀਆਂ। ਜੇ ਸੁੰਦਰਤਾ ਮੁਕਾਬਲਿਆਂ ਦੀ ਚੀੜ ਫਾੜ ਕੀਤੀ ਜਾਵੇ ਤਾਂ ਸੁੰਦਰਤਾ ਮੁਕਾਬਲੇ ਨਾ ਪੰਜਾਬੀ ਸਭਿਆਚਾਰ, ਨੈਤਿਕਤਾ ਦਾ ਹਿੱਸਾ ਹਨ ਤੇ ਨਾ ਹੀ ਸਿੱਖ ਸਭਿਆਚਾਰ ਦਾ। ਗੁਰ-ਫੁਰਮਾਨ ਹੈ:

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥
ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥
ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥
ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥
ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥
(ਪੰਨਾ ੭੨੨)

ਆਪਣੇ ਪ੍ਰੀਤਮ ਦੇ ਰੰਗ ਵਿਚ ਦਿਨ ਰਾਤ ਰੰਗੀ ਰਹਿਣ ਵਾਲੀ ਜੀਵ ਇਸਤਰੀ ਅਰਥਾਤ ਮਨੁੱਖ ਹੀ ਸੁੰਦਰ ਹੈ ਤੇ ਸਮਝਦਾਰ ਗਿਣਿਆ ਜਾਵੇਗਾ। ਅਰਥਾਤ ਮਨੁੱਖ ਨੂੰ ਕੁਦਰਤੀ ਸਚ ਅਪਨਾਉਣਾ ਚਾਹੀਦਾ ਹੈ। ਇਸ ਲਈ ਸਿਖ ਆਦਰਸ਼ ਮਨ ਦੀ ਸੁੰਦਰਤਾ, ਕਿਰਦਾਰ ਤੇ ਗੁਰਮਤਿ ਨੈਤਿਕਤਾ ਉਪਰ ਆਧਾਰਿਤ ਹੈ। ਸੋ ਸੁੰਦਰਤਾ ਮੁਕਾਬਲਿਆਂ ਦਾ ਹਿੱਸਾ ਬਣਨਾ ਸਿੱਖ ਪਰਿਵਾਰਾਂ ਨੂੰ ਮੇਚ ਨਹੀਂ ਖਾਂਦਾ। ਕਿਉਂਕਿ ਇਹ ਕਾਰਪੋਰੇਟ ਲੁਟ ਤੇ ਸ਼ੋਸ਼ਣ ਦਾ ਅੰਗ ਹਨ। ਯੂਨਾਨੀ ਫਿਲਾਸਫਰ ਪਲੈਟੋ ਦਾ ਵਿਚਾਰ ਹੈ ਕਿ ਉਹ ਮਨੁੱਖ ਸੁੰਦਰ ਹੈ ਜਿਸ ਵਿਚ ਸਤਯ, ਸ਼ਿਵਤਵ ਅਤੇ ਦੈਵੀ ਗੁਣ ਹੁੰਦੇ ਹਨ ਅਰਥਾਤ ਜਿਸ ਵਿਚ ਮਨ ਅਤੇ ਆਤਮਾ ਦੋਹਾਂ ਨੂੰ ਆਨੰਦਿਤ ਕਰਨ ਵਾਲੇ ਗੁਣ ਹੋਣ ਉਹ ਸੁੰਦਰ ਅਖਵਾਉਣ ਦੇ ਯੋਗ ਹੈ।

ਭਾਰਤ ਅੱਜ ਸਾਰੇ ਸੰਸਾਰ ਵਿਚੋਂ ਅਬਾਦੀ ਦੇ ਹਿਸਾਬ ਨਾਲ ਦੂਜੇ ਨੰਬਰ 'ਤੇ ਹੈ। ਇਸ ਵਾਸਤੇ ਵਿਦੇਸ਼ਾਂ ਦੇ ਕਾਰਪੋਰੇਟ ਭਾਰਤ ਵਿਚ ਆਪਣਾ ਸਮਾਨ ਵੇਚਣ ਲਈ ਸਰਗਰਮ ਹਨ। ਇਸੇ ਕਰਕੇ ਸਾਡੇ ਦੇਸ਼ ਦੀਆਂ ਲੜਕੀਆਂ ਦੀ ਸੁੰਦਰਤਾ ਦੇ ਮੁਕਾਬਲੇ ਕਰਵਾਏ ਜਾਂਦੇ ਹਨ।। ਕੌਮੀ ਕਾਰਪੋਰੇਸ਼ਨਾਂ ਸਿੱਧੇ-ਅਸਿੱਧੇ ਰੂਪ ਵਿੱਚ ਸਰਪ੍ਰਸਤੀ ਦੇ ਕੇ 'ਮਿਸ ਇੰਡੀਆ', 'ਮਿਸ ਵਰਲਡ', 'ਮਿਸ ਯੂਨੀਵਰਸ' (ਪੂਰੇ ਬ੍ਰਹਿਮੰਡ ਦੀ!) ਅਤੇ ਹੋਰ ਮੁਲਕਾਂ ਦੇ ਨਾਵਾਂ ਹੇਠ ਵੱਖ-ਵੱਖ ਸੁੰਦਰਤਾ ਮੁਕਾਬਲੇ ਕਰਵਾਉਂਦੀਆਂ ਹਨ। ਇਸ ਤੋਂ ਇਲਾਵਾ ਦੇਸੀ-ਵਿਦੇਸ਼ੀ ਸਨਅਤਕਾਰ, ਵਪਾਰੀ ਅਤੇ ਕਈ ਕਾਰਪੋਰੇਟ ਵੀ ਇਨਾਂ ਮੁਕਾਬਲਿਆਂ ਲਈ ਫੰਡ ਮੁਹੱਈਆ ਕਰਵਾਉਂਦੇ ਹਨ ਤਾਂ ਕਿ ਮਸ਼ਹੂਰੀਆਂ ਰਾਹੀਂ ਉਨਾਂ ਦੇ ਵਪਾਰਕ ਹਿੱਤ ਵੀ ਅੱਗੇ ਵਧਣ। ਮੁਕਾਬਲਿਆਂ ਦੇ ਪ੍ਰਬੰਧਕ ਵੀ ਇਨਾਂ ਕਾਰਪੋਰੇਟ ਸ਼ਕਤੀਆਂ ਦੇ ਮੋਹਰੇ ਹੀ ਹੁੰਦੇ ਹਨ। ਸੰਸਾਰੀਕਰਨ ਨੇ ਮਨੁੱਖ ਦਾ ਕਲਚਰ ਤੇ ਜਿੰਦਗੀ ਦਾ ਇਹ ਆਧਾਰ ਸਿਰਜਿਆ ਹੈ ਕਿ ਮਨੁੱਖੀ ਜ਼ਿੰਦਗੀ ਦਾ ਮੁੱਖ ਮਕਸਦ 'ਖਾਓ, ਪੀਓ ਅਤੇ ਐਸ਼ ਕਰੋ' ਹੈ। ਕਾਰਪੋਰੇਟ ਵਲੋਂ ਔਰਤ ਨੂੰ ਮਾਨਣ, ਅਤੇ ਭੋਗਣ ਵਾਲੀ ਵਸਤੂ ਸਮਝਿਆ ਜਾਂਦਾ ਹੈ। ਕਾਰਪੋਰੇਟ ਦੀ ਦੁਨੀਆਂ ਮਨੁੱਖੀ ਅਜ਼ਾਦੀ ਨਹੀਂ ਦੇ ਸਕਦੀ।ਗੁਰੂ ਦਾ ਬੰਦਾ ਅਜ਼ਾਦ ਮਨੁੱਖ ਹੈ।ਕੀ ਚੰਗਾ ਜਾਂ ਮਾੜਾ ਗੁਰੂ ਗ੍ਰੰਥ ਸਾਹਿਬ ਜੀ ਸੋਝੀ ਦਿੰਦੇ ਹਨ।ਪਰ ਜਦੋਂ ਅਸੀਂ ਜੀਵਨ ਵਿਚ ਵਿਚਰਨਾ ਹੈ ਤਾਂ ਸਾਨੂੰ ਸਿੱਖਾਂ ਨੂੰ ਗੁਰਮਤਿ ਦਾ ਮਾਰਗ ਚੁਣਨਾ ਪਵੇਗਾ। ਸੰਸਾਰੀਕਰਨ ਦੀ ਸਭਿਅਤਾ ਮਨੁੱਖ ਨੂੰ ਅਸ਼ਾਂਤ ਕਰਦੀ ਤੇ ਪੈਸੇ ਦੀ ਦੌੜ ਵਿਚ ਮੰਡੀ ਦਾ ਮਾਲ ਬਣਾਉਂਦੀ ਹੈ।ਇਸ ਲਈ ਸੁੰਦਰਤਾ ਮੁਕਾਬਲਿਆਂ ਨਾਲ ਗੁਰਮਤਿ ਦਾ ਕੋਈ ਮੇਲ ਨਹੀਂ।ਨਾ ਹੀ ਅਸੀਂ ਵਿਸ਼ਵ ਸੁੰਦਰੀਆਂ ਨੂੰ ਉਤਸ਼ਾਹਿਤ ਕਰ ਸਕਦੇ ਹਾਂ।ਸਾਡੇ ਰੋਲ ਮਾਡਲ ਚੰਗੇ ਸਿਆਸਤ ਦਾਨ, ਸਮਾਜ ਸੇਵੀ, ਅਧਿਆਪਕ, ਡਾਕਟਰ ਹੋ ਸਕਦੇ ਹਨ, ਜਿਸ ਵਿਚੋਂ ਸਰਬਤ ਦਾ ਭਲੇ ਦੀ ਲਹਿਰ ਨਿਕਲੇ ਨਾ ਕਿ ਸਟਰੈਸ ਤੇ ਵਿਲਾਸੀ ਭਰਿਆ ਜੀਵਨ ਜੋ ਕਿ ਮਨੁੱਖਤਾ ਦੇ ਦੁੱਖਾਂ ਦਾ ਕਾਰਨ ਬਣੇ।

---




# ਬ੍ਰਹਮੰਡੀ ਸੁੰਦਰੀ ਹੋ ਸਕਦੀ ਸੱਚਮੁੱਚ ਜਾਂ ਧੋਖਾ ਹੈ

**ਗੁਰਸ਼ਰਨ ਸਿੰਘ ਚੀਮਾ ਕਲਾਂ**

ਮਿਸ ਯੂਨੀਵਰਸ ਕੀ ਹੁੰਦਾ? ਬਾਹਰੀ ਚੰਮ, ਅੱਖਾਂ ਸਰੀਰਕ ਅੰਗਾਂ, ਚਾਲ ਦੀ ਨੁਮਾਇਸ਼ ਹੀ ਨਾ, ਜਾਂ ਫਿਰ ਹੋਰ ਕੁਝ ਵੀ? ਹੁਣ ਕਈ ਕਹਿਣਗੇ ਬਾਈ ਤੇਰੀ ਸੋਚ ਸੰਕੀਰਣ ਹੈ ਪਰ ਸੱਚ ਇਹ ਹੈ ਕਿ ਇਹ ਸਭ ਖੇਡਾਂ ਦੇਸ਼ ਦੀਆਂ ਮੰਡੀਆਂ, ਬਿਜਨਸਮੈਨਾਂ ਪਦਾਰਥਵਾਦੀਆਂ ਦੀ ਸਿਰਜੀਆਂ ਹਨ। ਜੋ ਹੁਣ ਤੁਹਾਡੀ ਜੰਮਣ ਖਾਣ, ਪਹਿਨਣ ਤੇ ਹਰ ਤਰਾਂ ਦੀਆਂ ਚੀਜ਼ਾਂ ਤੈਅ ਕਰਨ ਲੱਗ ਪਏ ਹਨ। ਉਨਾਂ ਆਪਣੀ ਮੰਡੀ ਦੀ ਭੀੜ ਲਈ ਬਹੁਤ ਕੁਝ ਸਿਰਜਿਆ ਹੈ ਜਿਸ ਵਿਚ ਉਹ ਤੁਹਾਨੂੰ ਬੌਣਾ, ਅਕਲਹੀਣ, ਤੇ ਹੀਣ ਭਾਵਨਾ ਵਾਲਾ ਬਣਾਉਂਦੇ ਹਨ। ਇਹ ਕਹਿ ਲਵੋ ਕੇ ਇਹ ਉਹੀ ਕਾਰਪੋਰੇਟ ਨੇ ਜਿਨਾਂ ਖਿਲਾਫ ਇਕ ਸਾਲ ਲਾ ਕੇ ਜੰਗ ਜਿੱਤੀ ਹੈ ਤੇ ਇਨਾਂ ਦੀ ਨਹੁੰਦਰਾਂ ਸੈਲੀਬਰੀਟੀਆਂ ਦੇ ਰੂਪ ਵਿਚ ਤੁਹਾਨੂੰ ਬਰੈਂਡਾਂ ਤੇ ਚਮਕ ਦਮਕ ਦੇ ਨਾਂ 'ਤੇ ਭੜਕਾਉਦੀਆਂ, ਵੱਖ-ਵੱਖ ਮਾਧਿਅਮਾਂ ਰਾਹੀਂ ਲਾਗਾਤਾਰ ਚੀਰਦੀਆਂ ਹਨ ਤੇ ਹੁਣ ਇਸ ਦੌੜ ਵਿਚ ਕੱਲੇ ਫਿਲਮਾਂ ਵਾਲੇ ਹੀ ਨਹੀਂ ਬਲਕਿ ਲੋਕਾਂ ਦੀ ਕਮਾਈ ਤੇ ਪਲਣ ਵਾਲੇ ਕਈ ਵੱਡੇ ਬਾਬੇ ਵੀ ਸ਼ਾਮਿਲ ਹਨ ਜੋ ਬਰੈਂਡਾਂ ਦੀ ਚਮਕ ਦਮਕ ਨਾਲ ਤੁਹਾਡੇ ਅੰਦਰ ਖਲਬਲੀ ਪੈਦਾ ਕਰਕੇ ਰਖੇਲਾਂ ਬਣੇ ਹਨ, ਉਸੇ ਬਾਜ਼ਾਰ ਦੀਆਂ। ਸੋ ਬਚੋ, ਗੁਰਬਾਣੀ ਨਾਲ ਜੁੜੋ ਪਤਾ ਲੱਗੇਗਾ ਸੋਹਣੇ ਕੌਣ ਹਨ। ਨਹੀਂ ਤਾਂ ਇਹ ਮਿਸ ਯੂਨੀਵਰਸਾਂ ਤੁਹਾਨੂੰ ਖੱਡ ਵਿਚ ਸੁੱਟ ਦੇਣਗੀਆਂ ਤੇ ਤੁਹਾਡੀਆਂ ਕੁੜੀਆਂ ਨੂੰ ਤਨ ਦਾ ਇਕ ਕੱਪੜਾ ਵੀ ਭਾਰਾ ਲੱਗੇਗਾ।



ਰਹੀ ਗੱਲ ਸੋਹਣੇ ਹੋਣ ਦੀ ਤਾਂ ਹਰ ਇਕ ਮਾਂ ਦੀ ਧੀ ਤੇ ਪੁੱਤ ਸੋਹਣਾ ਹੀ ਹੰਦਾ। ਜਿਸਨੂੰ ਤੁਸੀਂ ਅਖੌਤੀ ਮਿਸ ਯੂਨੀਵਰਸ ਬਣਾਇਆ, ਉਸ ਦੇ ਮਾਪਤੰਡ ਤਹਿ ਕੀਤੇ ਨੇ ਚੁਨਣ ਵਾਲਿਆਂ ਨੇ, ਉਨਾਂ ਦੀ ਇਕ ਆਪਣੀ ਨਜ਼ਰ ਹੈ। ਕੋਈ ਕੌਣ ਹੁੰਦਾ ਹੈ ਕੁਰਸੀਆਂ ਤੇ ਬਹਿ ਕੇ ਤੁਹਾਨੂੰ ਜੱਜ ਕਰਨ ਵਾਲਾ, ਕਿਸ ਨੂੰ ਹੱਕ ਹੈ ਕਿ ਤੁਹਾਡੇ ਨੱਕ, ਅੱਖਾਂ ਤੇ ਸੁੰਦਰਤਾ ਦੇ ਪੈਮਾਨੇ ਤਹਿ ਕਰੇ। ਜਦਕਿ ਕੁਦਰਤ ਵਿਚ ਕੁਝ ਵੀ ਬਦਸੂਰਤ ਨਹੀਂ, ਕਿਰਤੀਆਂ ਦੇ ਉਹ ਹੱਥ, ਫਟੀਆਂ ਅੱਡੀਆਂ, ਸੀਵਰੇਜਾਂ ਵਿਚੋਂ ਗੰਦ ਦੇ ਟੋਕਰੇ ਕੱਢਦੇ ਹੱਥ, ਸੁੱਕੇ ਤੇ ਮੁਰਝਾਏ ਬੂਟੇ ਜੋ ਰੁੱਤਾਂ ਨਾਲ ਰੰਗ ਬਦਲਣ ਸਾਰਾ ਕੁਝ ਹੀ ਸੋਹਣਾ ਹੀ ਹੈ।

ਇਸ ਤੋਂ ਅੱਗੇ ਅਸਲ ਸੋਹਣੇ ਤਾਂ ਉਹ ਹੋਏ ਜਿਹੜੇ ਅੰਦਰੋਂ ਸੋਹਣੇ ਬਣ ਗਏ, ਪਿੰਡਿਆਂ ਨੂੰ ਅਤਰ ਫਲੈਲਾਂ ਨਾਲ ਮਹਿਕਾਉਣ ਦੀ ਥਾਂ ਜਿਨਾਂ ਜਿਸਮਾਂ ਵਿਚੋਂ ਪਸੀਨਾ ਤੇ ਹੱਕਾਂ ਲਈ ਖ਼ੂਨੀ ਮਹਿਕਾਂ ਆਈਆਂ, ਉਹ ਉੱਠੀਆਂ ਆਵਾਜ਼ਾਂ ਜੋ ਕਿਧਰੇ ਮਰ ਖੱਪ ਗਈਆਂ ਜਿਨਾਂ ਦੇ ਜਿਸਮ ਵੀ ਅੱਜ ਕਿਧਰੇ ਨਜ਼ਰੀਂ ਨਹੀਂ ਪੈਂਦੇ, ਜੋ ਸਚਮੁੱਚ ਸਾਰੀ ਬ੍ਰਹਮੰਡ ਦੀ ਖ਼ੂਬਸੂਰਤੀ ਬਣ ਗਏ, ਕੋਈ ਇਕ ਸਾਲ ਨਹੀਂ ਬਲਕਿ ਆਦਿ ਜੁਗਾਦੀ ਬਣ ਗਏ ਸੁੰਦਰ ਹਨ। ਉਹ ਕ੍ਰਾਂਤੀਕਾਰੀ ਕਲਮਾਂ ਤੇ ਸਾਹਿਤਕ ਰਚਨਾਵਾਂ ਵਾਲੇ ਲੋਕ। ਉਹ ਜਿਨਾਂ ਦੇ ਅੰਗ ਅੱਖਾਂ ਤੇ ਮੂੰਹ ਨੂੰ ਨਕਾਰਾ ਬਣਾ ਦਿੱਤਾ ਗਿਆ, ਜਿਹੜੇ ਚੜਦੀ ਜਵਾਨੀ ਵਿੱਚ ਹੱਕਾਂ, ਲੋਕਾਂ ਖਾਤਰ ਜੇਲਾਂ ਅੰਦਰ ਗਏ, ਸਰੀਰ ਤੇ ਝੁਰੜੀਆਂ ਆ ਗਈਆਂ ਤੇ ਜੇਲਾਂ ਵਿੱਚ ਹੀ ਮਰ ਖਪ ਗਏ, ਸੋਹਣੇ ਹਨ, ਉਹ ਲੋਕ ਅਸਲ ਸੋਹਣੇ ਹਨ।




# ਵਾਤਾਵਰਣਵਾਦ ਵਿਚ ਵਿਸ਼ਵ ਪੱਧਰੀ ਭੂਮਿਕਾ

**ਸਰਬਜੀਤ ਕੌਰ ਸਰਬ**

ਜੇਕਰ ਇਨਸਾਨ ਨੇ ਅੱਜ ਦੇ ਜੀਵਨ ਦੀ ਗੁਣਵੱਤਾ ਦੇ ਕਿਸੇ ਵੀ ਪ੍ਰਤੀਕ ਦੇ ਨਾਲ ਇਸ ਸਦੀ ਨੂੰ ਬਚਣਾ ਹੈ ਤਾਂ ਸਾਨੂੰ ਸਾਰਿਆਂ ਨੂੰ ਮਾਨਵ-ਜਨਕ ਜਲਵਾਯੂ ਪਰਿਵਰਤਨ ਅਤੇ ਵਾਤਾਵਰਣ ਦੇ ਵਿਨਾਸ਼ ਨੂੰ ਸੀਮਤ ਕਰਨ ਅਤੇ ਉਲਟਾਉਣ ਲਈ ਤੇਜ਼ੀ ਨਾਲ ਕੰਮ ਕਰਨ ਦੀ ਲੋੜ ਹੈ।

ਲੋਕਾਂ ਦਾ ਵਾਤਾਵਰਣਵਾਦ ਲਈ ਉਤਸ਼ਾਹ ਵਧਦਾ ਦੇਖ ਕੇ ਖੁਸ਼ੀ ਮਹਿਸੂਸ ਹੁੰਦੀ ਹੈ। ਪੂਰੇ ਯੂਰਪ ਵਿੱਚ, ਗ੍ਰੀਨ ਪਾਰਟੀਆਂ ਲਈ ਸਮਰਥਨ ਵੱਧ ਰਿਹਾ ਹੈ। ਸੰਯੁਕਤ ਰਾਜ ਵਿੱਚ, ਤਿੰਨ-ਚੌਥਾਈ ਲੋਕ ਸੋਚਦੇ ਹਨ ਕਿ ਦੇਸ਼ ਦੀ ਜੈਵਿਕ ਈਂਧਨ ’ਤੇ ਨਿਰਭਰਤਾ ਨੂੰ ਖਤਮ ਕਰਨ ਲਈ ਹੋਰ ਕੁਝ ਕਰਨਾ ਚਾਹੀਦਾ ਹੈ। 2019 ਦੀ ਜਲਵਾਯੂ ਹੜਤਾਲ ਦੁਨੀਆ ਭਰ ਦੇ ਅੰਦਾਜ਼ਨ 60 ਲੱਖ ਲੋਕਾਂ ਨਾਲ -ਅੰਟਾਰਕਟਿਕਾ ਤੋਂ ਜ਼ੈਂਬੀਆ ਤੱਕ-ਗ੍ਰਹਿ ਦੇ ਵਿਨਾਸ਼ ਨੂੰ ਲੈ ਕੇ ਵਿਰੋਧ ਕਰਨ ਵਾਲੇ ਨੇਤਾਵਾਂ ਦੀ ਨਿਰੰਤਰ ਅਯੋਗਤਾ ਦੇ ਨਾਲ ਹੁਣ ਤੱਕ ਦੇ ਸਭ ਤੋਂ ਵੱਡੇ ਵਿਰੋਧ ਪ੍ਰਦਰਸ਼ਨਾਂ ਵਿੱਚੋਂ ਆਪਣੇ ਆਪ ਵਿਚ ਇੱਕ ਸੀ। ਹਾਲਾਂਕਿ, ਵਾਤਾਵਰਣਵਾਦ ਜ਼ਰੂਰੀ ਤੌਰ ’ਤੇ ਪ੍ਰਭਾਵਸ਼ਾਲੀ ਕਾਰਵਾਈ ਵਿੱਚ ਅਨੁਵਾਦ ਨਹੀਂ ਕਰਦਾ। ਕੁਦਰਤੀ ਸੰਸਾਰ ਦੀ ਪ੍ਰਸ਼ੰਸਾ ਅਤੇ ਇਸਦੇ ਭਵਿੱਖ ਲਈ ਚਿੰਤਾ ਸਾਨੂੰ ਕੰਮ ਕਰਨ ਲਈ ਪ੍ਰੇਰਿਤ ਕਰ ਸਕਦੀ ਹੈ, ਪਰ ਇਹ ਸਾਨੂੰ ਇਹ ਨਹੀਂ ਦੱਸ ਸਕਦੀ ਕਿ ਕਿਵੇਂ ਕੰਮ ਕਰਨਾ ਹੈ। ਅਸੀਂ ਊਰਜਾ ਦੇ ਨਵਿਆਉਣਯੋਗ ਸਰੋਤਾਂ ਨੂੰ ਕਿਵੇਂ ਵਿਕਸਿਤ ਕਰਦੇ ਹਾਂ? ਅਸੀਂ ਉਜਾੜ ਦੇ ਬਾਕੀ ਬਚੇ ਖੇਤਰਾਂ ਨੂੰ ਸਭ ਤੋਂ ਵਧੀਆ ਕਿਵੇਂ ਸੁਰੱਖਿਅਤ ਰੱਖ ਸਕਦੇ ਹਾਂ? ਅਤੇ ਅਸੀਂ ਕਿਵੇਂ ਟਿਕਾਊ ਖੇਤੀਬਾੜੀ ਪ੍ਰਣਾਲੀਆਂ ਦਾ ਨਿਰਮਾਣ ਕਰ ਸਕਦੇ ਹਾਂ ਜੋ ਵਿਸ਼ਵ ਦੀ ਆਬਾਦੀ ਨੂੰ ਤੇਜ਼ੀ ਨਾਲ 10 ਅਰਬ ਤੱਕ ਪਹੁੰਚਾਉਣ ਦੇ ਸਮਰੱਥ ਹੈ? ਇਨਾਂ ਅਹਿਮ ਸਵਾਲਾਂ ਦੇ ਜਵਾਬ ਦੇਣ ਲਈ ਸਾਨੂੰ ਵਿਗਿਆਨ ਦੀ ਲੋੜ ਹੈ।

ਬਦਕਿਸਮਤੀ ਨਾਲ, ਵਾਤਾਵਰਣਵਾਦ ਅਤੇ ਵਿਗਿਆਨ ਹਮੇਸ਼ਾ ਇੱਕੋ ਨਹੀਂ ਹੁੰਦੇ ਹਨ। ਦਰਅਸਲ, ਇਸਦੇ ਪੂਰੇ ਇਤਿਹਾਸ ਦੌਰਾਨ, ਵਾਤਾਵਰਣਵਾਦ ਨੂੰ ਕਈ ਤਰਾਂ ਦੇ ਵਿਸ਼ਵਾਸਾਂ ਦੁਆਰਾ ਆਕਾਰ ਦਿੱਤਾ ਗਿਆ ਹੈ ਜਿਨਾਂ ਨੇ ਕੁਦਰਤੀ ਸੰਸਾਰ ਬਾਰੇ ਗੈਰ-ਵਿਗਿਆਨਕ ਸੋਚ ਦੀ ਪਰੰਪਰਾ ਨੂੰ ਪਾਲਿਆ ਹੈ। ਨਤੀਜੇ ਵਜੋਂ, ਅੱਜ ਬਹੁਤ ਸਾਰੇ ਸੁਹਿਰਦ ਅਤੇ ਚੰਗੇ ਅਰਥ ਰੱਖਣ ਵਾਲੇ ਵਾਤਾਵਰਣਵਾਦੀ ਜਲਵਾਯੂ ਸੰਕਟ ਦੇ ਵਿਵਹਾਰਕ, ਵਿਗਿਆਨ-ਅਧਾਰਿਤ ਹੱਲਾਂ ਤੋਂ ਸੁਚੇਤ ਹਨ- ਉਹ ਹੱਲ ਜੋ ਸਾਨੂੰ ਇਸ ਗੜਬੜ



ਤੋਂ ਬਾਹਰ ਕੱਢ ਸਕਦੇ ਹਨ। ਇਹ ਸਮਾਂ ਆ ਗਿਆ ਹੈ ਕਿ ਵਾਤਾਵਰਣਵਾਦ ਨੂੰ ਸਵੀਕਾਰ ਕਰਨ ਅਤੇ ਤਿਆਗ ਦੇਣ, ਇਸ ਦੇ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ।

## ਵਾਤਾਵਰਣਵਾਦ ਦੀ ਸ਼ੁਰੂਆਤ

ਇਹ ਸਮਝਣ ਲਈ ਕਿ ਵਾਤਾਵਰਣਵਾਦ ਕਿਨਾਰੇ ਪ੍ਰਭਾਵਾਂ ਲਈ ਇੰਨਾ ਕਮਜ਼ੋਰ ਕਿਉਂ ਕਰ ਰਿਹਾ ਹੈ, ਸਾਨੂੰ 1920 ਦੇ ਦਹਾਕੇ ਅਤੇ ਆਧੁਨਿਕ ਵਾਤਾਵਰਣ ਜਾਗਰੂਕਤਾ ਦੀ ਸ਼ੁਰੂਆਤ ਵੱਲ ਵਾਪਸ ਜਾਣ ਦੀ ਲੋੜ ਹੈ। ਕੁਝ ਤਰੀਕਿਆਂ ਨਾਲ, ਸਾਡਾ ਗ੍ਰਹਿ ਬਹੁਤ ਸਿਹਤਮੰਦ ਸੀ। ਵਿਸ਼ਵ ਦੀ ਆਬਾਦੀ ਅਜੇ ਦੋ ਅਰਬ ਤੱਕ ਪਹੁੰਚ ਗਈ ਸੀ। ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਅੱਜ 410 ਪੀਪੀਐਮ ਦੇ ਮੁਕਾਬਲੇ 300 ਪੀਪੀਐਮ ਦੇ ਆਸ ਪਾਸ ਸੀ। ਫਿਰ ਵੀ, ਇਹ ਇੱਕ ਤੇਜ਼ੀ ਨਾਲ ਅਤੇ ਅਸਥਿਰ ਪਰਿਵਰਤਨ ਵਿੱਚੋਂ ਗੁਜ਼ਰ ਰਿਹਾ ਸੰਸਾਰ ਸੀ। ਸ਼ਹਿਰ ਬੇਮਿਸਾਲ ਗਤੀ ਨਾਲ ਫੈਲ ਰਹੇ ਸਨ। ਉਦਯੋਗੀਕਰਨ ਕੁਦਰਤੀ ਸੋਮਿਆਂ ਦੀ ਲਗਾਤਾਰ ਵੱਧ ਦਰਾਂ ’ਤੇ ਖਪਤ ਕਰ ਰਿਹਾ ਸੀ। ਇਹ ਇੱਕ ਅਜਿਹਾ ਸੰਸਾਰ ਸੀ ਜੋ ਅਜੇ ਵੀ ਪਹਿਲੇ ਵਿਸ਼ਵ ਯੁੱਧ ਦੀਆਂ ਗੂੰਜਾਂ ਨਾਲ ਗੂੰਜ ਰਿਹਾ ਹੈ।

ਇਨਾਂ ਵਿਕਾਸ ਦੁਆਰਾ ਦਰਸਾਏ ਗਏ ਇੱਕ ਵਧ ਰਹੇ ਮਸ਼ੀਨੀ ਅਤੇ ਅਣਮਨੁੱਖੀ ਸਮਾਜ ਦੀ ਸੰਭਾਵਨਾ ਬਹੁਤ ਸਾਰੇ ਲੋਕਾਂ ਨੂੰ ਚਿੰਤਤ ਕਰ ਰਹੀ ਹੈ। ਲੋਕਾਂ ਨੇ ਇਨਾਂ ਚਿੰਤਾਵਾਂ ’ਤੇ ਕਾਰਵਾਈ ਕਰਨ ਦੇ ਤਰੀਕੇ ਲੱਭੇ ਜੋ ਬਹੁਤ ਵੱਖਰੇ ਸਨ। ਇੱਕ ਪਾਸੇ, ਜੀਵ-ਵਿਗਿਆਨੀ ਅਤੇ ਖੇਤੀ-ਵਿਗਿਆਨੀ, ਦੁਨੀਆ ਭਰ ਵਿੱਚ ਮਿੱਟੀ ਦੇ ਕਟੌਤੀ ਅਤੇ ਜੰਗਲਾਂ ਦੀ ਕਟਾਈ ਦੀਆਂ ਦਰਾਂ ਬਾਰੇ ਚਿੰਤਤ, ਸਥਾਈ ਜੰਗਲਾਤ ਅਭਿਆਸਾਂ, ਬਿਹਤਰ ਖੇਤੀ ਵਿਧੀਆਂ, ਅਤੇ ਉੱਚ-ਉਪਜ ਵਾਲੀਆਂ ਫਸਲਾਂ ਨੂੰ ਵਿਕਸਤ ਕਰਨ ਬਾਰੇ ਤੈਅ ਕਰਦੇ ਹਨ, ਜਿਸ ਨਾਲ ਬਹੁਤ ਸਾਰੇ ਆਧੁਨਿਕ ਵਾਤਾਵਰਣ ਅਤੇ ਖੇਤੀਬਾੜੀ ਦੀ ਨੀਂਹ ਰੱਖੀ ਜਾਂਦੀ ਹੈ।

ਦੂਜੇ ਪਾਸੇ, ਬਹੁਤ ਸਾਰੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਨੇ, ਖਾਸ ਤੌਰ ’ਤੇ ਯੂਰਪ ਵਿੱਚ, ਆਧੁਨਿਕ ਸੰਸਾਰ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਦੀ ਨਹੀਂ ਸਗੋਂ ਆਧੁਨਿਕਤਾ ਨੂੰ ਪੂਰੀ ਤਰਾਂ ਰੱਦ ਕਰਨ ਦੀ ਕੋਸ਼ਿਸ਼ ਕੀਤੀ। ਇੱਕ ਪੇਂਡੂ ਯੁੱਗ ਲਈ ਪੁਰਾਣੀਆਂ ਯਾਦਾਂ ਦੇ ਕਾਰਨ ਜੋ ਤੇਜ਼ੀ ਨਾਲ ਝੁੱਗੀਆਂ-ਝੌਂਪੜੀਆਂ ਅਤੇ ਸ਼ਹਿਰੀਕਰਨ ਦੇ ਧੂੰਏਂ ਵਿੱਚ ਗੁਆਚ ਰਿਹਾ ਸੀ, ਉਨਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਪੂਰਵ-ਉਦਯੋਗਿਕ ਜੀਵਨ ਢੰਗ ਨੂੰ ਮੁੜ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਉਨਾਂ ਨੇ ਰਵਾਇਤੀ ਖੇਤੀ ਦੇ ਤਰੀਕਿਆਂ ਅਤੇ ਬਾਹਰੀ ਜੀਵਨ ਨੂੰ ਸਿਹਤਮੰਦ, ਅਰਥਪੂਰਨ ਜੀਵਨ ਦੀ ਕੁੰਜੀ ਦੇ ਤੌਰ ’ਤੇ ਜੇਤੂ ਬਣਾਇਆ। ਉਨਾਂ ਨੇ ਵਿਸ਼ਵ ਦ੍ਰਿਸ਼ਟੀਕੋਣਾਂ ਦੀ ਖੋਜ ਕੀਤੀ ਜੋ ਕੁਦਰਤੀ ਸੰਸਾਰ ਨਾਲ ਇੱਕ ਅਧਿਆਤਮਿਕ ਸਬੰਧ ਦਾ ਜਸ਼ਨ ਮਨਾਉਂਦੇ ਹਨ, ਹਿੰਦੂ ਧਰਮ ਤੋਂ ਲੈ ਕੇ ਅਲੌਕਿਕਤਾਵਾਦ ਤੱਕ ਅਤੇ ਉਹਨਾਂ ਨੇ ਗੈਰ-ਵਿਗਿਆਨਕ ਫ਼ਲਸਫ਼ਿਆਂ ਦਾ ਇੱਕ ਫੈਰਾਗੋ ਬਣਾਇਆ ਜਿਸਦੀ ਉਨਾਂ ਨੂੰ ਉਮੀਦ ਸੀ ਕਿ ਵਾਤਾਵਰਣ ਨਾਲ ਮਨੁੱਖਤਾ ਦਾ ਰਿਸ਼ਤਾ ਬਹਾਲ ਹੋਵੇਗਾ।

ਆਧੁਨਿਕ ਵਾਤਾਵਰਣਵਾਦ ਇਨਾਂ ਦੋਹਾਂ ਪ੍ਰੰਪਰਾਵਾਂ ਦਾ ਵਾਰਸ ਹੈ ਜੋ ਵਿਗਿਆਨਕ, ਵਿਹਾਰਕ, ਅਧਿਆਤਮਿਕ ਅਤੇ ਪੁਰਾਣੀਆਂ ਰੀਤਾਂ ਰਸਮਾਂ ਨੂੰ ਉਜਾਗਰ ਕਰਦਾ ਹੈ। ਹਾਲਾਂਕਿ ਅਸੀਂ ਵਾਤਾਵਰਣਵਾਦ ਦੀ ਸਫ਼ਲਤਾ ਨੂੰ ਮਾਪਣ ਲਈ ਚੁਣਦੇ ਨਵੇਂ-ਕਾਨੂੰਨ ਪਾਸ ਕੀਤੇ ਗਏ, ਏਕੜ ਸੁਰੱਖਿਅਤ, ਜੀਵਨ ਸੁਧਾਰਿਆ ਗਿਆ-ਪਹਿਲਾ ਇਸਦੀ ਯੋਗਤਾ ਅਨੁਸਾਰ ਰਿਹਾ ਹੈ ; ਬਾਅਦ ਵਾਲਾ, ਆਖਰਕਾਰ, ਇਸਦੇ ਨੁਕਸਾਨ ਲਈ ਜਿਮੇਂਵਾਰ ਰਹੇ। ਜੀਵਨ ਸ਼ਕਤੀ ਅਤੇ ਗੋਬਰ

**ਬਾਕੀ ਸਫ਼ਾ 29 ’ਤੇ**

# ‘ਬਲੈਕ ਹੋਲ’ ਅਤਿ ਭਾਰੀ ਪੁਲਾੜੀ ਸ਼ੈਅ

**ਹਰਜੀਤ ਸਿੰਘ**
**ਮੋਬ : +੯੧ ੯੯੯੫੭੬੫੦੯੫**

ਕਿਸੇ ਚੀਜ਼ ਨੂੰ ਦੇਖਣ ਲਈ ਪਹਿਲੀ ਸ਼ਰਤ ਹੈ ਕਿ ਉਸ ਤੋਂ ਨਿਕਲੀ ਰੌਸ਼ਨੀ ਜਾਂ ਉਸ ਦੁਆਰਾ ਪਰਿਵਰਤਿਤ ਕੀਤੀ ਰੌਸ਼ਨੀ ਸਾਡੀਆਂ ਅੱਖਾਂ ਤੱਕ ਪਹੁੰਚੇ। ਫ਼ੋਟੋ ਖਿੱਚਣ ਲਈ ਵੀ ਇਹੋ ਨਿਯਮ ਲਾਗੂ ਹੁੰਦਾ ਹੈ। ਪਰ ਬਲੈਕ ਹੋਲ, ਜਿਵੇਂ ਅਸੀਂ ਜਾਣਦੇ ਹਾਂ, ਅਜਿਹੀ ਚੀਜ਼ ਹੈ ਜੋ ਨਾ ਤੇ ਰੋਸ਼ਨੀ ਛੱਡਦਾ ਹੈ ਤੇ ਜੋ ਰੋਸ਼ਨੀ ਇਸ ਤੇ ਪੈਂਦੀ ਹੈ ਉਸ ਨੂੰ ਵੀ ਸੋਖ ਲੈਂਦਾ ਹੈ। ਤਾਂ ਫੇਰ ਆਪਾਂ ਇਸਦੀ ਫ਼ੋਟੋ ਨਹੀਂ ਖਿੱਚ ਸਕਦੇ। ਪਰ ਇੱਥੇ ਦਿੱਤੀ ਇਹ ਬਹੁ-ਚਰਚਿਤ ਤਸਵੀਰ ਸਾਡੀ ਆਕਾਸ਼ ਗੰਗਾ ਦੀ ਗੁਆਂਢੀ **Messier87 (M87)** ਗਲੈਕਸੀ ਦੇ ਕੇਂਦਰ ਵਿੱਚ ਸਥਿਤ ਅਤਿ-ਭਾਰੇ ਬਲੈਕ ਹੋਲ ਦੀ ਹੈ। ਇਹ ਕਿਸੇ ਵੀ ਬਲੈਕ ਹੋਲ ਦੀ ਖਿੱਚੀ ਗਈ ਪਹਿਲੀ ਤਸਵੀਰ ਹੈ ਜੋ ਕਿ 10-ਅਪ੍ਰੈਲ 2019 ਨੂੰ ਜਾਰੀ ਕੀਤੀ ਗਈ। ਇਹ ਤਸਵੀਰ ਕਿਵੇਂ ਖਿੱਚੀ ਗਈ, ਆਓ ਜਾਣਦੇ ਹਾਂ, ਪਰ ਉਸਤੋਂ ਪਹਿਲਾਂ ਕੁਝ ਬਲੈਕ ਹੋਲ ਬਾਰੇ।

ਬਲੈਕ ਹੋਲ ਇਕ ਅਜਿਹੀ ਅਤਿ ਭਾਰੀ ਪੁਲਾੜੀ ਸ਼ੈਅ ਹੈ ਜਿਸਦਾ ਗੁਰਤਾ ਬਲ ਇੰਨਾ ਤਾਕਤਵਰ ਹੁੰਦਾ ਹੈ ਕਿ ਇਸ ਦੀ ਖਿੱਚ ਤੋਂ ਕੁਝ ਵੀ ਬਚ ਨਹੀਂ ਸਕਦਾ। ਏਥੋਂ ਤੱਕ ਕਿ ਇਸਦੇ ਅੰਦਰ ਗਈ ਰੋਸ਼ਨੀ ਵੀ ਬਾਹਰ ਨਹੀਂ ਆ ਸਕਦੀ। ਇਸੇ ਲਈ ਇਸਨੂੰ ਬਲੈਕ ਹੋਲ ਇਸ ਲਈ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਇਸਦਾ ਕੋਈ ਨਾਮ ਨਹੀਂ ਮਿਲਦਾ ਪਰ ਮੇਰੇ ਹਿਸਾਬ ਨਾਲ ਅੰਨੀ ਮੋਰੀ ਕਿਹਾ ਜਾ ਸਕਦਾ ਹੈ।

ਬਲੈਕ ਹੋਲ ਕਿਵੇਂ ਬਣਦੇ ਹਨ? ਬਲੈਕ ਹੋਲ ਤਾਰਿਆਂ ਦੀ ਮੌਤ ਵਿੱਚੋਂ ਪੈਦਾ ਹੁੰਦੇ ਹਨ। ਇੱਕ ਤਾਰੇ ਦੀ ਮੌਤ ਕਿੱਦਾਂ ਹੋਏਗੀ, ਇਹ ਉਸਦੇ ਪੁੰਜ ਤੇ ਨਿਰਭਰ ਕਰਦਾ ਹੈ। ਔਸਤ ਪੁੰਜ ਦੇ ਤਾਰੇ (ਸੂਰਜ ਦੇ ਪੁੰਜ ਤੋਂ 1.4 ਗੁਣ ਜ਼ਿਆਦਾ ਤੱਕ) ਆਪਣੀ ਹਾਇਡ੍ਰੋਜਨ ਖਤਮ ਕਰਕੇ, ਲਾਲ ਦਿਓ (ਰੈੱਡ ਜਾਇੰਟ) ਬਣਕੇ ਹੀਲਿਅਮ ਵਰਤਣ ਲਗਦੇ ਨੇ ਅਤੇ ਫਿਰ ਆਕਸੀਜਨ ਤੱਕ ਤੱਤ ਬਣਾਉਂਦੇ ਹਨ। ਇਸ ਪ੍ਰਕਿਰਿਆ ਵਿੱਚ ਇਨਾਂ ਦਾ ਆਕਾਰ ਬਹੁਤ ਵੱਡਾ ਹੋ ਜਾਂਦਾ ਹੈ ਤੇ ਇਹ ਹੌਲੀ-ਹੌਲੀ ਆਪਣੀਆਂ ਬਾਹਰਲੀਆਂ ਪਰਤਾਂ ਗੁਆ ਕੇ ਪਲੈਨਟਰੀ ਨੇਬੂਲਾ ਬਣ ਜਾਂਦੇ ਨੇ ਅਤੇ ਤਾਰੇ ਦਾ ਅੰਦਰਲਾ ਹਿੱਸਾ ਚਿੱਟਾ ਬੌਣਾ (ਵਾਈਟ ਡਵਾਰਫ਼) ਬਣ ਜਾਂਦਾ ਹੈ। ਸਾਡਾ ਸੂਰਜ ਇਸੇ ਤਰਾਂ ਦਾ ਤਾਰਾ ਹੈ ਤੇ ਇਹ ਲਾਲ ਦਿਓ ਬਣਕੇ ਇੱਕ ਦਿਨ ਧਰਤੀ ਨੂੰ ਵੀ ਨਿਗਲ ਲਏਗਾ। ਪਰ ਇਸ ਵਿੱਚ ਹਾਲੇ ਅਰਬਾਂ ਸਾਲ ਲੱਗਣਗੇ ਸੋ ਘਬਰਾਉਣ ਦੀ ਲੋੜ ਨਹੀਂ ਹੈ। ਬਹੁਤ ਹਲਕੇ ਤਾਰੇ, ਜਿਨਾਂ ਨੂੰ ਲਾਲ ਬੌਣੇ (ਰੈੱਡ ਡਵਾਰਫ਼) ਕਿਹਾ ਜਾਂਦਾ ਹੈ, ਆਪਣੀ ਹਾਇਡ੍ਰੋਜਨ ਬਹੁਤ ਹੌਲੀ ਖਰਚਦੇ ਨੇ ਤੇ ਖਰਬਾਂ ਸਾਲਾਂ ਤੱਕ ਜਿਉਂਦੇ ਰਹਿ ਸਕਦੇ ਨੇ। 1.4 ਸੂਰਜੀ ਪੁੰਜ ਤੋਂ ਭਾਰੇ ਤਾਰੇ ਇੱਕ ਵੱਡੇ ਧਮਾਕੇ ਨਾਲ ਖਤਮ ਹੁੰਦੇ ਨੇ ਜਿਸਨੂੰ ਸੁਪਰਨੋਵਾ ਕਿਹਾ ਜਾਂਦਾ ਹੈ। ਸੁਪਰਨੋਵਾ ਤੋਂ ਬਾਅਦ, ਜੇਕਰ ਬਚਿਆ ਹੋਇਆ ਪੁੰਜ 5 ਸੂਰਜੀ ਪੁੰਜਾਂ ਤੋਂ ਵੱਡਾ ਹੋਵੇ ਤਾਂ ਇਹ ਬਲੈਕ ਹੋਲ ਵਿੱਚ ਬਦਲ ਜਾਂਦਾ ਹੈ। ਇਨਾਂ ਨੂੰ ਅੱਗੇ ਕਈ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਜੇਕਰ ਇਸਦਾ ਪੁੰਜ 1 ਲੱਖ ਸੂਰਜੀ ਪੁੰਜਾਂ ਤੋਂ ਵੱਧ ਹੋਵੇ ਤਾਂ ਇਸਨੂੰ ਸੁਪਰਮਾਸਿਵ (ਅਤਿ ਭਾਰਾ) ਬਲੈਕ ਹੋਲ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਬਲੈਕ ਹੋਲ ਸ਼ੁਰੂਆਤ ਵਿੱਚ ਸੂਰਜ ਤੋਂ 20-100 ਕੁ ਗੁਣਾ ਭਾਰੇ ਹੁੰਦੇ ਹਨ ਪਰ ਬਾਅਦ ਵਿੱਚ ਉਹ ਹੋਰ ਬਲੈਕ ਹੋਲਾਂ ਨਾਲ ਟਕਰਾਅ ਕਰਕੇ ਉਨਾਂ ਦਾ ਭਾਰ ਵੱਧਦਾ ਹੈ ਅਤੇ ਫੇਰ ਆਸ ਪਾਸ ਦੇ ਤਾਰਿਆਂ ਜਾਂ ਗੈਸ ਨੂੰ ਨਿਗਲ ਕੇ ਉਹ ਸੁਪਰਮਾਸਿਵ ਬਣ ਜਾਂਦੇ ਹਨ। ਇਹ ਬਲੈਕ ਹੋਲ ਲਗਪਗ ਹਰ ਗਲੈਕਸੀ ਦੇ ਕੇਂਦਰ ਵਿੱਚ ਸਥਿਤ ਹਨ ਅਤੇ ਗਲੈਕਸੀ ਦੀ ਸ਼ੁਰੂਆਤ ਤੋਂ ਪਹਿਲਾਂ ਬਣ ਜਾਂਦੇ ਹਨ।

ਬਲੈਕ ਹੋਲ ਵਰਗੀਆਂ ਚੀਜ਼ਾਂ ਦਾ ਜ਼ਿਕਰ ਸਭ ਤੋਂ ਪਹਿਲਾਂ ਅਮਰੀਕੀ ਦਾਰਸ਼ਨਿਕ ਜੌਹਨ ਮਾਈਕਲ ਅਤੇ ਫ੍ਰਾਂਸੀਸੀ ਹਿਸਾਬਦਾਨ ਪੈਰੀ ਸਾਈਮਨ ਡੀ ਲੈਪਲੈਸ ਨੇ ਕੀਤਾ ਪਰ ਇਸਦਾ ਅਸਲ ਸਫ਼ਰ ਅਲਬਰਟ ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਤੋਂ 1915 ਵਿੱਚ ਸ਼ੁਰੂ ਹੋਇਆ। ਆਈਨਸਟਾਈਨ ਨੇ ਸਪੇਸ-ਟਾਈਮ ਫੈਬਰਿਕ ਦਾ ਸਿਧਾਂਤ ਦਿੱਤਾ। ਇਸਦੇ ਅਨੁਸਾਰ ਪੂਰੇ ਬ੍ਰਹਿਮੰਡ ਵਿੱਚ ਸਪੇਸ-



ਟਾਈਮ ਫੈਬਰਿਕ ਫੈਲਿਆ ਹੋਇਆ ਹੈ ਅਤੇ ਸਾਰੀਆਂ ਵਸਤਾਂ (ਤਾਰੇ, ਗ੍ਰਹਿ, ਉਪਗ੍ਰਹਿ, ਬਲੈਕ ਹੋਲ, ਪ੍ਰਕਾਸ਼, ਆਦਿ) ਇਸ ਦੇ ਉੱਪਰ ਰਹਿੰਦੇ ਨੇ ਅਤੇ ਆਪਣੇ ਪੁੰਜ ਅਨੁਸਾਰ ਸਪੇਸ-ਟਾਈਮ ਫੈਬਰਿਕ ਨੂੰ ਝੁਕਾਉਂਦੇ ਹਨ। ਇਸੇ ਝੁਕਾਅ ਨੂੰ ਗੁਰੂਤਾ ਖਿੱਚ ਕਿਹਾ ਜਾਂਦਾ ਹੈ। ਇਸਨੂੰ ਸੌਖਿਆਂ ਸਮਝਣ ਲਈ ਸਪੇਸ-ਟਾਈਮ ਫੈਬਰਿਕ ਨੂੰ ਖਿੱਚ ਕੇ ਤਾਣੀ ਹੋਈ ਇੱਕ ਚਾਦਰ ਦੀ ਤਰਾਂ ਮੰਨਿਆ ਜਾ ਸਦਕਾ ਹੈ। ਹੁਣ ਜੇ ਇਸ ਚਾਦਰ ਤੇ ਕੁਝ ਵੀ ਰੱਖਿਆ ਜਾਵੇ ਤਾਂ ਓਹ ਆਪਣੇ ਭਾਰ ਮੁਤਾਬਕ ਚਾਦਰ ਵਿੱਚ ਇੱਕ ਡੂੰਘਾਣ ਪੈਦਾ ਕਰੇਗਾ। ਏਹੋ ਕੰਮ ਸਪੇਸ-ਟਾਈਮ ਫੈਬਰਿਕ ਤੇ ਸਭ ਤਾਰੇ ਆਦਿਕ ਕਰਦੇ ਹਨ। ਜਿੰਨਾ ਜਿਆਦਾ ਪੁੰਜ, ਓਨੀ ਜਿਆਦਾ ਡੂੰਘ। ਸਪੇਸ-ਟਾਈਮ ਫੈਬਰਿਕ ਤੇ ਸਾਰੀਆਂ ਚੀਜ਼ਾਂ ਸਿੱਧੀ ਰੇਖਾ ਵਿੱਚ ਚਲਦੀਆਂ ਹਨ, ਪਰ ਜਿਓਂ ਹੀ ਫੈਬਰਿਕ ਵਿੱਚ ਕਿਸੇ ਭਾਰੀ ਵਸਤ ਕਰਕੇ ਡੂੰਘਾਈ ਆਉਂਦੀ ਹੈ, ਤਾਂ ਚਲਦੀ ਚੀਜ਼ ਨੂੰ ਆਪਣਾ ਰਸਤਾ ਬਦਲਣਾ ਪੈਂਦਾ ਹੈ। ਹੁਣ ਇਹ ਉਸ ਚੀਜ਼ ਦੀ ਗਤੀ, ਡੂੰਘਾਈ ਅਤੇ ਮੂਲ ਵਸਤ ਤੋਂ ਦੂਰੀ ਤੇ ਨਿਰਭਰ ਕਰੇਗਾ ਕਿ ਚਲਦੀ ਚੀਜ਼ ਰਸਤਾ ਬਦਲ ਕੇ ਅੱਗੇ ਜਾਏਗੀ, ਮੂਲ ਵਸਤ ਨਾਲ ਟਕਰਾ ਜਾਏਗੀ ਜਾਂ ਉਸਦੀ ਪਰਿਕਰਮਾ ਕਰਨ ਲੱਗੇਗੀ। ਪ੍ਰਕਾਸ਼ ਵੀ ਜਦੋਂ ਕਿਸੇ ਜ਼ਿਆਦਾ ਪੁੰਜ ਵਾਲੇ ਪਦਾਰਥ ਕੋਲ ਦੀ ਲੰਘਦਾ ਹੈ ਤਾਂ ਮੁੜ ਜਾਂਦਾ ਹੈ। ਹੁਣ ਜਦੋਂ ਗੱਲ ਬਲੈਕ ਹੋਲ ਤੇ ਆਉਂਦੀ ਹੈ ਤਾਂ ਬਲੈਕ ਹੋਲ ਆਪਣੇ ਬਹੁਤ ਜਿਆਦਾ ਪੁੰਜ ਜਾਂ ਘਣਤਾ ਕਰਕੇ ਏਨਾ ਡੂੰਘਾ ਚਲਾ ਜਾਂਦਾ ਹੈ ਕਿ ਓਥੋਂ ਕਿਸੇ ਵੀ ਚੀਜ਼ ਦਾ ਵਾਪਿਸ ਨਿੱਕਲਣਾ ਅਸੰਭਵ ਹੋ ਜਾਂਦਾ ਹੈ।

ਬਲੈਕ ਹੋਲ ਦੇ ਕੇਂਦਰ ਵਿੱਚ ਅਸੀਮ ਗੁਰੂਤਾ ਖਿੱਚ ਨਾਲ ਸਾਰਾ ਮਾਦਾ ਇੱਕ ਥਾਂ ਤੇ ਸੁੰਗੜਿਆ ਹੁੰਦਾ ਹੈ ਅਤੇ ਇੱਥੇ ਭੌਤਿਕ ਵਿਗਿਆਨ ਦੇ ਸਾਡੇ ਸਿਧਾਂਤ ਕੰਮ ਨਹੀਂ ਕਰਦੇ। ਇਸਨੂੰ ਸਿੰਗੁਲੈਰੀਟੀ ਕਿਹਾ ਜਾਂਦਾ ਹੈ। ਇਸਤੋਂ ਬਾਹਰ ਆਉਂਦਾ ਹੈ ਈਵੈਂਟ ਹੌਰਾਈਜ਼ਨ ਜੋ ਕਿ 1 ਸ਼ਵਾਟਜ਼ਚਾਈਲਡ ਅਰਧ-ਵਿਆਸ ਤੇ ਸਥਿਤ ਹੁੰਦਾ ਹੈ। ਜੇਕਰ ਤੁਸੀਂ ਬਲੈਕ ਹੋਲ ਦੇ ਨੇੜੇ ਜਾ ਰਹੇ ਹੋ ਤਾਂ ਵਾਪਿਸ ਮੁੜਨ ਦੀ ਇਹ ਤੁਹਾਡੀ ਆਖਰੀ ਹੱਦ ਹੈ, ਇਸਤੋਂ ਅੱਗੇ ਗਈ ਕੋਈ ਵੀ ਚੀਜ਼ ਏਥੋਂ ਤੱਕ ਕਿ ਪ੍ਰਕਾਸ਼ ਵੀ ਵਾਪਿਸ ਨਹੀਂ ਆ ਸਕਦਾ। ਉਸਤੋਂ ਬਾਹਰ ਫੋਟੋਨ ਸਫੀਅਰ ਹੈ ਜੋ 1.5 ਸ਼ਵਾਟਜ਼ਚਾਈਲਡ ਅਰਧ-ਵਿਆਸ ਤੇ ਹੁੰਦਾ ਹੈ ਜੋ ਕਿ ਪ੍ਰਕਾਸ਼ ਲਈ ਆਖਰੀ ਸਥਿਰ ਪਰਕਰਮਾ ਪੰਧ ਹੈ। ਇਸ ਅਰਧ ਵਿਆਸ ਤੇ ਪ੍ਰਕਾਸ਼ ਬਲੈਕ ਹੋਲ ਦੀ ਬਿਨਾਂ ਅੰਦਰ ਸਮਾਏ ਪਰਿਕਰਮਾ ਕਰ ਸਕਦਾ ਹੈ। ਸਭ ਤੋਂ ਬਾਹਰ ਹੈ ੩ ਸ਼ਵਾਜ਼ਚਾਈਲਡ ਅਰਧ ਵਿਆਸ ਤੇ ਮਾਦੇ ਦਾ ਆਖਰੀ ਸਥਿਰ ਪਰਿਕਰਮਾ ਪੰਧ।

**ਬਾਕੀ ਸਫ਼ਾ 29 ’ਤੇ**

# ਮਨੁੱਖੀ ਹੱਕਾਂ ਦੀ ਗੱਲ ਕਰਕੇ ਗੁਰੂ ਨਾਨਕ ਨੇ ਇਨਕਲਾਬ ਦੀ ਨੀਂਹ ਰੱਖੀ

**ਬਿੱਟੂ ਅਰਪਿੰਦਰ ਸਿੰਘ**

ਹਿੰਦੁਸਤਾਨ ਦੀ ਸਰਜ਼ਮੀਨ ਤੇ ਪ੍ਰਗਟ ਹੋਏ ਅਕਾਲ ਰੂਪੀ ਗੁਰੂ ਬਾਬਾ ਨਾਨਕ ਪਾਤਸ਼ਾਹ ਜੀ ਨੇ ਮਨੁੱਖੀ ਹੱਕਾਂ ਦੀ ਗੱਲ ਲੱਗਭਗ ਪੰਜ ਸੌ ਸਾਲ ਪਹਿਲਾਂ ਕਰਕੇ ਇਕ ਨਵੇਂ ਇਨਕਲਾਬ ਦੀ ਨੀਂਹ ਰੱਖ ਦਿੱਤੀ ਸੀ। ਉਸਤੋਂ ਪਹਿਲਾਂ ਹਾਕਮ ਲੋਕਾਈ ਨਾਲ ਘੋਰ ਅੰਨਿਆਂ ਕਰਦੇ ਆ ਰਹੇ ਸਨ । ਕਾਜ਼ੀ ਬ੍ਰਾਹਮਣ ਜਿਨਾਂ ਲੋਕਾਂ ਨੂੰ ਜਾਗਰੂਕ ਕਰਨਾਂ ਸੀ ਉਹ ਵੀ ਵੀ ਮਨੁੱਖੀ ਸੋਸ਼ਣ ਵਿਚ, ਭਾਗੀਦਾਰ ਬਣੇ ਹੋਏ ਸਨ ਮੁਸਲਮਾਨ ਬੀਬੀਆਂ ਵੀ ਕਸ਼ਟ 'ਚ, ਖ਼ੁਦਾ ਨੂੰ ਯਾਦ ਕਰ ਰਹੀਆਂ ਸਨ

'ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥'

ਨਿਰਭਉ ਨਿਰਵੈਰ ਸੱਚੇ ਪਾਤਸ਼ਾਹ ਜੀ ਨੇ ਹਜ਼ਾਰਾਂ ਮੀਲਾਂ ਦਾ ਸਫਰ ਤਹਿ ਕਰਕੇ ਲੋਕਾਈ ਨੂੰ ਮਨੁੱਖੀ ਹੱਕਾਂ ਪ੍ਰਤੀ ਜਿੱਥੇ ਜਾਗਰੂਕ ਕੀਤਾ। ਉੱਥੇ ਇਕ ਪਿਤਾ (ਅਕਾਲ) ਦੇ ਸੱਭ ਪੁੱਤਰ ਕਹਿ ਕੇ ਲੋਕਾਈ ਨੂੰ ਇਕ ਲੜ ਲਾ ਬਰਾਬਰਤਾ ਦਾ ਉਪਦੇਸ਼ ਦਿੱਤਾ।

ਵਕਤ ਗੁਜ਼ਰਦਾ ਗਿਆ ਸਤਿਗੁਰਾਂ ਦੀ ਬਾਣੀ ਤਪਦੇ ਹਿਰਦਿਆਂ ਨੂੰ ਠਾਰਦੀ ਗਈ। ਲੰਗਰ ਦੀ ਪੰਗਤ ਮਨੁੱਖੀ ਅਧਿਕਾਰਾਂ ਦੀ ਬਰਾਬਰਤਾ ਦੀ ਬਾਤ ਪਾਉਂਦਾ ਗਈ (ਤੇ ਸਦੈਵ ਪਾਂਉਦੀ ਰਹੇਗੀ) ਵਾਰੀ ਆਈ ਨੌਂਵੇਂ ਨਾਨਕ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਜਿਸ ਨਾਨਕ ਜੀ ਨੇ ਨੌਂ ਸਾਲ ਦੀ ਉਮਰ 'ਚ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਅੱਜ ਨੌਂ ਸਾਲ ਦੇ ਦਸਵੇਂ ਨਾਨਕ ਬਾਲਕ ਗੋਬਿੰਦ ਰਾਏ ਜੀ, ਨੌਂਵੇਂ ਪਾਤਸ਼ਾਹ ਗੁਰੂ ਪਿਤਾ ਨੂੰ ਤਿਲਕ ਜੰਞੂ ਦੀ ਰਾਖੀ ਲਈ ਕੁਰਬਾਨੀ ਦੇਣ ਤੋਰ ਰਹੇ ਹਨ। ਅੱਜ ਗੱਲ ਤਿਲਕ ਤੇ ਜੰਞੂ ਦੀ ਨਹੀਂ ਧਾਰਮਿਕ ਅਜ਼ਾਦੀ ਭਾਵ ਮਨੁੱਖੀ ਅਧਿਕਾਰਾਂ ਦੀ ਹੈ। ਬੇਸ਼ਕ ਗੁਰੂ ਸਾਹਿਬਾਨ ਵੱਖ-ਵੱਖ ਜਾਮਿਆਂ ਵਿਚ, ਮਨੁੱਖੀ ਅਧਿਕਾਰਾਂ ਦੀ ਗੱਲ ਬੇਬਾਕੀ ਨਾਲ ਕਰਦੇ ਰਹੇ ਪਰ ਨੌਂਵੇਂ ਜਾਮੇ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਪ੍ਰਤੱਖ ਰੂਪ ਵਿੱਚ ਅਦੁੱਤੀ ਕੁਰਬਾਨੀ ਮਨੁੱਖੀ ਅਧਿਕਾਰਾਂ ਲਈ ਦਿੱਤੀ। ਸੰਸਾਰ ਦੇ ਇਤਿਹਾਸ ਵਿੱਚ ਇਹ ਪਹਿਲੀ ਘਟਨਾ ਸੀ ਜਦੋਂ



ਦੂਜਿਆਂ ਦਾ ਧਰਮ ਬਚਾਉਣ ਲਈ ਸਾਕਾ ਹੋਇਆ ਹੋਵੇ।

ਅਫ਼ਸੋਸ, ਚਾਹੀਦਾ ਤਾਂ ਇਹ ਸੀ ਕਿ ਨੌਂਵੇਂ ਸਤਿਗੁਰ ਦੀ ਸ਼ਹਾਦਤ ਨੂੰ ਦੁਨੀਆ ਮਨੁੱਖੀ ਅਧਿਕਾਰ ਦਿਵਸ ਵਜੋਂ ਮਨਾਉਂਦੀ। ਪਰ ਦੁੱਖ ਦੀ ਗੱਲ ਜਿਨਾਂ ਲੋਕਾਂ ਲਈ ਗੁਰੂ ਨੇ ਸ਼ਹਾਦਤ ਦਿੱਤੀ ਉਹ ਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਿਚ, ਨੰਬਰ ਇਕ 'ਤੇ ਹਨ। ਗੱਲ ਕਸ਼ਮੀਰ ਦੀ ਹੋਵੇ ਜਾਂ ਝਾਰਖੰਡ, ਪੰਜਾਬ ਤੇ ਨਾਗਾਲੈਂਡ ਦੀ ਹਰ ਪਾਸੇ ਕੋਹਰਾਮ ਮੱਚਿਆ ਹੋਇਆ ਹੈ। ਅਜੇ ਤਿੰਨ ਦਿਨ ਪਹਿਲਾਂ ਦੀ ਖ਼ਬਰ ਹੈ ਨਾਗਾਲੈਂਡ ਵਿਚ, ਫੌਜ ਵੱਲੋਂ ਨਾਗਰਿਕਾਂ ਦਾ ਕਤਲੇਆਮ ਤੇ ਅੱਜ ਲੋਕ ਅਧਿਕਾਰ ਦਿਵਸ ਦਾ ਪਖੰਡ।

ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਕੱਥਾ ਕਹਾਣੀ ਹਿੰਦੁਸਤਾਨ ਦੀ ਧਰਤੀ ਤੇ ਆਏ ਦਿਨ ਨਹੀਂ ਪਲ ਪਲ ਦੀ ਗੱਲ ਹੈ। ਪਰ ਸ਼ਰਮ ਆਉਂਦੀ ਜਦੋ ਕਿਸੇ ਨੂੰ ਪਿਛੋਕੜ ਹਿੰਦੁਸਤਾਨ ਮੁਲ਼ਕ ਨਾਲ ਦਸੀਦਾ। ਜਿੱਥੇ ਇਕ ਬਿਮਾਰ ਕੈਦੀ ਨੂੰ ਬਿਮਾਰੀ ਤੇ ਬੇਹੋਸ਼ੀ ਦੀ ਹਾਲਤ ਵਿੱਚ ਸੰਗਲ਼ਾਂ ਨਾਲ ਨੂੜ ਕੇ ਰੱਖਿਆ ਜਾਂਦਾ, ਭਾਈ ਜਗਤਾਰ ਸਿੰਘ ਜੀ ਹਵਾਰਾ ਨੂੰ ਸਖਤ ਬਿਮਾਰੀ ਦੀ ਹਾਲਤ ਵਿੱਚ ਛੇ ਜ਼ਰਬ ਛੇ ਦੀ ਕਾਲ ਕੋਠੜੀ ਵਿਚ ਰੱਖਿਆ ਜਾਂਦਾ। 'ਦੁਸ਼ਮਣ ਬਾਤ ਕਰੇ ਅਣਹੋਣੀ' ਉਨਾਂ ਨੂੰ ਕੀ ਕਹੀਏ ? ਗਿਲਾ ਆਪਣਿਆਂ ਤੇ ਹੈ ਜੋ ਨੌਂਵੇਂ ਗੁਰੂ ਦੇ ਚੇਲੇ ਤਖਤਾਂ ਤੇ ਬਿਰਾਜਮਾਨ ਹਨ। ਉਹਨਾਂ ਗੁਰੂ ਦੇ ਸਿੱਖ ਬਣ ਘੱਟ ਗਿਣਤੀਆਂ, ਦਲਿਤਾਂ ਗ਼ਰੀਬਾਂ ਨਿਤਾਣਿਆਂ ਲਈ ਹਾਅ ਦਾ ਨਾਅਰਾ ਕੀ ਮਾਰਨਾ ਜੋ ਆਪਣਿਆਂ ਤੇ ਹੁੰਦੇ ਤਸ਼ੱਦਦ ਤੇ ਮੂੰਹ ਨਹੀਂ ਖੋਹਲਦੇ।

ਧੰਨਵਾਦ ਉਨਾਂ ਗੁਰੂ ਪਿਆਰ ਵਾਲੇ ਪੰਥਕ ਤੇ ਸਿੱਖੀ ਸੋਚ ਵਾਲੇ ਸਿੰਘਾਂ ਦਾ ਜਿਨਾਂ ਭਾਈ ਸਾਹਿਬ ਲਈ ਅਰਦਾਸ ਬੇਨਤੀਆਂ ਕੀਤੀ।

ਖ਼ੈਰ, ਅੱਜ ਲੋੜ ਹੈ ਸਿੱਖ ਪੰਥ ਦੇ ਆਗੂਆਂ ਨੂੰ ਗੁਰੂ ਸਾਹਿਬਾਨ ਦੇ ਮਾਰਗ ਤੇ ਚੱਲਦਿਆਂ ਹੋਇਆਂ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਵਿਰੁੱਧ ਝੰਡਾ ਚੁੱਕਣ ਦੀ। ਲੋਕ ਏਕੇ ਨੇ ਭਾਈ ਰਾਜੋਆਣੇ ਦੀ ਫਾਂਸੀ ਰੁਕਵਾ ਦਿੱਤੀ। ਸੰਗਤ ਦੇ ਏਕੇ ਨੇ ਕਿਸਾਨ ਮੋਰਚੇ ਦੌਰਾਨ ਜੋ ਡਸਿਪਲਨ ਦੁਨੀਆਂ ਨੂੰ ਵਿਖਾਇਆ ਗ਼ੈਰ ਸਿੱਖ ਵੀ ਸਿੱਖ ਰਾਜ ਦੀ ਕਲਪਨਾ ਕਰਨ ਲੱਗੇ। ਦੇਗ, ਤੇਗ, ਸੰਗਤ, ਪੰਗਤ, ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਦਾ ਪ੍ਰਚਾਰ ਜੋ ਕਿਸਾਨ ਮੋਰਚਾ ਕਰ ਗਿਆ ਉਹ ਲੰਮੇ ਸਮੇਂ ਤੋਂ ਪ੍ਰਚਾਰਿਕ ਭਾਈਚਾਰਾ ਵੀ ਨਹੀਂ ਕਰ ਸਕਿਆ।

ਸੋ ਅੱਜ ਲੋੜ ਹੈ, ਸਿੱਖ ਪੰਥ ਦੇ ਆਗੂਆਂ ਨੂੰ ਕਿਸਾਨ ਮੋਰਚੇ ਵਾਂਗ ਖਾਲਸਾਈ ਨਿਸ਼ਾਨ ਸਾਹਿਬਾਂ ਦੀ ਛਾਵੇਂ ਪੰਥਕ ਰਵਾਇਤਾਂ ਅਨੁਸਾਰ ਮਨੁੱਖੀ ਅਧਿਕਾਰ ਲਹਿਰ ਚਲਾਉਣ ਦੀ। ਦੇਸ਼ ਦੇ ਹਰ ਲਿਤਾੜੇ, ਨਿਮਾਣੇ, ਗਰੀਬ, ਅਖੌਤੀ ਦਲਿਤ ਵਰਗ ਤੇ ਘੱਟ ਗਿਣਤੀ ਭਾਈਚਾਰੇ ਲਈ ਹਾਅ ਦਾ ਨਾਹਰਾ ਮਾਰਨ ਦੀ, ਸਜ਼ਾਵਾਂ ਕੱਟ ਚੁੱਕੇ ਬੰਦੀ ਸਿੰਘਾਂ ਦੀ ਗੱਲ ਅੰਤਰਰਾਸ਼ਟਰੀ ਪੱਧਰ ਤੇ ਪ੍ਰਚਾਰਨ ਦੀ ਪ੍ਰਸਾਰਿਣ ਦੀ ਕਿ ਕਿਸ ਤਰਾਂ ਹਿੰਦੁਸਤਾਨ ਵਿੱਚ ਦੋਹਰੇ ਮਾਪਦੰਡ ਵਰਤ ਕੇ ਲੋਕ-ਤੰਤਰ ਦੇ ਨਾਂ 'ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ, ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਲੱਗ ਰਿਹਾ ਕਿ ਲੋਕਾਈ ਦੇ ਭਲੇ ਲਈ ਇਹ ਕਾਰਜ ਵੀ ਸਿੱਖਾਂ ਨੂੰ ਹੀ ਫ਼ਤਿਹ ਕਰਨਾ ਪੈਣਾ। ਫੇਰ ਹੀ ਮਨੁੱਖੀ ਅਧਿਕਾਰ ਦਿਵਸ ਮੰਨਾਉਣ ਦੀ ਤੁੱਕ ਬਣਦੀ ਹੈ।

ਗੁਰੂ ਖਾਲਸਾ ਪੰਥ ਨੂੰ ਸਮਰੱਥਾ ਬਖ਼ਸ਼ਣ ਤੇ ਗੁਰੂ ਦੇ ਸਿੱਖ ਲੋਕਾਈ ਦਾ ਪਾਰ ਉਤਾਰਾ ਕਰਨ ਲਈ ਗੁਰਮਤਿ ਦੇ ਰਾਹ 'ਤੇ ਚੱਲ ਕੇ ਸਰਬੱਤ ਦਾ ਭਲਾ ਕਰਨ।

---

# ਨਿਆਂਕਾਰੀ ਕਿਉਂ ਕਰਦੇ ਹਨ ਇਨਸਾਫ ਦਾ ਕਤਲ ?



**ਜਸਟਿਸ ਐੱਸ ਐੱਸ ਸੋਢੀ**

13 ਜੁਲਾਈ 1983 ਦੀ ਸਵੇਰ ਤਿੰਨ ਪੁਲਿਸ ਕਰਮੀ ਚੰਡੀਗੜ ਵਿਚਲੀ ਸੁਖਨਾ ਝੀਲ ਤੇ ਗਸ਼ਤ ਕਰ ਰਹੇ ਸਨ ਜਦੋਂ ਉਨਾਂ ਨੂੰ ਝੀਲ ਦੇ ਕੰਢਿਓਂ ਲਾਸ਼ ਮਿਲੀ ਜੋ ਉਸ ਵੇਲੇ ਦੇ ਡੀਆਈਜੀ ਜੋਗਿੰਦਰ ਸਿੰਘ ਆਨੰਦ ਦੀ ਸੀ। ਸ੍ਰੀ ਆਨੰਦ ਸੰਜੇ ਗਾਂਧੀ ਦੀ ਵਿਧਵਾ ਮੇਨਕਾ ਗਾਂਧੀ ਦੇ ਛੋਟੇ ਭਰਾ ਸਨ। ਜਲਦੀ ਹੀ ਹੱਤਿਆ ਦਾ ਕੇਸ ਦਰਜ ਕਰ ਲਿਆ ਗਿਆ।

ਉਸ ਤੋਂ ਬਾਅਦ ਹੱਤਿਆ ਦੇ ਕਾਰਨ ਦਾ ਸਵਾਲ ਪੈਦਾ ਹੋ ਗਿਆ ਜਿਸ ਨੂੰ ਤੈਅ ਕਰਨ ਵਾਸਤੇ ਦੋ ਵਾਰ ਲਾਸ਼ ਦੀ ਪੋਸਟਮਾਰਟਮ ਜਾਂਚ ਕਰਵਾਈ ਗਈ। ਪਹਿਲੀ ਵਾਰ ਉਸੇ ਦਿਨ ਅਤੇ ਫਿਰ ਉਸ ਤੋਂ ਅਗਲੇ ਦਿਨ। ਇਹੀ ਨਹੀਂ ਸਗੋਂ ਲਗਭਗ ਇਕ ਮਹੀਨੇ ਬਾਅਦ ਪੋਸਟਮਾਰਟਮ ਰਿਪੋਰਟਾਂ ਦੀ ਪੁਣਛਾਣ ਵਾਸਤੇ ਸੀਬੀਆਈ ਨੇ ਡਾਕਟਰਾਂ ਦਾ ਬੋਰਡ ਵੀ ਬਣਾ ਦਿੱਤਾ। ਪਹਿਲੇ ਪੋਸਟਮਾਰਟਮ ਵਿਚ ਕਿਹਾ ਗਿਆ ਸੀ ਕਿ ਡੁੱਬਣ ਕਾਰਨ ਮੌਤ ਵਾਕਿਆ ਹੋਈ ਸੀ ਜਦਕਿ ਦੂਜੀ ਰਿਪੋਰਟ ਵਿਚ ਸਾਹ ਘੁਟਣ ਨਾਲ ਮੌਤ ਹੋਣ ਦਾ ਜ਼ਿਕਰ ਕੀਤਾ ਗਿਆ ਹਾਲਾਂਕਿ ਬੋਰਡ ਮੁਤਾਬਕ ਫੇਫੜਿਆਂ ਵਿਚ ਤਪਦਿਕ ਦੀ ਮੌਜੂਦਗੀ ਹੋਣ ਤੇ ਡੁੱਬਣ ਕਾਰਨ ਸਾਹ ਘੁਟਿਆ ਗਿਆ ਸੀ। ਇਸ ਨੇ ਸਦਮੇ ਦੇ ਅਸਰ ਵੱਲ ਵੀ ਧਿਆਨ ਦਿਵਾਇਆ ਸੀ। ਬਹਰਹਾਲ, ਮੌਤ ਦੇ ਕਾਰਨ ਨੂੰ ਲੈ ਕੇ ਦੋ ਧਾਰਨਾਵਾਂ ਵਜੋਂ ਸਮਝ ਲਿਆ ਗਿਆ। ਹਾਈ ਕੋਰਟ ਨੇ ਇਹ ਤੈਅ ਕੀਤਾ ਕਿ ਬੋਰਡ ਦੀ ਰਾਏ ਮਹਿਜ਼ ਕਾਗਜ਼ੀ ਹੈ ਅਤੇ ਇਹ ਕਿਸੇ ਠੋਸ ਸਬੂਤ ਤੇ ਆਧਾਰਤਿ ਨਹੀਂ ਸੀ ਕਿਉਂਕਿ ਇਹ ਪੋਸਟਮਾਰਟਮ ਕਰਨ ਵਾਲੇ ਡਾਕਟਰਾਂ ਦੀ ਕਿਸੇ ਵੀ ਟੀਮ ਦਾ ਹਿੱਸਾ ਨਹੀਂ ਸਨ।

ਮਾਮਲੇ ਦੀ ਜਾਂਚ ਦੌਰਾਨ ਸ੍ਰੀ ਆਨੰਦ ਦੇ ਅਰਦਲੀ ਦਰਸ਼ਨ ਲਾਲ ਨੇ ਇਕਬਾਲੀਆ ਬਿਆਨ ਦਿੱਤਾ ਜਿਸ ਦੇ ਆਧਾਰ ਤੇ ਉਸ ਨੂੰ ਵਾਅਦਾ ਮੁਆਫ਼ ਗਵਾਹ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਉਸ ਦੇ ਬਿਆਨ ਦੇ ਆਧਾਰ ਤੇ ਹੀ ਮ੍ਰਿਤਕ ਆਨੰਦ ਦੀ ਪਤਨੀ ਇੰਦੂ ਆਨੰਦ, ਉਸ ਦੇ ਪੁੱਤਰ ਸੁਮਨਜੀਤ ਸਿੰਘ ਆਨੰਦ ਅਤੇ ਭਤੀਜੇ ਸੰਦੀਪ ਸਿੰਘ ਨੂੰ ਮੁਲਜ਼ਮ ਦੇ ਤੌਰ ਤੇ ਨਾਮਜ਼ਦ ਕਰ ਲਿਆ ਗਿਆ। ਇਨਾਂ ਖਿ.ਲਾਫ਼ ਭਾਰਤੀ ਦੰਡ ਵਿਧਾਨ ਦੀ ਧਾਰਾ 304 (ਭਾਗ ਦੋਇਮ) ਤਹਿਤ ਚੰਡੀਗੜ ਦੇ ਸੈਸ਼ਨ ਕੋਰਟ ਵਿਚ ਮੁਕੱਦਮਾ ਚੱਲਿਆ ਤੇ ਉਨਾਂ ਨੂੰ ਦੋ ਸਾਲ ਦੀ ਕੈਦ ਤੇ 2000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਇਨਾਂ ਨੂੰ ਮੁੱਖ ਤੌਰ 'ਤੇ ਦਰਸ਼ਨ ਲਾਲ ਦੀ ਗਵਾਹੀ ਦੇ ਆਧਾਰ 'ਤੇ ਦੋਸ਼ੀ ਕਰਾਰ ਦਿੱਤਾ ਗਿਆ।

ਜਦੋਂ ਟ੍ਰਾਇਲ ਕੋਰਟ ਦੇ ਫ਼ੈਸਲੇ ਖਿਲਾਫ਼ ਅਪੀਲ ਤੇ ਸੁਣਵਾਈ ਹੋਈ ਤਾਂ ਅਦਾਲਤ ਨੇ ਪਾਇਆ ਕਿ ਦਰਸ਼ਨ ਲਾਲ ਦੀ ਸੁਣਾਈ ਕਹਾਣੀ 'ਸਾਰੀ ਦੀ ਸਾਰੀ ਝੂਠੀ' ਸੀ ਜਿਸ ਉਪਰ ਇਸਤਗਾਸਾ ਦਾ ਸਮੁੱਚਾ ਕੇਸ ਟਿਕਿਆ ਹੋਇਆ ਸੀ। ਅਦਾਲਤ ਨੇ ਅਗਾਂਹ ਆਖਿਆ- 'ਇਹ ਮੰਨਣਾ ਅਸੰਭਵ ਹੈ ਕਿ ਪਹਿਲੇ ਨੰਬਰ ਦੀ ਅਪੀਲਕਰਤਾ (ਇੰਦੂ ਆਨੰਦ) ਜੋ ਜਵਾਨ ਔਰਤ ਹੈ ਅਤੇ ਜਿਸ ਦੇ 17 ਸਾਲ ਦਾ ਪੁੱਤਰ ਤੇ 14 ਸਾਲ ਦੀ ਧੀ ਹੈ, ਉਹ ਆਪਣੇ ਬੱਚਿਆਂ ਦਾ ਕੋਈ ਖਿਆਲ ਕੀਤੇ ਬਗ਼ੈਰ ਆਪਣੇ ਪਿਆਰੇ ਪਤੀ ਨੂੰ ਇੰਝ ਖਤਮ ਕਰਨ ਬਾਰੇ ਸੋਚ ਵੀ ਸਕਦੀ ਹੈ।'

## ਮਨੁੱਖੀ ਅਧਿਕਾਰ ਦਿਵਸ

ਇਸ ਤੋਂ ਬਾਅਦ ਅਦਾਲਤ ਨੇ ਸਾਰੇ ਅਪੀਲਕਾਰਾਂ ਨੂੰ ਬਰੀ ਕਰ ਦਿੱਤਾ ਅਤੇ ਟਿੱਪਣੀ ਕੀਤੀ : 'ਅੰਤ ਵਿਚ ਇਹ ਅਦਾਲਤ ਨੇ ਪਾਇਆ ਹੈ ਕਿ ਅਪੀਲਕਾਰਾਂ ਖਿਲਾਫ਼ ਸੀਬੀਆਈ ਨੇ ਬੇਲੋੜੇ ਤੌਰ ਤੇ ਕੇਸ ਵਿਚ ਚਲਾਇਆ ਹਾਲਾਂਕਿ ਜਿਵੇਂ ਪਹਿਲਾਂ ਜ਼ਿਕਰ ਹੋ ਚੁੱਕਿਆ ਹੈ, ਸਬੂਤ ਤੋਂ ਸਾਫ਼ ਸੰਕੇਤ ਮਿਲਦੇ ਹਨ ਕਿ ਮ੍ਰਿਤਕ ਜੇਐੱਸ ਆਨੰਦ ਨੇ ਖ਼ੁਦਕੁਸ਼ੀ ਕੀਤੀ ਸੀ। ਅਪੀਲਕਾਰਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ ਅਤੇ ਉਨਾਂ ਨੂੰ ਕਈ ਸਾਲ ਸੰਤਾਪ ਹੰਢਾਉਣਾ ਪਿਆ। ਇਹ ਇਕ ਤਰਾਂ ਨਿਆਂ ਦੇ ਕੋਝੇ ਮਜ਼ਾਕ ਵਾਂਗ ਹੈ। ਇਹ ਗੱਲ ਭੁਲਾਈ ਨਹੀਂ ਜਾ ਸਕਦੀ ਕਿ 'ਜ਼ਿੰਦਗੀ ਵਿਚ ਜੇ ਕਦਰਾਂ ਕੀਮਤਾਂ ਇਕ ਵਾਰ ਗੁਆਚ ਜਾਣ ਤਾਂ ਮੁੜ ਹਾਸਲ ਨਹੀਂ ਹੁੰਦੀਆਂ'। ਲਿਹਾਜ਼ਾ, ਇਨਾਂ ਨੂੰ ਬਾਇੱਜ਼ਤ ਬਰੀ ਕੀਤਾ ਜਾਂਦਾ ਹੈ।'

ਇਸ ਕੇਸ ਦਾ ਬਹੁਤ ਹੀ ਬੱਜਰ ਪਹਿਲੂ ਇਹ ਹੈ ਕਿ ਇਸ ਦੇ ਮੁਕੱਦਮੇ ਦੀ ਕਾਰਵਾਈ ਵਿਚ ਬਹੁਤ ਦੇਰੀ ਲੱਗੀ ਅਤੇ ਫਿਰ ਟ੍ਰਾਇਲ ਕੋਰਟ ਦੇ ਫ਼ੈਸਲੇ ਖਿ.ਲਾਫ਼ ਹਾਈ ਕੋਰਟ ਵਿਚ ਦਾਇਰ ਕੀਤੀ ਅਪੀਲ ਤੇ ਸੁਣਵਾਈ ਵਿਚ ਕਈ ਸਾਲ ਲੰਘ ਗਏ। ਇੱਥੇ ਮੁੜ ਯਾਦ ਕਰਵਾਇਆ ਜਾਂਦਾ ਹੈ ਕਿ ਇਹ ਕੇਸ ਜੁਲਾਈ 1983 ਵਿਚ ਦਰਜ ਕੀਤਾ ਗਿਆ ਸੀ ਪਰ ਸੈਸ਼ਨ ਜੱਜ ਅਮਰ ਦੱਤ (ਜੋ ਬਾਅਦ ਵਿਚ ਹਾਈ ਕੋਰਟ ਦੇ ਜੱਜ ਬਣ ਗਏ ਸਨ) 23 ਫਰਵਰੀ 1993 ਤੱਕ ਵੀ ਇਸ ਦੀ ਸੁਣਵਾਈ ਮੁਕੰਮਲ ਨਹੀਂ ਕਰ ਸਕੇ। ਇਸ ਅਦਾਲਤ ਦੇ ਫ਼ੈਸਲੇ ਖਿਲਾਫ਼ ਅਪੀਲ ਤੇ ਸੁਣਵਾਈ ਨੂੰ ਹੋਰ ਵੀ ਜ਼ਿਆਦਾ, ਭਾਵ 21 ਸਾਲਾਂ ਦਾ ਸਮਾਂ ਲੱਗਿਆ। 23 ਮਾਰਚ 2017 ਨੂੰ ਇਸ ਤੇ ਸੁਣਵਾਈ ਹੋਈ ਤੇ ਇਸ ਦਾ ਫ਼ੈਸਲਾ ਆਇਆ ਪਰ ਇਸ ਦੌਰਾਨ ਵੀ ਕੁਝ ਜੱਜਾਂ ਨੇ ਕੇਸ ਦੀ ਸੁਣਵਾਈ ਕਰਨ ਤੋਂ ਨਾਂਹ ਕਰ ਦਿੱਤੀ ਸੀ। ਆਖ਼ਿਰਕਾਰ, ਬੰਬੇ ਹਾਈ ਕੋਰਟ ਦੇ ਜਸਟਿਸ ਏਬੀ ਚੌਧਰੀ ਬਦਲ ਕੇ ਜਦੋਂ ਇੱਥੇ ਆਏ ਤਾਂ ਉਨਾਂ ਇਸ ਕੇਸ ਤੇ ਸੁਣਵਾਈ ਕੀਤੀ। ਇਹ ਮਾਮਲਾ ਇੱਥੇ ਹੀ ਖਤਮ ਨਹੀਂ ਹੋਇਆ। ਸੀਬੀਆਈ ਨੇ ਹਾਈ ਕੋਰਟ ਵੱਲੋਂ ਮੁਲਜ਼ਮਾਂ ਨੂੰ ਬਰੀ ਕਰਨ ਦੇ ਫ਼ੈਸਲੇ ਖਿਲਾਫ਼ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਦਾਇਰ ਕਰ ਦਿੱਤੀ। ਇਸ ਤੇ ਸੁਣਵਾਈ ਲਈ ਚਾਰ ਸਾਲ ਹੋਰ ਲੱਗ ਗਏ ਜਦੋਂ ਸੁਪਰੀਮ ਕੋਰਟ ਨੇ ਸਪੈਸ਼ਲ ਲੀਵ ਪਟੀਸ਼ਨ ਖਾਰਜ ਕਰ ਕੇ ਇਸ ਕੇਸ ਦਾ ਅੰਤਮ ਨਿਬੇੜਾ ਕਰ ਦਿੱਤਾ। ਇੰਜ ਦੇਖਿਆ ਜਾ ਸਕਦਾ ਹੈ ਕਿ ਅਪੀਲਕਾਰਾਂ ਨੂੰ ਲਗਭਗ 38 ਸਾਲ ਬੇਚੈਨੀ ਝਾਗਣੀ ਪਈ। ਇਕ ਲੇਖੇ ਇਸ ਵਿਚ ਉਨਾਂ ਦੀ ਜ਼ਿੰਦਗੀ ਹੀ ਗੁਜ਼ਰ ਗਈ। ਜਦੋਂ ਇਹ ਮਾਮਲਾ ਸ਼ੁਰੂ ਹੋਇਆ ਸੀ ਤਾਂ ਉਦੋਂ ਇੰਦੂ ਆਨੰਦ 38 ਸਾਲਾਂ ਦੀ ਸੀ। ਹੁਣ ਉਹ 76 ਸਾਲਾਂ ਦੇ ਹੋ ਗਏ ਹਨ। ਉਨਾਂ ਦਾ ਪੁੱਤਰ ਤੇ ਭਤੀਜਾ ਉਦੋਂ ਗਭਰੀਟ ਸਨ ਤੇ ਉਹ ਵੀ ਹੁਣ ਪੰਜਾਹਵਿਆਂ ਦੇ ਮੱਧ ਵਿਚ ਪਹੁੰਚ ਚੁੱਕੇ ਹਨ।

ਅਪੀਲਕਾਰਾਂ ਨੂੰ ਜੇਐੱਸ ਆਨੰਦ ਦੀ ਮੌਤ ਲਈ ਜ਼ਿੰਮੇਵਾਰ ਨਾਮਜ਼ਦ ਕੀਤੇ ਜਾਣ ਨਾਲ ਇਸ ਲੰਮੇ ਅਰਸੇ ਦੌਰਾਨ ਸਮਾਜ ਅੰਦਰ ਉਨਾਂ ਨੂੰ ਕਿਹੋ ਜਿਹੀ ਨਜ਼ਰ ਨਾਲ ਦੇਖਿਆ ਜਾਂਦਾ ਹੋਵੇਗਾ, ਇਸ ਦਾ ਭਲੀਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਸਾਰਾ ਦਬਾਓ ਉਨਾਂ ਕਿੰਜ ਝੱਲਿਆ ਹੋਵੇਗਾ ਤੇ ਇਸ ਦਾ ਉਨਾਂ ਦੀ ਸਿਹਤ ਤੇ ਕਿਹੋ ਜਿਹਾ ਅਸਰ ਪਿਆ ਹੋਵੇਗਾ। ਇਕ ਤਰਾਂ ਉਨਾਂ ਦੀਆਂ ਜ਼ਿੰਦਗੀਆਂ ਹੀ ਬਰਬਾਦ ਹੋ ਕੇ ਰਹਿ ਗਈਆਂ।

ਇੰਨਾ ਹੀ ਨਹੀਂ ਸਗੋਂ ਅਪੀਲਕਾਰਾਂ ਨੂੰ ਸੰਗੀਨ ਆਰਥਿਕ ਮੁਸ਼ਕਿਲਾਂ ਦਾ ਵੀ ਸਾਹਮਣਾ ਕਰਨਾ ਪਿਆ ਕਿਉਂਕਿ ਇੰਦੂ ਨੂੰ ਕੋਈ ਪਰਿਵਾਰਕ ਪੈਨਸ਼ਨ ਵੀ ਨਹੀਂ ਮਿਲਦੀ ਸੀ। ਅਜੇ ਤੱਕ ਵੀ ਉਸ ਨੂੰ ਕੋਈ ਅਦਾਇਗੀ ਨਹੀਂ ਕੀਤੀ ਗਈ। ਬਰੀ ਹੋਣ ਤੋਂ ਬਾਅਦ ਵੀ ਉਨਾਂ ਨੂੰ ਆਪਣੀ ਬਣਦੀ ਪਰਿਵਾਰਕ ਪੈਨਸ਼ਨ ਲੈਣ ਲਈ ਹਾਈ ਕੋਰਟ ਦਾ ਰੁਖ਼ ਕਰਨਾ ਪਿਆ। ਟ੍ਰਾਇਲ ਕੋਰਟ ਵਲੋਂ ਉਨਾਂ ਦੇ ਪੁੱਤਰ ਅਤੇ ਭਤੀਜੇ ਨੂੰ ਦੋਸ਼ੀ ਕਰਾਰ ਦੇਣ ਨਾਲ ਬਹੁਤ ਸਾਰੀਆਂ ਥਾਵਾਂ ਤੇ ਉਨਾਂ ਦੇ ਰੁਜ਼ਗਾਰ ਹਾਸਲ ਕਰਨ ਦੇ ਦਰਵਾਜ਼ੇ ਸਦਾ ਲਈ ਬੰਦ ਹੋ ਗਏ। ਜਿਸ ਤਰਾਂ ਅਪੀਲਕਾਰਾਂ ਨੂੰ 38 ਸਾਲ ਇਹ ਸੰਤਾਪ ਹੰਢਾਉਣਾ ਪਿਆ, ਉਸ ਦੇ ਮੱਦੇਨਜ਼ਰ ਸਟੇਟ/ਰਿਆਸਤ ਨੂੰ ਉਨਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਤੇ ਗ਼ੌਰ ਕਰਨੀ ਚਾਹੀਦੀ ਹੈ।

ਇਸ ਸੰਬੰਧ ਵਿਚ ਜੋ ਕੁਝ ਵੀ ਹੋਇਆ ਹੈ, ਉਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਹੀ ਤਰੀਕੇ ਨਾਲ ਜ਼ਿੰਮੇਵਾਰੀ ਨਿਭਾਉਣ ਦਾ ਸਭ ਤੋਂ ਵੱਡਾ ਜ਼ਿੰਮਾ ਜੱਜਾਂ ਦਾ ਹੁੰਦਾ ਹੈ ਅਤੇ ਜੇ ਉਹ ਕਿਤੇ ਕੋਈ ਖ਼ਤਾ ਕਰਦੇ ਹਨ ਤਾਂ ਪੀੜਤਾਂ ਨੂੰ ਕਿੰਨਾ ਵੱਡਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਇਸ ਪ੍ਰਸੰਗ ਵਿਚ ਪਲੈਟੋ ਦਾ ਕਥਨ ਹੈ : 'ਅਨਿਆਂ ਕਰਨਾ ਅਨਿਆਂ ਦਾ ਸੰਤਾਪ ਹੰਢਾਉਣ ਨਾਲੋਂ ਵੀ ਵੱਡਾ ਹੈ'। ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਜਦੋਂ ਕਿਸੇ ਨਿਰਦੋਸ਼ ਨੂੰ ਸੰਤਾਪ ਝੱਲਣਾ ਪੈਂਦਾ ਹੈ ਤਾਂ ਨਿਆਂ ਵਿਰਲਾਪ ਕਰਦਾ ਹੈ।

# ਜੱਗ-ਬੀਤੀ ਕਥਾ

# 'ਪਰ ਮੰਮੀ ਨੂੰ ਕੁਝ ਨਾ ਕਿਹੋ'



**ਗੋਵਰਧਨ ਗੱਬੀ**

ਕੁਝ ਦਿਨ ਪਹਿਲਾਂ ਸਾਡੇ ਦੁਆਰਾ ਨਿਰਮਾਣਿਤ ਪੰਜਾਬੀ ਲਘੂ ਫਿਲਮ 'ਬਸੇਰਾ' ਸਾਡੇ ਯੂ ਟਿਊਬ ਚੈਨਲ ਪੀਬੀ ਸਿਨਮਾ ਉੱਪਰ ਪ੍ਰਦਰਸ਼ਿਤ ਕੀਤੀ ਗਈ। ਫਿਲਮ ਦੀ ਟੈਗ ਲਾਈਨ ਸੀ - ਜੇਕਰ ਤੁਸੀਂ ਆਪਣੀ ਮਾਂ ਨੂੰ ਪਿਆਰ ਨਹੀਂ ਕਰਦੇ ਤਾਂ ਸਾਡੀ ਇਹ ਫਿਲਮ ਨਾ ਦੇਖਣਾ। ਫਿਲਮ ਦੀ ਕਹਾਣੀ ਇੱਕ ਅਜਿਹੀ ਬਜ਼ੁਰਗ ਔਰਤ ਦੇ ਇਰਦ ਗਿਰਦ ਘੁੰਮਦੀ ਹੈ ਜਿਸ ਨੂੰ ਉਸਦੇ ਪਰਿਵਾਰ ਨੇ ਮਜਬੂਰੀਵਸ ਬਿਰਧ ਆਸ਼ਰਮ ਵਿੱਚ ਛੱਡਿਆ ਹੋਇਆ ਹੈ। ਫਿਲਮ ਦੇਖਣ ਤੋਂ ਬਾਅਦ ਬਹੁਤ ਸਾਰੇ ਦਰਸ਼ਕਾਂ ਨੇ ਆਪਣੇ ਵਿਚਾਰ ਸਾਡੇ ਨਾਲ ਸੋਸ਼ਲ ਮੀਡੀਆ ਰਾਹੀਂ ਸਾਂਝੇ ਕੀਤੇ। ਇੱਕ ਔਰਤ ਦਰਸ਼ਕ ਨੇ ਫਿਲਮ ਦੇਖ ਕੇ ਆਪਣੀ ਹੱਡ ਬੀਤੀ ਦੱਸੀ ਜੋ ਮੈਂ ਤੁਹਾਡੇ ਨਾਲ ਸਾਂਝੀ ਕਰਨ ਜਾ ਰਿਹਾ ਹਾਂ।

ਭਾਅ ਜੀ, ਇਹ ਬਹੁਤ ਵਧੀਆ ਫਿਲਮ ਹੈ। ਇਸਦੀ ਕਹਾਣੀ, ਕਹਾਣੀ ਨਹੀਂ ਸਗੋਂ ਜ਼ਿੰਦਗੀ ਦੀ ਸਚਾਈ ਲਗਦੀ ਹੈ। ਸਾਡੇ ਆਲੇ ਦੁਆਲੇ ਜੋ ਵਾਪਰ ਰਿਹਾ ਹੈ, ਉਹੀ ਕੁਝ ਇਸ ਫਿਲਮ ਰਾਹੀਂ ਵਿਖਾਇਆ ਗਿਆ ਹੈ। ਮੈਨੂੰ ਇਵੇਂ ਲੱਗਾ ਜਿਵੇਂ ਇਹ ਸਾਡੇ ਘਰ ਦੀ ਕਹਾਣੀ ਹੋਵੇ। ਪਰ ਸ਼ੁਕਰ ਹੈ ਵਾਹਿਗੁਰੂ ਦਾ ਕਿ ਸਾਡੇ ਮੰਮੀ ਸਾਡੇ ਨਾਲ ਹੀ ਰਹਿੰਦੇ ਹਨ, ਅਸੀਂ ਉਸ ਨੂੰ ਬਿਰਧ ਆਸ਼ਰਮ ਨਹੀਂ ਭੇਜਿਆ। ਤੁਹਾਡੀ ਫਿਲਮ ਨੇ ਮੇਰਾ ਹੌਸਲਾ ਤੇ ਮਨੋਬਲ ਵਧਾਇਆ ਹੈ। ਉਸ ਵਾਸਤੇ ਦੁਬਾਰਾ ਸ਼ੁਕਰੀਆ।

ਮੇਰੇ ਪਤੀ ਹੁਰੀਂ ਚਾਰ ਭਰਾ ਤੇ ਇੱਕ ਭੈਣ ਨੇ। ਉਹ ਸਭ ਤੋਂ ਛੋਟੇ ਨੇ। ਭੈਣ ਆਪਣੇ ਘਰ ਵਸਦੀ ਹੈ। ਜੇਠਾਂ ਵਿੱਚੋਂ ਦੋ ਬਦੇਸ਼ਾਂ ਵਿੱਚ ਕੰਮ ਕਰਦੇ ਨੇ। ਇੱਕ ਜੇਠ ਮੇਰਾ ਪਿੰਡ ਵਿੱਚ ਹੀ ਰਹਿੰਦਾ ਹੈ। ਅਸੀਂ ਹੁਣ ਪਿੰਡ ਦੇ ਨੇੜੇ ਪੈਂਦੇ ਕਸਬੇ ਵਿੱਚ ਆਪਣਾ ਘਰ ਬਣਾ ਕੇ ਰਹਿੰਦੇ ਹਾਂ। ਘਰ ਦੀ ਵੰਡ ਵੰਡਾਈ ਹੋ ਚੁੱਕੀ ਹੈ। ਹਰ ਕਿਸੇ ਦੇ ਹਿੱਸੇ ਡੇਢ ਡੇਢ ਕਿੱਲਾ ਜ਼ਮੀਨ ਆਈ ਹੋਈ ਹੈ। ਮੇਰੀ ਮੰਮੀ, ਮਤਲਬ ਮੇਰੀ ਸੱਸ ਜੀ ਦੱਸਦੇ ਹੁੰਦੇ ਨੇ ਕਿ ਮੇਰੇ ਸਹੁਰਾ ਸਾਹਿਬ ਦੀ ਮੌਤ ਤਦ ਹੀ ਹੋ ਗਈ ਸੀ ਜਦੋਂ ਮੇਰੇ ਪਤੀ ਅਜੇ ਮਸੀਂ ਦੋ ਕੁ ਸਾਲ ਦੇ ਸਨ। ਮੰਮੀ ਨੇ ਸਾਰੇ ਬੱਚਿਆਂ ਨੂੰ ਪਾਲਿਆ ਪੋਸਿਆ, ਵੱਡਾ ਕੀਤਾ। ਸਾਡੀ ਜ਼ਮੀਨ ਬਰਾਨੀ ਸੀ। ਫ਼ਸਲ ਕੋਈ ਖ਼ਾਸ ਹੁੰਦੀ ਨਹੀਂ ਸੀ। ਘਰ ਵਿੱਚ ਗਰੀਬੀ ਸੀ। ਮੰਮੀ ਨੇ ਖੁਦ ਹੀ ਖੇਤਾਂ ਵਿੱਚ ਕੰਮ ਕਰਨਾ। ਸਾਰਾ ਘਰ ਆਪ ਸੰਭਾਲਿਆ ਹੋਇਆ ਸੀ। ਭਾਅ ਜੀ, ਕਿੰਨਾ ਮੁਸ਼ਕਿਲ ਹੁੰਦਾ ਹੋਵੇਗਾ ਘਰ ਦੇ ਸਾਈਂ ਤੋਂ ਬਿਨਾਂ ਪੰਜ ਬੱਚਿਆਂ ਨੂੰ ਸੰਭਾਲਣਾ ਪਰ ਸਾਡੀ ਮੰਮੀ ਤਾਉਮਰ ਲੱਗੀ ਰਹੀ।

ਜਦੋਂ ਮੇਰੇ ਵਿਆਹ ਨੂੰ ਹੋਇਆਂ ਦੋ ਕੁ ਸਾਲ ਹੀ ਹੋਏ ਸਨ, ਮੇਰੇ ਸਭ ਤੋਂ ਵੱਡੇ ਜੇਠ ਦੁਬਈ ਚਲੇ ਗਏ। ਫਿਰ ਉਸਨੇ ਆਪਣੇ ਤੋਂ ਨਿੱਕੇ ਨੂੰ ਵੀ ਉੱਥੇ ਬੁਲਾ ਲਿਆ। ਉਸ ਚੱਕਰ



ਵਿੱਚ ਘਰ ਉੱਤੇ ਬਹੁਤ ਸਾਰਾ ਕਰਜ਼ਾ ਚੜ ਗਿਆ।

ਸਾਰੇ ਰਲ ਮਿਲ ਕੇ ਕੰਮ ਕਰਦੇ ਰਹੇ। ਆਹਿਸਤਾ ਆਹਿਸਤਾ ਬਾਹਰ ਵਾਲੇ ਜੇਠਾਂ ਦੀ ਚੰਗੀ ਕਮਾਈ ਹੋਣ ਲੱਗ ਪਈ। ਕੁਝ ਸਮੇਂ ਵਿੱਚ ਹੀ ਕਰਜ਼ਾ ਉੱਤਰ ਗਿਆ। ਮੇਰੇ ਪਤੀ ਤੇ ਤੀਸਰੇ ਜੇਠ ਨੇ ਬਾਹਰ ਜਾਣ ਤੋਂ ਮਨਾ ਕਰ ਦਿੱਤਾ। ਉਹ ਦੋਨੋਂ ਖੇਤੀਬਾੜੀ ਕਰਨ ਲੱਗ ਪਏ।

ਮੇਰੇ ਪਤੀ ਨੇ ਆਈ. ਟੀ. ਆਈ. ਕੀਤੀ ਹੋਈ ਸੀ। ਉਹ ਇੱਕ ਨਿੱਜੀ ਫੈਕਟਰੀ ਵਿੱਚ ਨੌਕਰੀ ਕਰਨ ਲੱਗ ਪਏ। ਤਨਖਾਹ ਤਾਂ ਕੋਈ ਜ਼ਿਆਦਾ ਨਹੀਂ ਮਿਲਦੀ ਸੀ ਪਰ ਫਿਰ ਵੀ ਗੁਜ਼ਾਰਾ ਹੋ ਜਾਂਦਾ ਸੀ। ਆਪਣੇ ਵਿਆਹ ਤੋਂ ਕੁਝ ਸਮੇਂ ਬਾਅਦ ਮੈਂ ਵੀ ਇਨ੍ਹਾਂ ਦੀ ਮਦਦ ਕਰਨ ਲੱਗ ਪਈ। ਮੈਂ ਸਿਲਾਈ ਕਢਾਈ ਬਗੈਰਾ ਦਾ ਕੰਮ ਸ਼ੁਰੂ ਕਰ ਲਿਆ। ਛੋਟਾ ਜਿਹਾ ਬੂਟੀਕ ਵੀ ਖੋਲ ਲਿਆ। ਸਾਡਾ ਸਾਂਝਾ ਟੱਬਰ ਸੀ। ਬਹੁਤ ਸਲੂਕ, ਪਿਆਰ ਮੋਹ ਸੀ ਆਪਸ ਵਿੱਚ।

ਉੱਧਰ ਦੋਨੋਂ ਭਾਜੀ ਖਾਸੀ ਕਮਾਈ ਕਰਨ ਲੱਗ ਪਏ। ਮੇਰੀਆਂ ਜੇਠਾਣੀਆਂ ਨੇ ਗਾਹੇ-ਬਗਾਹੇ ਸਾਨੂੰ ਤਾਹਨੇ ਮਾਰਦੇ ਰਹਿਣਾ, 'ਬਾਹਰ ਬਦੇਸ਼ਾਂ ਵਿੱਚ ਸਾਡੇ ਖ਼ਸਮ ਹੱਡ ਤੋੜ ਮਿਹਨਤਾਂ ਕਰਦੇ ਨੇ ਤੇ ਇਨਾਂ ਦੇ ਟੱਬਰ ਇੱਥੇ ਵਿਹਲੇ ਬਹਿ ਖਾਂਦੇ ਨੇ।'

ਫਿਰ ਅਚਾਨਕ ਦੋਨੋਂ ਵੱਡੇ ਭਾਈ ਕਹਿਣ ਲੱਗੇ ਕਿ ਅਸੀਂ ਜ਼ਿਆਦਾ ਕਮਾਉਂਦੇ ਹਾਂ, ਅਸੀਂ ਅੱਡ ਹੋਣਾ ਹੈ। ਮਾਂ ਤੇ ਹੋਰ ਰਿਸ਼ਤੇਦਾਰਾਂ ਨੇ ਬਥੇਰਾ ਸਮਝਾਇਆ ਪਰ ਉਨਾਂ ਕਿਸੇ ਦੀ ਨਾ ਸੁਣੀ।

ਅਖੀਰ ਉਹ ਸਮਾਂ ਵੀ ਆ ਹੀ ਗਿਆ ਜਿਸ ਦਿਨ ਘਰ ਵੰਡਿਆ ਜਾਣਾ ਸੀ। ਸਾਰੇ ਘਰ ਦੇ ਡਰਾਇੰਗ ਰੂਮ ਵਿੱਚ ਬੈਠੇ ਸਨ। ਉਸ ਦਿਨ ਮੇਰੇ ਮਾਮਾ ਤੇ ਮਾਸੜ ਸਹੁਰਾ ਹੁਰੀਂ ਵੀ ਘਰ ਆਏ ਹੋਏ ਸਨ। ਬਹੁਤ ਜਲਦੀ ਹੀ ਜ਼ਮੀਨ ਤੇ ਹੋਰ ਜੋ ਕੁਝ ਵੀ ਵੰਡਣਯੋਗ ਸੀ ਵੰਡਿਆ ਗਿਆ। ਸਾਰਿਆਂ ਨੇ ਆਪੋ ਆਪਣਾ ਹਿੱਸਾ ਲੈ ਲਿਆ।

ਮਾਮਾ ਜੀ ਕਹਿੰਦੇ, 'ਚਲੋ ਠੀਕ ਹੈ ਭਾਣਜਿਓ, ਸੁਲਾ-ਸਲਾਹੀ ਸਾਰਾ ਕੁਝ ਵੰਡਿਆ ਗਿਆ। ... ਚਲੋ ਹੁਣ ਇਹ ਦੱਸੋ ਕਿ ਮਾਂ ਨੂੰ ਕਿਸ ਨੇ ਆਪਣੇ ਕੋਲ ਰੱਖਣਾ ਹੈ ?'

ਬਦੇਸ਼ਾਂ ਵਾਲੇ ਜੇਠਾਂ ਦੀਆਂ ਘਰ ਵਾਲੀਆਂ ਤਾਂ ਕੋਰਾ ਜਵਾਬ ਦੇ ਗਈਆਂ, 'ਅਸੀਂ ਨਹੀਂ ਰੱਖਣਾ ਬੁੜੀ ਨੂੰ ਆਪਣੇ ਨਾਲ ਇਹ ਰੋਕਾ ਟੋਕਾ ਬਹੁਤ ਕਰਦੀ ਹੈ। ਅਸੀਂ ਤਾਂ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਤੇ ਅਜ਼ਾਦੀ ਨਾਲ ਜਿਊਣੀ ਹੈ। ਅਸੀਂ ਤਾਂ ਬੁੜੀ ਨੂੰ ਇੱਕ ਮਿੰਟ ਵੀ ਬਰਦਾਸ਼ਤ ਨਹੀਂ ਕਰ ਸਕਦੇ ...।'

ਪਿੰਡ ਵਾਲੇ ਜੇਠ ਤੇ ਜੇਠਾਣੀ ਨੇ ਵੀ ਨਾਂਹ ਵਿੱਚ ਸਿਰ ਹਿਲਾ ਦਿੱਤਾ। ਫਿਰ ਮਾਸੜ ਜੀ ਨੇ ਸਾਡੇ ਵੱਲ ਤੱਕਿਆ।

'ਮੇਰੀ ਤਾਂ ਮਾਂ ਹੈ, ਇਸਨੇ ਬੜੇ ਔਖੇ ਹੋ ਕੇ ਸਾਨੂੰ ਪਾਲਿਆ ਹੈ, ਮੈਂ ਭਾਵੇਂ ਗਰੀਬ ਹੀ ਹਾਂ ਪਰ ਮਾਂ ਮੇਰੇ ਕੋਲ ਰਹੇਗੀ।' ਪਤੀ ਦੇ ਇਨਾਂ ਬੋਲਾਂ ਨਾਲ ਮੈਂ ਵੀ ਹਾਮੀ ਭਰ ਦਿੱਤੀ।

ਕੁਝ ਸਾਲਾਂ ਬਾਅਦ ਜਦੋਂ ਅਸੀਂ ਇੱਥੇ ਕਸਬੇ ਵਿੱਚ ਘਰ ਬਣਾ ਲਿਆ ਤਾਂ ਮਾਂ ਨੂੰ ਆਪਣੇ ਨਾਲ ਲੈ ਆਏ। ਘਰ ਵਿੱਚ ਬੜੇ ਨਿੱਕੇ ਮੋਟੇ ਕੰਮ ਹੁੰਦੇ ਨੇ। ਮੈਂ ਆਪਣਾ ਬੂਟੀਕ ਵੀ ਚਲਾਉਂਦੀ ਹਾਂ। ਮੰਮੀ ਨੂੰ ਖੁਸ਼ ਰੱਖਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕਰਦੇ ਹਾਂ। ਮੇਰੇ ਪਤੀ ਮੈਨੂੰ ਹਮੇਸ਼ਾ ਸਮਝਾਉਂਦੇ ਰਹਿੰਦੇ ਨੇ ਕਿ ਜੇਕਰ ਮਾਂ ਦੀ ਕੋਈ ਗੱਲ ਬੁਰੀ ਲੱਗ ਵੀ ਜਾਏ ਤਾਂ ਉਸ ਬਦਲੇ ਮੈਨੂੰ ਜੋ ਮਰਜ਼ੀ ਕਹਿ ਲਈਂ ਪਰ ਮਾਂ ਨੂੰ ਕੁਝ ਨਾ ਕਹੀਂ। ਤੈਨੂੰ ਪਤਾ ਹੈ ਕਿ ਮਾਂ ਨੇ ਸਾਨੂੰ ਬਹੁਤ ਔਖਿਆਈ ਨਾਲ ਪਾਲਿਆ ਹੈ। ਜਦੋਂ ਪਾਪਾ ਜੀ ਚਲੇ ਗਏ ਸਨ ਤਦ ਸਾਡੀ ਮਾਂ ਮੁਸ਼ਕਿਲ ਨਾਲ ਤੀਹ ਸਾਲਾਂ ਦੀ ਵੀ ਨਹੀਂ ਸੀ।

'ਦੇਖੋ ਜੀ, ਜਦੋਂ ਇੱਕ ਘਰ ਵਿੱਚ ਰਹਿੰਦੇ ਹਾਂ ਤਾਂ ਘਰ ਵਿੱਚ ਕਈ ਕੁਝ ਵਾਪਰਦਾ ਰਹਿੰਦਾ ਹੈ। ਕਈ ਵਾਰ ਇੱਕ ਦੂਸਰੇ ਦੀ ਗੱਲ ਬੁਰੀ ਵੀ ਲੱਗ ਜਾਂਦੀ ਹੈ। ਇੱਕ ਦੂਸਰੇ ਨੂੰ ਗਰਮ ਨਰਮ ਵੀ ਬੋਲ ਦਿੰਦੇ ਹਾਂ ਪਰ ਛੇਤੀ ਹੀ ਗੁੱਸਾ ਗਿਲਾ ਦੂਰ ਵੀ ਹੋ ਜਾਂਦਾ ਹੈ। ਮੈਂ ਜਿੰਨੀਆਂ ਮਰਜ਼ੀ ਸ਼ਿਕਾਇਤਾਂ ਲਗਾਵਾਂ, ਤੁਸੀਂ ਮੇਰੀਆਂ ਸੁਣ ਸਾਰੀਆਂ ਲਿਉ, ਮੇਰੇ ਮਨ ਨੂੰ ਸ਼ਾਂਤੀ ਤੇ ਸਕੂਨ ਮਿਲੂਗਾ ਕਿ ਮੇਰੀ ਵੀ ਕੋਈ ਸੁਣਦਾ ਹੈ ਪਰ ਮੰਮੀ ਨੂੰ ਕੁਝ ਨਾ ਕਿਹੋ ...।' ਕਈ ਵਾਰ ਡੁਸਕਦੀ ਡੁਸਕਦੀ ਹੋਈ ਮੈਂ ਵੀ ਕਹਿ ਦਿੰਦੀ ਹਾਂ। ਉਹ ਅੱਗੋਂ ਹੱਸ ਦਿੰਦੇ ਨੇ।

ਸਰ ਜੀ, ਮੈਨੂੰ ਫਿਲਮ ਦੇਖ ਕੇ ਬਹੁਤ ਵਧੀਆ ਲੱਗਾ ਕਿ ਅਸੀਂ ਆਪਣੀ ਮਾਂ ਨੂੰ ਆਪਣੇ ਕੋਲ ਰੱਖ ਲਿਆ। ਉਸ ਨੂੰ ਬਿਰਧ ਆਸ਼ਰਮ ਵਿੱਚ ਜਾਣ ਤੋਂ ਰੋਕ ਲਿਆ। ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸਮੇਂ ਦਾ ਚੱਕਰ ਬਹੁਤ ਬਲਵਾਨ ਹੈ। ਅਖੀਰ ਅਸੀਂ ਵੀ ਬਜ਼ੁਰਗ ਹੋਣਾ ਹੈ। ਜੋ ਬੀਜਾਂਗੇ ਉਹੀ ਕੱਟਾਂਗੇ। ਸਰ ਜੀ, ਐਸੀਆਂ ਮੂਵੀਆਂ ਅਗਾਂਹ ਵੀ ਬਣਾਉਂਦੇ ਰਹਿਣਾ।

# ਕਿਰਤੀ-ਮਜ਼ਦੂਰਾਂ ਲਈ ਇਕ ਰੋਲ ਮਾਡਲ ਹੈ ਕਿਸਾਨ ਅੰਦੋਲਨ

**ਅਨਿਲ ਜੈਨ**

ਇਕ ਸਾਲ ਤੋਂ ਕੁਝ ਜ਼ਿਆਦਾ ਦਿਨ ਤੱਕ ਚੱਲੇ ਕਿਸਾਨ ਅੰਦੋਲਨ ਨੇ ਕੇਂਦਰ ਸਰਕਾਰ ਅਤੇ ਕੁਝ ਰਾਜ ਸਰਕਾਰਾਂ ਦੇ ਬਹੁ-ਪੱਖੀ ਦਮਨ ਚੱਕਰ ਦਾ ਜਿਸ ਸ਼ਿੱਦਤ ਨਾਲ ਮੁਕਾਬਲਾ ਕਰਦੇ ਹੋਏ ਉਨ੍ਹਾਂ ਨੂੰ ਆਪਣੇ ਕਦਮ ਪਿੱਛੇ ਖਿੱਚਣ ਲਈ ਮਜਬੂਰ ਕੀਤਾ ਹੈ, ਉਹ ਆਪਣੇ ਆਪ ਵਿਚ ਇਤਿਹਾਸਕ ਹੈ ਅਤੇ ਨਾਲ ਹੀ ਕੇਂਦਰ ਸਰਕਾਰ ਦੇ ਤੁਗ਼ਲਕੀ ਫ਼ੈਸਲਿਆਂ ਤੋਂ ਦੁਖੀ ਸਮਾਜ ਦੇ ਦੂਜੇ ਵਰਗਾਂ ਲਈ ਇਕ ਪ੍ਰੇਰਨਾਦਾਇਕ ਮਿਸਾਲ ਵੀ ਹੈ। ਇਸ ਅੰਦੋਲਨ ਨੇ ਸਾਬਤ ਕੀਤਾ ਹੈ ਕਿ ਜਦੋਂ ਕਿਸੇ ਸੰਗਠਿਤ ਅਤੇ ਸੰਕਲਪਿਤ ਅੰਦੋਲਨ ਕਰ ਰਹੇ ਸਮੂਹ ਦਾ ਮਕਸਦ ਸਾਫ਼ ਹੋਵੇ, ਉਸ ਦੀ ਅਗਵਾਈ ਵਿਚ ਇਖ਼ਲਾਕੀ ਬਲ ਹੋਵੇ ਅਤੇ ਅੰਦੋਲਨਕਾਰੀਆਂ ਵਿਚ ਧੀਰਜ ਹੋਵੇ ਤਾਂ ਉਸ ਦੇ ਸਾਹਮਣੇ ਸੱਤਾ ਨੂੰ ਆਪਣੇ ਕਦਮ ਪਿੱਛੇ ਖਿੱਚਣੇ ਹੀ ਪੈਂਦੇ ਹਨ, ਖ਼ਾਸਕਰ ਅਜਿਹੀਆਂ ਲੋਕਤੰਤਰਕ ਵਿਵਸਥਾਵਾਂ ਵਿਚ, ਜਿਨ੍ਹਾਂ ਵਿਚ ਵੋਟਾਂ ਗਵਾਉਣ ਦਾ ਡਰ ਕਿਸੇ ਵੀ ਸੱਤਾਸੀਨ ਰਾਜਨੀਤਕ ਅਗਵਾਈ ਦੇ ਮਨ ਵਿਚ ਕੰਬਣੀ ਪੈਦਾ ਕਰ ਦਿੰਦਾ ਹੈ। ਦੇਸ਼ ਦੀ ਖੇਤੀ-ਕਿਸਾਨੀ ਨਾਲ ਸਬੰਧਤ ਤਿੰਨ ਵਿਵਾਦਿਤ ਕਾਨੂੰਨਾਂ ਦਾ ਰੱਦ ਹੋਣਾ ਦੱਸਦਾ ਹੈ ਕਿ ਦੇਸ਼ ਦੀ ਕਿਸਾਨ ਸ਼ਕਤੀ ਨੇ ਸਰਕਾਰ ਦੇ ਮਨ ਵਿਚ ਇਹ ਡਰ ਪੈਦਾ ਕਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ।

ਕਿਸਾਨਾਂ ਦੇ ਇਸ ਇਤਿਹਾਸਕ ਅੰਦੋਲਨ ਦੇ ਚਲਦਿਆਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਤਿੰਨਾਂ ਵਿਵਾਦਿਤ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕਰਨਾ ਅਤੇ ਫਿਰ ਕਿਸਾਨਾਂ ਦੀਆਂ ਬਾਕੀ ਮੰਗਾਂ ਨੂੰ ਵੀ ਮੰਨ ਲੈਣਾ ਦੱਸਦਾ ਹੈ ਕਿ ਸਰਕਾਰ ਕਿਸਾਨ ਅੰਦੋਲਨ ਤੋਂ ਬੁਰੀ ਤਰ੍ਹਾਂ ਡਰੀ ਹੋਈ ਸੀ। ਪਿਛਲੇ ਮਹੀਨੇ ਵੱਖ-ਵੱਖ ਰਾਜਾਂ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਕੁਝ ਸੀਟਾਂ ਲਈ ਹੋਈਆਂ ਉਪ ਚੋਣਾਂ ਦੇ ਨਤੀਜਿਆਂ ਨੂੰ ਦੇਖ ਕੇ ਪ੍ਰਧਾਨ ਮੰਤਰੀ ਨੇ ਤਿੰਨਾਂ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਉਨ੍ਹਾਂ ਦੇ ਇਸ ਐਲਾਨ ਤੋਂ ਬਾਅਦ ਕਿਸਾਨ ਆਪਣਾ ਅੰਦੋਲਨ ਖ਼ਤਮ ਕਰਕੇ ਆਪਣੇ-ਆਪਣੇ ਘਰਾਂ ਨੂੰ ਪਰਤ ਜਾਣਗੇ, ਪਰ ਅਜਿਹਾ ਨਹੀਂ ਹੋਇਆ।

ਕਿਸਾਨਾਂ ਨੇ ਤਿੰਨ ਕਾਨੂੰਨਾਂ ਦੀ ਵਾਪਸੀ ਦੇ ਐਲਾਨ ਦਾ ਤਾਂ ਸਵਾਗਤ ਕੀਤਾ, ਪਰ ਨਾਲ ਹੀ ਇਹ ਵੀ ਸਾਫ਼ ਕਰ ਦਿੱਤਾ ਹੈ ਕਿ ਉਹ ਸਰਕਾਰ ਦੇ ਝਾਂਸੇ ਵਿਚ ਫਸਣ ਨੂੰ ਤਿਆਰ ਨਹੀਂ ਹਨ। ਉਹ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ, ਬਿਜਲੀ ਕਾਨੂੰਨ, ਕਿਸਾਨਾਂ 'ਤੇ ਕਾਇਮ ਕੀਤੇ ਗਏ ਫ਼ਰਜ਼ੀ ਮੁਕੱਦਮਿਆਂ ਦੀ ਵਾਪਸੀ ਵਰਗੇ ਮੁੱਦਿਆਂ 'ਤੇ ਵੀ ਇਕਮਤ ਫ਼ੈਸਲਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਸਰਕਾਰ ਨੂੰ ਦੱਸ ਦਿੱਤਾ ਕਿ ਜਦੋਂ ਤੱਕ ਉਨ੍ਹਾਂ ਦੀਆਂ ਬਾਕੀ ਮੰਗਾਂ 'ਤੇ ਵੀ ਫ਼ੈਸਲਾ ਨਹੀਂ ਹੋਵੇਗਾ, ਉਦੋਂ ਤੱਕ ਉਹ ਆਪਣਾ ਅੰਦੋਲਨ ਸਮਾਪਤ ਨਹੀਂ ਕਰਨਗੇ। ਇਸ ਦਰਮਿਆਨ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਖ਼ਾਸਕਰ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਵਿਚ ਹੋ ਰਹੀਆਂ ਪ੍ਰਧਾਨ ਮੰਤਰੀ ਦੀਆਂ ਰੈਲੀਆਂ ਵਿਚ ਤਮਾਮ ਸਰਕਾਰੀ ਸੰਸਥਾਵਾਂ ਝੋਕ ਦੇਣ ਦੇ ਬਾਵਜੂਦ ਉਮੀਦ ਮੁਤਾਬਿਕ ਭੀੜ ਇਕੱਠੀ ਨਾ ਕਰ ਸਕਣ ਅਤੇ ਵਿਰੋਧੀ ਦਲਾਂ ਦੀਆਂ ਰੈਲੀਆਂ ਵਿਚ ਖ਼ੁਦ-ਬਖ਼ੁਦ ਉਮੜ ਰਹੀ ਭੀੜ ਨੇ ਭਾਜਪਾ ਨੂੰ ਉਸ ਦੀ ਰਾਜਨੀਤਕ ਜ਼ਮੀਨ ਖਿਸਕਣ ਦਾ ਅਹਿਸਾਸ ਕਰਵਾ ਦਿੱਤਾ ਸੀ। ਇਸੇ ਅਹਿਸਾਸ ਨੇ 'ਮਜ਼ਬੂਤ' ਸਰਕਾਰ ਨੂੰ ਕਿਸਾਨਾਂ ਦੀਆਂ ਬਾਕੀ ਮੰਗਾਂ ਮੰਨਣ ਲਈ ਵੀ ਮਜਬੂਰ ਕਰ ਦਿੱਤਾ।

ਇਸ ਕਿਸਾਨ ਅੰਦੋਲਨ ਨੇ ਯਾਦ ਦਿਵਾਇਆ ਹੈ ਕਿ ਸੰਸਦ ਜਦੋਂ ਆਪਣੇ ਰਸਤੇ ਤੋਂ ਭਟਕ ਜਾਂਦੀ ਹੈ ਤਾਂ ਸੜਕ 'ਤੇ ਇਕੱਠੇ ਹੋਏ ਲੋਕ ਉਸ 'ਤੇ ਲਗਾਮ ਲਗਾਉਣ ਅਤੇ ਉਸ ਨੂੰ ਸਹੀ ਰਸਤਾ ਦਿਖਾਉਣ ਦਾ ਕੰਮ ਕਰਦੇ ਹਨ। ਕਿਸਾਨਾਂ ਦੀ ਇਹੀ ਜਿੱਤ ਨਾ ਸਿਰਫ਼ ਸਰਕਾਰ ਖ਼ਿਲਾਫ਼ ਸਗੋਂ ਕਾਰਪੋਰੇਟ ਘਰਾਣਿਆਂ ਦੀ ਸਰਵ ਵਿਆਪਕ ਅਤੇ ਬੇਲਗ਼ਾਮ ਹਵਸ ਖ਼ਿਲਾਫ਼ ਵੀ ਇਕ ਅਜਿਹੀ ਇਤਿਹਾਸਕ ਉਪਲਬਧੀ ਹਾਸਲ ਹੋਣ ਦਾ ਪਲ ਹੈ, ਜਿਸ ਦੇ ਪ੍ਰਭਾਵ ਯਕੀਨਨ ਤੌਰ 'ਤੇ ਭਵਿੱਖ ਵਿਚ ਦਿਖਾਈ ਦੇਣਗੇ। ਇਹ ਜਿੱਤ ਰੇਲਵੇ, ਦੂਰਸੰਚਾਰ, ਬੈਂਕ, ਬੀਮਾ ਆਦਿ ਤਮਾਮ ਜਨਤਕ ਅਤੇ ਸੰਗਠਿਤ ਖੇਤਰਾਂ ਦੇ ਉਨ੍ਹਾਂ ਕਿਰਤੀ ਸੰਗਠਨਾਂ ਲਈ ਇਕ ਸ਼ਾਨਦਾਰ ਸਬਕ ਹੈ, ਜੋ ਵਿਰੋਧ ਦੀ ਭਾਸ਼ਾ ਤਾਂ ਖ਼ੂਬ ਬੋਲਦੇ ਹਨ, ਪਰ ਕਾਰਪੋਰੇਟ ਦੇ ਸ਼ੈਤਾਨੀ ਇਰਾਦਿਆਂ ਨਾਲ ਲੜਨ ਅਤੇ ਉਨ੍ਹਾਂ ਦੇ ਸਾਹਮਣੇ ਚਟਾਨ ਦੀ ਤਰ੍ਹਾਂ ਅੜਨ ਦੀ ਦਲੇਰੀ ਅਤੇ ਧੀਰਜ ਨਹੀਂ ਦਿਖਾ ਪਾਉਂਦੇ। ਉਨ੍ਹਾਂ ਦੀ ਇਸੇ ਕਮਜ਼ੋਰੀ ਕਾਰਨ ਸਰਕਾਰ ਇਕ ਤੋਂ ਬਾਅਦ ਇਕ ਜਨਤਕ ਖੇਤਰ ਦੀਆਂ ਤਮਾਮ ਸੰਸਥਾਵਾਂ ਆਪਣੇ ਚਹੇਤੇ ਕਾਰਪੋਰੇਟ ਮਹਾ-ਪ੍ਰਭੂਆਂ ਦੇ ਹਵਾਲੇ ਕਰਦੀ ਜਾ ਰਹੀ ਹੈ।

ਪਿਛਲੇ ਸਾਲ ਸੰਵਿਧਾਨ ਦਿਵਸ (26 ਨਵੰਬਰ) ਤੋਂ ਸ਼ੁਰੂ ਹੋਇਆ ਅਤੇ ਇਸ ਸਾਲ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ (10 ਦਸੰਬਰ) 'ਤੇ ਮੁਲਤਵੀ ਹੋਇਆ ਕਿਸਾਨਾਂ ਦਾ ਇਹ ਅੰਦੋਲਨ ਦੁਨੀਆ ਦੇ ਇਤਿਹਾਸ ਵਿਚ ਸੰਭਾਵਿਤ ਏਨਾ ਲੰਬਾ ਚੱਲਣ ਵਾਲਾ ਪਹਿਲਾ ਅਜਿਹਾ ਅੰਦੋਲਨ ਹੈ, ਜੋ ਹਰ ਤਰ੍ਹਾਂ ਦੀ ਸਰਕਾਰੀ ਅਤੇ ਸਰਕਾਰ ਦੀ ਦੇਖ-ਰੇਖ 'ਚ ਗ਼ੈਰ-ਸਰਕਾਰੀ ਹਿੰਸਾ ਦਾ ਸਾਹਮਣਾ ਕਰਦੇ ਹੋਏ ਵੀ ਪੂਰੀ ਤਰ੍ਹਾਂ ਅਹਿੰਸਕ ਬਣਿਆ ਰਿਹਾ। ਇਹੀ ਨਹੀਂ, ਇਸ ਅੰਦੋਲਨ ਨੇ ਸੰਪਰਦਾਇਕ ਅਤੇ ਜਾਤੀ ਭਾਈਚਾਰੇ ਦੀ ਵੀ ਅਨੂਠੀ ਮਿਸਾਲ ਕਾਇਮ ਕੀਤੀ ਹੈ, ਜਿਸ ਨੂੰ ਤੋੜਨ ਲਈ ਸਰਕਾਰ ਦੀਆਂ ਤਮਾਮ ਕੋਸ਼ਿਸ਼ਾਂ ਵੀ ਨਾਕਾਮ ਰਹੀਆਂ ਹਨ।

ਇਹ ਸਭ ਚਲਦਾ ਰਿਹਾ ਅਤੇ ਇਸ ਦੌਰਾਨ ਠੰਢ, ਗਰਮੀ, ਬਰਸਾਤ ਅਤੇ ਕੋਰੋਨਾ ਮਹਾਂਮਾਰੀ ਦਾ ਸਾਹਮਣਾ ਕਰਦੇ ਹੋਏ ਅੰਦੋਲਨ ਸਥਾਨਾਂ 'ਤੇ ਕਰੀਬ 800 ਕਿਸਾਨਾਂ ਦੀ ਮੌਤ ਹੋ ਗਈ। ਸਰਕਾਰ ਦੇ ਮੰਤਰੀ ਅਤੇ ਸੱਤਾਧਾਰੀ ਦਲ ਦੇ ਨੇਤਾ ਉਨ੍ਹਾਂ ਕਿਸਾਨਾਂ ਦੀ ਮੌਤ ਨੂੰ ਲੈ ਕੇ ਬੇਰਹਿਮ ਬਿਆਨ ਦਿੰਦੇ ਰਹੇ, ਮਜ਼ਾਕ ਉਡਾਉਂਦੇ ਰਹੇ। ਇਸ ਦੇ ਨਾਲ-ਨਾਲ ਸਰਕਾਰ ਵਲੋਂ ਇਹ ਗੱਲ ਵੀ ਲਗਾਤਾਰ ਦੁਹਰਾਈ ਜਾਂਦੀ ਰਹੀ ਕਿ ਕਾਨੂੰਨ ਕਿਸੇ ਵੀ ਸੂਰਤ ਵਿਚ ਵਾਪਸ ਨਹੀਂ ਜਾਣਗੇ।

ਸਰਕਾਰ ਦੇ ਅੜੀਅਲ ਰਵੱਈਏ ਅਤੇ ਧੱਕੇਸ਼ਾਹੀ ਦਾ ਮੁਕਾਬਲਾ ਕਰਦਿਆਂ ਸੰਗਠਿਤ ਅਤੇ ਸੰਕਲਪਿਤ ਕਿਸਾਨਾਂ ਨੇ ਮਿਸਾਲ ਪੇਸ਼ ਕੀਤੀ ਕਿ ਮੌਜੂਦਾ ਦੌਰ 'ਚ ਨਵ-ਬਸਤੀਵਾਦੀ ਸ਼ਕਤੀਆਂ ਨਾਲ ਆਪਣੇ ਹਿਤਾਂ ਦੀ, ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦੀ ਰੱਖਿਆ ਲਈ ਕਿਵੇਂ ਜੂਝਿਆ ਜਾਂਦਾ ਹੈ। ਉਨ੍ਹਾਂ ਨੂੰ ਚੰਗੀ ਤਰ੍ਹਾਂ ਅਹਿਸਾਸ ਹੈ ਕਿ ਜੇਕਰ ਕਾਰਪੋਰੇਟ ਅਤੇ ਸੱਤਾ ਦੀਆਂ ਸਾਜ਼ਿਸ਼ਾਂ ਦਾ ਡਟ ਕੇ ਵਿਰੋਧ ਨਹੀਂ ਕੀਤਾ ਗਿਆ ਤਾਂ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਹਰ ਤਰ੍ਹਾਂ ਨਾਲ ਗ਼ੁਲਾਮ ਹੋ ਜਾਣਗੀਆਂ।

ਕਿਸਾਨਾਂ ਨੇ ਆਪਣੇ ਅੰਦੋਲਨ ਦੌਰਾਨ ਸੱਤਾ ਸਿਖਰ ਦੇ ਮਨ ਵਿਚ ਜੋ ਡਰ ਪੈਦਾ ਕੀਤਾ ਹੈ, ਉਹ ਡਰ ਨਿੱਜੀਕਰਨ ਦੀ ਆੜ ਵਿਚ ਝੁਲਸ ਰਹੇ ਜਨਤਕ ਖੇਤਰ ਦੇ ਅੰਦੋਲਨ ਕਰ ਰਹੇ ਕਰਮਚਾਰੀ ਨਹੀਂ ਪੈਦਾ ਕਰ ਸਕੇ। ਇਸ ਦਾ ਕਾਰਨ ਇਹ ਹੈ ਕਿ ਸੱਤਾ 'ਚ ਬੈਠੇ ਲੋਕ ਅਤੇ ਉਨ੍ਹਾਂ ਦੇ ਚਹੇਤੇ ਕਾਰਪੋਰੇਟ ਘਰਾਣੇ ਇਨ੍ਹਾਂ ਕਰਮਚਾਰੀਆਂ ਦੇ ਪਖੰਡ ਅਤੇ ਕਾਇਰਤਾ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਹ ਜਾਣਦੇ ਹਨ ਕਿ ਦਿਨ 'ਚ ਆਪਣੇ ਦਫ਼ਤਰਾਂ ਦੇ ਬਾਹਰ ਜਾਂ ਕਿਸੇ ਚੌਕ-ਚੌਰਾਹੇ 'ਤੇ ਖੜ੍ਹੇ ਹੋ ਕੇ ਨਾਅਰੇਬਾਜ਼ੀ ਕਰਨ ਵਾਲੇ ਬਾਬੂਆਂ ਦੀ ਇਹ ਜਮਾਤ ਸ਼ਾਮ ਨੂੰ ਘਰ ਪਰਤਣ ਤੋਂ ਬਾਅਦ ਆਪਣੇ-ਆਪਣੇ ਡਰਾਇੰਗ ਰੂਮਾਂ ਵਿਚ ਬੈਠ ਕੇ ਸੱਤਾਧਾਰੀ ਦਲ ਦੇ ਹਿੰਦੂ-ਮੁਸਲਮਾਨ, ਮੰਦਰ-ਮਸਜਿਦ, ਸ਼ਮਸ਼ਾਨ-ਕਬਰਸਤਾਨ, ਜਿਨਹਾ-ਪਾਕਿਸਤਾਨ ਵਰਗੇ ਤਮਾਮ ਹੱਥਕੰਡਿਆਂ ਨੂੰ ਹਵਾ ਦੇਣ ਵਾਲੇ ਵਟਸਐਪ ਸੰਦੇਸ਼ਾਂ, ਟੀ.ਵੀ. ਚੈਨਲਾਂ ਦੀ ਬਕਵਾਸ ਜਾਂ ਫੂਹੜ ਕਾਮੇਡੀ ਸ਼ੋਅ ਵਿਚ ਰਮ ਜਾਵੇਗੀ।

ਬਾਕੀ ਸਫ਼ਾ 29 'ਤੇ

# ਸਿੱਖ, ਸਿੱਖੀ ਅਤੇ ਵਿਸ਼ਵ ਪੱਧਰੀ ਸਰੋਕਾਰ

**ਡਾ. ਬਲਕਾਰ ਸਿੰਘ**

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਧਰਮ ਦੀ ਸਿਰਜਨਾ ਦੇ ਮੋਢੀ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਪਰ ਇਸ ਦਾ ਸ੍ਰੋਤ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਹੀ ਹੈ। ਦੇਹਧਾਰੀ ਅਗਵਾਈ ਦੀ ਥਾਂ, ਸ਼ਬਦ-ਗੁਰੂ ਦੀ ਅਗਵਾਈ ਵਿਚ ਸਿੱਖ ਧਰਮ ਦੀ ਸਥਾਪਨਾ ਨੂੰ ਭੂਗੋਲਿਕ ਹੱਦਬੰਦੀਆਂ ਦੀ ਇਸ ਲਈ ਕੋਈ ਮੁਥਾਜੀ ਨਹੀਂ ਰਹੀ ਸੀ ਕਿਉਂਕਿ ਇਸ ਦਾ ਸੰਦੇਸ਼ ਭਾਈਚਾਰਕ ਦੇ ਨਾਲ-ਨਾਲ ਵਿਸ਼ਵਾਰਥੀ ਵੀ ਹੈ। ਨਵੀਆਂ ਅੰਤਰਦ੍ਰਿਸ਼ਟੀਆਂ ਨਾਲ ਇਹ ਗੱਲ ਸਾਹਮਣੇ ਆ ਗਈ ਹੈ ਕਿ ਧਾਰਮਿਕ ਤਾਣੇ-ਪੇਟੇ ਵਿੱਚੋਂ ਹੀ ਇਸ ਗੱਲ ਦੀ ਟੋਹ ਮਿਲ ਜਾਂਦੀ ਹੈ ਕਿ ਸਬੰਧਤ ਧਰਮ ਵਿਚ ਵਿਸ਼ਵਾਰਥੀ ਧਰਮ ਜਾਂ ਵਿਸ਼ਵਾਰਥੀ ਤਾਕਤ ਬਣ ਜਾਣ ਦੀਆਂ ਸੰਭਾਵਨਾਵਾਂ ਹਨ ਕਿ ਨਹੀਂ ਹਨ। ਸਿੱਖ ਧਰਮ ਦੇ ਵਿਦਿਆਰਥੀ ਵਜੋਂ ਮੇਰਾ ਇਹ ਵਿਸ਼ਵਾਸ ਹੈ ਕਿ ਜਿਵੇਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਸ਼ਬਦ ਨੂੰ ਆਪਣਾ ਗੁਰੂ ਪ੍ਰਵਾਨ ਕਰ ਲਿਆ ਸੀ (ਸਬਦੁ ਗੁਰੂ ਸੁਰਤਿ ਧੁਨਿ ਚੇਲਾ), ਉਸੇ ਤਰਾਂ ਹੀ ਸਿੱਖ ਧਰਮ ਨੂੰ ਸਮੇਂ ਅਤੇ ਸਥਾਨ ਦੀਆਂ ਮੁਥਾਜੀਆਂ ਤੋਂ ਮੁਕਤ ਹੋਣ ਦਾ ਮਾਰਗ ਪ੍ਰਾਪਤ ਹੋ ਗਿਆ ਸੀ। ਇਸ ਵਿਸ਼ਵਾਰਥੀ ਸਿੱਖ ਪ੍ਰਸੰਗ ਨੂੰ ਹੀ ਇਥੇ ਸਿੱਖ, ਸਿੱਖੀ ਅਤੇ ਸਿੱਖ-ਪੈਰੋਕਾਰਾਂ ਦੇ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਫੈਲ ਜਾਣ ਨਾਲ ਪੈਦਾ ਹੋ ਗਈਆਂ ਚੁਣੌਤੀਆਂ ਨੂੰ ਬਾਣੀ ਦੀ ਰੌਸ਼ਨੀ ਵਿਚ ਵਿਚਾਰਨਾ ਹੈ। ਪੰਜਾਬ, ਪੰਥ ਅਤੇ ਗਲੋਬਲੀਕਰਣ ਦਾ ਪ੍ਰਕਾਸ਼ਨ ਇਸੇ ਹੀ ਕ੍ਰਮ ਵਿਚ ਹੋਇਆ ਹੈ ਅਤੇ ਇਨਾਂ ਤਿੰਨਾਂ ਨੂੰ ਇਸੇ ਕ੍ਰਮ ਵਿਚ ਹੀ ਵਿਚਾਰੇ ਜਾਣ ਦੀ ਲੋੜ ਹੈ। ਸਮੱਸਿਆ ਪੰਜਾਬ ਦੀ ਪੱਧਰ ’ਤੇ ਪੈਦਾ ਹੋ ਚੁੱਕੀ ਹੈ ਕਿਉਂਕਿ ਵਿਚਾਰਨ ਲੱਗਿਆਂ ਪੁਰਾਣਾ ਪੰਜਾਬ ਸਾਹਮਣੇ ਰਹਿੰਦਾ ਹੈ ਪਰ ਸਮੱਸਿਆਵਾਂ ਪੰਜਾਬ ਦੇ ਵਰਤਮਾਨ ਵਜੂਦ ਵਿੱਚੋਂ ਪੈਦਾ ਹੋ ਰਹੀਆਂ ਹਨ। ਕਾਰਨ ਇਹ ਹੈ ਕਿ ਸਿੱਖੀ ਦੇ ਸਕਰਮਕ ਵਾਰਸਾਂ ਦਾ ਸੰਬੰਧ ਵੀ ਵਧੇਰੇ ਇਸੇ ਪੰਜਾਬ ਨਾਲ ਹੈ। ਹਾਲਾਂਕਿ ਬਹੁਗਿਣਤੀ ਵਿਚ ਸਿੱਖ ਭਾਵੇਂ ਇਸੇ ਪੰਜਾਬ ਵਿਚ ਹਨ ਪਰ ਜਿਸ ਪੰਜਾਬ ਨੂੰ ਗੁਰੂ ਸਾਹਿਬਾਨ (੧੪੬੯-੧੭੦੮) ਨੇ ਪੰਥ ਪ੍ਰਕਾਸ਼ਨਾ ਲਈ ਖਿੱਤੇ ਵਜੋਂ ਚੁਣਿਆ ਸੀ ਅਤੇ ਪੰਥ ਨੂੰ ਪੰਜਾਬ ਦੀ ਵਾਰਸ ਕੌਮੀਅਤ ਵਜੋਂ ਸਿਰਜਿਆ ਸੀ, ਉਹ ਇਸ ਪੰਜਾਬ ਤੋਂ ਬਿਨਾਂ ਹਿੰਦੁਸਤਾਨ ਵਿਚ ਅਤੇ ਫਿਰ ਬਾਕੀ ਦੁਨੀਆਂ ਵਿਚ ਸਿੱਖ-ਹੋਂਦ ਬਰਕਰਾਰ ਰੱਖੀ ਬੈਠਾ ਹੈ। ਇਸ ਵੱਲ ਇਸ਼ਾਰਾ ਪ੍ਰੋ. ਹਿਮਾਦਰੀ ਬੈਨਰਜੀ ਨੇ ਕਰਦਿਆਂ (ਸਿੱਖ ਰੀਵੀਊ, ਜਨਵਰੀ 2008) ਦੱਸਿਆ ਹੈ ਕਿ ਪੰਜਾਬ ਵਿਚਲੇ ਸਿੱਖ ਦੀ ਪੁਜ਼ੀਸ਼ਨ ਟੱਬਰ ਦੇ ਵੱਡੇ ਭਰਾ ਵਰਗੀ ਹੈ, ਜੋ ਇਸ ਕਰਕੇ ਹੀ ਸਭ ਕੁਝ ਦਾ ਵਾਰਸ ਬਣਿਆ ਬੈਠਾ ਹੈ। ਵਿਦੇਸ਼ੀਂ ਵੱਸਦੇ ਸਿੱਖਾਂ ਦੀ ਪੁਜ਼ੀਸ਼ਨ ਛੋਟੇ ਭਰਾ ਵਰਗੀ ਹੈ, ਜੋ ਆਪਣੀ ਖ਼ੁਸ਼ਹਾਲੀ ਦੇ ਸਿਰ ’ਤੇ ਟੱਬਰ ਦਾ ਲਾਡਲਾ ਹੋ ਗਿਆ ਹੈ। ਪਰ ਭਾਰਤ ਵਿਚ ਵੱਸ ਗਏ ਮਝਲੇ ਭਰਾ ਨੂੰ ਕੋਈ ਪੁੱਛਦਾ ਹੀ ਨਹੀਂ। ਇਸ ਦੇ ਨਤੀਜੇ ਵਜੋਂ ਪੰਥ ਦੀ ਸਲਾਮਤੀ ਅਤੇ ਸ਼ਾਨ ਨੂੰ ਪੰਜਾਬ ਦੀ ਸਲਾਮਤੀ ਅਤੇ ਸ਼ਾਨ ਨਾਲੋਂ ਨਿਖੇੜ ਕੇ ਵੇਖੇ ਜਾਣ ਦੀ ਲੋੜ ਹੀ ਮਹਿਸੂਸ ਨਹੀਂ ਹੋ ਰਹੀ ਹੈ।

ਇਸ ਦ੍ਰਿਸ਼ਟੀ ਤੋਂ ‘ਵੇਈਂ ਨਦੀ ਪਰਵੇਸ਼’ ਪਿੱਛੋਂ ‘ਨ ਕੋਈ ਹਿੰਦੂ ਨਾ ਕੋਈ ਮੁਸਲਮਾਨ’ ਵਾਲਾ ਸਿਧਾਂਤਕ ਐਲਾਨ ਪੰਜਾਬ ਅਤੇ ਪੰਥ ਦੋਹਾਂ ਲਈ ਜ਼ਰੂਰੀ ਵੀ ਹੋ ਜਾਂਦਾ ਹੈ ਅਤੇ ਦੋਹਾਂ ਵਿਚਕਾਰ ਸਾਂਝੀ ਕੜੀ ਵੀ ਹੈ। ਪੰਜਾਬ ਜਦੋਂ ਪਿਛਲੇ ਦਹਾਕਿਆਂ ਵਿਚ ਬਲਦੀ ਦੇ ਬੁੱਥੇ ਆ ਗਿਆ ਸੀ ਤਾਂ ਉਸ ਵੇਲੇ ਵੀ ਪੰਜਾਬ ਅਤੇ ਪੰਥ ਦੀ ਇਹ ਸਾਂਝ ਉਤੇਜਨਾ ਦੇ ਬਾਵਜੂਦ ਭੰਗ ਨਹੀਂ ਹੋਈ ਸੀ। ਅਜਿਹਾ ਹੁੰਦਾ ਆਇਆ ਹੈ, ਹੋ ਰਿਹਾ ਹੈ ਅਤੇ ਹੁੰਦੇ ਰਹਿਣ ਦੀਆਂ ਸੰਭਾਵਨਾਵਾਂ ਕਾਇਮ ਹਨ। ਇਸ ਦੇ ਨਾਲ ਹੀ ਇਹ ਸਿਹਤਮੰਦ ਪੱਖ ਵੀ ਕਾਇਮ ਹੈ ਕਿ ਲੋਕ-ਮਾਨਸਿਕਤਾ ਵਿਚ ਪੰਥ ਅਤੇ ਪੰਜਾਬ ਇਕਸੁਰ ਹਨ। ਇਥੋਂ ਤਕ ਕਿ ਪੰਜਾਬੀ ਅਕਾਦਮਿਕਤਾ ਵਿਚ ਵੀ ਇਨਾਂ ਦੋਹਾਂ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਹੀ ਗ੍ਰਹਿਣ ਕੀਤਾ ਗਿਆ ਹੈ। ਇਕ ਪਾਸੇ ਧਨੀ ਰਾਮ ਚਾਤ੍ਰਿਕ ਅਤੇ ਬਾਬੂ ਫੀਰੋਜ਼ਦੀਨ ਸ਼ਰਫ ਪੰਜਾਬ ਅਤੇ ਪੰਜਾਬੀ ਦੀ ਗੱਲ ਕਰਨ ਲੱਗਿਆਂ ਵਖਰੇਵੇਂ ਵਾਲੀ ਕੋਈ ਸੁਰ ਨਹੀਂ ਅਲਾਪਦੇ। ਸਾਹਿਤਕ ਦ੍ਰਿਸ਼ਟੀਕੋਨ ਤੋਂ ਪੰਥਕ ਸੁਰ ਦੀ ਪ੍ਰਤੀਨਿਧਤਾ ਪ੍ਰੋ. ਪੂਰਨ ਸਿੰਘ ਦੀ ਪੰਜਾਬ ਬਾਰੇ ਕਵਿਤਾ ਰਾਹੀਂ ਹੋ ਗਈ ਹੈ ਅਤੇ ਪੰਜਾਬ ਨੂੰ ਪੰਥ ਜਾਂ ਸਿੱਖੀ ਨਾਲ ਰਲ਼ਾ ਕੇ ਵੇਖਣ ਤੋਂ ਪਹਿਲਾਂ ਉਹ ਉਨਾਂ ਸਾਰੀਆਂ ਅੰਤਰਦ੍ਰਿਸ਼ਟੀਆਂ ਤੋਂ ਵਾਕਫ਼ ਸੀ, ਜਿਹੜੀਆਂ ਅੰਤਰਦ੍ਰਿਸ਼ਟੀਆਂ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਚੱਲਤ ਸਨ। ਭਾਰਤੀ ਧਰਮ ਚਿੰਤਨ ਤੋਂ ਵੀ ਪ੍ਰੋ. ਪੂਰਨ ਸਿੰਘ ਬਾਖ਼ੂਬੀ ਵਾਕਫ਼ ਸੀ। ਅਸਲ ਵਿਚ ਪੰਜਾਬ ਦਾ ਸਥਾਨਕ ਅਤੇ ਗਲੋਬਲੀ ਰੰਗ, ਜਿਸ ਸ਼ੈਲੀ ਵਿਚ ਪ੍ਰੋ. ਪੂਰਨ ਸਿੰਘ ਨੇ ਪ੍ਰਗਟ ਕਰ ਦਿੱਤਾ ਹੈ, ਉਹ ਵਰਤਮਾਨ ਪ੍ਰਸੰਗ ਨੂੰ ਸਮਝਣ ਵਿਚ ਸਹਾਈ ਹੋ ਸਕਦਾ ਹੈ। ਪ੍ਰੋ. ਪੂਰਨ ਸਿੰਘ ਪੱਛਮੀ ਸਾਹਿਤਕਾਰਾਂ ਅਤੇ ਚਿੰਤਕਾਂ ਦੇ ਭਾਰ ਹੇਠ ਨਹੀਂ ਆਉਂਦਾ ਅਤੇ ਬਾਣੀ ਦੀ ਰੌਸ਼ਨੀ ਵਿਚ ਪੂਰਬ ਦੇ ਚਿੰਤਨਾਤਮਕ ਸਰੋਕਾਰਾਂ ਦੇ ਫ਼ਖ਼ਰ ਵਿਚ ਉਨਾਂ (ਪੱਛਮੀਆਂ) ਨੂੰ ਗਿਆਨ ਦੇ ਸਮੁੰਦਰ ਕੰਢੇ ਖੇਡਦੇ ਨਿਆਣਿਆਂ ਵਾਂਗ ਗ੍ਰਹਿਣ ਕਰਦਾ ਹੈ। ਇਹੋ ਜਿਹੇ ਪਾਰਦਰਸ਼ੀ ਲੇਖਕ ਦੀ ਪੰਜਾਬ ਬਾਰੇ ਟਿੱਪਣੀ ਨਿਰਸੰਦੇਹ ਸੰਕੀਰਣ ਪ੍ਰਸੰਗ ਵਿਚ ਗ੍ਰਹਿਣ ਨਹੀਂ ਕੀਤੀ ਜਾ ਸਕਦੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਨੂੰ ਧਰਮ ਆਧਾਰਿਤ ਮਾਨਵੀ ਵੰਡ ਤੋਂ ਮੁਕਤ (ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ) ਦੱਸਿਆ ਸੀ ਅਤੇ ਇਸੇ ਸੁਰ ਨੂੰ ਪ੍ਰੋ. ਪੂਰਨ ਸਿੰਘ ਨੇ ਗੁਰੂ ਦੇ ਨਾਮ ’ਤੇ ਜਿਊਣ ਵਾਲੀ ਧਰਤੀ ਵਜੋਂ ਪੰਜਾਬ ਨੂੰ ਵੱਸਦਾ ਦੱਸਿਆ ਹੈ (ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ’ਤੇ)। ਇਸ ਨਾਲ ਪੰਜਾਬ ਅਤੇ ਪੰਥ ਇਕਸੁਰਤਾ ਵਿਚ ਗ੍ਰਹਿਣ ਕੀਤੇ ਗਏ ਕਹੇ ਜਾ ਸਕਦੇ ਹਨ। ਇਸੇ ਦਾ ਗਲੋਬਲੀ ਪ੍ਰਸੰਗ ਪੰਜਾਬ ਨੂੰ ਸਿੱਖਾਂ ਤਕ ਮਹਿਦੂਦ ਕਰ ਕੇ ਵੇਖਣ ਦੀ ਆਗਿਆ ਨਹੀਂ ਦੇ ਸਕਦਾ। ਇਹ ਵੇਈਂ ਨਦੀ ਪ੍ਰਵੇਸ਼ ਵਾਲੇ ਸੰਦੇਸ਼ ਦੀ ਸਨਾਤਨੀ ਜਾਂ ਪਰੰਪਰਕ ਪਹੁੰਚ ਨੂੰ ਵਰਤਮਾਨ ਵਿਚ ਪ੍ਰਾਪਤ ਅੰਤਰਦ੍ਰਿਸ਼ਟੀਆਂ ਦੇ ਹਾਣ ਦਾ ਕਰ ਦਿੰਦਾ ਹੈ। ਇਹ ਗੁਰੂ-ਚਿੰਤਨ ਦੇ ਭੂਤ, ਵਰਤਮਾਨ ਅਤੇ ਭਵਿੱਖ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਸਥਾਪਤ ਕਰ ਦਿੰਦਾ ਹੈ। ਸੋ ਪੰਜਾਬ ਵਿੱਚੋਂ ਪੰਥ ਨੂੰ ਮਨਫੀ ਕੀਤਿਆਂ ਪੰਜਾਬ ਦੀ ਕੋਈ ਵੀ ਸਾਰਥਕ ਪਛਾਣ ਸਥਾਪਤ ਨਹੀਂ ਕੀਤੀ ਜਾ ਸਕਦੀ। ਇਥੇ ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਇਹ ਸੱਚ ਉਸ ਤਰਾਂ ਨਜ਼ਰ ਕਿਉਂ ਨਹੀਂ ਆਉਂਦਾ ਜਿਸ ਨਾਲ ਪੰਜਾਬੀ ਸਮੁੱਚ ਦੀ ਪ੍ਰਤੀਨਿਧਤਾ ਹੋ ਸਕਦੀ ਹੋਵੇ ?




ਗੁਰਬਾਣੀ ਹੀ ਇਕ ਅਜਿਹਾ ਪ੍ਰੇਰਨਾ-ਸ੍ਰੋਤ ਹੈ, ਜਿਸ ਨਾਲ ਜੋੜ ਕੇ ਪੰਜਾਬ, ਪੰਥ ਅਤੇ ਗਲੋਬਲੀਕਰਣ ਦੀ ਗੱਲ ਕਰਨੀ ਸੰਭਵ ਹੋ ਸਕਦੀ ਹੈ ਕਿਉਂਕਿ ਗੁਰਬਾਣੀ ਧਾਰਮਿਕ ਸ਼ਖ਼ਸੀਅਤ ਨੂੰ ਨਹੀਂ, ਧਰਮੀ ਮਾਨਸਿਕਤਾ ਨੂੰ ਸੰਬੋਧਿਤ ਹੈ। ਵੈਸੇ ਹੀ ਧਰਮ-ਚਿੰਤਨ ਦੀ ਈਜ਼ਾਰੇਦਾਰੀ ਸਿੱਖ-ਚਿੰਤਨ ਨੇ ਖ਼ਤਮ ਕਰ ਦਿੱਤੀ ਸੀ। ਅਰਥਾਂ ਦੀ ਈਜਾਰੇਦਾਰੀ ਤੋਂ ‘ਸ਼ਬਦ’ ਨੂੰ ਵੀ ਮੁਕਤ ਕਰ ਦਿੱਤਾ ਸੀ। ਇਸੇ ਲਈ ਪੰਜਾਬ ਨੂੰ ਪੰਜਾਬੀਅਤ ਤਕ ਜਾਂ ਪੰਜਾਬ ਨੂੰ ਕਿਸੇ ਵੀ ਇਕ ਧਰਮ ਤਕ ਸੀਮਿਤ ਕਰ ਕੇ ਵੇਖੇ ਜਾਣ ਦੀ ਸਿੱਖ ਧਰਮ ਨੇ ਆਗਿਆ ਨਹੀਂ ਦਿੱਤੀ। ਇਹ ਸਿੱਖ-ਪਹੁੰਚ ਆਪਣੇ ਆਪ ਵਿਚ ਸਰਬ-ਵਿਆਪੀ ਪਹੁੰਚ ਹੈ ਅਤੇ ਗਲੋਬਲੀ ਸੰਭਾਵਨਾਵਾਂ ਨਾਲ ਸਿੱਝਣ ਦੇ ਸਮਰੱਥ ਹੈ।ਜੇ ਕਿਸੇ ਵੀ ਵਿਸ਼ਵਾਸ ਨੂੰ ਆਲਮੀ ਪ੍ਰਸੰਗ ਵਿਚ ਵੇਖਣਾ ਹੈ ਤਾਂ ਵਿਸ਼ਵਾਸ ਨੂੰ ਇਕਹਿਰੇ ਨਿਰਦੇਸ਼ਨ ਦਾ ਬੰਧਨ ਨਹੀਂ ਹੋਣਾ ਚਾਹੀਦਾ। ਇਕਹਿਰਾ ਨਿਰਦੇਸ਼ਨ ਧਾਰਮਿਕ ਕੱਟੜਤਾ ਪੈਦਾ ਕਰਦਾ ਹੈ। ਜੇ ਚਿੰਤਨਾਤਮਕ ਤਾਜ਼ਗੀ ਨਾਲੋਂ ਧਾਰਮਿਕ ਰਹਿਤ ਟੁੱਟ ਜਾਵੇ ਤਾਂ ਇਕ ਹੱਦ ਤਕ ਉਹ ਇਕਹਿਰੇ ਨਿਰਦੇਸ਼ਨ ਦੀ ਸੂਚਕ ਹੋ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੰਞੂ ਦੀ ਰਸਮੀ ਧਾਰਨਾ ਨੂੰ ਅਰਥਾਂ ਦੀ ਈਜਾਰੇਦਾਰੀ ਤੋਂ ਮੁਕਤ ਕਰ ਕੇ, ਚੇਤਨਾ-ਮੂਲਕ ਧਾਰਮਿਕ ਸਰੋਕਾਰਾਂ ਨਾਲ ਜੋੜ ਦਿੱਤਾ ਹੈ :

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥**
ਏਹੁ ਜਨੇਊ ਜੀਅ ਕਾ ਹਈ ਤਾ ਪਾਂਡੇ ਘਤੁ॥ (ਪੰਨਾ ੪੭੧)

ਧਾਰਮਿਕ ਰਹਿਤ ਦੀ ਸਥਾਨਕਤਾ ਨੂੰ ਗਲੋਬਲੀ ਪ੍ਰਸੰਗ ਵਿਚ ਵੇਖਣਾ ਹੋਵੇ ਤਾਂ ਰਹਿਤ ਬਾਰੇ ਇਹ ਧਾਰਨਾ ਪ੍ਰਸੰਗਕ ਹੋ ਜਾਵੇਗੀ ਕਿ ਪੰਜ-ਕਕਾਰੀ ਰਹਿਤ (ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ) ਸਭ ਤੋਂ ਪਹਿਲਾਂ ਕਿਸੇ ਪ੍ਰਾਪਤ ਧਾਰਮਿਕ ਰਹਿਤ ਦਾ ਬਦਲ ਨਹੀਂ ਹੈ। ਕਕਾਰਧਾਰੀ-ਰਹਿਤ ਧਰਮ ਵਾਸਤੇ ਬਚਨਬੱਧਤਾ ਦਾ ਰਹਿਤ-ਮਾਡਲ ਹੈ। ਇਹ ਰਹਿਤ ਮੰਤ੍ਰ ਨਹੀਂ ਸਗੋਂ ਰਹਿਤ-ਮਾਡਲ ਹੈ। ਪੰਜ ਕੱਕਿਆਂ ਨਾਲ ਇਕ ਇਤਿਹਾਸ, ਇਕ ਚੇਤਨਾ ਅਤੇ ਇਕ ਵਰਤਮਾਨ ਜ਼ਰੂਰ ਜੁੜਿਆ ਹੋਇਆ ਹੈ। ਪੰਜ ਕਕਾਰੀ ਰਹਿਤ ਤਾਂ ਇਕ ਜੀਵਨ-ਜਾਚ ਹੈ। ਇਹ ਤਾਂ ਸ਼ੁਭ-ਅਮਲਾਂ ਦੇ ਲਈ ਜੂਝਣ ਦੀ ਤਤਪਰਤਾ ਦੀ ‘ਸੂਚਕ’ ਮਾਤਰ ਹੈ। ਇਸ ਨੂੰ ਕੱਟੜਤਾ ਤੋਂ ਬਚਾਏ ਜਾਣ ਦੀ ਜ਼ੁੰਮੇਵਾਰੀ ਪਹਿਲਾਂ ਧਾਰਨ ਕਰਨ ਵਾਲੇ ਦੀ ਹੈ ਅਤੇ ਫਿਰ ਪੰਥ ਦੀ ਹੈ। ਇਸ ਨਾਲ ਸਿੱਖ ਅਤੇ ਸੰਗਤ ਦਾ ਅਟੁੱਟ ਰਿਸ਼ਤਾ ਪ੍ਰਗਟ ਹੋ ਜਾਂਦਾ ਹੈ। ਇਸੇ ਪ੍ਰਸੰਗ ਵਿਚ ਹੀ ਗੁਰੂ ਜੀ ਨੇ ਰਹਿਤ ਨੂੰ ਸਿੱਖ ਨਾਲੋਂ ਉੱਪਰ ਰੱਖਿਆ ਹੈ (ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ)। ਜਿਨਾਂ ਨੇ ਰਹਿਤ ਨੂੰ ਕੱਟੜਤਾ ਦਾ ਹੇਤੂ ਪ੍ਰਵਾਨ ਕਰ ਲਿਆ ਹੈ, ਉਨਾਂ ਨੇ ਪੰਥਕ ਪਛਾਣ ਅਤੇ ਪੰਜਾਬੀ ਪਛਾਣ ਨੂੰ ਵੱਖ-ਵੱਖ ਕਰਕੇ ਵੇਖਿਆ ਹੈ। ਸਾਨੂੰ ਉਚੇਚੇ ਰੂਪ ’ਚ ਵਿਚਾਰਨ ਦੀ ਲੋੜ ਹੈ ਕਿ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੋਨਾਂ ਨੂੰ ਹੀ ਪੰਜਾਬ ਦੇ ਪ੍ਰਤੀਨਿਧ ਪ੍ਰਵਾਨ ਕੀਤਾ ਹੈ (ਰਾਜੀ ਬਹੁਤ ਰਹਿੰਦੇ ਹਿੰਦੂ ਮੁਸਲਮਾਨ ਦੋਵੇਂ)। ਉਹ ਅੰਗ੍ਰੇਜ਼ਾਂ ਨੂੰ ਜਬਰੀ ਘੁਸਪੈਠ ਕਰ ਗਈ ਤੀਜੀ ਧਿਰ ਮੰਨਦਾ ਹੈ। ਇਸੇ ਲਈ ਸਿੰਘਾਂ ਨੂੰ ਪੰਜਾਬ ਦੀ ਇੱਜ਼ਤ-ਆਬਰੂ ਦੇ ਪ੍ਰਤੀਨਿਧ ਤੇ ਰਖਵਾਲੇ ਮੰਨਦਾ ਹੈ। ਪਰ ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ ਉਨਾਂ ਦਾ ਮੁੱਲ ਪਾਉਣ ਵਾਲਾ ਕੋਈ ਨਹੀਂ ਹੈ। ਇਸ ਤੋਂ ਇਹ ਭਾਵ ਲਿਆ ਜਾ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬੀਅਤ ਨੂੰ ਪਹਿਲ ਪ੍ਰਾਪਤ ਰਹੀ ਹੈ ਅਤੇ ਸ਼ਾਹ ਮੁਹੰਮਦ ਇਸ ਨੂੰ ਜਾਂਦਾ ਵੇਖ ਕੇ ਝੂਰ ਰਿਹਾ ਹੈ। ਇਥੇ ਪੰਜਾਬ ਵਿਚ ਪੰਥ ਅਤੇ ਪੰਜਾਬੀਅਤ ਨੂੰ ਇਕਸੁਰਤਾ ਵਿਚ ਹੀ ਆਦਰਸ਼ਕ ਮੰਨਿਆ ਹੈ ਕਵੀ ਸ਼ਾਹ ਮੁਹੰਮਦ ਨੇ। ਇਸ ਦਾ ਅੰਸ਼ਕ ਉੱਤਰ ਤਾਂ ਪ੍ਰੋ. ਪੂਰਨ ਸਿੰਘ ਦੇ ਹਵਾਲੇ ਨਾਲ ਉਸਾਰੇ ਪ੍ਰਸੰਗ ਵਿਚ ਪਿੱਛੇ ਆ ਗਿਆ ਹੈ। ਪਰ ਇਸ ਦੇ ਇਹ ਦੋ ਪੱਖ ਇੱਥੇ ਵਿਚਾਰੇ ਜਾ ਸਕਦੇ ਹਨ:-

ੳ) ਸਿਧਾਂਤ ਦਾ ਅਮਲ

ਅ) ਅਮਲ ਦਾ ਸਿਧਾਂਤ

ਪੰਥ-ਪ੍ਰਤੀਨਿਧਾਂ ਦੇ ਅਮਲ ਅਤੇ ਪੰਥ ਦੇ ਸਿਧਾਂਤ ਵਿਚਕਾਰ ਜੇ ਤਣਾਓ ਨਜ਼ਰ ਆਉਂਦਾ ਹੈ ਤਾਂ ਇਸ ਵਿਚ ਸਿਧਾਂਤ ਦਾ ਕਸੂਰ ਨਹੀਂ ਹੈ। ਪੰਥ ਨੂੰ ਪੰਜਾਬ ਨਾਲ ਇਕਸੁਰਤਾ ਵਿਚ ਲਿਆਉਣ ਲਈ ਸ਼ਬਦ-ਮਾਡਲ ਸਿੱਖ ਗੁਰੂ ਸਾਹਿਬਾਨ ਨੇ ਸਥਾਪਤ ਕਰ ਦਿੱਤਾ ਸੀ ਅਤੇ ਇਸ ਦੀ ਅੱਜ ਵੀ ਪ੍ਰਸੰਗਕਤਾ ਕਾਇਮ ਹੈ। ਪੰਜਾਬੀ ਪਛਾਣ ਦਾ ਇਕ ਆਧਾਰ ਪੰਜਾਬੀ ਬੋਲੀ ਹੈ। 1984 ਦੇ ਦੰਗਿਆਂ ਵਿਚ ਪੰਜਾਬ ਵਿਰੋਧੀ ਤਾਕਤਾਂ ਨੇ ਇਸ ਆਧਾਰ ’ਤੇ ਵੀ ਨਰ-ਸੰਘਾਰ ਕੀਤਾ ਸੀ। ਪਰ ਬੋਲੀ ਤਾਂ ਪੰਜਾਬੀ-ਆਧਾਰ ਵਜੋਂ ਪੰਜਾਬ ਵਿਚ ਵੀ ਖੁਰਦੀ ਜਾ ਰਹੀ ਹੈ। ਘਰਾਂ ਵਿਚ ਨੌਕਰਾਂ ਨਾਲ, ਖੇਤਾਂ ਵਿਚ ਮਜ਼ਦੂਰਾਂ ਨਾਲ, ਉਵੇਂ ਹੀ ਹਿੰਦੀ ਬੋਲੀ ਜਾ ਰਹੀ ਹੈ, ਜਿਵੇਂ ਫੌਜੀ ਪਰਵਾਰਾਂ ਵਿਚ ਖਾਸ ਕਰਕੇ ਅਤੇ ਨੌਕਰੀ-ਪੇਸ਼ਾ ਪਰਵਾਰਾਂ ਵਿਚ ਆਮ ਕਰਕੇ ਹਿੰਦੀ ਨੂੰ ਪੰਜਾਬੀ ਨਾਲੋਂ ਪਹਿਲ ਦਿੱਤੀ ਜਾ ਰਹੀ ਹੈ। ਪੰਜਾਬੋਂ ਬਾਹਰ ਤਾਂ ਪੰਜਾਬੀ ਨਾਲੋਂ ਵਿਛੜਨ ਦੀਆਂ ਮਜਬੂਰੀਆਂ ਸਾਹਮਣੇ ਹਨ। ਉੱਪਰਲੇ ਮੱਧ-ਵਰਗ ਵਿਚ ਪੰਜਾਬੀ ਨਾਲੋਂ ਵਿਛੜੇ ਹੋਣ ਨੂੰ ਸ਼ਰਮਿੰਦਗੀ ਮੰਨਣ ਦੀ ਥਾਂ ਫਖ਼ਰ ਮਹਿਸੂਸ ਕਰਨ ਦੀਆਂ ਉਦਾਹਰਣਾਂ ਆਮ ਮਿਲ ਜਾਂਦੀਆਂ ਹਨ। ਵਿਦੇਸ਼ਾਂ ਵਿਚ ਮਾਂ ਬੋਲੀ ਨਾਲੋਂ ਟੁੱਟਣ ਦਾ ਉਦਰੇਵਾਂ ਹੰਢਾਉਣ ਦਾ ਸਮਾਂ ਲੰਘ ਗਿਆ ਹੈ ਕਿਉਂਕਿ ਹੁਣ ਗਲੋਬਲੀ ਭਾਸ਼ਾ ਅੰਗ੍ਰੇਜ਼ੀ, ਪੰਜਾਬੀ ਦੀ ਬਾਹਰ ਵੱਸੀ ਹੋਈ ਨਵੀਂ ਪੀੜੀ ਦੀ ‘ਮਾਤ-ਭਾਸ਼ਾ’ ਹੋ ਗਈ ਹੈ। ਇਸ ਨਾਲ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਬੋਲੀ ਆਧਾਰਤ ਪੰਜਾਬੀ ਪਛਾਣ ਦਾ ਗਲੋਬਲੀ ਪ੍ਰਸੰਗ ਉਸਾਰਨਾ ਸੌਖਾ ਨਹੀਂ ਹੈ। ਵੈਸੇ ਵੀ ਪੰਜਾਬ ਤੋਂ ਬਾਹਰ ਪੰਜਾਬੀ ਪਹਿਲਾਂ ਸਿੱਖ,ਹਿੰਦੂ ਜਾਂ ਮੁਸਲਮਾਨ ਹੋ ਗਏ ਹਨ ਅਤੇ ਪਿੱਛੋਂ ਪੰਜਾਬੀ ਹੋਣ ਦੀ ਚੇਤੰਨ ਕੋਸ਼ਿਸ਼ ਕਰਦੇ ਹਨ। ਹਿੰਦੂ ਤੇ ਮੁਸਲਮਾਨ ਪੰਜਾਬੋਂ ਬਾਹਰ ਆਪੋ-ਆਪਣੀ ਭਾਈਚਾਰਕ ਪਛਾਣ ਵਿਚ ਰਲ਼ ਗਏ ਹਨ ਅਤੇ ਇਸ ਵਾਸਤੇ ਉਨਾਂ ਦੀ ਸਹਾਇਤਾ ਉਨਾਂ ਦੇ ਧਾਰਮਿਕ ਸਥਾਨ ਅਰਥਾਤ ਮੰਦਰ ਅਤੇ ਮਸਜਿਦਾਂ ਕਰ ਰਹੇ ਹਨ। ਪੰਜਾਬੀ ਨੂੰ ਸਾਹ ਕੇਵਲ ਗੁਰਦੁਆਰਾ ਸਾਹਿਬਾਨ ਵਿਚ ਹੀ ਆਉਂਦਾ ਹੈ। ਇਸੇ ਲਈ ਉੱਪਰ ਦੱਸੀਆਂ ਤਿੰਨ ਪਰਤਾਂ, ਪੰਥਕ ਦ੍ਰਿਸ਼ਟੀ ਤੋਂ ਦੇ ਦਿੱਤੀਆਂ ਗਈਆਂ ਹਨ। ਪੰਜਾਬ ਦਾ ਗਲੋਬਲੀ ਪ੍ਰਸੰਗ ਇਸੇ ਦ੍ਰਿਸ਼ਟੀ ਤੋਂ ਅਤੇ ਬਾਣੀ ਦੀ ਰੌਸ਼ਨੀ ਵਿਚ ਵਿਚਾਰਿਆ ਜਾ ਰਿਹਾ ਹੈ।

ਵੈਸੇ ਵੀ ਪੰਜਾਬ ਤੋਂ ਬਾਹਰ ਭਾਰਤ ਵਿਚ ਅਤੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿਚ ਪੰਜਾਬੀ ਪਛਾਣ ਦੀ ਪ੍ਰਤੀਨਿਧਤਾ ਪੰਥਕ ਹੀ ਹੁੰਦੀ ਜਾ ਰਹੀ ਹੈ। ਪੰਜਾਬੀ ਪਛਾਣ ਦਾ ਕੇਂਦਰ ਜਦੋਂ ਗੁਰਦੁਆਰਾ ਸਾਹਿਬ ਬਣਦਾ ਹੈ ਤਾਂ ਪੰਥਕ ਪਛਾਣ ਨੂੰ ਪਹਿਲ ਪ੍ਰਾਪਤ ਰਹਿੰਦੀ ਹੈ। ਇਸ ਤਰਾਂ ਪੰਜਾਬੀ ਪਛਾਣ ਦੇ ਗਲੋਬੀਕਰਣ ਨਾਲ ਪੰਥਕ ਪਛਾਣ ਦਾ ਹੀ ਪ੍ਰਗਟਾਵਾ ਹੋ ਰਿਹਾ ਹੈ ਕਿਉਂਕਿ ਇਸ ਦਾ ਰੰਗ ਗੁਰੂ-ਸਿਧਾਂਤ ਦੇ ਜਿੰਨਾ ਨੇੜੇ ਵਿਦੇਸ਼ਾਂ ਵਿਚ ਹੈ, ਉਨਾਂ ਤਾਂ ਇਸ ਵੇਲੇ ਪੰਜਾਬ ਵਿਚ ਵੀ ਨਹੀਂ ਹੈ। ਸਿੱਖ ਧਰਮ ਚਿੰਤਨ ਆਪਣੇ ਮੂਲ ਰੂਪ ਵਿਚ ਕਿਸੇ ਪ੍ਰਾਪਤ ਧਰਮ ਚਿੰਤਨ ਦਾ ਨਾ ਹੀ ਬਦਲ ਹੈ ਅਤੇ ਨਾ ਹੀ ਪ੍ਰਾਪਤ ਧਰਮਾਂ ਦਾ ਮਿਲਗੋਭਾ-ਪ੍ਰਤੀਨਿਧ ਹੈ ਕਿਉਂਕਿ ਇਹ ਅਕਾਦਮਿਕਤਾ ਵਿਚ ਵੀ ਪ੍ਰਵਾਨ ਹੋ ਚੁੱਕਾ ਹੈ ਕਿ ਗੁਰੂ ਸਾਹਿਬਾਨ ਨੇ ਨਾ ਹੀ ਪ੍ਰਾਪਤ ਧਰਮ ਵੱਲ ਪਿੱਠ ਕੀਤੀ ਸੀ ਅਤੇ ਨਾ ਹੀ ਪ੍ਰਾਪਤ ਦੀ ਨਿਰੰਤਰਤਾ ਵਿਚ ਸੁਧਾਰ ਲਿਆਉਣ ਦੀ ਉਚੇਚੀ ਕੋਸ਼ਿਸ਼ ਕੀਤੀ ਸੀ। ਗੁਰੂ ਸਾਹਿਬਾਨ ਨੇ ਬਿਲਕੁਲ ਸੱਜਰੇ ਚਿੰਤਨਾਤਮਕ ਪ੍ਰਸੰਗ ਦਾ ਸਿਰਜਣ ਕਰਕੇ, ਪ੍ਰਾਪਤ ਧਰਮ ਚਿੰਤਨ ਨੂੰ ਭਾਈ ਕਾਹਨ ਸਿੰਘ ਨਾਭਾ ਦੇ ਸ਼ਬਦਾਂ ਵਿਚ ਅਗਿਆਨ-ਕਲਪਿਤ ਬੰਧਨਾਂ ਅਤੇ ਭਰਮਮੂਲਕ ਕਰਮਾਂ ਤੋਂ ਮੁਕਤ ਹੋ ਜਾਣ ਦਾ ਸੁਤੰਤਰ ਅਤੇ ਸੱਜਰਾ ਗੁਰਮਤਿ ਗਾਡੀ ਰਾਹ ਸਿੱਖ ਧਰਮ-ਚਿੰਤਨ ਦੇ ਰੂਪ ਵਿਚ ਪ੍ਰਗਟ ਕਰ ਦਿੱਤਾ ਸੀ। ਇਹੀ ਸਿੱਖ ਦਾ ਮਾਰਗ ਸੀ ਅਤੇ ਇਹੀਓ ਪੰਥਕ ਮਾਰਗ ਵਜੋਂ ਸਥਾਪਤ ਹੋਇਆ ਹੈ। ਇਸ ਇੱਕੋ ਹੀ ਜੋਤਿ ਅਤੇ ਇੱਕੋ ਹੀ ਜੁਗਤਿ ਵਿਚ ਦਸਾਂ ਪਾਤਸ਼ਾਹੀਆਂ ਰਾਹੀਂ ਸਾਹਮਣੇ ਲਿਆਂਦਾ ਗਿਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਗਵਾਹੀ ਦੇ ਹਵਾਲੇ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ ਕਿ ਸਿੱਖ ਧਰਮ-ਚਿੰਤਨ ਵਿਚ ਇੱਕੋ ਜੋਤਿ ਅਤੇ ਇੱਕੋ ਹੀ ਜੁਗਤਿ ਦਾ ਬੋਲਬਾਲਾ ਪ੍ਰਵਾਨਿਤ ਹੈ :

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**
**ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥**
(ਪੰਨਾ ੯੬੬)

ਸੋ ਪੰਥਕ ਪ੍ਰਕਾਸ਼ਨ ਨੂੰ ਸਿੱਖ-ਸਥਾਪਤੀ ਨਾਲੋਂ ਤੋੜ ਕੇ ਵੇਖੇ ਜਾਣ ਦੀ ਲੋੜ ਨਹੀਂ ਹੈ। ਸਿੱਖ ਸਥਾਪਤੀ ਲਈ ਬਾਣੀ ਮੂਲ ਸਰੋਕਾਰ ਹੈ ਅਤੇ ਬਾਣੀ-ਪ੍ਰਾਇਣ ਮਾਨਸਿਕਤਾ ਨੂੰ ਹੀ ਸਿੱਖ ਮੰਨਿਆ ਗਿਆ ਹੈ। ਇਹ ਮਾਨਸਿਕਤਾ ਜਦੋਂ ਜ਼ਿੰਦਗੀ ਦੀ ਸਮੂਹਕਤਾ ਨੂੰ ਅਕਾਲ ਪੁਰਖ ਦੀ ਸੁਗਾਤ ਵਜੋਂ ਸਾਂਭਦੀ ਹੈ, ਹੰਢਾਉਂਦੀ ਹੈ ਅਤੇ ਅੱਗੇ ਤੋਰਦੀ ਹੈ ਤਾਂ ਸਿੱਖ ਹੀ ‘ਖਾਲਸਾ’ ਅਖਵਾਉਂਦਾ ਹੈ। ‘ਖਾਲਸਾ’ ਜਾਂ ‘ਪੰਥ’ ਦਾ ਕੋਈ ਵਿਅਕਤੀਗਤ ਪ੍ਰਸੰਗ ਨਹੀਂ ਹੈ ਅਤੇ ਖਾਲਸਾ ਮਾਨਸਿਕਤਾ ਇਕ ਕਾਫਲੇ ਦੇ ਰੂਪ ਵਿਚ ‘ਪੰਥ’ ਹੈ। ਸੋ ਮਾਨਸਿਕਤਾ ਪਹਿਲਾਂ ਹੈ ਅਤੇ ਪਛਾਣ ਪਿੱਛੋਂ। ਖਾਲਸਾ ਮਾਨਸਿਕਤਾ ਦੇ ਆਰੰਭਕ ਸਰੋਕਾਰ ‘ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ’ ਹਨ। ਪਰ ਇਨਾਂ ਸਰੋਕਾਰਾਂ ਦੀ ਪਹਿਰੇਦਾਰੀ ਧਰਮ ਯੁੱਧ ਦੇ ਚਾਅ ਨਾਲ ਜੁੜੀ ਹੋਈ ਹੈ (ਅਵਰ ਵਾਸਨਾ ਨਾਹਿ ਕਿਛੁ ਧਰਮ ਯੁਧ ਕਾ ਚਾਇ)। ਨਿਰਭਉ ਅਤੇ ਨਿਰਵੈਰ, ਖਾਲਸਾ ਮਾਨਸਿਕਤਾ ਦੇ ਜ਼ਰੂਰੀ ਅਤੇ ਮੁੱਢਲੇ ਸਰੋਕਾਰ ਹਨ ਜਦੋਂ ਕਿ ਆਮ ਕਰਕੇ ਸੰਸਾਰ ਦੀ ਵਰਤਮਾਨ ਰਾਜਸੀ ਸੱਤਾ ਨਿਰਭਉ ਨੂੰ ਦੁਸ਼ਮਣ ਮੰਨਦੀ ਹੈ ਅਤੇ ਨਿਰਵੈਰ ਨੂੰ ਨਿਪੁੰਸਕ ਪ੍ਰਵਾਨ ਕਰਦੀ ਹੈ। ਨਿਰਭਉ ਹੋਏ ਬਿਨਾਂ ਨਿਰਵੈਰ ਨਹੀਂ ਹੋਇਆ ਜਾ ਸਕਦਾ। ਰਾਜਨੀਤਕ ਸੱਤਾ ਅਤੇ ਪੰਥਕ-ਮਾਨਸਿਕਤਾ ਵਿਚਕਾਰ ਤਨਾਓ ਪੈਦਾ ਕਰਨ ਜਾਂ ਵਿੱਥ ਮੰਨਣ ਵਾਲੇ ਨੂੰ ਪੰਥਕ ਨਹੀਂ ਆਖਿਆ ਜਾ ਸਕਦਾ। ਸਿੱਖ ਅਧਿਆਤਮਕਤਾ ਜਿਸ ਦਾ ਪ੍ਰਤੀਨਿਧ ਖਾਲਸਾ ਹੈ, ਆਪਣੇ ਪ੍ਰਭਾਵ ਅਤੇ ਪ੍ਰਗਟਾਵੇ ਵਿਚ ਬੰਦ ਜਵਾਬ ਨਹੀਂ ਸਗੋਂ ਖੁੱਲਾ ਸਵਾਲ ਹੈ ਅਤੇ ਇਸ ਨੂੰ ਗਲੋਬਲੀਕਰਣ ਵਾਸਤੇ ਸੌਖਿਆਂ ਹੀ ਵਰਤਿਆ ਜਾ ਸਕਦਾ ਹੈ।

ਪੰਥ ਨੂੰ ਜਿਵੇਂ ਪੰਜਾਬ ਦੇ ਤਣਾਓ ਵਿਚ ਨਹੀਂ ਲਿਆਦਾ ਜਾ ਸਕਦਾ, ਉਵੇਂ ਹੀ ਪੰਥ ਨੂੰ ਗਲੋਬਲੀਕਰਣ ਦੇ ਤਣਾਓ ਵਿਚ ਵੀ ਨਹੀਂ ਪ੍ਰਵਾਨ ਕੀਤਾ ਜਾ ਸਕਦਾ। ਗਲੋਬਲੀਕਰਣ ਦੇ ਜਿੰਨੇ ਵੀ ਨਿਸ਼ੇਧ ਪੱਖ ਹਨ, ਉਹ ਸਾਰੇ ਧਾਰਮਿਕ ਕੱਟੜਤਾ ਨਾਲ ਜੁੜੇ ਹੋਏ ਹਨ। ਸੋ ਗਲੋਬਲੀਕਰਣ ਅਤੇ ਕੱਟੜਤਾ ਇਕਸੁਰ ਨਹੀਂ ਹੋ ਸਕਦੇ। ਇਸ ਸਮੱਸਿਆ ਨੂੰ ਸ਼ਬਦ-ਜੁਗਤਿ ਵਿਚ ਹੱਲ ਕਰਨ ਦੀ ਵਿਧੀ ਸਿੱਖ ਧਰਮ ਵਿਚ ਕਾਇਮ ਹੈ। ਸਭਿਆਚਾਰਕ ਵਿਵਿਧਤਾ ਨੂੰ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਜਾਂ ਪੰਜ ਪਿਆਰਿਆਂ ਦੀ ਸਿਰਜਣਾ ਵੇਲੇ ਸਿੱਖ-ਜੁਗਤਿ ਵਿਚ ਸੰਜੋਇਆ ਗਿਆ ਹੈ, ਉਹ ਗਲੋਬਲੀ ਪ੍ਰਸੰਗ ਵਿਚ ਕੰਮ ਆ ਸਕਦੀ ਹੈ। ਜਿਵੇਂ ਅਗਨੀ ਲੋਹੇ ਨੂੰ ਆਪਣੇ ਸੁਭਾਅ ਵਿਚ ਵਟਾ ਲੈਂਦੀ ਹੈ ਉਵੇਂ ਹੀ ਖਾਲਸਾਈ ਤਪਸ਼, ਗਲੋਬਲੀ ਸਰੋਕਾਰਾਂ ਨੂੰ ਆਪਣੇ ਵਰਗਾ ਕਰ ਲੈਣ ਲਈ ਸਮਰੱਥ ਹੈ। ਇਸ ਦਾ ਕੁਝ ਕੁ ਪ੍ਰਗਟਾਵਾ ਅਮਰੀਕਨ ਸਿੰਘਾਂ ਦੇ ਰੂਪ ਵਿਚ ਸਾਹਮਣੇ ਆ ਗਿਆ ਹੈ। ਅਮਰੀਕਨ ਸਿੰਘਾਂ ਵਿਚ ਹੋਰ ਕੌਮੀਅਤਾਂ ਵੀ ਸ਼ਾਮਲ ਹਨ। ਇਸ ਨਾਲ ਇਉਂ ਲੱਗਣ ਲੱਗ ਪਿਆ ਹੈ ਕਿ ਪੰਜਾਬ ਅਤੇ ਪੰਥ ਦੀ ਪਛਾਣ ਗਲੋਬਲ ਪ੍ਰਸੰਗ ਵਿਚ ਵਧਦੀ ਜਾ ਰਹੀ ਹੈ। ਕਿਸੇ ਵੇਲੇ ਛਿਆਨਵੇਂ ਕ੍ਰੋੜੀ ਖਾਲਸਾ ਦਾ ਸੁਪਨਾ ਸਿੱਖ ਮਾਨਸਿਕਤਾ ਅੰਦਰ ਰੀਝ ਵਾਂਗ ਪਨਪਿਆ ਸੀ। ਇਸ ਦੇ ਸੱਚ ਹੋਣ ਦੇ ਆਸਾਰ ਗਲੋਬਲੀਕਰਣ ਵਿੱਚੋਂ ਵੇਖੇ ਜਾ ਸਕਦੇ ਹਨ। ਇਹ ਵੰਗਾਰ ਪੰਥ ਦੇ ਵਾਰਸਾਂ ਸਾਹਮਣੇ ਕਾਇਮ ਹੈ ਅਤੇ ਇਸ ਦਾ ਉੱਤਰ ਗੁਰਬਾਣੀ ਦੀ ਅਗਵਾਈ ਵਿਚ ਹੀ ਦਿੱਤਾ ਜਾ ਸਕਦਾ ਹੈ।

# ਸਾਕਾ ਸਰਹਿੰਦ : ਦਸਮੇਸ਼ ਪਿਤਾ ਦੇ ਲਾਲਾਂ ਦੀ ਅਦੁੱਤੀ ਸ਼ਹਾਦਤ

**ਰਣਦੀਪ ਕੌਰ ਪੰਧੇਰ**

ਸਿੱਖ ਇਤਿਹਾਸ ਕੁਰਬਾਨੀਆਂ ਦੀ ਮਿਸਾਲ ਹੈ। ਸ਼ਹੀਦ ਕਿਸੇ ਵੀ ਕੌਮ ਦਾ ਸਰਮਾਇਆ ਹੁੰਦੇ ਹਨ ਤੇ ਸਿੱਖ ਧਰਮ ਸ਼ਹੀਦਾਂ ਦੇ ਲਹੂ ਭਿੱਜੇ ਇਤਿਹਾਸ ਦੀ ਲੰਬੀ ਗਾਥਾ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦੇ ਵੀ ਇਸੇ ਸ਼ਹੀਦੀ ਮਾਲਾ ਦੇ ਅਹਿਮ ਮਣਕੇ ਹਨ, ਜਿਨਾਂ ਦੀ ਮਿਸਾਲ ਸੰਸਾਰ ਵਿਚ ਕਿਧਰੇ ਨਹੀਂ ਮਿਲਦੀ। ਸਭ ਤੋਂ ਪਹਿਲਾਂ ਸਿੱਖ ਸਾਹਿਤ ਵਿਚ ਚਾਰ ਸਾਹਿਬਜ਼ਾਦਿਆਂ ਸਬੰਧੀ ਇਤਿਹਾਸਕ ਪੱਖ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਲਿਖੇ ਖ਼ਤ 'ਜ਼ਫ਼ਰਨਾਮਾ' ਵਿੱਚੋਂ ਮਿਲਦਾ ਹੈ :

ਚਿਹਾ ਸ਼ੁਦ ਕਿ ਚੂੰ ਬੱਚਗਾ ਕਸ਼ਤਹ ਚਾਰ,
ਕੀ ਬਾਕੀ ਬਮਾਂਦਸਤ ਪੇਚੀਦਹ ਮਾਰ।।

ਗੁਰੂ ਸਾਹਿਬ ਲਿਖਦੇ ਹਨ ਕਿ 'ਐ ਔਰੰਗਜ਼ੇਬ, ਤੂੰ ਮੇਰੇ ਚਾਰ ਪੁੱਤਰ ਖ਼ਤਮ ਕਰ ਦਿੱਤੇ ਹਨ ਪਰ ਤੂੰ ਯਾਦ ਰੱਖ ਕੇ ਤੇਰੀ ਜ਼ੁਲਮੀ ਸਲਤਨਤ ਨੂੰ ਖ਼ਤਮ ਕਰਨ ਵਾਲਾ ਕੁੰਡਲਾਂ ਵਾਲਾ ਨਾਗ ਹਾਲੇ ਬਾਕੀ ਹੈ, ਜੋ ਤੇਰੀ ਸਲਤਨਤ ਨੂੰ ਖ਼ਤਮ ਕਰ ਕੇ ਹੀ ਦਮ ਲਵੇਗਾ। ਦਸਮ ਪਿਤਾ ਦੇ ਪਰਿਵਾਰ ਦੀ ਸ਼ਹੀਦੀ ਗਾਥਾ ਦੀ ਮਿਸਾਲ ਪੂਰੇ ਸੰਸਾਰ ਵਿਚ ਕਿਤੇ ਨਹੀਂ ਮਿਲਦੀ, ਜਿੱਥੇ ਕਿਸੇ ਨੇ ਦੂਜੇ ਦੇ ਧਰਮ ਦੀ ਰੱਖਿਆ ਖ਼ਾਤਰ ਬਲੀਦਾਨ ਦਿੱਤਾ ਹੋਵੇ। ਗੁਰੂ ਪਿਤਾ ਨੌਵੇਂ ਪਾਤਸ਼ਾਹ ਤੇਗ ਬਹਾਦਰ ਸਾਹਿਬ ਇਸ ਦੀ ਲਾਸਾਨੀ ਮਿਸਾਲ ਹਨ, ਜਿਹੜਾ ਗੁਰੂ ਪੂਰੀ ਕੌਮ ਨੂੰ ਇਹ ਸੰਦੇਸ਼ ਦਿੰਦਾ ਹੋਵੇ :

ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ।।

ਭਾਵ, ਮੇਰੇ ਸਿੱਖ ਨਾ ਹੀ ਕਿਸੇ ਨੂੰ ਡਰਾਉਂਦੇ ਹਨ ਤੇ ਨਾ ਹੀ ਕਿਸੇ ਤੋਂ ਡਰਦੇ ਹਨ, ਫਿਰ ਉਨਾਂ ਦੇ ਪੋਤਰੇ ਜ਼ੁਲਮ ਅੱਗੇ ਕਿੰਝ ਝੁਕ ਸਕਦੇ ਸਨ। ਜਿਸ ਪੁੱਤਰ ਨੇ ਨਿੱਕੀ ਉਮਰੇ ਆਪਣੇ ਪਿਤਾ ਨੂੰ ਇਹ ਕਹਿ ਕੇ ਮਜ਼ਲੂਮਾਂ ਦੀ ਮਦਦ ਲਈ ਤੋਰਿਆ ਕਿ 'ਤੁਹਾਡੇ ਤੋਂ ਮਹਾਨ ਮਨੁੱਖ ਕੁਰਬਾਨੀ ਲਈ ਹੋਰ ਕੋਈ ਨਹੀਂ', ਉਸ ਗੁਰੂ ਗੋਬਿੰਦ ਸਿੰਘ ਦੇ ਲਾਲ ਔਰੰਗਜ਼ੇਬ ਦੀ ਪਾਪੀ ਹਕੂਮਤ ਅੱਗੇ ਹਿੱਕ ਤਾਣ ਕੇ ਖੜ ਗਏ। ਸਾਕਾ ਸਰਹਿੰਦ ਇਕ ਅਜਿਹੀ ਘਟਨਾ ਹੈ ਜਿਸ ਨੇ ਸਿੱਖ ਜਗਤ 'ਤੇ ਡੂੰਘੀ ਛਾਪ ਛੱਡੀ ਹੈ।

ਦਸਮੇਸ਼ ਪਿਤਾ ਦੇ ਲਾਲਾਂ ਦੀ ਅਦੁੱਤੀ ਸ਼ਹਾਦਤ ਦਾ ਇਤਿਹਾਸ ਵਿਚ ਸਭ ਤੋਂ ਉੱਭਰਵਾਂ ਸਥਾਨ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਘਟਨਾ ਨੂੰ ਲੜੀਵਾਰ ਵੇਖੀਏ ਤਾਂ ਪਿਛੋਕੜ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਜਦੋਂ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਤਾ ਗੱਦੀ 'ਤੇ ਬਿਠਾਇਆ ਗਿਆ ਤਾਂ ਉਨਾਂ ਦੀ ਉਮਰ ਨੌਂ ਸਾਲ ਤੋਂ ਵੀ ਘੱਟ ਸੀ। 'ਹਿੰਦ ਦੀ ਚਾਦਰ' ਕਹਾਉਣ ਵਾਲੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। 22 ਵਰਿਆਂ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੀ ਪਹਿਲੀ ਜੰਗ ਲੜੀ ਤੇ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ। ਫਿਰ ਸੰਨ 1699 ਵਿਚ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦਸਮੇਸ਼ ਪਿਤਾ ਨੇ ਸਿੱਖਾਂ ਵਿਚ ਨਵੀਂ ਰੂਹ ਫੂਕੀ। ਖ਼ਾਲਸੇ ਦੇ ਜਨਮ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਤੇ ਸਮੁੱਚੇ ਭਾਰਤ ਨੂੰ ਨਵੀਂ ਦਿਸ਼ਾ ਦਿੱਤੀ।

ਖ਼ਾਲਸੇ ਦੀ ਸਥਾਪਨਾ ਤੋਂ ਲਗਭਗ ਦੋ ਵਰਿਆਂ ਉਪਰੰਤ ਲੜਾਈਆਂ ਦਾ ਦੌਰ ਸ਼ੁਰੂ ਹੋ ਗਿਆ। ਪਹਾੜੀ ਰਾਜਿਆਂ ਨੂੰ ਸੱਤਾ ਦਾ ਖ਼ਤਰਾ ਜਾਪਿਆ ਤੇ ਉਨਾਂ ਨੇ ਔਰੰਗਜ਼ੇਬ ਨੂੰ ਸ਼ਿਕਾਇਤ ਕੀਤੀ। ਔਰੰਗਜ਼ੇਬ ਨੇ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਦੇ ਹੁਕਮ ਦਿੱਤੇ। ਗੁਰੂ ਜੀ ਅਤੇ ਫ਼ੌਜਾਂ ਨੇ ਡਟ ਕੇ ਮੁਕਾਬਲਾ ਕੀਤਾ। ਔਰੰਗਜ਼ੇਬ ਨੇ ਕਿਲੇ ਅੰਦਰ ਰਾਸ਼ਨ-ਪਾਣੀ ਜਾਣਾ ਬੰਦ ਕਰਵਾ ਦਿੱਤਾ। ਉਸ ਨੂੰ ਪਤਾ ਸੀ ਕਿ ਜ਼ਬਰਦਸਤੀ ਕਿਲਾ ਖ਼ਾਲੀ ਨਹੀਂ ਕਰਵਾਇਆ ਜਾ ਸਕਦਾ ਤਾਂ ਮੁਗ਼ਲ ਅਤੇ ਪਹਾੜੀ ਫ਼ੌਜਾਂ ਨੇ ਗਊ ਅਤੇ ਕੁਰਾਨ-ਏ-ਪਾਕ ਦੀਆਂ ਕਸਮਾਂ ਖਾਧੀਆਂ ਕਿ ਕਿਲਾ ਛੱਡਣ 'ਤੇ ਕਿਸੇ ਸਿੱਖ ਨੂੰ ਕੁਝ ਨਹੀਂ ਕਿਹਾ ਜਾਵੇਗਾ। ਗੁਰੂ ਜੀ ਨੂੰ ਪਤਾ ਸੀ ਕਿ ਉਹ ਕਸਮਾਂ 'ਤੇ ਕਿੰਨਾ ਕੁ ਖਰਾ ਉਤਰਨਗੇ ਪਰ ਉਨਾਂ ਨੇ ਧਾਰਮਿਕ ਚਿੰਨਾਂ ਦੇ ਸਨਮਾਨ ਨੂੰ ਵੇਖਦਿਆਂ ਕਿਲਾ ਖ਼ਾਲੀ ਕਰਨ ਦਾ ਫ਼ੈਸਲਾ ਲਿਆ।

ਅਨੰਦਪੁਰ ਸਾਹਿਬ ਛੱਡਣ 'ਤੇ ਗੁਰੂ ਸਾਹਿਬ ਨਾਲ 1500 ਸਿੰਘਾਂ ਦਾ ਕਾਫ਼ਲਾ ਸੀ। ਜਦੋਂ ਇਹ ਕਾਫ਼ਲਾ ਸਰਸਾ ਨਦੀ ਕੋਲ ਪਹੁੰਚਿਆ ਤਾਂ ਮੁਗ਼ਲ ਫ਼ੌਜਾਂ ਨੇ ਗਊ ਤੇ ਕੁਰਾਨ ਦੀਆਂ ਕਸਮਾਂ ਤੋੜ ਕੇ ਕਾਫ਼ਲੇ 'ਤੇ ਹਮਲਾ ਬੋਲ ਦਿੱਤਾ। ਸਰਸਾ ਨਦੀ ਵਿਚ ਹੜ ਆਇਆ ਹੋਇਆ ਸੀ। ਇਕ ਪਾਸੇ ਸ਼ੂਕਦੀ ਹੋਈ ਸਰਸਾ ਨਦੀ ਤੇ ਦੂਜੇ ਪਾਸੇ ਉੱਚੇ ਪਹਾੜ ਪਰ ਗੁਰੂ ਸਾਹਿਬ ਨੇ ਈਨ ਨਾ ਮੰਨੀ ਉਨਾਂ ਨੇ ਡਟ ਕੇ ਮੁਗ਼ਲਾਂ ਦਾ ਸਾਹਮਣਾ ਕੀਤਾ। ਕੁਝ ਸਿੰਘਾਂ ਨੇ ਹਿੰਮਤ ਦਿਖਾਈ ਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਨਦੀ ਵਿੱਚੋਂ ਪਾਰ ਲੈ ਗਏ। ਸਰਸਾ ਨਦੀ ਪਾਰ ਕਰਨ ਉਪਰੰਤ ਸਿੱਖ ਹਾਲੇ ਇਕੱਠੇ ਵੀ ਨਹੀਂ ਸਨ ਹੋਏ ਕਿ ਰੋਪੜ ਦੇ ਰੰਗੜਾਂ ਨੇ ਧਾਵਾ ਬੋਲ ਦਿੱਤਾ। ਬੇਸ਼ੱਕ ਉਹ ਸਾਹਿਬ-ਏ-ਕਮਾਲ ਅੱਗੇ ਛੇਤੀ ਹੀ ਮੈਦਾਨ ਛੱਡ ਗਏ ਪਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਗੁਰੂ ਜੀ ਤੋਂ ਵਿਛੜ ਗਏ।

ਚਮਕੌਰ ਸਾਹਿਬ ਪਹੁੰਚ ਕੇ ਗੁਰੂ ਜੀ ਨੇ ਇਤਿਹਾਸ ਦੀ ਬੇਜੋੜ ਜੰਗ ਲੜੀ ਤੇ ਇਸ ਜੰਗ ਵਿਚ ਵੱਡੇ ਸਾਹਿਬਜ਼ਾਦੇ, ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਸ਼ਹੀਦ ਹੋ ਗਏ ਅਤੇ ਤਿੰਨ ਪਿਆਰੇ ਭਾਈ ਸਾਹਿਬ ਸਿੰਘ, ਹਿੰਮਤ ਸਿੰਘ ਤੇ ਮੋਹਕਮ ਸਿੰਘ ਵੀ ਰਣਭੂਮੀ ਦੀ ਭੇਟ ਚੜੇ। ਉਧਰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਰਸੋਈਏ ਗੰਗੂ ਦੇ ਨਾਲ ਉਸ ਦੇ ਪਿੰਡ ਸਹੇੜੀ ਪਹੁੰਚੇ। ਮਾਤਾ ਜੀ ਕੋਲ ਧਨ ਵੇਖ ਕੇ ਉਸ ਦੀ ਨੀਅਤ ਫਿੱਟ ਗਈ ਤੇ ਉਸ ਨੇ ਰਾਤ ਨੂੰ ਗਹਿਣੇ ਤੇ ਧਨ ਚੋਰੀ ਕਰ ਲਿਆ ਅਤੇ ਮੋਰਿੰਡਾ ਦੇ ਕੋਤਵਾਲ ਨੂੰ ਉਨਾਂ ਬਾਰੇ ਦੱਸ ਦਿੱਤਾ। ਸਾਹਿਬਜ਼ਾਦਿਆਂ ਨੂੰ ਉਨਾਂ ਨੇ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ।

ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਪੋਹ ਦੀ ਹੱਡ-ਚੀਰਵੀਂ ਠੰਢ ਵਿਚ ਠੰਢੇ ਬੁਰਜ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰੂ ਘਰ ਦੇ ਇਕ ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਨੇ ਨਾਟਕੀ ਢੰਗ ਨਾਲ ਬੁਰਜ ਵਿਚ ਦਾਖ਼ਲ ਹੋ ਕੇ ਉਨਾਂ ਨੂੰ ਦੁੱਧ ਛਕਾਇਆ। ਅੱਜ ਵੀ ਬਾਬਾ ਮੋਤੀ ਰਾਮ ਮਹਿਰਾ ਦਾ ਨਾਂ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ ਹੈ।।ਸੂਬਾ ਸਰਹਿੰਦ ਨੇ ਚੜਦੀ ਸਵੇਰ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ। ਸਾਹਿਬਜ਼ਾਦੇ ਚੜਦੀ ਕਲਾ ਨਾਲ ਕਚਹਿਰੀ ਵਿਚ ਪੇਸ਼ ਹੋਏ। ਸੂਬੇ ਨੇ ਸ਼ਰੇਆਮ ਝੂਠ ਬੋਲਿਆ ਕਿ 'ਤੁਹਾਡੇ ਪਿਤਾ ਚਮਕੌਰ ਦੀ ਜੰਗ ਵਿਚ ਸ਼ਹੀਦ ਹੋ ਚੁੱਕੇ ਹਨ। ਜੇ ਤੁਸੀਂ ਆਪਣੀ ਜਾਨ ਦੀ ਸਲਾਮਤੀ ਚਾਹੁੰਦੇ ਹੋ ਤਾਂ ਇਸਲਾਮ ਕਬੂਲ ਕਰ ਲਵੋ।' ਸਾਹਿਬਜ਼ਾਦਿਆਂ ਨੂੰ ਫ਼ਾਨੀ ਦੇਹ ਨਾਲੋਂ ਧਰਮ ਜ਼ਿਆਦਾ ਪਿਆਰਾ ਸੀ। ਉਨਾਂ ਨੇ ਇਸ ਗੱਲ ਤੋਂ ਸਾਫ਼ ਇਨਕਾਰ ਕਰ ਦਿੱਤਾ। ਸੂਬੇ ਨੇ ਦੁਨਿਆਵੀ ਲਾਲਚ ਦਿੱਤੇ। ਠਾਠ-ਬਾਠ ਦੀ ਜ਼ਿੰਦਗੀ ਦੇ ਸਬਜ਼ਬਾਗ ਦਿਖਾਏ ਪਰ ਸਾਹਿਬਜ਼ਾਦੇ ਟੱਸ ਤੋਂ ਮੱਸ ਨਾ ਹੋਏ।

ਅਗਲੀ ਸਵੇਰ ਫਿਰ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਕਚਹਿਰੀ 'ਚ ਪੇਸ਼ ਕੀਤਾ ਗਿਆ। ਫਿਰ ਉਨਾਂ ਨੂੰ ਚੜਦੀ ਕਲਾ ਵਿਚ ਵੇਖ ਕੇ ਸੂਬਾ ਅੱਗ-ਵਰੋਲਾ ਹੋ ਗਿਆ। ਉਹ ਵਾਹ ਨਾ ਚੱਲਦੀ ਵੇਖ ਕੇ ਸਾਹਿਬਜ਼ਾਦਿਆਂ ਨੂੰ ਡਰਾਉਣ ਧਮਕਾਉਣ ਲੱਗਾ ਪਰ ਸਾਹਿਬਜ਼ਾਦੇ ਅਡੋਲ ਰਹੇ ਤੇ ਸੂਬੇ ਨੇ ਸਜ਼ਾ-ਏ-ਮੌਤ ਦਾ ਫ਼ੈਸਲਾ ਸੁਣਾ ਦਿੱਤਾ। ਕਾਜ਼ੀ ਨੂੰ ਭਰੋਸੇ ਵਿਚ ਲੈਂਦਿਆਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣੇ ਜਾਣ ਦਾ ਹੁਕਮ ਸੁਣਾਇਆ ਗਿਆ। ਨਵਾਬ ਮਾਲੇਰਕੋਟਲਾ ਨੇ ਇਸ ਫ਼ੈਸਲੇ ਨੂੰ ਰੱਦ ਕਰਨ ਦੀ ਆਵਾਜ਼ ਉਠਾਈ ਪਰ ਉਸ ਪਵਿੱਤਰ ਆਵਾਜ਼ ਨੂੰ ਅਣਸੁਣਿਆ ਕਰ ਦਿੱਤਾ ਗਿਆ। ਮੰਨਿਆ ਜਾਂਦਾ ਹੈ ਕਿ ਅਗਲੀ ਸਵੇਰ ਫਿਰ ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ ਅਤੇ ਉਨਾਂ ਨੂੰ ਇਕ ਵਾਰ ਫਿਰ ਇਸਲਾਮ ਕਬੂਲ ਕਰਨ ਲਈ ਆਖਿਆ ਗਿਆ। ਸਭ ਤਰਾਂ ਦੇ ਤਸੀਹੇ, ਲਾਲਚ, ਡਰਾਵੇ ਦਿੱਤੇ ਗਏ ਪਰ ਸਾਹਿਬਜ਼ਾਦੇ ਵੀ ਦਸਮੇਸ਼ ਪਿਤਾ ਦੇ ਲਾਲ ਸਨ, ਉਹ ਧਰਮ ਕਿਵੇਂ ਛੱਡ ਸਕਦੇ ਸਨ। ਸੂਬੇ ਦੇ ਹੁਕਮ ਨਾਲ ਜ਼ੱਲਾਦ ਸ਼ਾਸ਼ਲ ਬੇਗ਼ ਤੇ ਬਾਸ਼ਲ ਬੇਗ਼ ਨੇ ਬੇਰਹਿਮੀ ਨਾਲ ਮਾਸੂਮ ਜਿੰਦਾਂ ਨੂੰ ਜ਼ਿਬਾਹ ਕਰ ਦਿੱਤਾ ਤੇ ਸਾਹਿਬਜ਼ਾਦਿਆਂ ਨੇ ਸ਼ਹਾਦਤ ਪਾਈ।

ਸਾਕਾ ਸਰਹਿੰਦ ਬਾਰੇ ਹਕੀਮ ਅੱਲਾ ਯਾਰ ਖ਼ਾਂ ਜੋਗੀ 'ਸ਼ਹੀਦਾਨਿ ਵਫ਼ਾ' ਵਿਚ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦੇ ਹੋਏ ਲਿਖਦੇ ਹਨ :

**ਹਮ ਜਾਨ ਦੇ ਕੇ ਔਰੋਂ ਕੀ ਜਾਨ ਬਚਾ ਚਲੇ,**
**ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।।**
**ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ,**
**ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।।**

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਮਾਇਆ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

ਭਾਗ 18

ਸੰਪਾਦਤ: ਸਰਬਜੀਤ ਕੌਰ ਸਰਬ

ਬਹੁਤ ਸਾਰੇ ਬੁੱਧੀਜੀਵੀ ਵਿਦਵਾਨਾਂ ਨੇ ਕਿਹਾ ਹੈ ਕਿ ਮਾਇਆ ਪ੍ਰਭਾਵਿਤ ਕਰ ਰਹੀ ਹੈ, ਮਾਇਆ ਦੇ ਅਨੰਤ ਰੂਪ ਹਨ। ਸਿਖਰ ਦੇ ਰੂਪ ਤੋਂ ਆਰੰਭ ਕਰਦਿਆਂ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਫੁਰਮਾਉਂਦੇ ਹਨ :

ਮਾਇਆ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥ ਲਬਧ੍ਹੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ ॥੪॥

ਪੰਨਾ ੧੩੬੦

ਇਹ ਮਾਇਆ ਭਰਮਾ ਰਹੀ ਹੈ, ਇਹ ਛਾਇਆ ਦੀਵਾਰ ਬਣ ਕੇ ਖੜੀ ਹੋ ਗਈ ਹੈ, ਪ੍ਰਥਮ ਤਾਂ ਹੈ ਈਸਟ। ਇਸ ਵਿਚ ਕੋਈ ਖ਼ੁਦਾ ਦੇ ਨਾਲ ਨਹੀਂ ਹੈ ਤੇ ਨਾ ਹੀ ਕੋਈ ਪ੍ਰਮਾਤਮਾ ਦੇ ਨਾਲ ਹੈ। ਇਹ ਮਾਇਆ ਕਿਸੇ ਅਵਤਾਰ ਦੇ ਨਾਲ ਹੈ ਕੋਈ ਪੈਗੰਬਰ ਦੇ ਨਾਲ ਹੈ ਪਰ ਕੋਈ ਮਨੁੱਖ ਪ੍ਰਮਾਤਮਾ ਦੇ ਨਾਲ ਨਹੀਂ ਹੈ। ਉਸ ਅਕਾਲ ਪੁਰਖ ਪ੍ਰਮਾਤਮਾ ਤਕ ਦੀ ਪਹੁੰਚ ਦੇ ਰਸਤੇ ਵਿਚ ਉਨਾਂ ਦੁਆਰਾ ਭੇਜੇ ਈਸਟ ਦੀਵਾਰ ਬਣ ਕੇ ਖੜੇ ਹਨ। ਇਸ ਤੋਂ ਬਾਅਦ ਪਰਿਵਾਰ ਦੀ ਦੀਵਾਰ ਹੈ, ਮਿੱਤਰਾਂ ਦੀ ਦੀਵਾਰ ਹੈ, ਪੁੱਤਰਾਂ ਦੀ ਦੀਵਾਰ ਹੈ, ਪਤੀ ਦੀ ਦੀਵਾਰ ਹੈ, ਪਤਨੀ ਦੀ ਦੀਵਾਰ ਹੈ,ਅਤੇ ਬੱਚਿਆਂ ਦੀ ਦੀਵਾਰ ਹੈ। ਇਹ ਸਾਰੀਆਂ ਦੀਵਾਰਾਂ ਵੱਧਦੀਆਂ ਨੇ ਅਗਾਂਹ ਧਨ ਸੰਪਦਾ ਦੀ ਵੀ ਦੀਵਾਰ ਹੈ ਪ੍ਰਭੂਤਾ ਦੀ ਵੀ ਦੀਵਾਰ ਹੈ। ਅਕਾਲ ਪੁਰਖ ਤਕ ਪਹੁੰਚਣ ਲਈ ਇਕ ਦੀਵਾਰ ਨੂੰ ਵੀ ਤੋੜਨਾ ਮਨੁੱਖ ਲਈ ਮੁਸ਼ਕਲ ਹੈ ਅਤੇ ਇਹ ਦੀਵਾਰ ਹੱਥਾਂ ਨਾਲ ਨਹੀਂ ਟੁੱਟਦੀ ਤੇ ਨਾ ਹੀ ਸਿਰ ਦੇ ਧੱਕੇ ਨਾਲ ਟੁੱਟਦੀ ਹੈ। ਹਰ ਇਨਸਾਨ ਆਪਣੇ ਸਿਰ ਨੂੰ ਬਚਾਉਣ ਦੀ ਕਰਦਾ ਹੈ ਹਰ ਮਨੁੱਖ ਆਪਣੇ ਸਿਰ ਨੂੰ ਇੱਕ ਪਾਸੇ ਕਰ ਰਿਹਾ ਹੈ ਕੌਣ ਸਿਰ ਅੱਗੇ ਕਰੇ ਜੋ ਇਸ ਦੀਵਾਰ ਨੂੰ ਤੋੜੇ। ਜੇਕਰ ਇਨਸਾਨ ਇਸ ਦੀਵਾਰ ਨਾਲ ਸਿਰ ਮਾਰੇ ਤਾਂ ਸ਼ਾਇਦ ਇਸ ਨੂੰ ਹੀ ਸਿਜਦਾ ਕਹਿੰਦੇ ਹਨ, ਖੁਦਾ ਨੂੰ ਸਿਜਦਾ ਹੈ, ਪ੍ਰਮਾਤਮਾ ਨੂੰ ਮੱਥਾ ਟੇਕਿਆ ਹੈ, ਗੁਰੂ ਨੂੰ ਮੱਥਾ ਟੇਕਿਆ ਗਿਆ ਹੈ। ਜੇਕਰ ਇਨਸਾਨ ਚਾਹੇ ਤਾਂ ਇਹ ਦੀਵਾਰ ਟੁੱਟ ਸਕਦੀ ਹੈ ਅਤੇ ਜਦੋਂ ਇਨਸਾਨ ਇਸ ਨਾਲ ਸਿਰ ਟਕਰਾਏਗਾ ਤਾਂ ਇਸ ਸਿਰ ਵਿਚੋਂ ਨਿਕਲੇਗਾ ਉਹ



ਪਰਮ ਪਿਤਾ ਪ੍ਰਮਾਤਮਾ ਉਹ ਖ਼ੁਦਾ। ਅਜਿਹਾ ਵੀ ਹੋਇਆ ਹੈ ਕਿਸੇ ਕਿਸੇ ਨੇ ਸੀਨੇ ਦੇ ਜ਼ੋਰ ਨਾਲ ਵੀ ਇਸ ਦੀਵਾਰ ਨੂੰ ਤੋੜਨ ਦਾ ਯਤਨ ਕੀਤਾ ਹੈ ,ਕਿਸੇ ਨੇ ਸਿਰ ਅੱਗੇ ਕੀਤਾ, ਕਿਸੇ ਨੇ ਸੀਨਾ ਅੱਗੇ ਕੀਤਾ, ਕਿਸੇ ਨੇ ਆਪਣਾ ਦਿਲ ਅੱਗੇ ਕੀਤਾ ਤੇ ਕਿਸੇ ਨੇ ਆਪਣਾ ਦਿਮਾਗ ਅੱਗੇ ਕੀਤਾ। ਇਨਾਂ ਗੱਲਾਂ ਨੂੰ ਸਾਬਤ ਕਰਨ ਦੇ ਲਈ ਇਕ ਐਸੀ ਗਾਥਾ ਜੋ ਆਪਣੇ ਪ੍ਰਭੂ ਨਾਲ ਮਿਲਾਉਂਦੀ ਹੈ ਉਹ ਗਾਥਾ ਹਨੂੰਮਾਨ ਦੀ ਹੈ ਜਿਸ ਦਾ ਪਿਆਰ ਆਪਣੇ ਭਗਵਾਨ ਰਾਮ ਨਾਲ ਹੈ। ਹਨੂੰਮਾਨ ਦੀ ਗਾਥਾ ਤੋਂ ਲੱਗਦਾ ਹੈ ਕਿ ਇਹ ਦੀਵਾਰ ਲਾਜ਼ਮੀ ਸੀਨੇ ਨਾਲ ਹੀ ਤੋੜੀ ਗਈ ਸਿਰ ਨਾਲ ਨਹੀਂ, ਜਿਸ ਨੇ ਉਸ ਨੂੰ ਉਸ ਦੇ ਪ੍ਰਮਾਤਮਾ ਨਾਲ ਮਿਲਾ ਦਿੱਤਾ ਸੀ। ਇੰਜ ਕਹਿ ਲਵੋ ਕਿ ਸਿਰ ਇਸ ਵਿਚਾਰੇ ਕੋਲ ਹੈ ਹੀ ਨਹੀਂ ਸੀ। ਜੰਗਲ ਵਿੱਚ ਰਹਿਣ ਵਾਲਾ ਵਾਨਰ ਬਹੁਤ ਸੱਭਿਆ ਨਹੀਂ ਹੋ ਸਕਿਆ, ਬਹੁਤ ਵਿਕਸਿਤ ਨਹੀਂ ਹੋ ਸਕਿਆ। ਬਹੁਤ ਵੱਡੀ ਤਾਲੀਮ ਇਸ ਦੇ ਕੋਲ ਨਹੀਂ ਸੀ, ਆਖਰ ਜੰਗਲ ਵਿਚ ਇਸ ਤਰਾਂ ਦਾ ਕੀ ਇੰਤਜ਼ਾਮ ਹੋ ਸਕਦਾ ਸੀ ਲੇਕਿਨ ਸੀਨਾ ਤਾਂ ਇਸ ਦੇ ਕੋਲ ਹੀ ਸੀ, ਦਿਲ ਤਾਂ ਇਸਦੇ ਕੋਲ ਸੀ, ਦਿਲ ਧੜਕਦਾ ਸੀ ਅਤੇ ਇਸ ਦਿਲ ਦੀ ਵਿੱਚ ਉਸ ਦੇ ਜਜ਼ਬਾਤ ਵੀ ਸਨ। ਉਨਾਂ ਜਜ਼ਬਾਤਾਂ ਦੇ ਜ਼ਰੀਏ ਹੀ ਤੋੜਨ ਦੀ ਜਾਂਚ ਸੀ ਜਿਸ ਕਰਕੇ ਉਸਨੇ ਆਪਣਾ ਸੀਨਾ ਅੱਗੇ ਕਰ ਦਿੱਤਾ। ਦੂਜੀ ਮਿੱਥ ਸੀ ਅਯੁੱਧਿਆ ਵਿੱਚ ਮਾਤਾ ਸੀਤਾ ਨੇ ਆਪਣੇ ਗਲ ਵਿਚੋਂ ਮੋਤੀਆਂ ਦੀ ਮਾਲਾ ਉਤਾਰ ਕੇ ਹਨੂੰਮਾਨ ਦੇ ਹਵਾਲੇ ਕੀਤੀ। ਹਨੂੰਮਾਨ ਦੀ ਪ੍ਰਸੰਨਤਾ ਲੈਣ ਲਈ ਕੋਸ਼ਿਸ਼ ਕੀਤੀ ਲੇਕਿਨ ਇਹ ਬਾਹਰੋਂ ਦੋ ਵੱਡੇ ਵੱਡੇ ਪੱਥਰ ਚੁੱਕ ਲਿਆਇਆ ਹਾਰ ਦੇ ਵਿਚੋਂ ਮੋਤੀ ਕੱਢਦਾ ਹੈ ਥੱਲੇ ਦੇ ਪੱਥਰ ਉੱਤੇ ਰੱਖਦਾ ਹੈ ਤੇ ਉੱਪਰਲੇ ਪੱਥਰ ਦੀ ਸੱਟ ਨਾਲ ਤੋੜਦਾ ਹੈ। ਤਿੰਨ ਚਾਰ ਮੋਤੀ ਟੁੱਟੇ ਨੇ ਸੀਤਾ ਸੋਚਦੀ ਹੈ ਕਿ ਆਖਰ ਗੰਵਾਰ ਦਾ ਗੰਵਾਰ ਹੀ ਰਿਹਾ, ਕੰਆਨਰ ਦਾ ਵਾਨਰ ਹੀ ਰਿਹਾ। ਸੀਤਾ ਨੇ ਉਸ ਨੂੰ ਪੁੱਛਿਆ ਤੁਸੀਂ ਇਹ ਕੀ ਕਰ ਰਹੇ ਹੋ ? ਇੰਨੇ ਕੀਮਤੀ ਮੋਤੀ ਕਿਉਂ ਤੋੜ ਰਹੇ ਹੋ ? ਅੱਗੋਂ ਹਨੂੰਮਾਨ ਨੇ ਜਵਾਬ ਦਿੱਤਾ। ਦੇਖ ਰਿਹਾ ਹਾਂ ਰਾਮ ਹੈ ਕਿ ਨਹੀਂ, ਰਾਮ ਜੜ ਵਿੱਚ ਨਹੀਂ ਹੁੰਦਾ ਮੋਤੀ ਜੜ ਹੈ, ਮਾਲਾ ਚੁੱਕ ਕੇ ਪਰੇ ਸੁੱਟੀ ਜਦ ਜੜ ਵਿੱਚ ਰਾਮ ਹੀ ਨਹੀਂ ਮੈਂ ਫਿਰ ਜੜ ਨੂੰ ਲੈ ਕੇ ਕੀ ਕਰਾਂ। ਸੀਤਾ ਪੜੀ ਲਿਖੀ ਸੀ, ਸੱਭਿਆ ਤਾਲੀਮ ਯਾਫਤਾ ਸੀ ਉਸ ਨੇ ਕਹਿ ਦਿੱਤਾ ਹਨੂੰਮਾਨ ਸਰੀਰ ਵੀ ਜੜ ਹੈ, ਪੰਜ ਦੇ ਪੰਜ ਤੱਤ ਵੀ ਜੜ ਹਨ। ਇਨਾਂ ਨੂੰ ਕਿਉਂ ਰੱਖਿਆ ਹੈ ਇਸ ਨੂੰ ਵੀ ਤੋੜ ਦੋ, ਅਗਰ ਇਸ ਵਿੱਚ ਵੀ ਰਾਮ ਨਹੀਂ ਕਿਉਂ ਰੱਖਿਆ ਹੈ ਇਨਾਂ ਨੂੰ ? ਹਨੂੰਮਾਨ ਨੇ ਆਖਿਆ ਮੈਨੂੰ ਭਰੋਸਾ ਹੈ ਕਿ ਇਸ ਵਿੱਚ ਆਰਾਮ ਹੈ ਅਗਰ ਨਹੀਂ ਤਾਂ ਮੈਂ ਫਿਰ ਇਸ ਨੂੰ ਵੀ ਰੱਖਣ ਲਈ ਤਿਆਰ ਨਹੀਂ ਹਾਂ ਉਸ ਨੇ ਆਪਣਾ ਸੀਨਾ ਚੀਰਿਆ। ਮਿੱਥ ਹੈ ਕਿ ਖ਼ੂਨ ਦੀ ਧਾਰ ਵਿੱਚੋਂ ਰਾਮ ਨਾਮ ਦੀ ਧੁਨ, ਰਾਮ ਨਾਮ ਦੀ ਆਵਾਜ਼ ਨਿਕਲੀ ਸੀ। ਸਿਰ ਝੁਕ ਗਿਆ ਸੀਤਾ ਦਾ, ਇਸ ਤੋਂ ਇਹ ਠੀਕ ਹੈ ਅਗਰ ਕੋਈ ਆਪਣਾ ਸੀਨਾ ਚੀਰ ਦਾ ਹੈ ਰਾਮ ਪ੍ਰਗਟ ਹੋਇਆ ਹੈ ਕੋਈ ਆਪਣਾ ਸਿਰ ਦੀਵਾਰ ਨਾਲ ਮਾਰੇ ਤੋੜੇ ਖ਼ੁਦਾ ਪ੍ਰਗਟ ਹੋਏਗਾ ਪ੍ਰਮਾਤਮਾ ਪ੍ਰਗਟ ਹੋਵੇਗਾ। ਲੋਕੀਂ ਆਪਣਾ ਸਿਰ ਬਚਾਉਂਦੇ ਨੇ ਸੀਨਾ ਬਚਾਉਂਦੇ ਨੇ ਅਤੇ ਇੱਕ ਦਿਨ ਬੇ ਸੀਨਾ ਹੋ ਜਾਂਦੇ ਨੇ ਬੇਸਿਰ ਹੋ ਜਾਂਦੇ ਨੇ। ਜ਼ਿੰਦਗੀ ਆਕਰਸ਼ਤ ਚਲੀ ਜਾਂਦੀ ਹੈ ਉਹ ਵਿਅਰਥ ਚਲੀ, ਜਾਂਦੀ ਹੈ, ਕਾਸ਼, ਸਿਰ ਅੱਗੇ ਕਾਰਨ ਤਾਂ ਸਰਦਾਰ ਬਣ ਜਾਣ, ਜੋ ਸਿਰ ਅੱਗੇ ਕਰਦੇ ਨੇ ਅਤੇ ਸਿਰ ਨੂੰ ਅੱਗੇ ਕਰਦੇ ਨੇ ਅਤੇ ਸਿਰ ਨੂੰ ਹੀ ਫੜ ਕੇ ਪਿੱਛੋਂ ਗੁਰੂ ਨੂੰ ਪ੍ਰਗਟ ਕਰਦੇ ਹਨ ਵਾਹਿਗੁਰੂ ਦੀ ਧੁਨ ਨੂੰ ਪ੍ਰਗਟ ਕਰਦੇ ਹਨ, ਉਸਦੇ ਪ੍ਰਗਾਸ਼ ਨੂੰ ਪ੍ਰਗਟ ਕਰਦੇ ਹਨ। ਅਕਾਲ ਪੁਰਖ ਪਰਮ ਪਿਤਾ ਪ੍ਰਮਾਤਮਾ ਇਨਸਾਨ ਦੇ ਹਿਰਦੇ ਦੇ ਵਿੱਚ ਵਸਿਆ ਹੋਇਆ ਹੈ ਤੇ ਉਸ ਨੂੰ ਪ੍ਰਗਟ ਕਰਨ ਦੇ ਲਈ ਉਸ ਸ਼ਬਦ ਨੂੰ ਆਪਣੀਆਂ ਰਗਾਂ ਵਿੱਚ ਵਸਾਉਣ ਦੀ ਲੋੜ ਹੈ। ਜਦੋਂ ਸ਼ਬਦ ਬਾਣੀ ਇਨਸਾਨ ਦੀ ਰਗ ਰਗ ਵਿੱਚ ਵਸ ਗਈ ਤਦ ਉਸ ਅਕਾਲ ਦੇ ਦੀਦਾਰੇ ਹੋਣੇ ਸੰਭਵ ਹੋ ਜਾਂਦੇ ਹਨ। ਉਹ ਪਰਮ ਪਿਤਾ ਪ੍ਰਮਾਤਮਾ ਕਿਤੇ ਵੀ ਬਾਹਰੀ ਦੁਨੀਆ ਵਿਚ ਨਜ਼ਰ ਨਹੀਂ ਆਵੇਗਾ ਜਦੋਂ ਤਕ ਉਸ ਨੂੰ ਆਪਣੇ ਅੰਦਰ ਮਹਿਸੂਸ ਨਹੀਂ ਕੀਤਾ ਜਾਵੇਗਾ।ਸੋ ਇਸ ਮਾਇਆ ਤੋਂ ਬਚਣ ਦੇ ਲਈ ਉਸ ਸ਼ਬਦ ਨਾਲ ਜੋੜਨਾ ਬਹੁਤ ਜ਼ਰੂਰੀ ਹੈ ਜੋਸ਼ ਅਕਾਲ ਪੁਰਖ ਪਰਮਪਿਤਾ ਪ੍ਰਮਾਤਮਾ ਤਕ ਪਹੁੰਚਾਉਂਦਾ ਹੈ।

---

# ਹੱਸਦਿਆਂ ਦੇ ਘਰ ਵਸਦੇ

ਪ੍ਰੋਫੈਸਰ ਜਸਵੰਤ ਸਿੰਘ ਗੰਡਮ

ਸਾਡਾ ਸਮਾਜ

ਅੰਗਰੇਜ਼ੀ ਦਾ ਅਖਾਣ ਹੈ ਕਿ ਜਦ ਤੁਸੀਂ ਹੱਸਦੇ ਹੋ ਤਾਂ ਤੁਹਾਡੇ ਨਾਲ ਜਗ ਹੱਸਦਾ ਹੈ ਪਰ ਜਦ ਤੁਸੀਂ ਰੋਂਦੇ ਹੋ ਤਾਂ ਤੁਸੀਂ ਇਕੱਲੇ ਹੀ ਰੋਂਦੇ ਹੋ। ਭਾਵ ਖੁਸ਼ੀ ਦੇ ਸਾਥੀ ਸਭ ਤੇ ਗ਼ਮੀ ਦਾ ਕੋਈ ਨਹੀਂ। ਹੱਸਣਾ-ਰੋਣਾ ਮਾਨਵੀ ਭਾਵਨਾਵਾਂ ਹਨ। ਦੁੱਖ/ਗ਼ਮ ਵੇਲੇ ਅੱਥਰੂ ਟਪਕ ਪੈਂਦੇ ਹਨ ਤੇ ਸੁੱਖ/ਖ਼ੁਸ਼ੀ ਵੇਲੇ ਹਾਸੇ ਫੁੱਟ ਪੈਂਦੇ ਹਨ। ਪਰ ਇੱਥੇ ਆਪਾਂ ਹਾਸੇ ਦੀ ਗੱਲ ਹੀ ਕਰਾਂਗੇ (ਰੋਣੇ ਤਾਂ ਜ਼ਿੰਦਗੀ ਵਿਚ ਉਂਜ ਹੀ ਬਥੇਰੇ ਐ, ਫਿਰ ਭਲਾ ਇਨਾਂ ਦੀ ਗੱਲ ਕੀ ਕਰਨੀ)।

ਕਹਿੰਦੇ ਹਨ 'ਹੱਸਦਿਆਂ ਦੇ ਘਰ ਵਸਦੇ।' ਪਰ ਇਹ ਵੀ ਕਹਿੰਦੇ ਹਨ ਕਿ 'ਕਲਾ ਕਲੰਦਰ ਵੱਸੇ ਤਾਂ ਘੜਿਉਂ ਪਾਣੀ ਨੱਸੇ'। ਰੋਂਦੇ ਦਾ ਖ਼ਾਨਾ ਖ਼ਰਾਬ। ਜਿੱਥੇ ਕਲੇਸ਼ ਹੈ, ਉੱਥੇ ਬਦਹਾਲੀ ਹੈ, ਜਿੱਥੇ ਖੇੜਾ ਹੈ, ਉੱਥੇ ਖ਼ੁਸ਼ਹਾਲੀ। ਪ੍ਰਸਿੱਧ ਫਰਾਂਸੀਸੀ ਲੇਖਕ ਵਿਕਟਰ ਹਿਊਗੋ ਅਨੁਸਾਰ ਹਾਸਾ ਉਹ ਸੂਰਜ ਹੈ ਜੋ ਮਾਨਵੀ ਚਿਹਰੇ ਤੋਂ ਸਰਦੀ ਭਜਾ ਮਾਰਦੈ।

ਹਾਸਾ ਉਹ ਜਿਹੜਾ ਧੁਰ ਅੰਦਰੋਂ ਫੁੱਟੇ, ਜਿਵੇਂ ਪਹਾੜ 'ਚੋਂ ਕੋਈ ਝਰਨਾ ਫੁੱਟਦਾ ਹੈ। ਐਵੇਂ ਹਿੜ-ਹਿੜ ਕਰੀ ਜਾਣਾ ਜਾਂ ਦੰਦੀਆਂ ਕੱਢੀ ਜਾਣਾ ਬਚਕਾਨਾ ਹਰਕਤ ਐ।

ਕੁਝ ਲੋਕ ਇੰਜ ਹੱਸਦੇ ਹਨ ਜਿਵੇਂ ਗੜਿਆਂ-ਭਰੇ ਬੱਦਲ ਗਰਜ ਰਹੇ ਹੋਣ, ਕੋਈ ਵਿਸਫੋਟ ਹੋ ਰਿਹਾ ਹੋਵੇ। ਕੁਝ ਏਦਾਂ ਹੱਸਣਗੇ ਜਿਵੇਂ ਡੱਡੂ ਵੱਖੀਆਂ ਫੁਲਾ ਕੇ ਗੜੈਂ ਗੜੈਂ ਕਰ ਰਹੇ ਹੋਣ। ਬੱਸ ਨਾਸਾਂ ਫੁਲਾ, ਮੂੰਹ ਬੰਦ ਰੱਖ ਢਿੱਡ ਹਿਲਾਈ ਜਾਣਗੇ। ਕਈ ਪੱਟਾਂ 'ਤੇ ਵਾਰ-ਵਾਰ ਹੱਥ ਮਾਰ ਕੇ ਇਸ ਤਰਾਂ ਹੱਸਣਗੇ ਜਿਵੇਂ ਹੱਸ ਨਾ ਰਹੇ ਹੋਣ, ਕੋਈ ਪਿੱਟ-ਸਿਆਪਾ ਕਰ ਰਹੇ ਹੋਣ। ਕਈ ਸ਼ਰਾਰਤੀ, ਮੀਸਣਾ ਜਾਂ ਮਿੰਨਾ ਹਾਸਾ ਹੱਸਣਗੇ, ਕਈਆਂ ਦੀਆਂ ਅੱਖਾਂ ਹੱਸਣਗੀਆਂ ਅਤੇ ਕਈਆਂ ਦੀਆਂ ਮੁੱਛਾਂ। ਇਕ ਕਪਟੀ/ ਕਮੀਨਾ ਹਾਸਾ ਵੀ ਹੁੰਦਾ ਹੈ, 'ਗੱਬਰ ਸਿੰਘੀ' ਹਾਸਾ। ਹਾਂ, 'ਸ਼ੋਅਲੇ' ਫ਼ਿਲਮ ਦੇ ਖਲਨਾਇਕ ਵਾਲਾ ਹਾਸਾ ਜੋ ਉਹ ਕਾਲੀਆ ਤੇ ਉਸ ਦੇ ਦੋ ਹੋਰ ਸਾਥੀਆਂ ਨੂੰ ਗੋਲੀਆਂ ਨਾਲ ਮਾਰਨ ਤੋਂ ਪਹਿਲਾਂ ਹੱਸਦੈ, ਇਕ ਵਿਕਰਾਲ, ਡਰਾਵਣਾ ਹਾਸਾ। 'ਭੂਤ ਹਾਸਾ' ਵੀ ਕੁਝ ਇਸ ਨਾਲ ਰਲਦਾ-ਮਿਲਦਾ ਹੀ ਹੁੰਦਾ ਹੈ ਬਸ ਜ਼ਰਾ ਨਾਲ ਡਰਾਉਣੀਆਂ ਆਵਾਜ਼ਾਂ ਤੇ ਖ਼ੌਫ਼ਨਾਕ ਸਿਰਜੇ ਮਾਹੌਲ ਕਾਰਨ ਵਧੇਰੇ ਭਿਅੰਕਰ ਲਗਦੈ।

ਠਾਹਕੇਦਾਰ ਹਾਸਾ ਢਿੱਡੋਂ ਨਿਕਲਦਾ ਹੈ, ਖ਼ੁਸ਼ੀ ਦਾ ਖੁੱਲਾ ਡੁੱਲਾ ਪ੍ਰਗਟਾਵਾ। ਮੁਸਕਰਾਹਟ, ਮੀਚਵੇਂ, ਮਲਵੇਂ ਬੁਲਾਂ ਦੀ ਰੁਮਾਂਚਕਾਰੀ, ਮਨੋਹਰ ਇਬਾਰਤ ਹੁੰਦੀ ਹੈ, ਖੁਸ਼ੀ ਦਾ ਸਲੀਕਾਮਈ ਸਹਿਜ-ਭਾਅ ਪ੍ਰਗਟਾਵਾ। ਸਹਿਜ ਹਾਸਾ ਸੁਭਾਵਿਕ ਹੁੰਦੈ, ਮੈਦਾਨਾਂ ਵਿਚ ਵਗ ਰਹੀ ਸ਼ਾਂਤ ਨਦੀ ਵਰਗਾ। ਹਾਸਾ, ਸੰਵਾਦ, ਸਥਿਤੀ, ਸ਼ਕਲ-ਸੂਰਤ ਤੇ ਪਹਿਰਾਵੇ 'ਚੋਂ ਵੀ ਪੈਦਾ ਹੁੰਦੈ।

ਪੁਰਸ਼-ਪ੍ਰਧਾਨ ਸਮਾਜ ਨੇ ਔਰਤਾਂ/ਲੜਕੀਆਂ ਦੇ ਹਾਸੇ ਬਾਰੇ ਇਕ ਮੱਧ- ਕਾਲੀਨ ਮਾਨਸਿਕਤਾ ਵਾਲੀ ਧਾਰਨਾ ਬਣਾ ਰੱਖੀ ਹੈ ਕਿ 'ਕੁੜੀ ਹੱਸੀ ਤਾਂ ਸਮਝੋ ਫਸੀ'।

ਭਲਾ ਕੋਈ ਪੁੱਛੇ ਕਿ ਭਲਿਓ ਮਾਣਸੋ ਇਕ ਔਰਤ ਦਾ ਹੱਸਣਾ ਮਰਦ ਦੇ ਹਾਸੇ ਵਾਂਗ ਕਿਉਂ ਨਹੀਂ ਹੈ, ਜਿਸ ਤਹਿਤ ਉਹ ਵੀ ਦੂਸਰਿਆਂ ਵਾਂਗ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰ ਰਹੀ ਹੈ। ਜਾਣੀ ਕੁੜੀ ਨੂੰ ਹੱਸਣ ਵੀ ਨਾ ਦਿਓ ਤੇ ਆਪ ਅਕਾਰਨ ਹੀ ਬੁੱਕੀ ਚਲੋ- 'ਮਾਸੂਮ ਲਹਿਰੋਂ ਪੇ ਪਹਿਰੇ ਬਿਠਾਏ ਜਾਤੇ ਹੈਂ/ਸਮੁੰਦਰੋਂ ਕੀ ਤਲਾਸ਼ੀ ਕੋਈ ਨਹੀਂ ਲੇਤਾ'।

ਫ਼ਿਲਮ 'ਭੰਗੜਾ' ਵਿਚ ਮੁਹੰਮਦ ਰਫ਼ੀ ਦਾ ਇਕ ਗੀਤ ਹੈ- ਚਿੱਟੇ ਦੰਦ ਹੱਸਣੋਂ ਨਹੀਂ ਰਹਿੰਦੇ ਤੇ ਲੋਕੀਂ ਭੈੜੇ ਸ਼ੱਕ ਕਰਦੇ। ਹਾਂ, ਹੌਲੀ-ਹੌਲੀ ਇਸ ਮਾਨਸਿਕਤਾ ਵਿੱਚ ਤਬਦੀਲੀ ਆ ਰਹੀ ਹੈ।

ਹੱਸਣਾ ਕੋਈ ਮਜ਼ਾਕ ਨਹੀਂ ਹੈ। ਮਜ਼ਾਹ/ਹਾਸ-ਰਸ ਲੇਖਣੀ ਵੀ ਇਕ ਸੰਜੀਦਾ ਸਿਨਫ਼ ਹੈ। ਅੰਗਰੇਜ਼ੀ ਸਾਹਿਤ ਦਾ ਦਿੱਗਜ ਹਡਸਨ 'ਹਿਊਮਰ' ਨੂੰ ਇਕ ਗੰਭੀਰ ਗੱਲ ਆਖਦੈ। ਹੱਸਣਾ ਵੀ ਮੌਕੇ ਮੌਕੇ ਦਾ। ਬੇਮੌਕਾ/ ਬੇਲੋੜਾ ਹਾਸਾ 'ਹਾਸੇ ਦਾ ਮੰਡਾਸਾ' ਹੋ ਨਿੱਬੜਦਾ ਹੈ। ਨਾਲੇ 'ਹਸਾਏ ਦਾ ਨਾਂਅ ਨਹੀਂ ਹੁੰਦਾ, ਰੁਆਏ ਦਾ ਹੋ ਜਾਂਦਾ ਹੈ।'

ਅੱਜਕਲ ਲੋਕ ਹੱਸਣਾ ਭੁੱਲ ਗਏ ਹਨ। ਪਿਛਲੇ ਇਕ ਸਾਲ ਤੋਂ ਕੋਰੋਨਾ ਮਹਾਂਮਾਰੀ ਨੇ ਕੁਲ ਆਲਮ ਦੁਖੀ ਕਰ ਰੱਖਿਆ ਹੈ। ਹੱਸਣਾ ਤਾਂ ਦੂਰ ਦੀ ਗੱਲ, ਲੋਕ ਘਰਾਂ ਦੇ ਘੁਰਨਿਆਂ 'ਚ ਸਹਿਮੇ ਬੈਠੇ ਹਨ। ਕੋਰੋਨਾ ਦੇ ਦੂਸਰੇ ਗੇੜ ਅਤੇ ਇਸ ਦੇ ਵੱਖਰੇ ਰੂਪ ਨੇ ਸਭ ਦੇ ਸਾਹ ਸੂਤੇ ਹੋਏ ਹਨ। ਇਸ ਸਥਿਤੀ ਵਿਚ ਕੋਈ ਦੀਵਾਨਾ, ਸੂਰਮਾ ਜਾਂ ਪਰਮਾਤਮਾ ਦਾ ਵਰੋਸਾਇਆ ਸ਼ਖ਼ਸ ਹੀ ਹੱਸ ਸਕਦੈ-

'ਯਾ ਤੋ ਦੀਵਾਨਾ ਹਸੇ ਯਾ ਤੂ ਜਿਸੇ ਤੌਫ਼ੀਕ ਦੇ ਵਰਨਾ ਇਸ ਦੁਨੀਆ ਮੇਂ ਰਹਿ ਕਰ ਮੁਸਕਰਾ ਸਕਤਾ ਹੈ ਕੌਨ ?'

ਕਈ ਵਾਰ ਹੰਝੂ ਛੁਪਾਉਣ ਲਈ ਵੀ ਹੱਸਿਆ ਜਾਂਦੈ- 'ਤੁਮ ਜੋ ਇਤਨਾ ਮੁਸਕਰਾ ਰਹੇ ਹੋ/ਕਯਾ ਗ਼ਮ ਹੈ ਜਿਸ ਕੋ ਛੁਪਾ ਰਹੇ ਹੋ'।

ਮਸ਼ਹੂਰ ਪਾਕਿਸਤਾਨੀ ਮਜ਼ਾਹੀਆ ਸ਼ਾਇਰ ਅਨਵਰ ਮਸੂਦ ਕਹਿੰਦੈ- 'ਯੇ ਜੋ ਹਸਨਾ ਹਸਾਨਾ ਹੋਤਾ ਹੈ, ਰੋਨੇ ਕਾ ਛੁਪਾਨਾ ਹੋਤਾ ਹੈ'।

ਹੱਸਣ ਦੇ ਕਈ ਫ਼ਾਇਦੇ ਹਨ। ਹੱਸਦਾ ਬੰਦਾ ਸਭ ਨੂੰ



ਭਾਉਂਦਾ ਹੈ, ਰੋਂਦੜ ਕੋਲੋਂ ਸਭ ਪਰਾਂ ਰਹਿੰਦੇ ਹਨ। ਹੱਸਣਾ ਇਕ ਸੁਖਦ ਅਹਿਸਾਸ ਹੈ। ਇਹ ਸਾਡੀ ਖ਼ੈਰ-ਸੁੱਖ/ਸਲਾਮਤੀ ਅਤੇ ਸਿਹਤਮੰਦੀ/ ਤੰਦਰੁਸਤੀ ਵਿਚ ਸੁਧਾਰ ਕਰਦੈ। ਇਹ ਤਣਾਉ ਘਟਾਉਂਦਾ ਹੈ, ਮਾਸ-ਪੇਸ਼ੀਆਂ ਨੂੰ ਰਾਹਤ ਦਿੰਦਾ, ਢਿੱਡ ਦੀ ਕਸਰਤ ਕਰਦੈ, ਸਾਡੀ ਕੁਨੈਕਟੇਵਿਟੀ ਵਧਾਉਂਦੈ ਅਤੇ ਸਾਨੂੰ ਚੰਗੇ, ਸਾਕਾਰਾਤਮਿਕ, ਸਲਾਹੁਣਯੋਗ ਇਨਸਾਨ ਬਣਾਉਂਦੈ।

ਸਿਹਤ ਪੱਖੋਂ ਵੀ ਹੱਸਣ ਦੇ ਕਈ ਲਾਭ ਹਨ। ਮੈਡੀਕਲ ਤੌਰ 'ਤੇ ਹੱਸਣ ਨਾਲ ਸਾਡੇ ਅੰਦਰ 'ਐਂਡੋਰਫਿਨਜ਼' ਰਿਲੀਜ਼ ਹੁੰਦੇ ਜੋ ਇਕ ਕੁਦਰਤੀ ਦਰਦ-ਨਿਰੋਧਕ ਤੱਤ ਹੈ।

ਇਹ ਵੀ ਕਿਹਾ ਜਾਂਦਾ ਕਿ ਹੱਸਣ ਨਾਲ ਬਲੱਡ ਪ੍ਰੈਸ਼ਰ ਅਤੇ ਸਟਰੈੱਸ-ਹਾਰਮੋਨਜ਼ ਦਾ ਪੱਧਰ ਵੀ ਘਟਦੈ।

ਇਸੇ ਲਈ ਹਾਸੇ ਨੂੰ ਪ੍ਰਫੁੱਲਿਤ ਕਰਨ ਲਈ ਵਿਸ਼ਵ ਭਰ ਵਿਚ ਹਰ ਸਾਲ ਮਈ ਮਹੀਨੇ ਦੇ ਪਹਿਲੇ ਐਤਵਾਰ ਵਾਲੇ ਦਿਨ 'ਵਿਸ਼ਵ ਹਾਸਾ ਦਿਵਸ' ਮਨਾਇਆ ਜਾਂਦੈ। ਐਲੇਕਸ ਰਿਟਵਨ ਅਨੁਸਾਰ ਇਸ ਵਿਸ਼ਵ ਹਾਸਾ ਦਿਵਸ ਦਾ ਮਕਸਦ ਹਾਸੇ ਰਾਹੀਂ ਭਾਈਚਾਰੇ ਅਤੇ ਮਿੱਤਰਚਾਰੇ ਦੀ ਇਕ ਵਿਸ਼ਵ ਪੱਧਰੀ ਚੇਤਨਾ ਪੈਦਾ ਕਰਨਾ ਹੈ ਜੋ ਕਿ ਵਿਸ਼ਵ ਸ਼ਾਂਤੀ ਦਾ ਰਚਨਾਤਮਿਕ ਪ੍ਰਗਟਾਵਾ ਹੈ। ਇਸ ਦਿਨ ਲੋਕੀਂ ਜਨਤਕ ਥਾਵਾਂ ਤੇ ਇਕੱਤਰ ਹੋ ਕੇ ਖੁੱਲ ਕੇ ਹੱਸਦੇ ਹਨ ਢਿੱਡੀਂ ਪੀੜ ਪਾਉਣ ਵਾਲਾ ਹਾਸਾ।

ਇਸ ਵੇਲੇ 105 ਤੋਂ ਵੀ ਵੱਧ ਮੁਲਕਾਂ ਵਿਚ ਹਜ਼ਾਰਾਂ ਲਾਫਟਰ ਕਲੱਬ ਤੇ ਸੈਂਕੜੇ ਹੋਰ ਹਾਸਾ-ਗਰੁੱਪ ਹੋਂਦ ਵਿਚ ਆ ਚੁੱਕੇ ਹਨ। ਖ਼ੈਰ, ਹੋਣਾ ਤਾਂ ਚਾਹੀਦੈ ਰੀਝ ਵਾਲਾ ਹਾਸਾ-ਠੱਠਾ, ਖ਼ੁਸ਼ੀ-ਖੇੜਾ, ਕਿਉਂਕਿ 'ਨਚਣੁ ਕੁਦਣੁ ਮਨ ਕਾ ਚਾਉ' (ਗੁਰਬਾਣੀ) ਤੇ 'ਖ਼ੂਬ ਨੇ ਇਹ ਝਾਂਜਰਾਂ ਛਣਕਣ ਲਈ/ ਪਰ ਕੋਈ 'ਚਾ ਵੀ ਤਾਂ ਦੇ ਨੱਚਣ ਲਈ' (ਪਾਤਰ)। ਚਲੋ, ਇਸ ਦੀ ਘਾਟ ਜਾਂ ਗ਼ੈਰ-ਮੌਜੂਦਗੀ ਵਿੱਚ ਐਕਸਰਸਾਈਜ਼ ਵਾਲਾ ਹਾਸਾ ਹੀ ਸਹੀ।

ਵੈਸੇ ਆਮ ਲੋਕਾਂ ਵਿਚ ਦੂਸਰਿਆਂ ਉੱਪਰ ਹੱਸਣ ਦਾ ਰੁਝਾਨ ਵਧੇਰੇ ਹੁੰਦਾ ਹੈ। ਚੰਗਾ ਹਾਸਾ ਉਹ ਹੁੰਦਾ ਹੈ ਜੋ ਰਲ-ਮਿਲ ਕੇ ਹੱਸਿਆ ਜਾਏ। ਇਕ ਦਿਲ ਦੇ ਰੋਗਾਂ ਦੇ ਡਾਕਟਰ ਨੇ ਆਪਣੇ ਕਲੀਨਿਕ ਦੇ ਬਾਹਰ ਲਿਖਿਆ ਸੀ- 'ਖੋਲ ਦੇਤੇ ਦਿਲ ਅਗਰ ਹੱਸ ਬੋਲ ਕੇ ਯਾਰੋਂ ਕੇ ਸਾਥ,

ਤੋ ਹਮੇ ਨਾ ਖੋਲਨਾ ਪੜਤਾ ਯੂੰ ਔਜ਼ਾਰੋਂ ਕੇ ਸਾਥ'।

ਵਸੀਮ ਬਰੇਲਵੀ ਅਨੁਸਾਰ-

'ਮੁਸਕਰਾਉ ਕਿ ਜ਼ਿੰਦਗੀ ਲੌਟੇ/ਰੇਤ ਕੇ ਤਲ ਪਰ ਨਮੀ ਲੌਟੇ, ਹੋਂਟੋਂ ਪੇ ਜੰਮ ਗਏ ਸੰਨਾਟੇ/ਕੁਛ ਕੀਆ ਜਾਏ ਕਿ ਜ਼ਿੰਦਗੀ ਲੌਟੇ'।

ਸਾਨੂੰ ਕਦੀ-ਕਦੀ ਆਪਣੇ ਆਪ ਉੱਪਰ ਵੀ ਹੱਸ ਲੈਣਾ ਚਾਹੀਦੈ। ਰੈੱਡ ਸਕੇਲਟਨ ਤਾਂ ਜ਼ਿੰਦਗੀ 'ਤੇ ਹੀ ਥੋੜਾ ਬਹੁਤਾ ਹੱਸਣ ਦੀ ਸਲਾਹ ਦਿੰਦਾ ਹੈ। ਸੁਰਜੀਤ ਪਾਤਰ ਤਾਂ ਸਿਰੇ ਦੀ ਗੱਲ ਹੀ ਕਰ ਦਿੰਦੈ-

'ਓਹੀ ਹਾਸਾ ਸੁੱਚਾ ਦੱਸੀਏ

ਜੇਕਰ ਆਪਣੇ ਆਪ 'ਤੇ ਹੱਸੀਏ।

ਹੱਸਿਆਂ ਹੀ ਨਿਰਵਾਣ ਮਿਲੇਗਾ

ਜੀਵਨ ਜੀਣ ਦਾ ਤਾਣ ਮਿਲੇਗਾ।'

# ਬੇਜੋੜ ਸੀ ਗੜ੍ਹੀ ਚਮਕੌਰ ਦੀ ਜੰਗ

ਗੁਰਮੇਲ ਸਿੰਘ ਗਿੱਲ

ਚਮਕੌਰ ਦੀ ਗੜ੍ਹੀ ਦੀ ਜੰਗ ਸਿੱਖ ਇਤਿਹਾਸ ਵਿੱਚ ਇਸ ਕਰਕੇ ਵੀ ਅਹਿਮੀਅਤ ਰੱਖਦੀ ਹੈ ਕਿਉਂਕਿ ਇੱਕ ਪਾਸੇ ਲੱਖਾਂ ਦੀ ਗਿਣਤੀ ਵਿੱਚ ਹਥਿਆਰਾਂ ਨਾਲ ਲੈਸ ਮੁਗ਼ਲ ਫ਼ੌਜ ਤੇ ਦੂਜੇ ਪਾਸੇ ਕਈ ਮਹੀਨਿਆਂ ਤੋਂ ਭੁੱਖੇ-ਭਾਣੇ ਮੁੱਠੀ ਭਰ ਸਿੰਘ। ਇਸ ਜੰਗ ਵਿੱਚ ਇੱਕ ਪਾਸੇ ਤਨਖ਼ਾਹ ਲੈ ਕੇ ਨੌਕਰੀ ਕਰਨ ਵਾਲੇ ਮੁਗ਼ਲ ਸੈਨਿਕ ਸਨ ਅਤੇ ਦੂਜੇ ਪਾਸੇ ਨਿਸ਼ਕਾਮ ਸੇਵਾ ਤੇ ਕੁਰਬਾਨੀ ਦੀ ਭਾਵਨਾ ਰੱਖਣ ਵਾਲੇ ਮਰਜੀਵੜੇ ਸਿੰਘ। ਕੱਚੀ ਗੜ੍ਹੀ ਦੇ ਮਾਲਕ ਚਮਕੌਰ ਨੰਬਰਦਾਰ ਨੇ ਮੁਗ਼ਲ ਹਾਕਮਾਂ ਨੂੰ ਮੁਖ਼ਬਰੀ ਕੀਤੀ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਦੋਵਾਂ ਵੱਡਿਆਂ ਸਾਹਿਬਜ਼ਾਦਿਆਂ ਅਤੇ ਤਿੰਨ ਪਿਆਰਿਆਂ ਸਮੇਤ 40 ਸਿੰਘਾਂ ਨੂੰ ਸ਼ਹਾਦਤ ਦੇਣੀ ਪਈ। ਗੁਰੂ ਜੀ ਦੇ ਦਰਬਾਰੀ ਕਵੀ ਕੋਇਰ ਸਿੰਘ, ਕਵੀ ਸੁੱਖਾ ਸਿੰਘ, ਕਵੀ ਸੈਨਾਪਤਿ ਆਦਿ ਦੀਆਂ ਸਮਕਾਲੀ ਕਿਰਤਾਂ ਨੂੰ ਵਾਚਣ ’ਤੇ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਖ਼ਿਲਾਫ਼ ਨਾ ਸਿਰਫ਼ ਮੁਗ਼ਲ ਹਕੂਮਤ ਅਤੇ ਪਹਾੜੀ ਰਾਜੇ ਹੀ ਸਨ ਸਗੋਂ ਵੱਡੇ-ਵੱਡੇ ਅਖੌਤੀ ਜ਼ਮੀਨਾਂ ਜਾਇਦਾਦਾਂ ਦੇ ਮਾਲਕ ਕੁਝ ਜਗੀਰਦਾਰ ਲੋਕ ਵੀ ਉਨਾਂ ਵਿਰੁੱਧ ਸਨ। ਦਸਮ ਪਿਤਾ ਨੂੰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਕੁਰਾਨ ਦੀ ਪੋਥੀ ਸਮੇਤ ਲਿਖਤੀ ਪੱਤਰ ਰਾਹੀਂ ਸਹੁੰ ਪਾ ਕੇ ਫ਼ੌਜਾਂ ਸਮੇਤ ਆਨੰਦਪੁਰ ਦਾ ਕਿਲਾ ਛੱਡਣ ਲਈ ਕਿਹਾ ਸੀ। ਉਸ ਨੇ ਨੌਵੇਂ ਗੁਰੂ ਦੀ ਸ਼ਹਾਦਤ ਲਈ ਵੀ ਲਿਖਤੀ ਮੁਆਫ਼ੀ ਮੰਗਦਿਆਂ ਇਹ ਵੀ ਲਿਖਿਆ ਕਿ ਜੇ ਗੁਰੂ ਸਾਹਿਬ ਚਮਕੌਰ ਆ ਜਾਣ ਤਾਂ ਮੁਗ਼ਲ ਹਕੂਮਤ ਵੱਲੋਂ ਉਨਾਂ ਦਾ ਕੋਈ ਨੁਕਸਾਨ ਨਹੀਂ ਕੀਤਾ ਜਾਵੇਗਾ। ਜਦੋਂ ਗੁਰੂ ਜੀ ਚਮਕੌਰ ਪਹੁੰਚੇ ਤਾਂ ਮੁਗ਼ਲ ਹਕੂਮਤ ਨੂੰ ਸੂਚਿਤ ਕੀਤਾ ਗਿਆ। ਛਲ ਕਰਦਿਆਂ ਮੁਖ਼ਬਰ ਜਾਗੀਰਦਾਰ ਚਮਕੌਰ, ਗੁਰੂ ਗੋਬਿੰਦ ਸਿੰਘ ਜੀ ਅਤੇ 40 ਸਿੰਘਾਂ ਨੂੰ ਆਪਣੀ ਗੜ੍ਹੀ ਵਿੱਚ ਲੈ ਆਇਆ। ਨਤੀਜੇ ਵਜੋਂ 21 ਦਸੰਬਰ 1704 ਦੀ ਸ਼ਾਮ ਤਕ ਦਸ ਲੱਖ ਸ਼ਾਹੀ ਲਸ਼ਕਰ ਨੇ ਗੜ੍ਹੀ ਨੂੰ ਘੇਰਾ ਪਾ ਲਿਆ।

ਦੁਨੀਆਂ ਦੇ ਇਤਿਹਾਸ ਦਾ ਇਹ ਅਸਾਵਾਂ ਤੇ ਭਿਆਨਕ ਯੁੱਧ 22 ਦਸੰਬਰ ਨੂੰ ਦਿਨ ਚੜ੍ਹਦਿਆਂ ਹੀ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੇ ਗੜ੍ਹੀ ਦੀਆਂ ਚਾਰੇ ਬਾਹੀਆਂ ’ਤੇ ਅੱਠ-ਅੱਠ ਸਿੰਘ ਤਾਇਨਾਤ ਕਰ ਦਿੱਤੇ। ਦੋਵੇਂ ਵੱਡੇ ਸਾਹਿਬਜ਼ਾਦੇ, ਭਾਈ ਜੀਵਨ ਸਿੰਘ ਅਤੇ ਪੰਜ ਪਿਆਰੇ ਗੜ੍ਹੀ ਦੀ ਮਮਟੀ ’ਤੇ ਗੁਰੂ ਜੀ ਦੇ ਕੋਲ ਰਹੇ। ਦੁਸ਼ਮਣ ਵੱਲੋਂ ਨਾਹਰ ਖਾਂ, ਹੈਬਤ ਖਾਂ, ਗਨੀ ਖਾਂ, ਇਸਮਾਈਲ ਖਾਂ, ਉਸਮਾਨ ਖਾਂ, ਸੁਲਤਾਨ ਖਾਂ, ਖਵਾਜਾ ਖਿਜਰ ਖਾਂ, ਜਹਾਂ ਖਾਂ, ਨਜੀਬ ਖਾਂ, ਮੀਆਂ ਖਾਂ, ਦਿਲਾਵਰ ਖਾਂ, ਸੈਦ ਖਾਂ, ਜਬਰਦਸਤ ਖਾਂ ਅਤੇ ਗੁਲਬੇਲ ਖਾਂ ਆਦਿ ਪ੍ਰਸਿੱਧ ਮੁਗ਼ਲ ਜਰਨੈਲ ਵਜੀਦ ਖਾਂ ਦੀ ਅਗਵਾਈ ਵਿੱਚ ਗੜ੍ਹੀ ਨੂੰ ਘੇਰਾ ਪਾ ਰਹੇ ਸਨ। ਢਿੰਡੋਰਾ ਪਿਟਵਾ ਕੇ ਗੁਰੂ ਜੀ, ਉਨਾਂ ਦੇ ਸਾਹਿਬਜ਼ਾਦਿਆਂ ਅਤੇ ਲਾਡਲੀਆਂ ਫ਼ੌਜਾਂ ਨੂੰ ਆਤਮ-ਸਮਰਪਣ ਕਰ ਦੇਣ ਲਈ ਸ਼ਾਹੀ ਫ਼ੁਰਮਾਨ ਸੁਣਾਇਆ ਗਿਆ। ਗੁਰੂ ਜੀ ਨੇ ਮੁਗ਼ਲਾਂ ਵੱਲੋਂ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਵਿਰੁੱਧ ਪਿਟਵਾਏ ਗਏ ਇਸ ਢਿੰਡੋਰੇ ਦਾ ਜਵਾਬ ਬੰਦੂਕਾਂ ਦੀਆਂ ਗੋਲੀਆਂ, ਤੀਰਾਂ ਦੀ ਬੁਛਾੜ ਅਤੇ ਜੈਕਾਰਿਆਂ ਦੀ ਗੂੰਜ ਨਾਲ ਦਿੱਤਾ। ਗੁਰੂ ਜੀ ਦੇ ਇਸ਼ਾਰੇ ’ਤੇ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਨੇ ਰਣਜੀਤ ਨਗਾਰੇ ਨੂੰ ਚੋਟ ਲਾਈ ਤਾਂ ਚਾਰ ਚੁਫ਼ੇਰਾ ਗੂੰਜ ਉੱਠਿਆ। ਜਰਨੈਲ ਵਜੋਂ ਸੇਵਾ ਸੰਭਾਲਦਿਆਂ ਭਾਈ ਸਾਹਿਬ ਨੇ ਨਾਗਣੀ ਤੇ ਬਾਘਣੀ ਬੰਦੂਕਾਂ ਸੰਭਾਲ ਲਈਆਂ। ਭਾਵੇਂ ਮੁਗ਼ਲਾਂ ਵੱਲੋਂ ਵੀ ਤੀਰਾਂ ਅਤੇ ਗੋਲੀਆਂ ਦੀ ਬਾਰਸ਼ ਸ਼ੁਰੂ ਹੋ ਗਈ ਸੀ, ਪਰ ਗੜ੍ਹੀ ਨੇੜੇ ਜਾਣ ਦੀ ਹਿੰਮਤ ਕਿਸੇ ਵਿੱਚ ਨਹੀਂ ਸੀ। ਫਿਰ ਗਨੀ ਖਾਂ ਨੇ ਵੀ ਆਪਣੀ ਕਿਸਮਤ ਅਜ਼ਮਾਉਣ ਦੀ ਕੋਸ਼ਿਸ਼ ਕੀਤੀ ਤਾਂ ਗੁਰੂ ਜੀ ਨੇ ਗੁਰਜ ਦੇ ਇੱਕੋ ਵਾਰ ਨਾਲ ਉਸ ਦੇ ਸਿਰ ਦੀ ਮਿੱਝ ਕੱਢ ਦਿੱਤੀ। ਖਵਾਜਾ ਖਿਜਰ ਇਹ ਦ੍ਰਿਸ਼ ਦੇਖ ਕੇ ਗੜ੍ਹੀ ਦੀ ਕੰਧ ਓਹਲੇ ਲੁਕ ਗਿਆ। ਸਿੰਘਾਂ ਦੀ ਚੜ੍ਹਦੀ ਕਲਾ ਨੇ ਮੁਗ਼ਲ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵਿੱਚ ਘਬਰਾਹਟ ਪਾ ਦਿੱਤੀ। ਮਮਟੀ ਤੋਂ ਗੁਰੂ ਜੀ ਆਪ ਤੀਰਾਂ ਦੀ ਵਰਖਾ ਕਰਦੇ ਹੋਣ ਕਰਕੇ ਦੁਸ਼ਮਣ ਦੀਆਂ ਫ਼ੌਜਾਂ ਨੇੜੇ ਆਉਣ ਵਿੱਚ ਅਸਫਲ ਸਨ। ਗੋਲੀ ਸਿੱਕੇ ਦੀ ਘਾਟ ਹੋਣ ’ਤੇ ਦੁਪਹਿਰ ਵੇਲੇ ਸਿੰਘਾਂ ਨੇ ਪੰਜ-ਪੰਜ ਦੇ ਜਥਿਆਂ ਵਿੱਚ ਗੜ੍ਹੀ ਤੋਂ ਬਾਹਰ ਆ ਕੇ ਦੁਸ਼ਮਣ ਨਾਲ ਟੱਕਰ ਲੈਣੀ ਸ਼ੁਰੂ ਕੀਤੀ। ਭਾਈ ਸਾਹਿਬਾਨ ਧੰਨਾ ਸਿੰਘ, ਆਲਮ ਸਿੰਘ, ਆਨੰਦ ਸਿੰਘ, ਧਿਆਨ ਸਿੰਘ ਅਤੇ ਦਾਨ ਸਿੰਘ ਜੈਕਾਰੇ ਗੂੰਜਾ ਕੇ ਗੜ੍ਹੀ ਤੋਂ ਬਾਹਰ ਆਏ ਤੇ ਦੁਸ਼ਮਣ ’ਤੇ ਟੁੱਟ ਪਏ। ਸੈਂਕੜਿਆਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹੀਦੀਆਂ ਪ੍ਰਾਪਤ ਕਰ ਗਏ। ਦੂਜੇ ਜਥੇ ਵਿੱਚ ਭਾਈ ਸਾਹਿਬਾਨ ਸੇਵਾ ਸਿੰਘ, ਖਜਾਨ ਸਿੰਘ, ਮੁਕੰਦ ਸਿੰਘ, ਵੀਰ ਸਿੰਘ ਅਤੇ ਜਵਾਹਰ ਸਿੰਘ ਜੰਗ ਦੇ ਮੈਦਾਨ ਵਿੱਚ ਆਏ। ਦੁਸ਼ਮਣ ਵਿੱਚ ਹਾਹਾਕਾਰ ਮੱਚੀ। ਸਿੰਘਾਂ ਨੇ ਬਹਾਦਰੀ ਦੇ ਕਰਤੱਵ ਦਿਖਾਉਂਦਿਆਂ ਹਜ਼ਾਰਾਂ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਫਿਰ ਭਾਈ ਸਾਹਿਬਾਨ ਫਤਿਹ ਸਿੰਘ, ਸ਼ਾਮ ਸਿੰਘ, ਟਹਿਲ ਸਿੰਘ, ਮਦਨ ਸਿੰਘ ਅਤੇ ਸੰਤ ਸਿੰਘ ਹੋਰਾਂ ਦਾ ਜਥਾ ਭੇਜਿਆ ਗਿਆ। ਡਟਵਾਂ ਮੁਕਾਬਲਾ ਕਰਦਿਆਂ ਤੇ ਅਨੇਕਾਂ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦਿਆਂ ਚਾਰ ਸਿੰਘ ਸ਼ਹਾਦਤ ਪਾ ਗਏ। ਪੰਜਵੇਂ ਸਿੰਘ ਭਾਈ ਸੰਤ ਸਿੰਘ ਦੇ ਬਸਤਰ ਖ਼ੂਨ ਨਾਲ ਲੱਥਪੱਥ ਸਨ, ਫਿਰ ਵੀ ਉਹ ਬੜੀ ਬਹਾਦਰੀ ਨਾਲ ਦੁਸ਼ਮਣ ਦਾ ਮੁਕਾਬਲਾ ਕਰ ਰਿਹਾ ਸੀ। ਗੁਰੂ ਜੀ ਨੂੰ ਸਾਹਿਬਜ਼ਾਦਿਆਂ ਸਮੇਤ ਗੜ੍ਹੀ ਛੱਡਣ ਦੀ ਬੇਨਤੀ ਹੋਈ ਤਾਂ ਉਨਾਂ ਨੇ ਕਿਹਾ, ‘ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ, ਤੁਸੀਂ ਸਾਰੇ ਹੀ ਮੇਰੇ ਸਾਹਿਬਜ਼ਾਦੇ ਹੋ।’ ਜਦੋਂ ਭਾਈ ਸੰਤ ਸਿੰਘ ਸ਼ਹੀਦ ਹੋ ਗਿਆ ਤਾਂ ਗੁਰੂ ਜੀ ਨੇ ਗੜ੍ਹੀ ਛੱਡਣ ਦਾ ਫ਼ੈਸਲਾ ਕਰ ਲਿਆ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਦੋਵੇਂ ਹੱਥ ਜੋੜ ਕੇ ਪਿਤਾ ਜੀ ਨੂੰ ਬੇਨਤੀ ਕੀਤੀ ਕਿ ਉਨਾਂ ਨੂੰ ਜੰਗ ਵਿੱਚ ਜਾਣ ਦੀ ਆਗਿਆ ਦਿੱਤੀ ਜਾਵੇ। ਤੁਰੰਤ ਥਾਪੀ ਦਿੰਦਿਆਂ ਗੁਰੂ ਜੀ ਨੇ ਅੱਠ ਸਿੰਘਾਂ ਭਾਈ ਸਾਹਿਬਾਨ ਮੋਹਕਮ ਸਿੰਘ, ਲਾਲ ਸਿੰਘ, ਈਸ਼ਰ ਸਿੰਘ, ਸੁੱਖਾ ਸਿੰਘ, ਕੇਸਰ ਸਿੰਘ, ਕੀਰਤੀ ਸਿੰਘ, ਕੋਠਾ ਸਿੰਘ ਅਤੇ ਮੁਹਰ ਸਿੰਘ ਦਾ ਜਥਾ ਬਾਬਾ ਅਜੀਤ ਸਿੰਘ ਨਾਲ ਭੇਜਿਆ। ਗੜ੍ਹੀ ਵਿੱਚੋਂ ਨਿਕਲਦਿਆਂ ਹੀ ਸਿੰਘਾਂ ਨੇ ਜੈਕਾਰੇ ਛੱਡੇ। ਦੋ ਘੰਟਿਆਂ ਦੇ ਘਮਸਾਣ ਯੁੱਧ ਦੌਰਾਨ ਅਨੇਕਾਂ ਮੁਗ਼ਲ ਸਿਪਾਹੀ ਮਾਰ ਮੁਕਾਏ। ਪੁੱਤਰ ਨੂੰ ਸੂਰਬੀਰਤਾ ਨਾਲ ਜੂਝਦਿਆਂ ਵੇਖ ਕੇ ਦਸਮ ਪਿਤਾ ਦਾ ਖ਼ੂਨ ਹੋਰ ਉਬਾਲੇ ਖਾਣ ਲੱਗਾ ਤੇ ਗੜ੍ਹੀ ਵਿੱਚੋਂ ਹੀ ਸ਼ਾਬਾਸ਼ ਦਿੱਤੀ। ਤੀਰ ਮੁੱਕਣ ’ਤੇ ਸਿੰਘਾਂ ਨੇ ਤਲਵਾਰਾਂ ਕੱਢ ਲਈਆਂ। ਇੱਕ ਮੁਗ਼ਲ ਜਰਨੈਲ ਦੇ ਨੇਜ਼ੇ ਦਾ ਵਾਰ ਸਾਹਿਬਜ਼ਾਦੇ ’ਤੇ ਹੋਇਆ। ਉਹ ਤਾਂ ਬਚ ਗਏ, ਪਰ ਵਾਰ ਘੋੜੇ ’ਤੇ ਹੋ ਗਿਆ ਤਾਂ ਬਾਬਾ ਅਜੀਤ ਸਿੰਘ ਨੇ ਕਿਰਪਾਨ ਸੂਤ ਲਈ। ਲੜਦਿਆਂ-ਲੜਦਿਆਂ ਜਥੇ ਦੇ ਸਿੰਘ ਸ਼ਹੀਦ ਹੋ ਗਏ ਤਾਂ ਇਕੱਲਿਆਂ ਵੇਖ ਕੇ ਦੁਸ਼ਮਣ ਬਾਬਾ ਜੀ ’ਤੇ ਝਪਟ ਪਏ। ਬਸਤਰ ਵੀ ਖ਼ੂਨ ਨਾਲ ਸੂਹੇ ਹੋ ਗਏ ਤੇ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹਾਦਤ ਪ੍ਰਾਪਤ ਕਰ ਗਏ। ਵੱਡੇ ਭਰਾ ਵਾਂਗ ਬਾਬਾ ਜੁਝਾਰ ਸਿੰਘ ਦਾ ਖ਼ੂਨ ਵੀ ਉਬਾਲੇ ਖਾ ਰਿਹਾ ਸੀ। ਉਨਾਂ ਨੇ ਜੰਗ ਵਿੱਚ ਜਾਣ ਲਈ ਪਿਤਾ ਜੀ ਤੋਂ ਆਗਿਆ ਮੰਗੀ। ਦਸਮ ਪਿਤਾ ਨੇ ਸਾਹਿਬਜ਼ਾਦੇ ਦੀ ਦਲੇਰੀ ’ਤੇ ਫ਼ਖਰ ਮਹਿਸੂਸ ਕੀਤਾ। ਬਾਬਾ ਜੁਝਾਰ ਸਿੰਘ ਨੇ ਛੋਟੀ ਉਮਰ ਦੇ ਬਾਵਜੂਦ ਹੌਸਲੇ ਦਾ ਪ੍ਰਗਟਾਵਾ ਕੀਤਾ। ਪਿਤਾ ਜੀ ਨੇ ਪ੍ਰਸੰਨ ਹੋ ਕੇ ਸਾਹਿਬਜ਼ਾਦੇ ਨੂੰ ਪੰਜ ਸਿੰਘਾਂ ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ, ਭਾਈ ਅਮੋਲਕ ਸਿੰਘ ਤੇ ਭਾਈ ਧਰਮ ਸਿੰਘ ਨਾਲ ਮੈਦਾਨ-ਏ-ਜੰਗ ਵਿੱਚ ਤੋਰਿਆ। ਪਿਤਾ ਪੁੱਤਰ ਵਿਚਕਾਰ ਹੋਏ ਵਾਰਤਾਲਾਪ ਨੂੰ ਸੂਫ਼ੀ ਸ਼ਾਇਰ ਅੱਲਾ ਯਾਰ ਖਾਂ ਬਿਆਨ ਕਰਦੇ ਹਨਃ ਇਸ ਵਕਤ ਕਹਾ ਨੰਨੇ ਸੇ ਮਾਸੂਮ ਪਿਸਰ ਨੇ। ਰੁਖ਼ਸਤ ਹਮੇ ਦਿਲਵਾਉ ਪਿਤਾ, ਜਾਏਗੇ ਮਰਨੇ। ਭਾਈ ਸੇ ਬਿਛੜ ਕਰ ਹਮੇ, ਜੀਨਾ ਨਹੀ ਆਤਾ। ਸੋਨਾ ਨਹੀ, ਖਾਨਾ ਨਹੀ, ਪੀਨਾ ਨਹੀ ਭਾਤਾ। ਫਿਰਃ ਲੜਨਾ ਨਹੀਂ ਆਤਾ ਮੁਝੇ ਮਰਨਾ ਹੈ ਤੋ ਆਤਾ। ਖ਼ੁਦ ਬੜ ਕੇ ਗਲਾ ਤੇਗ ਪਿ ਧਰਨਾ ਤੋ ਹੈ ਆਤਾ। ਸਰਬੰਸਦਾਨੀ ਪਿਤਾ ਨੇ ਦੂਜੇ ਪੁੱਤਰ ਨੂੰ ਵੀ ਜੰਗ ਵਿੱਚ ਜਾਣ ਲਈ ਆਪਣੇ ਹੱਥੀਂ ਤਿਆਰ ਕੀਤਾ ਤੇ ਤੋਰਦਿਆਂ ਅਸ਼ੀਰਵਾਦ ਦਿੱਤਾ : ਲੋ ਜਾਓ ਸਿਧਾਰੋ, ਤੁਮੇ ਕਰਤਾਰ ਕੋ ਸੌਂਪਾ। ਮਰ ਜਾਓ ਯਾ ਮਾਰੋ ਤੁਮੇ ਕਰਤਾਰ ਕੋ ਸੌਂਪਾ। ਰੱਬ ਕੋ ਨ ਬਿਸਾਰੋ ਤੁਮੇ ਕਰਤਾਰ ਕੋ ਸੌਂਪਾ। ਸਿੱਖੀ ਕੋ ਉਭਾਰੋ ਤੁਮੇ ਕਰਤਾਰ ਕੋ ਸੌਂਪਾ। ਵਾਹਗੁਰੂ ਅਬ ਜੰਗ ਕੀ, ਹਿੰਮਤ ਤੁਮੇ ਬਖਸ਼ੇ। ਪਿਆਸੇ ਹੋ ਜਾਤੇ, ਜਾਮਿ ਸ਼ਹਾਦਤ ਤੁਮੇ ਬਖਸ਼ੇ।। ਬਾਬਾ ਅਜੀਤ ਸਿੰਘ ਅਤੇ ਸਿੰਘਾਂ ਦੀ ਸ਼ਹਾਦਤ ਹੋਣ ਕਰਕੇ ਜਥੇ ਦੇ ਸਿੰਘਾਂ ਵਿੱਚ ਕਾਫ਼ੀ ਜੋਸ਼ ਤੇ ਗੁੱਸਾ ਵੀ ਸੀ। ਦੁਸ਼ਮਣ ਦੀ ਫ਼ੌਜ ਵਿੱਚ ਵਧਦੇ ਜਥੇ ਵੈਰੀਆਂ ਦੇ ਆਹੂ ਲਾਹੁੰਦੇ ਰਹੇ। ਬਾਬਾ ਜੁਝਾਰ ਸਿੰਘ ਤੇ ਉਨਾਂ ਦੇ ਜਥੇ ਨੂੰ ਹਮਲਾ ਕਰਨ ’ਤੇ ਵਾਰ-ਵਾਰ ਘੇਰਾ ਪੈ ਜਾਂਦਾ, ਮਮਟੀ ਵਿੱਚੋਂ ਗੁਰੂ ਜੀ ਤੀਰਾਂ ਤੇ ਗੋਲੀਆਂ ਦੀ ਬੁਛਾੜ ਕਰ ਦਿੰਦੇ ਤਾਂ ਦੁਸ਼ਮਣ ਦਾ ਘੇਰਾ ਟੁੱਟ ਜਾਂਦਾ। ਸਾਹਿਬਜ਼ਾਦੇ ਨੇ ਨੇਜੇ ਨਾਲ ਵੈਰੀਆਂ ’ਤੇ ਵਾਰ ਕਰ ਕੇ ਬਹਾਦਰੀ ਦੇ ਜੌਹਰ ਵਿਖਾਏ। ਹਕੂਮਤ ਦੀ ਦਸ ਲੱਖ ਤੋਂ ਵੱਧ ਫ਼ੌਜ ਅੱਗੇ ਮੁੱਠੀ ਭਰ ਲਾਡਲੀਆਂ ਫ਼ੌਜਾਂ ਅਖੀਰ ਕਿੰਨਾ ਕੁ ਸਮਾਂ ਟਿਕ ਸਕਦੀਆਂ ਸਨ। ਸਾਹਿਬਜ਼ਾਦੇ ਸਮੇਤ ਜਥੇ ਦੇ ਸਿੰਘ ਸ਼ਹੀਦੀਆਂ ਪਾ ਗਏ। ਪਿਤਾ ਲਾਡਲੇ ਸਿੰਘਾਂ ਤੇ ਦੋਵਾਂ ਪੁੱਤਰਾਂ ਦੀ ਬੀਰਤਾ ਦੇ ਜੌਹਰ ਅੱਖੀਂ ਦੇਖੇ। ਉਨਾਂ ਨੂੰ ਸ਼ਹੀਦ ਹੁੰਦਿਆਂ ਵੇਖ ਕੇ ਜੈਕਾਰੇ ਨਾਲ ਹੀ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਸੀਸ ਝੁਕਾਇਆ ਕਿ ਤੇਰੀ ਅਮਾਨਤ ਤੈਨੂੰ ਸੌਂਪ ਦਿੱਤੀ। ਅੱਲਾ ਯਾਰ ਖਾਂ ਲਿਖਦੇ ਹਨਃ ਬਸ ਏਕ ਹਿੰਦ ਮੇ ਤੀਰਥ ਹੈ, ਯਾਤਰਾ ਕੇ ਲਿਯੇ। ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲਿਯੇ।। ਚਮਕ ਹੈ ਮਿਹਰ ਕੀ ਚਮਕੌਰ ਤੇਰੇ ਜ਼ੱਰੋ ਮੇ। ਯਹੀ ਸੇ ਬਨ ਕੇ ਸਿਤਾਰੇ ਗਏ ਸ਼ਮਾਂ ਕੇ ਲਿਯੇ।। ਚਾਲੀ ਸਿੰਘਾਂ ਵਿੱਚੋਂ 11 ਸਿੰਘ ਭਾਈ ਸਾਹਿਬਾਨ ਧਰਮ ਸਿੰਘ, ਦਇਆ ਸਿੰਘ, ਸੰਗਤ ਸਿੰਘ, ਲੱਧਾ ਸਿੰਘ, ਦੇਵਾ ਸਿੰਘ, ਰਾਮ ਸਿੰਘ, ਸੰਤੋਖ ਸਿੰਘ, ਮਾਨ ਸਿੰਘ, ਕਾਠਾ ਸਿੰਘ, ਕੇਹਰ ਸਿੰਘ ਆਦਿ ਰਹਿ ਗਏ। ਮੌਕੇ ’ਤੇ ਨਾਮਜ਼ਦ ਕੀਤੇ ਪੰਜ ਪਿਆਰਿਆਂ ਦੇ ਗੁਰਮਤੇ ਨੂੰ ਪ੍ਰਵਾਨਗੀ ਦਿੰਦਿਆਂ ਅਤਿ ਨਾਜ਼ੁਕ ਸਥਿਤੀ ਵਿੱਚ ਗੁਰੂ ਜੀ ਨੂੰ ਗੜ੍ਹੀ ਛੱਡਣੀ ਪਈ। ਗੁਰੂ ਜੀ ਜਾਣ ਸਮੇਂ ਆਪਣੀ ਪਵਿੱਤਰ ਕਲਗੀ ਤੇ ਪੁਸ਼ਾਕਾ ਭਾਈ ਜੀਵਨ ਸਿੰਘ ਨੂੰ ਪਹਿਨਾ ਕੇ ਆਪਣੀ ਥਾਂ ’ਤੇ ਯੁੱਧਨੀਤੀ ਤਹਿਤ ਬੁਰਜ ਵਿੱਚ ਬਿਠਾ ਕੇ ਆਪ ਤਿੰਨ ਸਿੰਘਾਂ ਸਮੇਤ ਪੰਜ ਪਿਆਰਿਆਂ ਦੇ ਹੁਕਮ ਨੂੰ ਪ੍ਰਵਾਨਗੀ ਦੇ ਗਏ। ਗੜ੍ਹੀ ਪਰਿਕਰਮਾ ਵਿੱਚ ਚਾਲੀ ਸਿੰਘਾਂ ਵਿੱਚੋਂ ਵੱਡੇ ਸ਼ਾਹਿਬਜ਼ਾਦਿਆਂ ਦੀ ਇਤਿਹਾਸਕ ਯਾਦਗਾਰ ਨੇੜੇ ਭਾਈ ਜੀਵਨ ਸਿੰਘ ਦੀ ਇੱਕੋ-ਇੱਕ ਪ੍ਰਾਚੀਨ ਤੇ ਇਤਿਹਾਸਕ ਯਾਦਗਾਰ ਬਣੀ ਹੋਈ ਹੈ। ਭਾਈ ਜੀਵਨ ਸਿੰਘ ਹਾਜ਼ਰ 11 ਸਿੰਘਾਂ ਵਿੱਚੋਂ ਸਭ ਤੋਂ ਪਿੱਛੋਂ ਸ਼ਹਾਦਤ ਪਾਉਣ ਵਾਲੇ ਜਰਨੈਲ ਸਨ।

# ਜ਼ਫ਼ਰਨਾਮਾ

ਜੋਰਾਵਰ ਸਿੰਘ ਤਰਸਿੱਕਾ

ਜ਼ਫ਼ਰਨਾਮਾ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਫ਼ਾਰਸੀ ਰਚਨਾ ਹੈ। ‘ਜ਼ਫ਼ਰਨਾਮਾ’ ਫ਼ਾਰਸੀ ਦੇ ਦੋ ਸ਼ਬਦਾਂ ‘ਜ਼ਫ਼ਰ’ ਅਤੇ ‘ਨਾਮਾ’ ਨਾਲ ਮਿਲਕੇ ਬਣਿਆ ਹੈ। ਜ਼ਫ਼ਰ ਦਾ ਅਰਥ ਹੈ ਜਿੱਤ, ਕਾਮਯਾਬੀ, ਤਕਮੀਨ ਅਤੇ ਨਾਮਾ ਦਾ ਅਰਥ ਹੈ ਲਿਖਤ, ਕਿਰਤ, ਚਿੱਠੀ, ਪੱਤਰ, ਪੁਸਤਕ ਆਦਿ ।

ਮਾਛੀਵਾੜੇ ਦੇ ਜੰਗਲ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੀਨਾ ਪੁੱਜੇ, ਜਿੱਥੇ ਉਨਾਂ ਨੇ ਔਰੰਗਜ਼ੇਬ ਵੱਲ ਦਸੰਬਰ 1705 ਵਿੱਚ ਆਪਣੀ ਫਤਹ ਦਾ ਪੱਤਰ ਜ਼ਫਰਨਾਮਾ ਲਿਖ ਕੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਹੱਥ ਭੇਜਿਆ। ਜਦੋਂ ਇਹ ਜ਼ਫਰਨਾਮਾ ਔਰੰਗਜ਼ੇਬ ਨੂੰ ਉਸ ਦੀ ਬੇਟੀ ਨੇ ਪੜ ਕੇ ਸੁਣਾਇਆ ਫੇਰ ਔਰੰਗਜ਼ੇਬ ਉਠ ਨਹੀਂ ਸਕਿਆ।

ਉਸ ਰਾਤ ਜੋ ਜ਼ਫਰਨਾਮਾ ਸੁਣ ਕੇ ਬੀਤਿਆ

ਕਦੇ ਹਨੇਰੀ-ਝਖੜ, ਕਦੇ ਬਦਲਾਂ ਦੀ ਗੜ ਗੜ, ਕਦੇ ਦਰਵਾਜ਼ੇ ਖਿੜਕੀਆਂ ਦੀ ਤਾੜ ਤਾੜ ਬਾਦਸ਼ਾਹ ਔਰੰਗਜ਼ੇਬ ਦੇ ਮਨ ਵਿਚ ਖੌਰੂ ਪਾ ਰਹੀ ਸੀ। ਸਰੀਰ ਤਰੇਲੀਓਂ-ਤਰੇਲੀ ਸੁਰਾਹੀਆਂ ਦੀਆਂ ਸੁਰਾਹੀਆਂ, ਪਾਣੀ ਦੀਆਂ ਖਤਮ ਹੁੰਦੀਆਂ ਜਾ ਰਹੀਆਂ ਸੀ। ਨੀਂਦ ਮੰਜੇ ਤੋਂ ਕੋਸੋਂ ਦੂਰ ਸੀ। ਮਖਮਲੀ ਸੇਜ ਕੰਡਿਆਂ ਤੋਂ ਬਦਤਰ ਹੋ ਗਈ ਸੀ । ਸਿਰ ਦੀ ਟੋਪੀ ਕਈ ਵਾਰ ਸਿਰ ਤੇ ਟਿਕੀ ਤੇ ਕਈ ਵਾਰ ਡਿੱਗੀ ।

ਪਾਗਲਾਂ ਤੇ ਵਹਿਸ਼ੀਆਂ ਵਾਂਗ ਸਿਰ ਮਾਰਦਾ ਬਾਦਸ਼ਾਹ ਦਾ ਹਾਲ ਅੱਜ ਦੀ ਰਾਤ ਟੱਪਰੀਵਾਸਾ ਤੋਂ ਵੀ ਭੈੜਾ ਸੀ। ਹੁੱਕੇ ਦੇ ਕਸ਼ ਖਿਚਦਿਆਂ ਉਸ ਨੂੰ ਜਬਰਦਸਤ ਖੰਘ ਛਿੜ ਪਈ। ਐਸੀ ਖੰਘ ਜਿਵੇਂ ਖਊਂ ਖਊਂ ਕਰਦਿਆਂ ਮਹਿਲ ਦੀਆਂ ਦੀਵਾਰਾਂ ਹਿਲ ਹਿਲ ਉਹਦੇ ਉਪਰ ਢੇਹ-ਢੇਰੀ ਹੋ ਜਾਣਗੀਆਂ। ਜ਼ਫਰਨਾਮੇ ਦੀ ਇਕ ਇਕ ਸੱਤਰ ਉਸਦਾ ਸੀਨਾ ਕੋਹ ਰਹੀ ਸੀ। ਕਾਫਰ, ਦੱਗਾ-ਫਰੋਸ਼, ਈਮਾਂ-ਸ਼ਿਕਨ ਸ਼ਬਦ ਉਸਦੀ ਰੂਹ ਨੂੰ ਖਰੋਚ ਰਹੇ ਸੀ। ਗੁਰੂ ਤੇਗ ਬਹਾਦਰ ਤੋਂ ਲੈ ਕੇ ਛੋਟੇ ਸਾਹਿਬਜ਼ਾਦਿਆਂ ਤੱਕ ਦੀਆਂ ਸ਼ਹਾਦਤਾਂ ਦੀਆਂ ਤਸਵੀਰਾਂ ਉਸਦੇ ਸਾਹਮਣੇ ਰੂਪਮਾਨ ਹੋ ਕੇ ਆ ਰਹੀਆਂ ਸਨ ।

ਚਾਂਦਨੀ ਚੌਂਕ ਦੇ ਸਾਹਮਣੇ ਚੌਂਕੜਾ ਲਾਈ ਬੈਠਾ ਗੁਰੂ ਤੇਗ ਬਹਾਦਰ ਉਸਤੇ ਜਿਵੇਂ ਜ਼ੋਰੋ-ਜ਼ੋਰ ਹੱਸ ਰਿਹਾ ਹੋਵੇ, ‘ਔਰੰਗੇ ਦੇਖ ਤੇਨੂੰ ਕਿਹਾ ਸੀ ਨਾ ਕਿ ਤੇਰੀ ਰੂਹ ਤੋਂ ਪਾਪਾਂ ਦਾ ਭਾਰ ਚੁਕ ਨਹੀਂ ਹੋਣਾ, ਦਸ ਭਲਾ ਅੱਜ ਕੌਣ ਹਾਰਿਆ’ ਤੂੰ ਤਾਂ ਜਿੱਤ ਜਿੱਤ ਕੇ ਵੀ ਲਗਾਤਾਰ ਹਾਰਦਾ ਆਇਆਂ ਏਂ, ਉਸਨੇ ਗੁਰੂ ਦੇ ਸਾਏ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਕੁਝ ਵੀ ਹੱਥ ਪਲੇ ਨਾ ਪਿਆ। ਸਿੱਧਾ ਸਪਾਟ ਮੱਥਾ ਫਰਸ਼ ਤੇ ਜਾ ਵਜਿਆ ਮੱਥੇ ਉਤੇ ਪਿਆ ਰੋੜਾ ਉਸਦੇ ਹੱਥ ਤੇ ਪੂਰੀ ਤਰਾ ਰੜਕ ਰਿਹਾ ਸੀ। ਮੱਥੇ ਤੇ ਹੱਥ ਘਸਾਉਂਦਾ, ਡਿਗਦਾ ਢਹਿੰਦਾ ਸ਼ੀਸ਼ੇਦਾਨੀ ਮੁਹਰੇ ਜਾ ਪਹੁੰਚਿਆ, ਆਪਣੇ ਆਪ ਨੂੰ ਸ਼ੀਸ਼ੇ ਵਿਚ ਤੱਕਿਆ, ਉਹ ਤ੍ਰਭਕ ਗਿਆ। ਸ਼ੀਸ਼ੇ ਵਿਚ ਉਸ ਨੂੰ ਭਿਆਨਕ ਅਕਸ ਦਿਖਿਆ, ਇਕ ਕਾਤਲ, ਇਕ ਸ਼ਿਕਾਰੀ, ਰੱਬ ਦੇ ਘਰ ਦਾ ਦੁਸ਼ਮਨ ਤੇ ਜ਼ਾਲਮਾਂ ਦਾ ਹਮਾਇਤੀ।

ਉਹ ਸ਼ੀਸ਼ੇ ਵਲੋਂ ਮੂੰਹ ਮੋੜ ਕੇ ਸੇਜ ਵਲ ਦੌੜਿਆ, ਉਸ ਨੂੰ ਲੱਗਾ ਜਿਵੇਂ ਕੋਈ ਉਸਦੀ ਰੂਹ ਘਸਾ-ਘਸ ਚੀਰ ਰਿਹਾ ਹੋਵੇ, ਉਹ ਵਿਲਕਣ ਲੱਗਾ, ਮਤੀਦਾਸ ਦੇ ਸਿਰ ਤੇ ਚਲਦਾ ਆਰਾ, ਉਸ ਨੂੰ ਪ੍ਰਤੱਖ ਦਿਸਣ ਲੱਗਾ, ਮਤੀ ਦਾਸ ਦਾ ਡਿਗਦਾ ਦੋ-ਫਾੜ ਸਰੀਰ ਉਹਨੇ ਸੰਭਾਲਣ ਦੀ ਕੋਸ਼ਿਸ਼ ਕੀਤੀ ਪਰ ਖਾਲੀ ਬਾਹਾਂ ਮਾਰਨ ਤੋਂ ਸਿਵਾ ਉਸਦੇ ਪਲੇ ਕੁਝ ਨਾ ਪਿਆ। ਥੱਕ-ਹਾਰ ਕੇ ਉਸਨੇ ਮਤੀ ਦਾਸ ਦੇ ਚਰਨਾਂ ’ਤੇ ਢਹਿਣ ਦੀ ਕੋਸ਼ਿਸ਼ ਕੀਤੀ, ‘ਬਖਸ਼ ਮੇਰੇ ਗੁਨਾਹਾਂ ਨੂੰ ਵੀਰ ਪੁਰਸ਼ਾ ਬਖਸ਼।’ ਮੱਥੇ ਤੇ ਇਕ ਹੋਰ ਰੋੜੇ ਤੋਂ ਸਿਵਾ ਕੁਝ ਵੀ ਨਸੀਬ ਨਾ ਹੋਇਆ, ਸ਼ੀਸ਼ੇ ਨੂੰ ਦੁਬਾਰਾ ਵੇਖਣ ਦਾ ਹੀਆ ਨਾ ਪਿਆ ਦੌੜ ਕੇ ਆਪਣੇ ਮੰਜੇ ’ਤੇ ਜਾ ਲੇਟਿਆ। ਰਜਾਈ ਵਿਚ ਸਿਰ ਜਾ ਤੁਨਿਆ ਪਰ ਉਭੜਵਾਹੇ ਫਿਰ ਉਠ ਕੇ ਬਹਿ ਗਿਆ।

ਜਿਸਮ ਤੇ ਲਪੇਟੀ ਰਜਾਈ ਉਸ ਨੂੰ ਅੱਗ ਵਰਗੀ ਜਾਪੀ। ਸੱਚ-ਮੁਚ ਰਜਾਈ ਤੋਂ ਲਪਟਾਂ ਨਿਕਲ ਰਹੀਆਂ ਸਨ। ਬਿਲਕੁਲ ਉਵੇਂ ਜਿਵੇਂ ਸਤੀਦਾਸ ਦੁਆਲੇ ਰੂੰ ਵਿਚੋਂ ਨਿਕਲੀਆਂ ਸਨ। ਉਸਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਭੱਜ ਕੇ ਜਾਵੇ ਕਿਥੇ, ਅਖੀਰ ਉਹ ਬਾਦਸ਼ਾਹ ਸੀ, ਉਹ ਮੁਈਨੂਦੀਨ ਤੋਂ ਬੜੇ ਫਖਰ ਨਾਲ ਔਰੰਗਜੇਬ ਬਣਿਆ ਸੀ -ਜਿਸਦਾ ਮਤਲਬ ਤਖ਼ਤ ਦੀ ਸ਼ਾਨ। ਉਹ ਆਲਮਗੀਰ ਸੀ, ਜਿਸਦਾ ਮਤਲਬ ਸੀ ਕੁਲ ਦੁਨੀਆਂ ਦਾ ਵਾਲੀ। ਉਹ ਅੱਜ ਦੁਨੀਆਂ ਨੂੰ ਪਿੱਠ ਕਿਵੇਂ ਦਿਖਾ ਸਕਦਾ ਹੈ। ਉਸਨੇ ਸੋਚਿਆ ਕਿ ਉਹ ਅੰਦਰੋਂ-ਅੰਦਰ ਸਾਰੇ ਮਾਮਲੇ ਨਬੇੜ ਲਵੇਗਾ ਤੇ ਮੁਆਫੀਆਂ ਮੰਗ ਕੇ ਸੁਰਖਰੂ ਹੋ ਜਾਵੇਗਾ। ਖਾਲੀ ਇਕ ਰਾਤ ਦੀ ਤਾਂ ਗੱਲ ਸੀ, ਉਹ ਭੱਜ ਕੇ ਸਤੀ ਦਾਸ ਦੇ ਨੇੜੇ ਪਹੁੰਚਿਆ, ਹੱਥ ਮਾਰਕੇ ਅੱਗ ਦੀਆਂ ਲਪਟਾਂ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਹੱਥ ਤਾਂ ਜਿਵੇਂ ਖਾਲੀ ਹਵਾ ਵਿਚ ਸ਼ੂਕ ਰਹੇ ਸਨ। ਹੁਣ ਉਹ ਰੋਣ-ਹਾਕਾ ਹੋ ਗਿਆ। ਉਸਨੇ ਉੱਚੀ ਅਵਾਜ਼ ਵਿਚ ਚੀਕਾਂ ਮਾਰਨ ਦੀ ਕੋਸ਼ਿਸ਼ ਕੀਤੀ, ਧੁਰ ਅੰਦਰੋਂ ਨਿਕਲੀਆਂ ਚੀਕਾਂ ਉਸਦੇ ਗਲੇ ਵਿਚ ਹੀ ਅਟਕ ਕੇ ਰਹਿ ਗਈਆਂ, ਉਹ ਮਾਰਦਾ ਵੀ ਕਿਵੇਂ ਅਖੀਰ ਉਹ ਬਾਦਸ਼ਾਹ ਸੀ।

ਉਹ ਪਾਨੀ ਦੀ ਸੁਰਾਹੀ ਵਲ ਦੌੜਿਆ, ਪਾਣੀ ਦਾ ਭਰਵਾਂ ਗਲਾਸ ਉਸਨੇ ਆਪਣੇ ਅੰਦਰ ਵਗਾਹ ਮਾਰਿਆ, ਪਾਣੀ ਨੇ ਠੰਡ ਪਾਉਣ ਦੀ ਬਜਾਏ ਉਸਦੇ ਅੰਦਰ ਉਬਾਲੇ ਛੇੜ ਦਿੱਤੇ। ਉਸ ਨੂੰ ਦੇਗ ਵਿਚ ਉਬਲਦਾ ਭਾਈ ਦਿਆਲਾ ਯਾਦ ਆਇਆ, ਉਹ ਲੇਟਣ ਲੱਗਾ, ਉਹਦੀਆਂ ਅੱਖਾਂ ਅੱਗੇ ਭਾਈ ਦਿਆਲਾ ਦੀ ਸ਼ਾਂਤ ਮੂਰਤ, ਦੇਗ ਵਿਚ ਚੌਂਕੜਾ ਮਾਰ ਕੇ ਬੈਠਾ, ਨਾਮ-ਰੰਗ ਵਿਚ ਰੰਗਿਆ ਉਹਨੂੰ ਹਲੂਣ ਰਿਹਾ ਸੀ, ਜਿਵੇਂ ਕਹਿ ਰਿਹਾ ਹੋਵੇ, ‘ਦੇਖ ਔਰੰਗੇ ਤੇਰੇ ਅੰਦਰ ਠੰਡੇ ਪਾਣੀ ਦਾ ਗਲਾਸ ਵੀ ਨਹੀਂ ਸਮਾ ਰਿਹਾ ਤੇ ਇਧਰ ਗੁਰੂ ਦੀ ਕ੍ਰਿਪਾ ਨਾਲ ਉਬਲਦੀ ਦੇਗ ਵੀ ਠੰਡਕ ਦੇ ਰਹੀ ਹੈ। ਉਹ ਲੇਟਦਾ ਹੋਇਆ ਅਚਾਨਕ ਸਿਰ ਮਾਰਦਾ ਉਠ ਖੜੋਤਾ। ਉਸਦੀ ਨਿਗਾਹ ਸਾਹਮਣੇ ਪਈ ਤੇਗ ਤੇ ਜਾ ਪਈ, ਉਹ ਤੇਗ ਵੱਲ ਵਧਿਆ, ਉਸ ਨੂੰ ਖ਼ਿਆਲ ਆਇਆ ਕਿ ਇਸ ਕੁਲਹਿਣੀ ਰਾਤ ਨਾਲ ਮੁਕਾਬਲਾ ਕਰਨ ਦੀ ਬਜਾਏ ਤਾਂ ਮਰ ਜਾਣਾ ਬਿਹਤਰ ਹੈ। ਉਸ ਨੇ ਤਲਵਾਰ ਮਿਆਨ ਵਿਚੋਂ ਕੱਢੀ, ਗਰਦਨ ’ਤੇ ਰੱਖੀ, ਫਿਰ ਉਸ ਨੂੰ ਖ਼ਿਆਲ ਆਇਆ ਹੱਥੀਂ ਮੌਤ ਸਹੇੜਨੀ ਕੁਫਰ ਹੈ, ਪਾਪ ਹੈ, ਨਿਰੀ ਕਾਇਰਤਾ ਹੈ, ਮੈਂ ਹਾਲਤ ਦਾ ਮੁਕਾਬਲਾ ਕਰਾਂਗਾ, ਭੁਲ ਬਖਸ਼ਾਵਾਂਗਾ, ਗੁਰੂ ਦੇ ਪੈਰ ਪਵਾਂਗਾ। ਦੋਜਖ ਦੀ ਸਜ਼ਾ ਤੋਂ ਬਚਾਂਗਾ, ਵਜੂਦ ਦੇ ਨਿਰੰਤਰ ਕਾਂਬੇ ਨੇ ਉਸਦੀਆਂ ਅੱਖਾਂ ਮੂੰਦ ਦਿੱਤੀਆਂ। ਉਸ ਨੂੰ ਗੁਰੂ ਤੇਗ ਬਹਾਦਰ ਦਾ ਇਕੋ ਝਟਕੇ ਨਾਲ ਸਰੀਰ ਅਲੱਗ ਹੁੰਦਾ ਦਿਖਾਈ ਦਿੱਤਾ, ਸਰੀਰ ਦੇ ਦੋ ਹਿੱਸੇ ਦੋਨੋਂ ਬਿਲਕੁਲ ਸ਼ਾਂਤ, ਤੇਗ ਚਲਦੇ ਵਕਤ ਕੋਈ ਹਿਲ ਨਾ ਜੁਲ, ਇਕ ਅਕਿਹ ਸ਼ਾਂਤੀ, ਉਸ ਨੂੰ ਆਪਣੇ ਅੰਦਰ ਗਿਲਾਨੀ ਮਹਿਸੂਸ ਹੋਈ। ਉਸਨੇ ਆਪਣੇ ਆਪ ਨੂੰ ਲਾਹਦਤ ਪਾਈ, ਉਸ ਨੂੰ ਆਪਣੀ ਔਰੰਗਜੇਬੀ ਤੇ ਸ਼ੱਕ ਹੋਣ ਲੱਗਾ। ਉਸਨੇ ਅਡੋਲ ਗੁਰੂ ਦੇ ਚਰਨਾਂ ’ਤੇ ਸੀਸ ਨੀਵਾਣ ਦੀ ਕੋਸ਼ਿਸ਼ ਕੀਤੀ, ਇਕ ਹੋਰ ਰੋੜਾ ਮੱਥੇ ਤੇ ਉਭਰ ਆਇਆ, ਉਸਦਾ ਮੱਥਾ ਉਸਦੀ ਆਪਣੀ ਪਹਿਚਾਣ ਤੋਂ ਬਾਹਰ ਹੋ ਗਿਆ। ਇਉਂ ਮਹਿਸੂਸ ਹੋਇਆ ਜਿਵੇ ਸ਼ੀਸ਼ਾ ਉਸਦਾ ਮੂੰਹ ਚਿੜਾ ਰਿਹਾ ਹੋਵੇ, ਉਸਨੇ ਅੱਤਰ ਦੀ ਸ਼ੀਸ਼ੀ ਸ਼ੀਸ਼ੇ ਤੇ ਵਗਾਹ ਮਾਰੀ, ਸ਼ੀਸ਼ੇ ’ਤੇ ਤਰੇੜਾਂ ਉਭਰ ਆਈਆਂ, ਉਸ ਨੂੰ ਆਪਣਾ ਚੇਹਰਾ ਕਿਤੇ ਵਧ ਭਿਆਨਕ ਦਿਖਾਈ ਦੇਣ ਲੱਗਾ। ਉਸਨੇ ਮੱਥੇ ’ਤੇ ਹੱਥ ਫੇਰਿਆ, ਉਬੜ ਖਾਬੜ ਮੱਥੇ ਨੇ ਆਨੰਦਪੁਰ ਦੀਆਂ ਉੱਚੀਆਂ ਨੀਵੀਆਂ ਪਹਾੜੀਆਂ ਯਾਦ ਕਰਾ ਦਿੱਤੀਆਂ।

ਬਾਕੀ ਸਫ਼ਾ 30 ’ਤੇ

# ਨਵੇਂ ਫੈਸ਼ਨ ਦਾ ਜਨਮ

**ਹਰਵਿੰਦਰ ਸਿੰਘ ਰੋਡੇ**

ਕਿਸੇ ਵੀ ਨਵੇਂ ਫੈਸ਼ਨ ਦਾ ਜਨਮ, ਲੋਕਗੀਤ ਦੇ ਜਨਮ ਵਰਗਾ ਹੀ ਹੁੰਦਾ ਹੈ। ਲੋਕ ਗੀਤ ਦੇ ਅਸਲ ਸਿਰਜਕ ਨੂੰ ਲੱਭਣ ਵਾਂਗ ਕਿਸੇ ਫੈਸ਼ਨ ਦੇ ਸਿਰਜਕ ਨੂੰ ਲੱਭਣਾ ਵੀ ਮੁਸ਼ਕਿਲ ਹੀ ਨਹੀਂ ਸਗੋਂ ਨਾ-ਮੁਮਕਿਨ ਹੈ। ਜਿਵੇਂ ਕੋਈ ਗੀਤ ਕਿਸੇ ਵਿਅਕਤੀ ਵਿਸ਼ੇਸ਼ ਦੇ ਹਾਵੇ-ਹਾਉਕੇ ਵਿੱਚੋਂ ਨਿਕਲ ਕੇ ਸਾਰਿਆਂ ਦੇ ਦਿਲਾਂ ਦੀ ਵੇਦਨਾ ਦਾ ਪ੍ਰਤੀਬਿੰਬ ਬਣਦਿਆਂ ਲੋਕ-ਗੀਤ ਹੋ ਨਿੱਬੜਦਾ ਹੈ ਤਿਵੇਂ ਹੀ ਫੈਸ਼ਨ ਵੀ ਕਿਸੇ ਇੱਕ ਦੀ ਮਜਬੂਰੀ ਜਾਂ ਲਾਲਸਾ ਵਿੱਚੋਂ ਨਿਕਲ ਕੇ ਸਭ ਦੇ ਸਿਰ ਦਾ ਭੂਤ ਬਣ ਬੈਠਦਾ ਹੈ। ਤੁਸੀਂ ਸੋਚਦੇ ਹੋਵੋਗੇ ਇਹ ਭਲਾ ਕਿਵੇਂ ਹੋ ਸਕਦਾ ਹੈ ? ਆਓ ! ਮੈਂ ਦੱਸਦਾ ਹਾਂ।

ਬੇਰੁਜ਼ਗਾਰੀ ਦੇ ਝੰਬੇ ਹੋਏ ਨੇ ਮੈਂ ਕਈ ਕੰਮ ਬਦਲ-ਬਦਲ ਕੇ ਕੀਤੇ, ਪਰ ਕੋਈ ਫਿੱਟ ਨਾ ਬੈਠਿਆ। ਇਸ ਭੱਜ-ਦੌੜ ਵਿੱਚ ਮੈਨੂੰ ਮੇਰੇ ਦੋਸਤ ਕਿਸ਼ੋਰ ਚੰਦ ਦੀ ਯਾਦ ਆਈ। ਕਿਸ਼ੋਰ ਚੰਦ ਪਿਛਲੇ ਕਈ ਸਾਲਾਂ ਤੋਂ ਸ਼ਹਿਰ ਵਿੱਚ ਰੈਡੀਮੇਡ ਕੱਪੜਿਆਂ ਦੀ ਦੁਕਾਨ ਚਲਾਉਂਦਾ ਹੈ। ਖੁੱਡੇ ਜਿੱਡੀ ਦੁਕਾਨ ਤੋਂ ਉਹਨੇ ਖਾਸਾ ਵੱਡਾ ਪਸਾਰਾ ਕਰ ਲਿਆ। ਉਹਦੀ ਤਰੱਕੀ ਵੇਖ ਕੇ ਮੇਰਾ ਮਨ ਵੀ ਉਹਦੇ ਵਾਲਾ ਕੰਮ ਅਜ਼ਮਾਉਣ ਵੱਲ ਉੱਲਰਿਆ। ਭਲਾ ਐਹੋ ਜਿਹੇ ਕੰਮ ਲਈ ਦੇਰ ਕਾਹਦੀ। ਆਪਾਂ ਚੁੱਕਿਆ ਦੁਪਹੀਆ ਤੇ ਉਹਦੇ ਤੋਂ ਸਲਾਹ ਲੈਣ ਤੁਰ ਪਏ।

'ਕੰਮ ਤਾਂ ਬਹੁਤ ਵਧੀਐ... ਪਰ ਜੀਹਦੇ ਗੇੜ 'ਚ ਆ-ਜੇ।' ਸਲਾਹ ਲੈਣ ਗਏ ਨੂੰ ਉਹਨੇ ਦੱਸਿਆ।

'ਗੇੜ 'ਚ ਲਿਆਉਣ ਨੂੰ ਇਹਦੇ ਲਈ ਕੀ ਮਾਰ ਕੇ 'ਗਾਹਾਂ ਕੋਕ ਪੜਨਾ ਪੈਂਦਾ।' ਮੈਂ ਆਪਣੇ ਮਜ਼ਾਹੀਆ ਲਹਿਜ਼ੇ ਵਿੱਚ ਗੱਲ ਕੀਤੀ।

'ਕੋਕ ਤਾਂ ਭਾਵੇਂ ਨਹੀਂ ਪੜਨਾ ਪੈਂਦਾ ਪਰ ਕੋਕ ਪੜਿਆਂ ਦੇ ਵੀ ਅੱਖੀਂ ਘੱਟਾ ਪਾਉਣ ਦੀ ਕਲਾ ਚਾਹੀਦੀ ਐ।' ਕਿਸ਼ੋਰ ਚੰਦ ਦਾ ਜਵਾਬ ਅਸਲੋਂ ਟੇਢਾ ਸੀ। ਮੈਂ ਹੋਰ ਵਿਸਥਾਰ ਜਾਨਣਾ ਚਾਹਿਆ ਤਾਂ ਉਹਨੇ ਮੈਨੂੰ ਇੱਕ-ਦੋ ਹਫ਼ਤੇ ਉਹਦੀ ਦੁਕਾਨ 'ਤੇ ਲਾ ਕੇ ਕੰਮ ਦੀਆਂ ਬਾਰੀਕੀਆਂ ਸਿੱਖ ਲੈਣ ਦੀ ਰਾਇ ਦਿੱਤੀ। ਮੈਂ ਉਹਦੀ ਗੱਲ ਮੰਨ ਕੇ ਦੁਕਾਨ 'ਤੇ ਜਾਣਾ ਸ਼ੁਰੂ ਕਰ ਦਿੱਤਾ।

ਰੋਜ਼ ਨਵੇਂ ਤੋਂ ਨਵਾਂ ਗਾਹਕ ਆਉਂਦਾ। ਉਹ ਆਪਣੀ ਲੱਛੇਦਾਰ ਭਾਸ਼ਾ ਨਾਲ ਸਭ ਨੂੰ ਕੀਲਦਾ ਤੁਰਿਆ ਜਾਂਦਾ। ਨਵੇਂ-ਨਵੇਂ ਫੈਸ਼ਨਾਂ ਬਾਰੇ ਗੱਲਾਂ ਕਰਦਾ। ਕੱਪੜਿਆਂ ਦੀਆਂ ਕਿਸਮਾਂ ਦੇ ਨਾਂ, ਕੰਪਨੀਆਂ ਦੇ ਨਾਂ, ਰੰਗਾਂ ਦੇ ਨਵੇਂ-ਨਵੇਂ ਨਾਂ, ਸਿਲਾਈ-ਢੰਗ ਦੇ ਨਾਂ ਆਦਿ ਸਭ ਦੂਣੀ ਦੇ ਪਹਾੜੇ ਵਾਂਗੂੰ ਉਹਦੀਆਂ ਉਂਗਲਾਂ 'ਤੇ ਸਨ। ਹਰ ਕਿਸੇ ਨੂੰ ਵਿਸ਼ਵਾਸ ਦਿਵਾਉਣ ਲਈ ਉਹ ਗਾਰੰਟੀ ਤੇ ਗਾਰੰਟੀ ਦਿੰਦਾ ਤੁਰਿਆ ਜਾਂਦਾ। ਮੈਂ ਉਹਦੀਆਂ ਗਾਰੰਟੀਆਂ ਤੋਂ ਤ੍ਰਭਕ ਜਾਂਦਾ।

ਇੱਕ ਦਿਨ ਤਿੱਖੜ ਦੁਪਹਿਰੇ ਮੁੜਕੋ-ਮੁੜਕੀ ਹੋਇਆ ਇਕ ਵਿਅਕਤੀ ਆਇਆ ਤੇ ਆਪਣੇ ਹੱਥ ਵਿਚਲੇ ਲਿਫ਼ਾਫ਼ੇ 'ਚੋਂ ਪੈਂਟ ਕੱਢ ਕੇ ਕਾਊਂਟਰ 'ਤੇ ਲਿਆ ਸੁੱਟੀ।

'ਆਹ ਕੀ ਐ ਯਾਰ। ਹਾਲੇ ਢਾਈ ਦਿਨ ਨਹੀਂ ਹੋਏ ਲੈ ਕੇ ਗਏ ਨੂੰ ਤੇ ਇਹਦੀਆਂ ਲੁੱਪੀਆਂ ਧਾਗੇ ਛੱਡਣ ਲੱਗ ਗਈਆਂ।' ਆਖਦਿਆਂ ਉਸ ਵਿਅਕਤੀ ਨੇ ਆਪਣੇ ਮੱਥੇ 'ਤੇ ਆਏ ਪਸੀਨੇ ਨੂੰ ਖੱਬੇ ਹੱਥ ਦੀ ਪਹਿਲੀ ਉਂਗਲ ਨਾਲ ਝਣਕ ਕੇ ਵਗਾਹ ਮਾਰਿਆ।

'ਕੋਈ ਗੱਲ ਨਹੀਂ ਵੀਰ ਜੀ... ਆਪਾਂ ਚੇਂਜ ਕਰ ਦਿੰਨੇ ਆਂ।' ਕਿਸ਼ੋਰ ਚੰਦ ਦੇ ਏਸ ਹਲੀਮੀ ਭਰੇ ਬੋਲਾਂ ਨੇ ਅੱਕੇ-ਥੱਕੇ ਲੱਗ ਰਹੇ ਉਸ ਵਿਅਕਤੀ ਵਿੱਚ ਜਿਵੇਂ ਨਵੀਂ ਊਰਜਾ ਭਰ ਦਿੱਤੀ ਹੋਵੇ। ਨਵੇਂ ਉਤਸ਼ਾਹ ਵਿੱਚ ਖੜਾ ਉਹੀ ਵਿਅਕਤੀ ਹੁਣ ਕੋਈ ਨਵੀਂ ਪੈਂਟ ਦੇਖ ਰਿਹਾ ਸੀ। ਕਿਸ਼ੋਰ ਚੰਦ ਮੁਸਕਰਾਉਂਦੇ ਚਿਹਰੇ ਨਾਲ ਕਾਊਂਟਰ 'ਤੇ ਪੈਂਟਾਂ ਵਿਛਾਉਂਦਾ ਜਾ ਰਿਹਾ ਸੀ। ਜਲਦੀ ਹੀ ਉਸ ਵਿਅਕਤੀ ਨੇ ਨਵੀਂ ਪੈਂਟ ਚੁਣੀ ਤੇ ਡੇਢ ਸੌ ਰੁਪਿਆ ਹੋਰ ਦੇ ਕੇ ਚੱਲਦਾ ਬਣਿਆ।

ਮੈਨੂੰ ਕਿਸ਼ੋਰ ਚੰਦ ਦਾ ਇਹ ਸੌਦਾ ਮੂਲੋਂ ਹੀ ਘਾਟੇ ਦਾ ਲੱਗਿਆ। ਉਹਨੂੰ ਇਸ ਬਾਬਤ ਪੁੱਛਿਆ ਤਾਂ ਉਹਨੇ ਮੁਸਕਰਾਉਂਦਿਆਂ ਜਵਾਬ ਦਿੱਤਾ, 'ਘਾਟੇ ਦਾ ਨਹੀਂ... ਇਹੀ ਪੈਂਟ ਏਦੂੰ ਮਹਿੰਗੇ ਰੇਟ 'ਚ ਜਾਂਦੀ ਵੇਖ ਲਈਂ। ਬਾਕੀ ਉਹ ਡੇਢ ਸੌ ਵੀ ਥੁੱਕ ਲਾ ਕੇ ਹੀ ਕਮਾ ਲਿਆ। ਸੀ ਤਾਂ ਓਹ ਪੈਂਟ ਵੀ ਏਸੇ ਰੇਟ ਦੀ ਹੀ।'

ਮੇਰੀ ਤਸੱਲੀ ਨਾ ਹੋਈ ਵੇਖ ਉਹ ਗੱਲ ਸੁਣਾਉਣ ਲੱਗਿਆ, 'ਮੈਂ ਇਹ ਕੰਮ ਤੁਰੇ ਜਾਂਦੇ ਨੇ ਨਹੀਂ ਸਿੱਖ ਲਿਆ। ਇਹਦੇ ਲਈ ਪੂਰੇ ਢਾਈ ਸਾਲ ਚੰਡੀਗੜ ਵਿੱਚ ਗਾਲੇ ਐ। ਲੈ ਓਥੋਂ ਦੀ ਗੱਲ ਸੁਣ। ਜਿੱਥੇ ਮੈਂ ਕੰਮ ਸਿੱਖਿਆ ਉਹ ਬੜੀ ਵੱਡੀ ਕੰਪਨੀ ਸੀ। ਕੱਪੜੇ ਬਣਾਉਂਦੀ ਵੀ ਸੀ ਤੇ ਵੇਚਦੀ ਵੀ। ਓਦੋਂ ਬੈੱਲ-ਬੌਟਮ ਜੀਨਾਂ ਦਾ ਰਿਵਾਜ਼ ਜ਼ੋਰਾਂ 'ਤੇ ਸੀ। ਫੇਰ ਪਤਾ ਨਹੀਂ ਕਿਹੜੀ ਨਵੀਂ ਕੰਪਨੀ ਨੇ ਨੈਰੋ ਜੀਨ ਸ਼ੁਰੂ ਕਰ ਦਿੱਤੀ ਕਿ ਸਾਡੀ ਕੰਪਨੀ ਨੂੰ ਆਪਣਾ ਵੱਡੀ ਤਾਦਾਦ ਵਿੱਚ ਤਿਆਰ ਕੀਤਾ ਸਟਾਕ ਬੇਕਾਰ ਜਾਂਦਾ ਲੱਗਿਆ। ਪਰ ਕੰਪਨੀ ਵਾਲਿਆਂ ਵੀ ਘਾਟ-ਘਾਟ ਦਾ ਪਾਣੀ ਪੀਤਾ ਹੁੰਦਾ। ਉਹ ਯਾਰ ਵੱਡੇ ਵਪਾਰੀ ਬੰਦੇ... ਅਗਲਿਆਂ ਨੇ ਦੋ-ਚਾਰ ਜੀਨਾਂ ਨੂੰ ਗੋਡਿਆਂ ਥੱਲੋਂ ਕੱਟ ਕੇ ਬਰਮੂਡੇ ਜਿਹੇ ਬਣਾ ਦਿੱਤੇ। ਬਸ ਜੀ ਇੱਕ ਨਵੇਂ ਜਿਹੇ ਉੱਠਦੇ ਫਿਲਮੀ ਅਦਾਕਾਰ ਦੇ ਬਰਮੂਡਾ ਪਵਾ ਕੇ ਟੀ.ਵੀ. 'ਤੇ ਗੇੜਾ ਕਢਵਾਉਣ ਦੀ ਦੇਰ ਸੀ ਕਿ ਦਿਨਾਂ ਵਿੱਚ ਹੀ ਲੋਕ ਕੈਪਰੀ-ਕੈਪਰੀ ਕਰਨ ਲੱਗ ਗਏ। ਕੰਪਨੀ ਦਾ ਸਾਰਾ ਸਟਾਕ ਡੂਢੀ ਕੀਮਤ 'ਤੇ ਵਿਕਿਆ। ਕਹਾਣੀ ਐਸੀ ਗੇੜ 'ਚ ਆਈ ਕਿ ਸਟਾਕ ਮੁੱਕਣ ਮਗਰੋਂ ਕੱਪੜੇ ਦੀ ਲਾਗਤ ਘੱਟ ਤੇ ਮੁਨਾਫ਼ਾ ਵੱਧ ਹੋਣ ਲੱਗ ਗਿਆ। ਲੈ ਮੁਨਾਫ਼ੇ ਦੀ ਸੁਣ-ਲੈ... ਪਤੰਦਰ ਕੈਪਰੀ ਤੋਂ ਨਿੱਕਰਾਂ 'ਤੇ ਆ ਗਏ ਤੇ ਨਿੱਕਰਾਂ ਤੋਂ ਚੱਡੀਆਂ 'ਤੇ। ਜਿਉਂ-ਜਿਉਂ ਕੱਪੜਾ ਘਟਾਉਂਦੇ ਜਾਣ ਤਿਉਂ-ਤਿਉਂ ਰੇਟ ਵਧਾਉਂਦੇ ਜਾਣ... ਜਿਵੇਂ ਘੁਮਿਆਰ ਭੋਰਾ ਵੀ ਮਿੱਟੀ ਅਜਾਈਂ ਨੀਂ ਗੁਆਉਂਦਾ ਤਿਵੇਂ ਇਹ ਢਾਈ ਇੰਚ ਦੀ ਲੀਰ ਵੀ ਵਿਅਰਥ ਨਈਂ ਜਾਣ ਦਿੰਦੇ। ਓਦੂੰ ਮਗਰੋਂ ਤਾਂ ਆਵਾ ਈ ਊਤ ਗਿਆ। ਕੰਪਨੀਆਂ ਨੂੰ ਜਿਵੇਂ ਨਿੱਕਰਾਂ 'ਤੇ ਲੇਡ ਮਾਰਨ ਦਾ ਖ਼ਰਚਾ ਵੀ ਫ਼ਜ਼ੂਲ ਜਾਪਣ ਲੱਗਿਆ। ਉਨਾਂ ਬਿਨਾਂ ਲੇੜ ਤੋਂ ਈ ਨਿੱਕਰਾਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਆਪਣੇ ਆਲੇ ਰੱਬ ਦੇ ਸਿਰਾਣੇ ਉਹ ਫਲੂਸੜਿਆਂ ਜਿਹੀਆਂ ਵਾਲੀਆਂ ਨਿੱਕਰਾਂ ਨੂੰ ਪੈਂਟਾਂ ਤੋਂ ਵੀ ਕਿਤੇ ਮਹਿੰਗੇ ਭਾਅ ਖਰੀਦਦੇ ਐ।'



ਉਹਦੀ ਏਸ ਗੱਲ ਤੋਂ ਮੈਨੂੰ ਮੇਰੇ ਨਾਲ ਪੜਦਾ ਰਿਹਾ ਧੀਰਾ ਯਾਦ ਆ ਗਿਆ। ਸਾਰੀ ਜਮਾਤ ਤੋਂ ਵੱਧ ਟੌਹਰੀ ਸੀ ਧੀਰਾ। ਉਹਦੀ ਪ੍ਰੈੱਸ ਕੀਤੀ ਵਰਦੀ ਦੀਆਂ ਕਰੀਜ਼ਾਂ ਹਰੇਕ ਦਾ ਧਿਆਨ ਖਿੱਚਦੀਆਂ। ਪੂੰਜੀ ਪੱਖੋਂ ਭਾਵੇਂ ਉਨਾਂ ਦਾ ਟੱਬਰ ਮੱਧਵਰਗੀ ਪਰਿਵਾਰ ਤੋਂ ਵੀ ਹੇਠਲੇ ਦਰਜੇ ਦਾ ਸੀ, ਪਰ ਅੱਜ ਤੱਕ ਕਦੇ ਉਹਨੇ ਬਿਨਾਂ ਪ੍ਰੈੱਸ ਕੀਤੇ ਕੱਪੜੇ ਨਹੀਂ ਸੀ ਪਾਏ। ਜਿਹੜਾ ਵੀ ਕੋਈ ਨਵਾਂ ਫੈਸ਼ਨ ਚੱਲਦਾ ਸਾਨੂੰ ਉਸ ਬਾਰੇ ਧੀਰੇ ਕੋਲੋਂ ਹੀ ਪਤਾ ਲੱਗਦਾ।

ਇਕ ਦਿਨ ਉਸ ਨੇ ਅਜੀਬੋ ਗਰੀਬ ਫੈਸ਼ਨ ਕੀਤਾ ਹੋਇਆ ਸੀ। ਸਾਰੇ ਉਹਨੂੰ ਰੁਕ-ਰੁਕ ਕੇ ਵੇਖਦੇ। ਉਹਦੀ ਸ਼ਰਟ ਮੂਹਰੋਂ ਪੈਂਟ ਵਿੱਚ ਦਿੱਤੀ ਹੋਈ ਤੇ ਪਿੱਛੋਂ ਬਾਹਰ ਕੱਢੀ ਹੋਈ ਸੀ। ਏਸ ਪਹਿਰਾਵੇ ਤੋਂ ਉਹ ਸਾਖਸ਼ਾਤ ਅੰਗਰੇਜ਼ੀ ਪੁਲੀਸ ਦਾ ਸਿਪਾਹੀ ਲੱਗਦਾ ਸੀ। ਉਹਦੇ ਇਸ ਫੈਸ਼ਨ ਦੀ ਰੀਸ-ਘੜੀਸੇ ਦੂਜੇ ਦਿਨ ਹੋਰ ਦੋ-ਚਹੁੰ ਜਣਿਆਂ ਦਾ ਇਉਂ ਹੀ ਕੀਤਾ ਹੋਇਆ ਸੀ। ਬਾਅਦ ਵਿੱਚ ਪਤਾ ਲੱਗਿਆ ਕਿ ਧੀਰੇ ਦੇ ਇਸ ਨਵੇਂ ਫੈਸ਼ਨ ਦਾ ਜਨਮ ਉਹਦੀ ਮਜਬੂਰੀ 'ਚੋਂ ਹੋਇਆ ਸੀ। ਹੋਇਆ ਇਉਂ ਕਿ ਓਦੂੰ ਇੱਕ ਦਿਨ ਪਹਿਲਾਂ ਹੋਈ ਤੇਜ਼ ਬਾਰਿਸ਼ ਨੇ ਉਹਦੀ ਧੋਤੀ ਹੋਈ ਵਰਦੀ ਸੁੱਕਣ ਨਾ ਦਿੱਤੀ। ਸਵੇਰੇ ਉਹ ਚੁੱਲੇ ਦੀ ਅੱਗ ਨਾਲ ਵਰਦੀ ਸੁਕਾਉਣ ਦੇ ਯਤਨ ਕਰਨ ਲੱਗਾ ਤਾਂ ਕੱਪੜੇ ਅੱਗ ਦੇ ਬਹੁਤਾ ਨੇੜੇ ਹੋ ਜਾਣ ਕਰਕੇ ਅਗਲੇ ਪਾਸਿਓਂ ਸ਼ਰਟ ਤੇ ਪਿਛਲੇ ਪਾਸਿਓਂ ਪੈਂਟ ਸੜ ਗਈ। ਸਕੂਲੋਂ ਵਰਦੀ ਤੋਂ ਬਗੈਰ ਕੁੱਟ ਖਾਣ ਨਾਲੋਂ ਉਹਨੇ ਇਹ ਫੈਸ਼ਨ ਬਣਾ ਲੈਣਾ ਹੀ ਠੀਕ ਸਮਝਿਆ।

ਵਕਤ ਦਾ ਪਹੀਆ ਅੱਗੇ ਰਿੜਿਆ। ਇੱਕ ਦਿਨ ਨਵੀਂ ਦੁਨੀਆ ਦੇ ਕਿਸੇ ਨੌਜਵਾਨ ਗਾਹਕ ਨੇ ਦੁਕਾਨ ਵਿੱਚ ਪੈਰ ਪਾਇਆ। ਨੌਜਵਾਨ ਦੀ ਦਿੱਖ ਵੇਖ ਮੈਂ ਪੂਰਾ ਤਾਣ ਲਾ ਕੇ ਆਪਣਾ ਹਾਸਾ ਰੋਕਿਆ। ਉਹਦੇ ਘੁੱਟਵੀਂ ਪੈਂਟ ਤੇ ਖਿੱਲਰਵੀਂ ਜਿਹੀ ਸ਼ਰਟ ਪਾਈ ਹੋਈ ਸੀ। ਪਾਇਆ ਪੱਕੀ ਜੈੱਲ ਲਾ ਕੇ ਸਿਰ 'ਤੇ ਕੁੱਕੜ ਬੋਦੀ ਬਣਾਈ ਹੋਈ ਤੇ ਵੱਡੇ ਆਕਾਰ ਦੀਆਂ ਕਾਲੀਆਂ ਐਨਕਾਂ ਮੱਥੇ ਤੋਂ ਉਤਾਂਹ ਟਿਕਾਈਆਂ ਹੋਈਆਂ ਸਨ। ਪਿੱਠ ਪਿੱਛੋਂ ਵੇਖਦਿਆਂ ਤਾਂ ਉਹਦਾ ਨਰ ਜਾਂ ਮਾਦਾ ਹੋਣ ਦਾ ਅਨੁਮਾਨ ਲਾਉਣਾ ਵੀ ਔਖਾ ਸੀ।

ਕਿਸ਼ੋਰ ਚੰਦ ਨੇ ਉਹਨੂੰ ਕਈ ਪੈਂਟਾਂ ਦਿਖਾਈਆਂ। ਪਰ ਉਹ ਹਰੇਕ ਪੈਂਟ ਨੂੰ ਵੇਖ ਨੱਕ ਚੜਾ ਲੈਂਦਾ। ਉਹਦਾ ਨਖਰਾ ਵੇਖ ਕੇ ਕਿਸ਼ੋਰ ਚੰਦ ਨੇ ਕਾਊਂਟਰ ਦੇ ਥੱਲਿਓਂ ਇੱਕ ਲਿਫ਼ਾਫ਼ਾ ਬੰਦ ਪੈਂਟ ਕੱਢੀ। ਲਿਫ਼ਾਫ਼ੇ ਵਿੱਚ ਪੈਂਟ ਦੇ ਨਾਲ ਇੱਕ ਫਿਲਮੀ ਅਦਾਕਾਰ ਦੀ ਤਸਵੀਰ ਵੀ ਝਲਕਾਰੇ ਮਾਰ ਰਹੀ ਸੀ। ਕਿਸ਼ੋਰ ਚੰਦ ਦੇ ਪੈਂਟ ਦਿਖਾਉਂਦਿਆਂ ਹੀ ਗਾਹਕ ਦੇ ਚਿਹਰੇ 'ਤੇ ਮੁਸਕਾਨ ਫੈਲ ਗਈ। ਉਹ ਕਦੇ ਪੈਂਟ ਵੱਲ ਵੇਖਦਾ ਤੇ ਕਦੇ ਲਿਫ਼ਾਫ਼ੇ ਵਿਚਲੀ ਤਸਵੀਰ ਵੱਲ।

ਮੈਂ ਉਸ ਪੈਂਟ ਨੂੰ ਵੇਖ ਕੇ ਹੈਰਾਨ ਸਾਂ। ਇਹ ਤਾਂ ਉਹੀ ਪੈਂਟ ਸੀ ਜੋ ਉਸ ਦਿਨ ਕੋਈ ਗਾਹਕ ਲੁੱਪੀਆਂ ਦੇ ਧਾਗੇ ਨਿਕਲ ਜਾਣ ਕਰਕੇ ਮੋੜ ਗਿਆ ਸੀ। ਮੈਂ ਲੁੱਪੀਆਂ ਵੇਖ ਕੇ ਹੈਰਾਨ ਸਾਂ। ਸੁਰਮੇ ਰੰਗੀ ਪੈਂਟ 'ਤੇ ਕਾਲੇ ਰੰਗ ਦੀਆਂ ਲੁੱਪੀਆਂ ਇਉਂ ਚਮਕ ਰਹੀਆਂ ਸਨ ਜਿਵੇਂ ਗੋਰੇ ਮੁੱਖੜੇ ਨੂੰ ਨਜ਼ਰ ਤੋਂ ਬਚਾਉਣ ਲਈ ਕਾਲੇ ਟਿੱਕੇ ਲਾਏ ਹੋਣ। ਕਿਸ਼ੋਰ ਚੰਦ ਨੇ ਪੈਂਟ ਦੀ ਐਸੀ ਭੂਮਿਕਾ ਬੰਨੀ ਕਿ ਗਾਹਕ ਹੱਸ ਕੇ ਨੌਂ ਸੌ ਰੁਪਏ ਵਿੱਚ ਪੈਂਟ ਖਰੀਦ ਕੇ ਚਲਦਾ ਬਣਿਆ।

ਗਾਹਕ ਤੁਰ ਜਾਣ ਮਗਰੋਂ ਇਸ ਬਾਬਤ ਕਿਸ਼ੋਰ ਚੰਦ ਨੂੰ ਪੁੱਛਿਆ ਤਾਂ ਉਹ ਏਸ ਨਵੇਂ ਫੈਸ਼ਨ ਦੀ ਜਨਮ ਕਹਾਣੀ ਸੁਣਾਉਣ ਲੱਗਾ, 'ਮੈਂ ਭਰਾਵਾ ਓ ਦਣ ਇਹ ਪੈਂਟ ਘਰ ਲੈ ਗਿਆ। ਘਰਵਾਲੀ ਨੂੰ ਆਖਿਆ, 'ਭਾਗਵਾਨੇ ਐਹੋ ਜਿਹੇ ਰੰਗ ਦੀ ਕੋਈ ਪੁਰਾਣੀ ਪੈਂਟ ਪਈ ਐ ਤਾਂ ਉਹਦੀਆਂ ਲੁੱਪੀਆਂ ਇਹਦੇ ਲਾ ਛੱਡ।' ਉਹਨੂੰ ਵਿਚਾਰੀ ਨੂੰ ਏਸ ਰੰਗ ਦੀ ਪੈਂਟ ਤਾਂ ਨਾ ਮਿਲੀ ਪਰ ਲੱਭਦੀ ਲੁਭਾਉਂਦੀ ਦੇ ਹੱਥ ਮੇਰੀ ਘਸੀ-ਪਿਟੀ ਕਾਲੀ ਪੈਂਟ ਲੱਗ ਗਈ। ਮੇਰੇ ਮਨ ਵਿੱਚ ਕਾਲੀ ਪੈਂਟ ਵੇਖਦਿਆਂ ਹੀ ਡਿਜ਼ਾਈਨ ਤਿਆਰ ਹੋ ਗਿਆ। ਮਖਿਆਂ ਏਸੇ ਦੀਆਂ ਹੀ ਜੜ ਦੇ... ਆਪਾਂ ਨਵਾਂ ਫੈਸ਼ਨ ਤਿਆਰ ਕਰ ਦਿਆਂਗੇ। ਬਸ ਫੇਰ ਕੀ ਸੀ। ਪੈਂਟ ਤਿਆਰ ਹੁੰਦਿਆਂ ਹੀ ਮੈਂ ਆਵਦੇ ਪਾ ਕੇ ਫੋਟੋ ਖਿਚਵਾ ਲਈ ਤੇ ਕੰਪਿਊਟਰ 'ਤੇ ਐਡਿਟ ਕਰਦਿਆਂ ਇਸੇ 'ਤੇ ਅਦਾਕਾਰ ਦਾ ਚਿਹਰਾ ਲਾ ਦਿੱਤਾ।'

ਉਹਦੀ ਗੱਲ ਸੁਣ ਕੇ ਮੈਨੂੰ ਇਉਂ ਲੱਗਿਆ ਜਿਵੇਂ ਅੱਜ ਦੇ ਜ਼ਮਾਨੇ ਵਿੱਚ ਕੱਪੜੇ ਦਾ ਕੰਮ ਚਲਾਉਣ ਲਈ ਇਕੱਲੀਆਂ ਗੱਲਾਂ ਹੀ ਨਹੀਂ ਸਗੋਂ ਕੰਪਿਊਟਰ ਸਿੱਖਣਾ ਵੀ ਲਾਜ਼ਮੀ ਹੋ ਗਿਆ ਹੋਵੇ। ਆਖ਼ਰ ਨਵੇਂ ਫੈਸ਼ਨਾਂ ਨੂੰ ਜਨਮ ਵੀ ਤਾਂ ਦੇਣਾ ਪੈਂਦਾ ਏ।



## ਜੀਵਨ ਸਫ਼ਰ 'ਤੇ ਇੱਕ ਝਾਤ

# ਸਾਹਿਬ ਲੇਖਾ ਮੰਗਸੀ



ਪਰਮਜੀਤ ਕੌਰ

ਅੱਜ ਨਿੱਤ ਨੇਮ ਸ਼ੁਰੂ ਕਰਦਿਆ ੴ ਹੀ ਕਿਹਾ ਸੀ ਕਿ ਕੰਬਣੀ ਜਿਹੀ ਛਿੜੀ। ਵਾਹਿਗੁਰੂ ਜੀ ਆਖਣ ਲੱਗੇ, 'ਤੂੰ ਅਜੇ ਤੱਕ ਆਪਣਾ ਫਰਜ ਨਹੀ ਨਿਭਾਇਆ, ਤੇਰੀ ਮਾਤਾ ਨੂੰ ਵਿਛੜੇ ਦੋ ਮਹੀਨੇ ਹੋ ਗਏ ' ਤੂੰ ਮਾਤਾ ਦਾ ਲੇਖਾ ਜੋਖਾ ਅਪਣੇ ਕੋਲ ਰੱਖੀ ਬੈਠੀ ਏ ਮੈਨੂੰ ਕਿਉ ਨਹੀ ਭੇਜਿਆ ?'

ਮੈਂ ਮੁਸਕਰਾਉਣ ਲੱਗੀ, ਜਨਮ ਤੋਂ ਲੈ ਕੇ ਹੁਣ ਤੱਕ ਮਾਂ ਨਾਲ ਬਿਤਾਏ ਸਫਰ ਵਿਚ ਘੁੰਮਣ ਲੱਗੀ। ਨਿਤਨੇਮ ਅੱਗੇ ਚਲੀ ਗਿਆ, ਕਦੇ ਵਾਹਿਗੁਰੂ ਜੀ ਆਖਣ 'ਹੁਕਮ ਰਜਾਈ ਚਲਣਾ।' ਕਦੇ ਆਖਣ 'ਨਾਨਕ ਭਗਤਾ ਸਦਾ ਵਿਗਾਸ..'

ਪਰ ਮੇਰਾ ਤਾਂ ਨੀਰ ਵਹੀ ਗਿਆ।

ਮੈਂ ਵਾਅਦਾ ਕੀਤਾ, ਵਾਹਿਗੁਰੂ ਜੀ, ਮੈਂ ਅੱਜ ਹੀ ਭੇਜਦੀ ਹਾਂ।

ਨਿੱਤ ਨੇਮ ਚਲਦਾ ਗਿਆ..ਵਾਹਿਗੁਰੂ ਜੀ ਵੇਖਦੇ ਰਹੇ ਕਿ ਮੇਰਾ ਧਿਆਨ ਕਿੱਥੇ ਹੈ, ਮਾਂ, ਤੂੰ ਮੈਨੂੰ ਰਾਇਕੋਟ ਆਪਣੇ ਘਰ ਇੱਕ ਕੋਨੇ ਖੜੀ ਅਰਜੋਈ ਕਰਦੀ ਦਿਖੀ, 'ਹਮਰੀ ਕਰੋ ਹਾਥ ਦੈ ਰੱਛਾ'।

ਪਰ ਮੈ ਤਾਂ ਅਜੇ ਇਹੋ ਪੜ ਰਹੀ ਸੀ.. 'ਸ੍ਰੀ ਭਗਵਾਨ ਕੋ ਭੇਦੁ ਨ ਪਾਇਉ'।

ਮੈਂ ਤੇਰੇ ਨਾਲ ਸੰਸਾਰ ਵਿਚ ਘੁੰਮਦੀ ਰਹੀ ਨਿਰੰਕਾਰ ਮੈਨੂੰ ਰੁਕਣ ਲਈ ਆਖਣ ਲੱਗੇ, ਮੇਰੀਆਂ ਅੱਖਾਂ ਵਿਚ ਹੜ ਆ ਗਿਆ।'

'ਇਹ ਸਰੀਰਾ ਮੇਰਿਆ ਇਸ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥ 'ਪਹੁੰਚ ਗਈ ਸਾਂ ਅਨੰਦੁ ਸਾਹਿਬ ਤੱਕ' ਪਰ ਧਿਆਨ, ਮੈਂ ਤੇਰਾ ਵਹੀ ਖਾਤਾ ਫਰੋਲਣ ਲੱਗੀ। ਮੂੰਹੋ ਨਿਕਲਿਆ–

'ਕਰਣੀ ਕਾਗਦੁ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ'

ਤੇ ਵਾਹਿਗੁਰੂ ਜੀ ਨੇ ਮੈਨੂੰ ਗਲਵਕੜੀ ਵਿਚ ਲੈ ਲਿਆ, ਮੇਰੀਆਂ ਅੱਖਾਂ ਪੂੰਝੀਆਂ ਤੇ ਚਲੇ ਗਏ, ਮੈਂ ਮਨ ਨੂੰ ਪੁੱਛਣ ਲੱਗੀ, ਮੇਰਾ ਸਰੀਰ ਕੰਬਣ ਲੱਗਾ, ਵਾਹਿਗੁਰੂ ਜੀ ਵਾਹਿਗੁਰੂ ਜੀ!

ਵਾਹਿਗੁਰੂ ਜੀ! ਕੀ ਆਖਾਂ! ਕਿਵੇਂ ਆਂਖਾਂ, ਹਿਰਦੇ ਦੇ ਕਾਗਜ ਤੇ ਮਨ ਮਸਵਾਣੀ ਨਾਲ ਲਿਖੀ ਇੱਕ ਚਿੱਠੀ ਲੱਭ ਗਈ ਵਾਹਿਗੁਰੂ ਜੀ ਤਾਂ ਉਹ ਚਿੱਠੀ ਪਹਿਲ਼ਾਂ ਹੀ ਪੜ ਚੁੱਕੇ ਸਨ ਪਰ ਉਹ ਤਾਂ ਮੇਰੇ ਨਾਲ ਲਾਡ ਕਰ ਰਹੇ ਸਨ ਤੇ ਮਾਂ ਦਾ ਪਿਆਰ ਦੇਣ ਆਏ ਸਨ ਕਿ ਕੀ ਹਾਲ ਹੈ ਇਸ ਦਾ ਮਾਂ ਦੇ ਵਿਛੋੜੇ ਵਿੱਚ, ਖੈਰ, ਮੈਂ ਉਹੀ ਚਿੱਠੀ ਅਕਾਲ ਪੁਰਖ ਨੂੰ ਅਰਪਿਤ ਕਰ ਦਿੱਤੀ। ਮਾਂ, ਤੈਨੂੰ ਉਸ ਚਿੱਠੀ ਦੀ ਕਾਪੀ ਭੇਜ ਰਹੀ ਹਾਂ। ਖਿਆਲ ਰੱਖੀਂ, ਮੇਰੇ ਪਿਆਰੇ ਪ੍ਰੀਤਮ ! ਵਾਹਿਗੁਰੂ ਜੀਓ!

ਮੇਰੀ ਮਾਂ ਤਾਂ ਆਪ ਜੀ ਦਾ ਹੀ ਰੂਪ ਸੀ।

ਭਲਾ ਆਪ ਜੀ ਤੋਂ ਵੱਧ ਮਾਂ ਦੀ ਲੇਖਾ ਰਿਪੋਰਟ ਮੈਂ ਕਿਵੇਂ ਜਾਣ ਸਕਦੀ ਹਾਂ।

ਜਦ ਆਪ ਜੀ ਨੇ ਮੇਰੇ ਜਨਮ ਲਈ ਇਸ ਮਾਂ ਦੀ ਕੁੱਖ ਨੂੰ ਚੁਣਿਆ ਤਾਂ ਮੈ ਉਸ ਨੂੰ ਵਾਹਿਗੁਰੂ! ਵਾਹਿਗੁਰੂ! ਕਰਦੇ ਹੀ ਸੁਣਿਆ ਸੀ, ਮੇਰੇ ਜਨਮ ਤੇ ਤਾਂ ਸਾਰੇ ਰਿਸ਼ਤੇਦਾਰ ਸੋਗ ਮਨਾਉਣ ਲੱਗੇ




ਕਿ ਘਰ ਵਿੱਚ ਦੂਜੀ ਧੀ ਜੰਮ ਪਈ ਪਰ ਮਾਂ ਤਾਂ ਮੈਨੂੰ ਦੁਨੀਆਂ ਦਿਖਾਉਣ ਤੋਂ ਪਹਿਲਾਂ ਹੀ ਕਹਿੰਦੀ ਸੁਣੀ ਸੀ, 'ਹੇ ਕਲਗੀਧਰ ਪਾਤਿਸਾਹ, ਮੇਰਾ ਬੱਚਾ ਕੁੱਝ ਵੀ ਹੋਵੇ ਪਰ ਚੜਦੀ ਕਲਾ ਦਾ ਸਰੂਪ ਹੋਵੇ'

ਵਾਹਿਗੁਰੂ ਜੀ, ਐਸਾ ਹੀ ਹੋਇਆ ਹੈ।

ਉਹ ਜਾਣਦੀ ਸੀ 'ਵਿਦਿਆ ਵੀਚਾਰੀ ਤਾ ਪਰਉਪਕਾਰੀ,' ਉਸ ਨੇ ਕਦੇ ਸਕੂਲ ਦਾ ਮੂੰਹ ਨਹੀਂ ਸੀ ਦੇਖਿਆ। ਮੇਰਾ ਕੋਈ ਵੀ ਇਮਤਿਹਾਨ ਹੁੰਦਾ, ਸੁਖਮਨੀ ਸਾਹਿਬ ਦਾ ਪਾਠ ਕਰਨ ਬੈਠ ਜਾਂਦੀਂ, ਜਦ ਤੱਕ ਇਮਤਿਹਾਨ ਦਾ ਸਮਾਂ ਹੁੰਦਾ ਪਾਠ ਕਰਦੀ ਰਹਿੰਦੀ। ਮੇਰੇ ਸਕੂਲ ਤੇ ਕਾਲਜ ਅਧਿਆਪਕਾਂ ਦੀ ਤਾਂ ਉਹ ਸਹੇਲੀ ਬਣੀ ਹੁੰਦੀ ਸੀ ਤਾਂ ਕਿ ਉਹ ਮੈਨੂੰ ਅਧਿਆਪਕ ਬਣਾ ਦੇਣ। ਬੜੀ ਕਾਮਯਾਬ ਰਹੀ ਮੇਰੀ ਮਾਂ, ਉਸ ਦੇ ਲਾਡ ਪਿਆਰ ਮਿਹਨਤ ਮੁਸ਼ੱਕਤ ਨੇ ਮੈਨੂੰ ਪ੍ਰਿੰਸੀਪਲ ਬਣਾ ਦਿੱਤਾ।

'ਸਾਚੈ ਸੁਣਨੈ ਨੋ ਪਠਾਏ' ਉਸ ਨੂੰ ਪਤਾ ਸੀ ਵਾਹਿਗੁਰੂ ਜੀ, ਅਕਾਲ ਪੁਰਖ ਦੇ ਭੈ ਵਿੱਚ ਰਹਿ ਕੇ ਹੀ ਸਚਿਆਰ ਬਣਨਾ ਹੈ, ਸੱਚੇ ਦੀ ਸੱਚੀ ਬਾਣੀ ਸੁਣਨ ਲਈ ਹੀ ਆਪ ਜੀ ਨੇ ਮੇਰੇ ਸਰੀਰ ਤੇ ਕੰਨ ਲਾਏ ਨੇ।

ਨਿਮਖ ਨਾ ਵਿਸਰੈ ਤੁਮ ਕੌ ਹਰਿ ਹਰਿ ਸਦਾ ਭਜਹੁ ਜਗਦੀਸ਼, ਪੂਤਾ ਮਾਤਾ ਕੀ ਆਸੀਸ। ਵਾਹਿਗੁਰੂ ਜੀ! ਆਪ ਜੀ ਨਾਲ ਜੁੜੇ ਰਹਿਣ ਦਾ ਪਾਠ ਪੜ੍ਹਾਉਂਦੀ ਰਹਿੰਦੀ। ਤਾਹੀਓਂ ਤਾਂ ਮੈਂ ਉਦਾਸ ਨਹੀਂ ਹਾਂ ਵਾਹਿਗੁਰੂ ਜੀ! ਆਪ ਜੀ ਅੰਗ ਸੰਗ ਹੋ।

ਉਸ ਨੇ ਮੈਨੂੰ 'ਸਚੁ' ਦਾ ਅਰਥ ਸਮਝਾਉਣ ਲਈ ਪੂਰਾ ਜ਼ੋਰ ਲਗਾ ਦਿੱਤਾ। ਜਪੁਜੀ ਪੜੋ, ਤੇ ਜਪਦੇ ਜਾਓ! ਨਿੱਕੀ ਉਮਰੇ ਅੰਮ੍ਰਿਤ ਵੇਲੇ ਮੈਨੂੰ ਗੁਰਦਵਾਰੇ (ਬਗੀਚੀ ਸਾਹਿਬ ਰਾਇਕੋਟ) ਉਂਗਲ ਫੜਾ ਕੇ ਨਾਲ ਲੈ ਜਾਂਦੀ ਤੇ ਗੁਰੂ ਸਾਹਿਬ ਅੱਗੇ ਬਿਠਾ ਕੇ ਹੁਕਮਨਾਮਾ ਸੁਣਨਾ ਸਿਖਾਉਂਦੀ ਕਿ ਜੋ ਗੁਰੂ ਕਹੇ ਸੋਈ ਭਲਾ ਮਾਨੋ। ਆਪ ਝਾੜੂ ਦੀ ਸੇਵਾ ਕਰੀ ਜਾਂਦੀ ਤੇ ਸਾਨੂੰ ਸੰਗਤ ਲਈ ਪੱਖਾ ਝੱਲਣ ਲਾ ਛੱਡਦੀ।

ਜਦ ਹੁਕਮਨਾਮੇ ਦੀ ਆਵਾਜ ਸੁਣਦੀ ਤਾਂ ਮਿੱਟੀ ਵਿੱਚ ਹੀ ਚੌਕੜੀ ਮਾਰ ਕੇ ਬੈਠ ਜਾਂਦੀ, ਸਹਿਜ ਪਾਠ ਕਰਨ ਦਾ ਮੇਰਾ ਨੇਮ ਬਣਾ ਦਿੱਤਾ ਸੀ ਉਸ ਨੇ ਵਾਹਿਗੁਰੂ ਜੀਓ। ਤਾਹੀਓ ਤਾਂ ਵਾਹਿਗੁਰੂ ਜੀ, ਆਪ ਜੀ ਮੈਨੂੰ ਜਨਮ ਤੋਂ ਹੀ ਅੰਗ ਸੰਗ ਜਾਪਦੇ ਹੋ। ਸਵਾਲ ਕਰਦੀ ਹਾਂ, ਜਵਾਬ ਦਿੰਦੇ ਹੋ। ਮਿੰਨਤ ਕਰਦੀ ਹਾਂ ਤਾਂ ਖੈਰ ਪਾਉਂਦੇ ਹੋ। 'ਵਿਚਿ ਕਰਤਾ ਪੁਰਖ ਖਲੋਇਆ ਵਾਲ ਨਾ ਵਿੰਗਾ ਹੋਆ।' ਹਰ ਮੈਦਾਨ ਫਤਹਿ ਕਰ ਦਿੰਦੇ ਹੋ।

'ਬਾਲਕੁ ਰਹਿ ਨ ਸਕੈ ਬਿਨ ਖੀਰੈ।' ਉਹ ਜਾਣਦੀ ਸੀ।

ਮੈਨੂੰ ਸੌਣ ਵੇਲੇ ਦੁੱਧ ਪੀਣਾ ਚੰਗਾ ਲੱਗਦਾ ਸੀ। ਬੜਾ ਲਾਡ ਕਰਦੀ ਸੀ, ਮੇਰੀ ਮਾਂ। ਮੈਂ ਵੀ ਤਾਂ ਤੁਹਾਡਾ ਹੀ ਅੰਸ਼ ਹਾਂ, ਵਾਹਿਗੁਰੂ ਜੀ। ਉਹ ਮੇਰੀ ਬੜੀ ਸੇਵਾ ਕਰਦੀ ਸੀ। ਗੁਰ ਸ਼ਬਦ ਦੀ ਸੇਵਾ ਕਮਾਉਂਦੀ ਸੀ।

ਜਦ ਰਾਤ ਨੂੰ ਸੌਣ ਤੋਂ ਪਹਿਲਾਂ ਪਿੱਤਲ ਦੇ ਗਲਾਸ ਵਿਚ ਦੁੱਧ ਪੀਣ ਲਈ ਕਹਿੰਦੀ ਤਾਂ ਮੈਂ ਜਿੱਦ ਕਰਦੀ ਕਿ ਜਦ ਮੈਨੂੰ ਨੀਂਦ ਆਊ ਮੈਂ ਤਾਂ ਉਦੋਂ ਦੁੱਧ ਪੀਊਂ .. ਉਹ ਮੇਰੀ ਮੰਜੀ ਕੋਲ ਪੀੜੀ ਡਾਹ ਕੇ ਬੈਠ ਜਾਂਦੀ ਤੇ ਦੇਖਦੀ ਰਹਿੰਦੀ ਜਦ ਮੈਂ ਊਂਘਣ ਲੱਗ ਪੈਂਦੀ ਤਾਂ ਫਿਰ ਮੈਨੂੰ ਗਲਾਸ ਫੜਾ ਦਿੰਦੀ। ਪਤਾ ਨਹੀਂ ਉਹ ਕਿੰਨੀ ਕੁ ਥੱਕੀ ਹੁੰਦੀ ਹੋਵੇਗੀ ਪਰ ਨੀਦ ਵਿੱਚ ਉਸ ਦੇ ਹੱਥੋਂ ਫੜ ਕੇ ਪੀਤੇ ਦੁੱਧ ਦਾ ਸਵਾਦ ਵਾਹਿਗੁਰੂ ਜੀ ਵੱਡੇ ਹੋ ਕੇ ਕਦੇ ਨਹੀਂ ਮਿਲਿਆ।

ਇਸ ਲਈ ਉਸ ਨੂੰ 100/100 ਅੰਕ ਦੇ ਦਿਓ ਵਾਹਿਗੁਰੂ ਜੀ।

'ਪੇਈਅੜੈ ਸਹੁ ਸੇਵੁ ਤੂ ਸਾਹਿਰੜੈ ਸੁਖੁ ਵਸਿ' ਮੈਨੂੰ ਸਦਾ ਇਹੋ ਮਤਿ ਦਿੰਦੀ।

ਵਾਹਿਗੁਰੂ ਜੀ, ਮੈਂ ਵੱਡੀ ਹੋਣ ਲੱਗ ਪਈ ਸਾਂ। ਮਾਂ ਨੂੰ ਮੇਰੇ ਸੁਚੱਜੀ ਧੀ ਬਣਨ ਦਾ ਬੜਾ ਫਿਕਰ ਰਹਿੰਦਾ। ਉਸ ਦੇ ਪਿੱਛੇ ਪਿੱਛੇ ਮੈਂ ਘਰ ਦਾ ਹਰ ਕੰਮ ਕਰਨ ਦੀ ਜਿੱਦ ਕਰਦੀ। ਘਰ ਦਾ ਵਿਹੜਾ ਕੱਚਾ ਹੁੰਦਾ ਸੀ, ਵਿਹੜੇ ਵਿੱਚ ਮਿੱਟੀ ਦਾ ਲੇਪਾ ਕਰਨਾ, ਗੋਹੇ ਕੂੜੇ ਵਾਲੀ ਗਿਆਨੋ ਨਾਲ ਪਾਥੀਆਂ ਪੱਥਣ ਤੋਂ ਮਾਂ ਕਦੇ ਰੋਕਦੀ ਨਹੀਂ ਸੀ। ਸੁਚੱਜੀ ਧੀ ਬਣਾਉਣ ਲਈ ਬੜਾ ਸਖਤ ਟਾਈਮ ਟੇਬਲ ਬਣਾ ਦਿੰਦੀ। ਰੋਟੀ ਟੁੱਕ ਕਰਨਾ, ਸਿਲਾਈ ਕਢਾਈ ਬੁਣਾਈ ਕਰਨਾ, ਦਰੀਆਂ ਬੁਣਨਾ, ਮੰਜੇ ਬੁਣਨੇ, ਸੂਤ ਦੇ ਮੰਜਿਆਂ ਤੇ ਤੋਤੇ ਬਣਾਉਣੇ, ਨਾਲੇ, ਨਵਾਰ ਬੁਣਨੀ ਤੇ ਸੂਤ ਕੱਤਣਾ ਸਭ ਕੁੱਝ ਸਿਖਾਇਆ ਸੀ ਉਸ ਨੇ ਮੈਨੂੰ।ਪਰ ਪੜਾਈ ਕਰਨ ਦੀ ਪ੍ਰੇਰਨਾ ਉਸ ਤੋਂ ਵੱਧ ਸ਼ਾਇਦ ਅਧਿਆਪਕਾਂ ਤੋਂ ਵੀ ਨਹੀਂ ਮਿਲੀ।

'ਪੜਿਆ ਮੂਰਖ ਆਖੀਐ ਜਿ ਲਬੁ ਲੋਭੁ ਅਹੰਕਾਰ' ਸਦਾ ਆਖਦੀ।

ਹਰ ਮਹੀਨੇ ਨਾਨਕਸਰ ਪੂਰਨਮਾਸ਼ੀ ਤੇ ਘਰੋਂ ਲੰਗਰ ਬਣਾ ਕੇ ਲਿਜਾਣਾ ਹੁੰਦਾ ਸੀ। ਦਾਲ ਪਰਸ਼ਾਦੇ ਬਣਾਉਣ ਲਈ, ਵਾਹਿਗੁਰੂ ਜੀ, ਮੇਰੀ ਮਾਂ ਗਲੀ ਗੁਆਂਢ ਦੀਆਂ ਨੂੰਹਾਂ ਧੀਆਂ ਸਾਡੇ ਘਰ ਇਕੱਠੀਆਂ ਕਰ ਲੈਂਦੀ ਸੀ। ਫਿਰ ਟਰੱਕ ਵਿੱਚ ਬੈਠ ਕੇ ਪੂਰਨਮਾਸ਼ੀ ਦੇ ਦੀਵਾਨ ਸੁਣਦੇ, ਗੁਰਬਾਣੀ ਗਾਉਂਦੇ ਗੁਰਬਾਣੀ ਹੋ ਜਾਂਦੇ, ਗਰੀਬਾਂ ਨਿਮਾਣਿਆਂ ਦੀ ਗੁਪਤ ਮਦਦ ਕਰਦੀ। ਦਸਵੰਧ ਕੱਢਣ ਦੀ ਪ੍ਰੇਰਨਾ ਬਚਪਨ ਵਿੱਚ ਹੀ ਦਿੰਦੀ ਰਹੀ। ਇਹ ਸਭ ਸਕੂਲਾਂ ਕਾਲਜਾਂ ਤੋਂ ਨਹੀਂ ਸਿੱਖਿਆ ਵਾਹਿਗੁਰੂ ਜੀ।!

'ਵੀਆਹ ਹੋਇਆ ਮੇਰੇ ਬਾਬਲਾ'

ਚਾਰ ਲਾਵਾਂ ਦੇ ਅਰਥ ਤਾਂ ਮਾਂ ਨੇ ਕਥਨੀ ਕਰਨੀ ਵਿੱਚੋਂ ਪਹਿਲਾਂ ਹੀ ਸਮਝਾ ਦਿੱਤੇ ਸਨ। ਨਿਮਾਣੇ ਹੋ ਕੇ ਸੱਸ ਸਹੁਰੇ ਦੀ ਸੇਵਾ ਕਰਨੀ ਧੀਏ, ਧੀਆਂ ਧਨ ਬਿਗਾਨਾ ਹੁੰਦੀਆਂ ਨੇ।

ਅਸੀਂ ਦੋਵੇਂ ਭੈਣਾਂ ਵਿਆਹੀਆਂ ਗਈਆਂ। ਉਦੋਂ ਟੈਲੀਫੂਨ ਨਹੀਂ ਹੁੰਦੇ ਸੀ, ਵਾਹਿਗੁਰੂ ਜੀ, ਇਕ ਵਾਰ ਮੈਂ ਨਵੀਂ ਵਿਆਹੀ ਬਿਨਾਂ ਦੱਸੇ ਪੇਕੀਂ ਚਲੀ ਗਈ। ਉਦੋਂ ਲੋਕੀ ਘਰਾਂ ਦੇ ਬੂਹੇ ਖੁਲੇ ਰੱਖਦੇ ਸੀ। ਮੈਂ ਦੱਬੇ ਪੈਰੀ ਮਾਂ ਨੂੰ ਲੱਭਦੀ ਚੌਂਕੇ ਕੋਲ ਜਾ ਖੜੀ ਹੋਈ। ਨੀਵੀਂ ਪਾਈ ਮਾਂ ਚੁਲੇ 'ਤੇ ਕੰਮ ਕਰਦੀ ਸੀ। ਮੈਂ ਖੁਲ ਕੇ ਹੱਸ ਪਈ। ਉਸ ਮੂੰਹ ਉੱਤੇ ਚੱਕਿਆ ਤੇ ਆਖਣ ਲੱਗੀ 'ਪੰਮੀਏ' ਤੂੰ ਸੱਚੀਂ ਖੜੀ ਆ ਕਿ ਮੈਨੂੰ ਭੁਲੇਖਾ ਪੈ ਰਿਹਾ। ਮੈਂ ਘੁੱਟ ਕੇ ਜੱਫੀ ਪਾ ਲਈ। ਉਸ ਦਿਨ ਉਦਾਸ ਹੋਣੀ ਆਂ। ਕਹਿਣ ਲੱਗੀ, 'ਮੈਂ ਤਾਂ ਇਹੋ ਸੋਚ ਰਹੀ ਸੀ। ਐਵੇਂ ਕੁੜੀਆਂ ਪੜਾਈਆਂ ਲਿਖਾਈਆਂ, ਬਿਗਾਨਿਆਂ ਨੂੰ ਦੇ ਦਿੱਤੀਆਂ, ਮੈਂ ਫਿਰ ਖਾਲੀ।

ਤੇ ਫਿਰ ਤੇਜੀ ਨਾਲ ਅੰਦਰ ਗਈ ਮੇਰੀ ਇੱਕ ਕਿਤਾਬ ਚੁੱਕ ਲਿਆਈ, ਵੇਖ, ਕੱਲ ਰੱਦੀ ਵਾਲੇ ਨੂੰ ਮੈਂ ਤੇਰੀਆਂ ਸਾਰੀਆਂ ਕਿਤਾਬਾਂ ਦੇ ਦਿੱਤੀਆਂ ਜਿਹੜੀਆਂ ਤੂੰ ਕਹਿੰਦੀ ਸੀ। ਪਰ ਆਹ ਕਿਤਾਬ ਫਿਰ ਵੀ ਰੱਖ ਲ਼ਈ, ਇਹ ਤਾਂ ਤੂੰ ਬਹੁਤ ਪੜਦੀ ਹੁੰਦੀ ਸੀ। ਮੇਰੀਆਂ ਧਾਹਾਂ ਨਿਕਲ ਗਈਆਂ ਸੀ ਵਾਹਿਗੁਰੂ। ਮੇਰੀ ਮਾਂ ਮੇਰੇ ਅੱਖਰਾਂ ਨੂੰ ਵੀ ਪਿਆਰ ਕਰਦੀ ਸੀ।

'ਅਖਰੀ ਨਾਮੁ ਅਖਰੀ ਸਾਲਾਹ' ਵਾਹਿਗੁਰੂ ਜੀ ਉਸ ਨੂੰ ਪੂਰੇ ਅੰਕ ਦੇਣਾ। ਜਦ ਮੈਨੂੰ ਚਿੱਠੀ ਲਿਖਦੀ ਤਾਂ ਗੁਰਮੁਖੀ ਲਿਪੀ ਵਿੱਚ। ਉਸ ਨੂੰ ਪੰਜਾਬੀਨਹੀਆਉਦੀਸੀ ਬਾਕੀ ਸਫ਼ਾ 30 'ਤੇ

# ਡਾਢੇ ਦਾ ਸੱਤੀਂ ਵੀਂਹੀ ਸੌ

ਸਤਪਾਲ ਸਿੰਘ ਦਿਉਲ ਐਡਵੋਕੇਟ
੯੮੭੮੧੭੦੭੭੧,

ਜੁਡੀਸ਼ੀਅਲ ਅਦਾਲਤਾਂ ਵਿੱਚ ਮੁਫਤ ਕਾਨੂੰਨੀ ਸਹਾਇਤਾ ਦੀ ਵਿਵਸਥਾ ਵਿੱਚ ਗਰੀਬ ਨੂੰ ਮੁਫਤ ਕਾਨੂੰਨੀ ਸਹਾਇਤਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਅਸੀਂ ਅਕਸਰ ਹੀ ਆਪਣੇ ਆਸ ਪਾਸ ਇਨਸਾਫ ਲਈ ਭਟਕਦੇ ਗਰੀਬ ਇਨਸਾਨਾਂ ਵਿੱਚ ਵਿਚਰਦੇ ਹਾਂ।ਸਿਰਫ ਮੁਫਤ ਕਾਨੂੰਨੀ ਸਹਾਇਤਾ ਦੇ ਕੇ ਅਸੀਂ ਕਿਸੇ ਗਰੀਬ ਨੂੰ ਇਨਸਾਫ ਨਹੀਂ ਦਿਵਾ ਸਕਦੇ।ਇਸ ਵਿੱਚ ਸਮਾਜ ਦੇ ਹਰ ਵਿਅਕਤੀ ਨੂੰ ਆਪਣੇ ਹਿੱਸੇ ਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਨਸਾਫ ਲੈਣ ਵਾਸਤੇ ਸਾਡੇ ਅਦਾਲਤੀ ਕੇਸ ਗਵਾਹਾਂ ਤੇ ਟਿਕੇ ਹੁੰਦੇ ਹਨ ਗਵਾਹਾਂ ਦੇ ਰੂਪ ਵਿੱਚ ਸਾਡਾ ਨੈਤਿਕ ਚਰਿੱਤਰ ਵੀ ਅਹਿਮੀਅਤ ਰੱਖਦਾ ਹੈ ਪਰ ਸਮਾਜ ਵਿੱਚ ਕੁਝ ਲੋਕ ਅਦਾਲਤ ਵਿੱਚ ਗੈਰ ਜਿੰਮੇਵਾਰ ਗਵਾਹੀ ਦੇ ਕੇ ਗਰੀਬ ਨੂੰ ਇਨਸਾਫ ਤੋਂ ਵਾਂਝਿਆਂ ਕਰ ਦਿੰਦੇ ਹਨ।ਗਰੀਬ ਲਈ ਸਿਰਫ ਮੁਫਤ ਵਕੀਲ ਉਪਲਬਧ ਕਰਾਉਣਾ ਹੀ ਕਾਫੀ ਨਹੀਂ।

ਅਜਿਹਾ ਹੀ ਇੱਕ ਮੁਫਤ ਕਾਨੂੰਨੀ ਸਹਾਇਤਾ ਕੇਸ ਅਦਾਲਤ ਵੱਲੋ ਮੈਨੂੰ ਮਾਰਕ ਕਰ ਕੇ ਭੇਜਿਆ ਗਿਆ। ਇਸ ਕੇਸ ਦਾ ਮੁਦਈ 75 ਸਾਲ ਦਾ ਬਜੁਰਗ ਵਿਅਕਤੀ ਸੀ ਜਿਸ ਦੇ ਲੜਕੇ ਦਾ ਕਤਲ ਥਾਨਾ ਝੁਨੀਰ ਦੀ ਹਦੂਦ ਅੰਦਰ ਹੋਇਆ ਸੀ ਉਸ ਦਾ ਲੜਕਾ ਉਸ ਦਾ ਇਕਲੌਤਾ ਸਹਾਰਾ ਸੀ। ਕਾਤਲ ਜ਼ਿਲਾ ਤੇ ਸ਼ੈਸਨ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਗਏ ਸੀ ਪਰ ਹਾਈਕੋਰਟ ਵੱਲੋਂ ਬਰੀ ਕਰ ਦਿੱਤੇ ਗਏ ਸੀ।ਉਸ ਬਜ਼ੁਰਗ ਨੇ ਕਾਤਲ ਵਿਅਕਤੀਆਂ ਦੇ ਖਿਲਾਫ ਮੁਆਵਜੇ ਦਾ ਕੇਸ ਕੀਤਾ ਸੀ। ਉਸ ਬਜ਼ੁਰਗ ਦਾ ਉਹ ਲੜਕਾ ਉਭਰਦਾ ਕਲਾਕਾਰ ਸੀ ਅਤੇ ਪੰਜਾਬੀ ਗੀਤਾਂ ਦੀ ਇੱਕ ਕੈਸੇਟ ਵੀ ਰਿਕਾਰਡ ਕਰਾ ਚੁਕਾ ਸੀ।ਦੋਸ਼ੀ ਵਿਅਕਤੀਆਂ ਨੇ ਕੈਸੇਟ ਕੰਪਨੀ ਖੋਲੀ ਹੋਈ ਸੀ ਅਤੇ ਬਜ਼ੁਰਗ ਦੇ ਲੜਕੇ ਦੀ ਦੋਗਾਣਾ ਕੈਸੇਟ ਰਿਕਾਰਡ ਕਰਨ ਦਾ ਸਬਜ ਬਾਗ ਦਿਖਾਇਆ ਗਿਆ ਸੀ। ਇਸ ਦੌਰਾਨ ਹੀ ਉਸ ਦਾ ਕਤਲ ਕਰ ਦਿੱਤਾ ਗਿਆ ਸੀ, ਕਤਲ ਕੇਸ ਵਿੱਚ ਸ਼ਾਮਲ ਵਿਅਕਤੀ ਕਾਫੀ ਅਮੀਰ ਘਰਾਂ ਨਾਲ ਸਬੰਧ ਰੱਖਦੇ ਸਨ। ਸਭ ਤੋਂ ਪਹਿਲਾਂ ਸਾਡੇ ਵਾਲੇ ਦੀਵਾਨੀ ਦਾਵੇ ਵਿੱਚ ਉਨਾਂ ਨੇ ਮੁਫਤ ਕਾਨੂੰਨੀ ਸਹਾਇਤਾ ਲੈਣ ਵਾਸਤੇ ਅਰਜੀ ਦੇ ਦਿੱਤੀ ਸ਼ਾਇਦ ਉਨਾਂ ਨੂੰ ਜਾਪਦਾ ਹੋਵੇਗਾ ਕਿ ਆਪਣੇ ਆਪ ਨੂੰ ਗਰੀਬ ਸਾਬਤ ਕਰਨ ਨਾਲ ਉਨਾਂ ਨੂੰ ਅਦਾਲਤ ਦੀ ਹਮਦਰਦੀ ਹਾਸਲ ਹੋ ਜਾਵੇਗੀ। ਪਰ ਅਦਾਲਤ ਵਿੱਚ ਮੁਦਈ ਨੇ ਪਹਿਲਾਂ ਹੀ ਮੁਦਾਲਮ ਦੀ ਫਰਦ ਜਮਾਂਬੰਦੀ ਪੇਸ਼ ਕੀਤੀ ਹੋਈ ਸੀ ਜਿਸ ਕਾਰਨ ਉਨਾਂ ਦੀ ਦਰਖਾਸਤ ਰੱਦ ਹੋ ਗਈ।

ਮੁਦਈ ਬਜ਼ੁਰਗ ਦਲਿਤ ਪਰਿਵਾਰ ਨਾਲ ਸਬੰਧਤ ਸੀ, ਉਸ ਨੂੰ ਆਪਣੇ ਮ੍ਰਿਤਕ ਪੁੱਤਰ ਤੋਂ ਬਹੁਤ ਉਮੀਦਾਂ ਸਨ।ਬੜੀ ਮੁਸ਼ਕਿਲ ਨਾਲ ਬਸ ਕਿਰਾਏ ਦਾ ਇੰਤਜਾਮ ਕਰਕੇ ਉਹ ਤਾਰੀਖ ਪੇਸ਼ੀ ਤੇ ਆਉਂਦਾ ਸੀ।ਕਈ ਵਾਰ ਉਹ ਇਨਸਾਫ ਦੀ ਉਮੀਦ ਵਿੱਚ ਭੁੱਖ ਵੀ ਸਹਿਣ ਕਰ ਲੈਂਦਾ ਸੀ ਤੇ ਕਈ ਵਾਰ ਉਹ ਮੇਰੇ ਪਾਸੋਂ




ਕਿਰਾਇਆ ਵੀ ਮੰਗ ਕੇ ਲੈ ਜਾਂਦਾ ਸੀ, ਮੇਰੇ ਵੱਲੋਂ ਆਪਣੇ ਕਲਰਕ ਨੂੰ ਉਸ ਬਜ਼ੁਰਗ ਨੂੰ ਚਾਹ ਪਾਣੀ ਪਿਲਾਉਣ ਤੇ ਹਰ ਸੰਭਵ ਮਦਦ ਕਰਨ ਦੀ ਹਦਾਇਤ ਕੀਤੀ ਗਈ ਸੀ। ਜਿਵੇਂ ਕਿ ਪੈਸੇ ਵਾਲਾ ਵਿਅਕਤੀ ਕੇਸ ਜਿੱਤਣ ਲਈ ਹਰ ਹੀਲਾ ਵਰਤਦਾ ਹੈ ਸਭ ਤੋਂ ਪਹਿਲਾਂ ਮੁਦਾਲਾ ਧਿਰ ਵਿੱਚੋਂ ਕਿਸੇ ਇੱਕ ਨੇ ਮੇਰੇ ਕੋਲ ਆਉਣ ਜਾਣ ਬਣਾਉਣ ਲਈ ਕਿਸੇ ਹੋਰ ਕੇਸ ਵਿੱਚ ਵਕੀਲ ਮੁਕੱਰਰ ਕਰ ਲਿਆ, ਮੈਨੂੰ ਪਤਾ ਲੱਗਣ ਤੇ ਉਸ ਧਿਰ ਦੀ ਫਾਇਲ ਸਮੇਤ ਫੀਸ ਮੈਂ ਵਾਪਸ ਕਰ ਦਿੱਤੀ। ਉਸ ਤੋਂ ਬਾਅਦ ਮੁਦਾਲਾ ਧਿਰ ਕੋਲ ਗਵਾਹਾਂ ਨੂੰ ਤੋੜਨ ਤੇ ਜ਼ੋਰ ਲਗਾਇਆ ਜਾਣਾ ਸੀ। ਸਾਨੂੰ ਇਸ ਗੱਲ ਦੀ ਜਿਆਦਾ ਚਿੰਤਾ ਨਹੀਂ ਸੀ ਕਿਉਂਕਿ ਕੇਸ ਨਾਲ ਸਬੰਧਤ ਮੁੱਖ ਗਵਾਹ ਡਾਕਟਰ ਤੇ ਤਫਤੀਸ਼ੀ ਰਿਕਾਰਡ ਤੋਂ ਬਾਹਰ ਜਾ ਕੇ ਗਵਾਹੀ ਨਹੀਂ ਦੇ ਸਕਦੇ ਸੀ।

ਬਹੁਤ ਸਾਰੀਆਂ ਤਾਰੀਖ ਪੇਸ਼ੀਆਂ ਲੈਣ ਦੇ ਬਾਵਜੂਦ ਵੀ ਡਾਕਟਰ ਤੇ ਤਫਤੀਸ਼ੀ ਗਵਾਹੀ ਲਈ ਪੇਸ਼ ਹੀ ਨਾ ਹੋਏ।ਮੇਰੇ ਵੱਲੋਂ ਇਨਾਂ ਦੋਵੇ ਗਵਾਹਾਂ ਨੂੰ ਭੁਗਤਾਉਣ ਦੀ ਬਹੁਤ ਕੋਸ਼ਿਸ ਕੀਤੀ ਗਈ। ਡਾਕਟਰ ਤਾਂ ਕਿਸੇ ਮੈਡੀਕਲ ਕਾਲਜ ਵਿੱਚ ਤਾਇਨਾਤ ਸੀ ਜੋ ਵਾਰ ਵਾਰ ਸੰਮਨ ਹਾਸਲ ਕਰਕੇ ਵੀ ਪੇਸ਼ ਅਦਾਲਤ ਨਹੀਂ ਹੋਇਆ। ਵੈਸੇ ਵੀ ਡਾਕਟਰਾਂ ਨੂੰ ਬੁਲਾਉਣ ਬਾਰੇ ਅਦਾਲਤਾਂ ਜ਼ਿਆਦਾ ਸਖਤੀ ਨਹੀਂ ਕਰਦੀਆਂ ਕਿਉਂਕਿ ਇੱਕ ਡਾਕਟਰ ਦਾ ਮਨੁੱਖੀ ਜਿੰਦਗੀ ਬਚਾਉਣ ਵਿੱਚ ਵੱਡਾ ਯੋਗਦਾਨ ਹੁੰਦਾ ਹੈ। ਪਰ ਅਜਿਹਾ ਨਹੀਂ ਹੋਣਾ ਚਾਹੀਦਾ ਅਦਾਲਤ ਦੇ ਫੈਸਲਿਆਂ ਨਾਲ ਵੀ ਕਈ ਲੋਕਾਂ ਦੇ ਪਰਿਵਾਰਾਂ ਦੀ ਜਿੰਦਗੀ ਜੁੜੀ ਹੁੰਦੀ ਹੈ। ਜੇਕਰ ਜੁਡੀਸ਼ੀਅਲ ਅਫਸਰ ਸਖਤੀ ਕਰੇ ਤਾਂ ਹੀ ਡਾਕਟਰ ਦੀ ਗਵਾਹੀ ਹੁੰਦੀ ਹੈ ਨਹੀਂ ਤਾਂ ਡਾਕਟਰ ਅਦਾਲਤੀ ਹੁਕਮਾਂ ਦੀ ਪ੍ਰਵਾਹ ਹੀ ਨਹੀਂ ਕਰਦੇ।ਸਭ ਤੋਂ ਹੈਰਾਨੀਜਨਕ ਤੱਥ ਤਫਤੀਸ਼ੀ ਦੀ ਗਵਾਹੀ ਵਿੱਚ ਸਾਹਮਣੇ ਆਏ, ਇਹ ਤਫਤੀਸ਼ੀ ਅੱਜ ਕੱਲ ਪੰਜਾਬ ਪੁਲਿਸ ਵਿੱਚ ਤਰੱਕੀ ਕਰਕੇ ਬਤੌਰ ਡੀ. ਐਸ.ਪੀ ਤਾਇਨਾਤ ਹੈ।ਪਹਿਲਾਂ ਤਾਂ ਉਹ ਗਵਾਹੀ ਲਈ ਆਇਆ ਨਹੀਂ, ਪਰ ਅਦਾਲਤ ਨੂੰ ਵਾਰ ਵਾਰ ਬੇਨਤੀ ਕਰਨ ਤੇ ਉਸ ਦੇ ਗ੍ਰਿਫਤਾਰੀ ਵਰੰਟ ਜਾਰੀ ਹੋ ਗਏ, ਪਰ ਆਇਆ ਉਹ ਮੁਦਾਲਾ ਧਿਰ ਦੀ ਗੱਡੀ ਵਿੱਚ ਚੜਕੇ। ਮੈਂ ਨਿਜੀ ਤੌਰ 'ਤੇ ਉਸ ਨੂੰ ਮਿਲ ਕੇ ਬਜੁਰਗ ਵਿਅਕਤੀ ਨੂੰ ਇਨਸਾਫ ਦਿਵਾਉਣ ਦੀ ਗੱਲ ਵੀ ਆਖੀ।ਪਰ ਉਹ ਅਦਾਲਤ ਵਿੱਚ ਗਵਾਹੀ ਮੁਕਰ ਗਿਆ ਤੇ ਕਹਿਣ ਲੱਗਾ ਕਿ ਮੈਂ ਇੱਕ ਵਾਰ ਗਵਾਹੀ ਦੇ ਕੇ ਦੋਸ਼ੀਆਂ ਨੂੰ ਸਜ਼ਾ ਕਰਾ ਦਿੱਤੀ, ਹੁਣ ਮੈਂ ਸਾਰੀ ਜਿੰਦਗੀ ਦਾ ਠੇਕਾ ਨਹੀਂ ਲਿਆ ਕਿ ਵਾਰ ਵਾਰ ਗਵਾਹੀ ਦਿਆਂ। ਇੰਜ ਜਾਪਦਾ ਸੀ ਤਫਤੀਸ਼ੀ ਬਣ ਕੇ ਉਸ ਨੇ ਬਹੁਤ ਵੱਡਾ ਅਹਿਸਾਨ ਉਸ ਬਜ਼ੁਰਗ 'ਤੇ ਕੀਤਾ ਹੋਵੇ ਅਤੇ ਸਰਕਾਰ ਤੇ ਵੀ ਲੋਕ ਸੇਵਕ ਬਣ ਕੇ ਉਸ ਨੇ ਕੋਈ ਵੱਡਾ ਅਹਿਸਾਨ ਕਰ ਦਿੱਤਾ ਹੋਵੇ। ਮੈਂ ਉਸ ਨੂੰ ਮੁਕਰਿਆ ਗਵਾਹ ਅਦਾਲਤ ਤੋਂ ਘੋਸ਼ਿਤ ਕਰਵਾ ਕੇ ਉਸ ਤੇ ਜਿਰਹ ਵੀ ਕੀਤੀ ਪਰ ਹਰ ਗੱਲ ਦਾ ਜਵਾਬ ਉਸ ਨੇ ਪਤਾ ਨਹੀਂ, ਯਾਦ ਨਹੀਂ ਦੇ ਰੂਪ ਵਿਚ ਦਿੱਤਾ।ਉਸ ਦਾ ਬੜਾ ਰਵੱਈਆ ਗੈਰ-ਜਿੰਮੇਵਾਰ ਰਿਹਾ। ਕਾਰਨ ਸਾਫ ਸੀ ਬਜੁਰਗ ਗਰੀਬ ਸੀ ਤੇ ਵਿਰੋਧੀ ਧਿਰ ਦੌਲਤਮੰਦ।ਬਾਅਦ ਵਿੱਚ ਉਹ ਤਫਤੀਸ਼ੀ ਬੜੇ ਅਹਿਮ ਅਹੁਦਿਆਂ ਤੇ ਤਾਇਨਾਤ ਰਿਹਾ।ਸਾਡਾ ਕੇਸ ਜਿੰਮੇਵਾਰ ਅਧਿਕਾਰੀਆਂ ਦੇ ਗਵਾਹੀ ਨਾ ਦੇਣ ਕਾਰਨ ਖਾਰਜ ਹੋ ਗਿਆ।ਅੱਜ ਬਜ਼ੁਰਗ ਇਸ ਦੁਨੀਆ ਵਿੱਚ ਨਹੀਂ ਹੈ, ਇਨਸਾਫ ਲਈ ਤਰਸਦਾ ਉਹ ਦੁਨੀਆਂ ਤੋਂ ਚਲਾ ਗਿਆ। ਅੱਜ ਵੀ ਉਹ ਤਫਤੀਸ਼ੀ ਪੰਜਾਬ ਪੁਲਿਸ ਦੇ ਉਚ ਅਹੁਦੇ ਤੇ ਤਾਇਨਾਤ ਹੈ। ਪਰ ਪ੍ਰਮਾਤਮਾ ਦੇ ਇਨਸਾਫ ਦੀ ਉਡੀਕ ਮੈਨੂੰ ਜਰੂਰ ਹੈ। ਪ੍ਰਮਾਤਮਾ ਪਾਸ ਨਾ ਕਿਸੇ ਵਕੀਲ ਦੀ ਲੋੜ ਪੈਂਦੀ ਹੈ, ਨਾ ਹੀ ਅਦਾਲਤ ਦੀ, ਅਸਲ ਵਿੱਚ ਇਨਸਾਫ ਉਹੀ ਕਰਦਾ ਹੈ। ਉਸ ਦੇ ਕੀਤੇ ਇਨਸਾਫ ਨੂੰ ਕੋਈ ਚੁਨੌਤੀ ਵੀ ਨਹੀਂ ਦੇ ਸਕਦਾ।

# ਜ਼ਬਾਨ ਦਾ ਰਸ



**ਹਰਮਨਪ੍ਰੀਤ ਸਿੰਘ,**
**੯੮੫੫੦ ੧੦੦੦੫**

ਸੰਸਾਰ ਵਿੱਚ ਵਿਚਰਦਿਆਂ ਮਨੁੱਖ ਕੋਲੋਂ ਜਾਣੇ-ਅਣਜਾਣੇ ਵਿੱਚ ਅਨੇਕਾਂ ਗ਼ਲਤੀਆਂ ਹੋ ਜਾਂਦੀਆਂ ਹਨ। ਫਿਰ ਅਸੀਂ ਅਕਸਰ ਕਹਿ ਦਿੰਦੇ ਹਾਂ ਕਿ 'ਮਨੁੱਖ ਤਾਂ ਗ਼ਲਤੀਆਂ ਦਾ ਪੁਤਲਾ ਹੈ।' ਮਨੁੱਖ ਕੋਲੋਂ ਜ਼ਿਆਦਾਤਰ ਹੋਈਆਂ ਗ਼ਲਤੀਆਂ ਦੀ ਸ਼ੁਰੂਆਤ ਜ਼ਬਾਨ ਤੋਂ ਹੀ ਹੁੰਦੀ ਹੈ। ਕਿਸੇ ਵੀ ਇਨਸਾਨ ਵੱਲੋਂ ਸਾਹਮਣੇ ਵਾਲੇ ਨੂੰ ਆਪਣੀ ਜ਼ੁਬਾਨ ਤੋਂ ਬੋਲੇ ਗਏ ਚੰਗੇ-ਮਾੜੇ ਸ਼ਬਦ ਵਾਪਸ ਤਾਂ ਨਹੀਂ ਹੁੰਦੇ, ਪਰ ਸਮੇਂ ਸਿਰ ਸਾਹਮਣੇ ਵਾਲੇ ਨਾਲ ਸੁਚੱਜੇ ਢੰਗ ਨਾਲ ਗੱਲਬਾਤ ਕਰਨ ਨਾਲ ਜ਼ੁਬਾਨੋਂ ਹੋਈ ਗ਼ਲਤੀ ਸੁਧਾਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਜਾ ਸਕਦੀ ਹੈ ਤਾਂ ਜੋ ਮਨੁੱਖੀ ਰਿਸ਼ਤਿਆਂ ਵਿੱਚ ਕੁੜੱਤਣ ਤੇ ਦਿਲ ਵਿੱਚ ਗ਼ਲਤਫਹਿਮੀ ਘਰ ਨਾ ਕਰ ਸਕੇ। ਇਸ ਲਈ ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਮਨੁੱਖ ਨੂੰ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ।

ਇੱਕ ਸੂਝਵਾਨ ਮਨੁੱਖ ਦਾ ਕਦੀ ਵੀ ਇਹ ਮੰਤਵ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੇ ਬੋਲੇ ਗਏ ਬੋਲਾਂ ਨਾਲ ਕਿਸੇ ਦਾ ਮਨ ਦੁਖਾਵੇ, ਇਸੇ ਲਈ ਤਾਂ ਕਹਿੰਦੇ ਹਨ, 'ਪਹਿਲਾਂ ਤੋਲੋ ਫਿਰ ਬੋਲੋ।' ਇਹ ਜ਼ਬਾਨ ਹੀ ਤਾਂ ਹੈ ਜੋ ਮਨੁੱਖ ਨੂੰ 'ਫਰਸ਼ ਤੋਂ ਅਰਸ਼ ਤੇ ਅਰਸ਼ ਤੋਂ ਫਰਸ਼' ਤੱਕ ਪਹੁੰਚਾ ਦਿੰਦੀ ਹੈ। ਦੂਜੇ ਪਾਸੇ ਮਨੁੱਖ ਵੱਲੋਂ ਸਲੀਕੇ ਨਾਲ ਬੋਲੇ ਗਏ ਸ਼ਬਦ ਸੁਣਨ ਵਾਲੇ ਮਨੁੱਖ 'ਤੇ ਲੰਬੇ ਸਮੇਂ ਤੱਕ ਆਪਣਾ ਚੰਗਾ ਪ੍ਰਭਾਵ ਛੱਡ ਜਾਂਦੇ ਹਨ। ਕੋਈ ਵੀ ਮਨੁੱਖ ਆਚਰਣ ਪੱਖੋਂ ਕਿੰਨਾ ਹੀ ਉੱਚਾ ਕਿਉਂ ਨਾ ਹੋਵੇ, ਜੇਕਰ ਉਸ ਦੀ ਜ਼ਬਾਨ ਵਿੱਚ ਰਸ ਨਹੀਂ, ਸਲੀਕਾ ਨਹੀਂ ਤਾਂ ਉਸ ਦੇ ਸਮਾਜ ਵਿੱਚ ਵਿਚਰਦਿਆਂ ਲੋਕਾਂ ਨਾਲ ਸਬੰਧ ਸੁਖਾਵੇਂ ਨਹੀਂ ਹੋ ਸਕਦੇ। ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ ਦੂਜੇ ਮਨੁੱਖ ਤੱਕ ਬੋਲਚਾਲ ਰਾਹੀਂ ਹੀ ਪ੍ਰਗਟ ਕਰਦਾ ਹੈ। ਭਾਸ਼ਾ ਕੋਈ ਵੀ ਸਕਦੀ ਹੈ, ਪਰ ਮਾਅਨੇ ਇਹ ਰੱਖਦਾ ਹੈ ਕਿ ਬੋਲੇ ਗਏ ਸ਼ਬਦ ਚੰਗੇ ਸਨ ਜਾਂ ਮਾੜੇ। ਅਕਸਰ ਕਿਹਾ ਜਾਂਦਾ ਹੈ ਕਿ 'ਮਾੜਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ' ਸੋ ਕਰਤਾਰ ਯਾਨੀ ਕਿ ਪ੍ਰਮਾਤਮਾ ਦਾ ਡਰ ਮਨ ਵਿੱਚ ਵਸਾ ਕੇ ਮਾੜਾ ਬੋਲ ਨਹੀਂ ਬੋਲਣਾ ਚਾਹੀਦਾ। ਮਾੜਾ ਬੋਲ ਬੋਲਣ ਨਾਲੋਂ ਤਾਂ ਕਿਤੇ ਚੰਗਾ ਹੈ ਚੁੱਪ ਰਹਿਣਾ ਤਾਂ ਹੀ ਕਿਹਾ ਜਾਂਦਾ ਹੈ 'ਇੱਕ ਚੁੱਪ ਸੌ ਸੁੱਖ।'

ਕਈ ਮਨੁੱਖ ਮਾੜਾ ਬੋਲ ਬੋਲਣ ਕਾਰਨ ਆਪਣੇ ਆਪ ਨੂੰ ਕਈ ਤਰਾਂ ਦੀਆਂ ਮੁਸੀਬਤਾਂ ਵਿੱਚ ਫਸਾ ਬੈਠਦੇ ਹਨ। ਮਾੜਾ ਬੋਲ ਬੋਲਣ ਵਾਲੇ ਤੋਂ ਲੋਕ ਅਕਸਰ ਪਾਸਾ ਵੱਟ ਜਾਂਦੇ ਹਨ। ਅਜਿਹੇ ਮਨੁੱਖ ਦੇ ਅਕਸਰ ਬਣਦੇ ਕੰਮ ਮਾੜੀ ਬੋਲਬਾਣੀ ਕਾਰਨ ਵਿਗੜਦਿਆਂ ਦੇਰ ਨਹੀਂ ਲੱਗਦੀ। ਸਿਆਣੇ, ਸੂਝਵਾਨ ਇਨਸਾਨ ਵਿੱਚ ਬੈਠਾ ਮੂਰਖ ਮਨੁੱਖ ਵੀ ਉਦੋਂ ਤੱਕ ਹੀ ਸਿਆਣਾ ਤੇ ਸੂਝਵਾਨ ਹੁੰਦਾ ਹੈ, ਜਦੋਂ ਤੱਕ ਉਸ ਦੀ ਜ਼ੁਬਾਨ ਬੰਦ ਰਹਿੰਦੀ ਹੈ।

ਪੁਰਾਤਨ ਸਮਿਆਂ ਤੋਂ ਹੀ ਬੋਲਬਾਣੀ ਨਾਲ ਸਬੰਧਤ ਅਨੇਕਾਂ ਕਥਾ, ਕਹਾਣੀਆਂ ਤੇ ਕਿੱਸੇ ਪ੍ਰਚੱਲਿਤ ਹਨ। ਕਹਿੰਦੇ ਹਨ ਕਿ ਪੁਰਾਤਨ ਸਮਿਆਂ ਵਿੱਚ ਸਫ਼ਰ 'ਤੇ ਨਿਕਲੇ ਮੁਸਾਫ਼ਿਰ ਕੋਈ ਢੁਕਵਾਂ ਸਾਧਨ ਨਾ ਹੋਣ ਕਾਰਨ ਪੈਦਲ ਹੀ ਨਿਕਲ ਪੈਂਦੇ ਸਨ। ਰਸਤੇ ਵਿੱਚ ਕੋਈ ਵੀ ਢੁਕਵੀਂ ਥਾਂ 'ਤੇ ਰੁਕਦੇ ਤੇ ਆਰਾਮ ਕਰਕੇ ਅਗਲੇ ਸਫ਼ਰ ਦਾ ਪੈਂਡਾ ਤੈਅ ਕਰਨ ਲਈ ਤੁਰ ਪੈਂਦੇ। ਜ਼ਿਆਦਾਤਰ ਮੁਸਾਫ਼ਿਰ ਸਫ਼ਰ ਦੌਰਾਨ ਆਪਣੀ ਭੁੱਖ ਮਿਟਾਉਣ ਲਈ ਆਪਣਾ ਖਾਣ-ਪੀਣ ਦਾ ਸਾਮਾਨ ਨਾਲ ਹੀ ਰੱਖਦੇ ਤੇ ਜੇਕਰ ਖਾਣ-ਪੀਣ ਦਾ ਸਾਮਾਨ ਸਫ਼ਰ ਦੌਰਾਨ ਮੁੱਕ ਜਾਂਦਾ ਤਾਂ ਉਨਾਂ ਸਮਿਆਂ ਵਿੱਚ ਭੁੱਖੇ ਰਾਹੀਆਂ ਨੂੰ ਲੋਕ ਵੀ ਭੋਜਨ ਛਕਾਉਣਾ ਚੰਗਾ ਮੰਨਦੇ ਸਨ। ਇਸੇ ਤਰਾਂ ਇੱਕ ਵਾਰ ਕੋਈ ਮੁਸਾਫ਼ਿਰ ਜੰਗਲ-ਬੇਲਿਆਂ, ਸ਼ਹਿਰਾਂ-ਕਸਬਿਆਂ ਵਿੱਚੋਂ ਹੁੰਦਾ ਹੋਇਆ ਆਪਣੀ ਮੰਜ਼ਿਲ ਵੱਲ ਵਧ ਰਿਹਾ ਸੀ। ਆਪਣੇ ਸਫ਼ਰ ਦਾ ਕਾਫ਼ੀ ਪੈਂਡਾ ਤੈਅ ਕਰਨ ਮਗਰੋਂ ਉਸ ਕੋਲ ਆਪਣੀ ਭੁੱਖ ਮਿਟਾਉਣ ਲਈ ਰੱਖਿਆ ਭੋਜਨ ਖ਼ਤਮ ਹੋ ਚੁੱਕਿਆ ਸੀ। ਆਪਣੀ ਭੁੱਖ ਮਿਟਾਉਣ ਲਈ ਉਹ ਜਦੋਂ ਇੱਕ ਪਿੰਡ ਵਿੱਚ ਵੜਿਆ ਤਾਂ ਇੱਕ ਘਰ ਦਾ ਛੋਟਾ ਜਿਹਾ ਦਰਵਾਜ਼ਾ ਖੁੱਲਾ ਦੇਖ ਕੇ ਕੁੱਝ ਖਾਣ ਲਈ ਆਵਾਜ਼ ਲਗਾਈ ਤਾਂ ਉਸ ਘਰ ਵਿੱਚ ਰਹਿੰਦੀ ਇੱਕ ਬਜ਼ੁਰਗ ਮਾਈ ਨੇ ਉਸ ਨੂੰ ਘਰ ਅੰਦਰ ਆਉਣ ਲਈ ਕਿਹਾ ਤਾਂ ਉਹ ਭੁੱਖਾ ਮੁਸਾਫ਼ਿਰ ਘਰ ਦੇ ਛੋਟੇ ਜਿਹੇ ਦਰਵਾਜ਼ੇ ਵਿੱਚੋਂ ਅੰਦਰ ਲੰਘ ਕੇ ਵਿਹੜੇ ਵਿੱਚ ਜਾ ਬੈਠਾ। ਬਜ਼ੁਰਗ ਮਾਈ ਨੇ ਉਸ ਨੂੰ ਪਾਣੀ ਪਿਲਾਉਣ ਤੋਂ ਬਾਅਦ ਉਸ ਲਈ ਚੁੱਲੇ 'ਤੇ ਪੱਕਣ ਲਈ ਚੌਲ ਧਰ ਦਿੱਤੇ। ਮੁਸਾਫ਼ਿਰ ਬਜ਼ੁਰਗ ਮਾਈ ਨਾਲ ਗੱਲੀਂ ਲੱਗ ਗਿਆ ਤੇ ਗੱਲਾਂ ਕਰਦੇ-ਕਰਦੇ ਉਸ ਦੀ ਨਜ਼ਰ ਘਰ ਦੇ ਵਿਹੜੇ ਵਿੱਚ ਬੰਨੀ ਮੱਝ 'ਤੇ ਜਾ ਪਈ। ਉਸ ਮੁਸਾਫ਼ਿਰ ਦੀ ਜ਼ੁਬਾਨ ਤੋਂ ਕੁਝ ਅਜਿਹੇ ਸ਼ਬਦ ਬੋਲੇ ਗਏ ਜੋ ਬਜ਼ੁਰਗ ਮਾਈ ਨੂੰ ਬੇਹੱਦ ਦੁਖੀ ਕਰ ਗਏ। ਮੱਝ ਦੇਖ ਕੇ ਉਸ ਮੁਸਾਫ਼ਿਰ ਨੇ ਕਿਹਾ, 'ਮਾਈ ਜੇ ਤੁਹਾਡੇ ਵਿਹੜੇ ਵਿੱਚ ਬੰਨੀ ਮੱਝ ਮਰ ਜਾਵੇ ਤਾਂ ਤੂੰ ਇਸ ਨੂੰ ਘਰ ਤੋਂ ਬਾਹਰ ਇਸ ਛੋਟੇ ਜਿਹੇ ਦਰਵਾਜ਼ੇ ਵਿੱਚੋਂ ਬਾਹਰ ਕਿਵੇਂ ਕੱਢੇਂਗੀ।' ਉਸ ਮੁਸਾਫ਼ਿਰ ਦੀ ਜ਼ੁਬਾਨ ਤੋਂ ਇਹ ਮਾੜੇ ਬੋਲ ਨਿਕਲਣ ਦੀ ਦੇਰ ਸੀ ਕਿ ਬਜ਼ੁਰਗ ਮਾਈ ਨੇ ਚੁੱਲੇ 'ਤੇ ਪੱਕਣ ਲਈ ਧਰੇ ਚੌਲ ਜੋ ਅਜੇ ਅੱਧ ਪੱਕੇ ਹੀ ਸਨ, ਚੁੱਲੇ ਤੋਂ ਲਾਹ ਕੇ ਉਸ ਮੁਸਾਫ਼ਿਰ ਦੀ ਗਠੜੀ ਵਿੱਚ ਪਾ ਕੇ ਉਸ ਨੂੰ ਘਰੋਂ ਬਾਹਰ ਦਾ ਰਸਤਾ ਦਿਖਾ ਦਿੱਤਾ। ਹੁਣ ਜਦੋਂ ਉਹ ਮੁਸਾਫ਼ਿਰ ਰਸਤੇ ਵਿੱਚ ਤੁਰਿਆ ਜਾ ਰਿਹਾ ਸੀ ਤਾਂ ਜਿਸ ਗਠੜੀ ਵਿੱਚ ਉਸ ਬਜ਼ੁਰਗ ਮਾਈ ਨੇ ਅੱਧ ਪੱਕੇ ਚੌਲ ਪਾਏ ਸਨ, ਉਸ ਵਿੱਚੋਂ ਪਾਣੀ ਚੋਅ ਰਿਹਾ ਸੀ। ਜਦੋਂ ਲੋਕਾਂ ਨੇ ਉਸ ਦੀ ਗਠੜੀ ਵਿੱਚੋਂ ਚੋਅ ਰਹੇ ਪਾਣੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, 'ਇਹ ਮੇਰੀ ਜ਼ਬਾਨ ਦਾ ਰਸ ਚੋਅ ਰਿਹਾ ਹੈ।' ਇੰਨਾ ਕਹਿ ਕੇ ਉਹ ਮੁਸਾਫ਼ਿਰ ਆਪਣੀ ਮੰਜ਼ਿਲ ਵੱਲ ਨੂੰ ਚੱਲ ਪਿਆ। ਸੋ ਬਿਨਾਂ ਸੋਚੇ-ਸਮਝੇ ਮਾੜੇ ਬੋਲ ਬੋਲਣ ਨਾਲੋਂ ਸੋਚ-ਸਮਝ ਕੇ ਬੋਲੇ ਬੋਲ ਮਨੁੱਖ ਨੂੰ ਅਨੇਕਾਂ ਮੁਸ਼ਕਿਲਾਂ ਤੋਂ ਬਚਾ ਸਕਦੇ ਹਨ।

# ਆਸ ਤੇ ਵਿਸ਼ਵਾਸ

**ਮਾਸਟਰ ਸੰਜੀਵ ਧਰਮਾਣੀ**
**੯੪੧੮੫੬੧੩੫੬**



ਸਾਡੀ ਜ਼ਿੰਦਗੀ ਭਾਵਨਾਵਾਂ, ਉਮੀਦਾਂ, ਯਕੀਨ, ਹੌਂਸਲੇ ਅਤੇ ਆਪਸੀ ਸਮਾਯੋਜਨ 'ਤੇ ਆਧਾਰਿਤ ਹੈ। ਹਰ ਇਨਸਾਨ ਦੀਆਂ ਇਹ ਆਸਾਂ ਤੇ ਭਾਵਨਾਵਾਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ ਜੋ ਕਿ ਉਸ ਦੀ ਘਰੇਲੂ ਸਥਿਤੀ, ਪਿਛੋਕੜ, ਪੇਸ਼ੇ, ਸਮਾਜਿਕ ਰੁਤਬੇ ਆਦਿ 'ਤੇ ਅਕਸਰ ਨਿਰਭਰ ਹੁੰਦੀਆਂ ਹਨ। ਇਹ ਦੁਨੀਆਂ ਵੀ ਆਸ ਅਤੇ ਵਿਸ਼ਵਾਸ 'ਤੇ ਚੱਲੀ ਹੋਈ ਹੈ। ਇਨਾਂ ਦੋਵਾਂ ਭਾਵਨਾਵਾਂ ਤੋਂ ਬਿਨਾਂ ਮਾਨਵਤਾ, ਸਮਾਯੋਜਨ, ਸੰਸਾਰਿਕ ਕਾਰਜ ਅਤੇ ਸਾਡੇ ਜੀਵਨ ਵਿੱਚ ਖੜੋਤ ਆ ਸਕਦੀ ਹੈ। ਇਸ ਲਈ ਹਰ ਇੱਕ ਪ੍ਰਾਣੀ ਨੂੰ ਜੀਵਨ ਵਿੱਚ ਆਸ-ਉਮੀਦ ਦੀ ਕਿਰਨ ਜ਼ਰੂਰ ਜਗਾਈ ਰੱਖਣੀ ਚਾਹੀਦੀ ਹੈ ਨਹੀਂ ਤਾਂ ਜੀਵਨ ਜਿਊਣ ਦੀ ਸਾਰਥਿਕਤਾ ਹੀ ਸ਼ਾਇਦ ਖ਼ਤਮ ਹੋ ਜਾਵੇਗੀ। ਇਸੇ ਤਰਾਂ ਵਿਸ਼ਵਾਸ ਵੀ ਇਨਸਾਨੀਅਤ, ਅਪਣੱਤ, ਜੀਵਨ ਤੇ ਸਮਾਯੋਜਨ ਦਾ ਧੁਰਾ ਹੈ। ਸਾਨੂੰ ਸਹੀ ਇਨਸਾਨ/ਪ੍ਰਸਥਿਤੀ 'ਤੇ ਜ਼ਰੂਰ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਦੂਸਰਿਆਂ ਦੇ ਸਾਡੇ ਪ੍ਰਤੀ ਬਣੇ ਵਿਸ਼ਵਾਸ 'ਤੇ ਜ਼ਰੂਰ ਖਰੇ ਉਤਰਨਾ ਚਾਹੀਦਾ ਹੈ। ਕਦੇ ਵੀ ਕਿਸੇ ਦੇ ਕੀਤੇ, ਸਮਝੇ ਤੇ ਸਾਡੇ ਉੱਤੇ ਰੱਖੇ ਵਿਸ਼ਵਾਸ ਨੂੰ ਤੋੜ ਕੇ ਵਿਸ਼ਵਾਸਹੀਣਤਾ ਦੀ ਭਾਵਨਾ ਨਹੀਂ ਜਗਾਉਣੀ ਚਾਹੀਦੀ, ਕਿਉਂਕਿ ਇਹ ਕਿਸੇ ਦੇ ਜੀਵਨ ਨੂੰ ਨਕਾਰਾਤਮਕਤਾ ਵੱਲ ਲੈ ਜਾਂਦੀ ਹੈ। ਆਸ ਤੇ ਵਿਸ਼ਵਾਸ ਜ਼ਰੂਰ ਰੱਖੋ ਤੇ ਨਿਭਾਓ, ਪਰ ਨਾਲ ਹੀ ਕਿਸੇ ਦੀ ਆਸ ਜਾਂ ਕਿਸੇ ਦੇ ਵਿਸ਼ਵਾਸ ਦਾ ਮਜ਼ਾਕ ਨਾ ਉਡਾਓ, ਨਾ ਹੀ ਆਸ ਬੁਝਾਓ, ਕਿਉਂਕਿ ਜੀਵਨ ਦਾ ਧੁਰਾ ਹੈ ਇਹ 'ਆਸ' ਤੇ 'ਵਿਸ਼ਵਾਸ'।

'ਆਸ ਤੇ ਵਿਸ਼ਵਾਸ,
ਜੇ ਨਾ ਹੋਵਣ ਜੀਵਨ ਵਿੱਚ ,
ਤਾਂ ਜੀਵਨ ਹੋ ਜਾਂਦਾ ਹੈ ਨਿਰਾਸ਼ ,
ਜੋ ਲਿਆਉਂਦਾ ਹੈ
ਜੀਵਨ ਵਿੱਚ ਵਿਨਾਸ਼,
ਇਸ ਲਈ ਜੀਵਨ ਵਿੱਚ,
ਜਗਾਈ ਤੇ ਬਣਾਈ ਰੱਖੋ ਹਮੇਸ਼ਾਂ ਹਮੇਸ਼ਾਂ ਹਮੇਸ਼ਾਂ,
ਆਸ ਤੇ ਵਿਸ਼ਵਾਸ।'

# ਸੜਕੀ ਅੱਤਵਾਦ- ਭੂੰਗ ਵਾਲੀ ਟਰਾਲੀ



**ਅਸ਼ੋਕ ਸੋਨੀ**
**੯੮੭੨੭੦੫੦੭੮**



ਸੜਕਾਂ ਉੱਤੇ ਬਿਨਾਂ ਰੋਕ-ਟੋਕ ਤੋਂ ਚੱਲਦੀਆਂ ਵੱਡੀਆਂ ਭੂੰਗ ਆਲੀਆਂ ਟਰਾਲੀਆਂ ਲਗਾਤਾਰ ਅਚਨਚੇਤੀ ਮੌਤਾਂ ਵੰਡ ਰਹੀਆਂ ਹਨ। ਇਹ ਟਰਾਲੀਆਂ ਪੂਰੀ ਸੜਕ ਨੂੰ ਰੋਕ ਕੇ ਚੱਲਦੀਆਂ ਹਨ, ਜਿਸ ਕਾਰਨ ਬਾਕੀ ਆਵਾਜਾਈ ਬੁਰੀ ਤਰਾਂ ਨਾਲ ਪ੍ਰਭਾਵਿਤ ਹੁੰਦੀ ਹੈ। ਇਨਾਂ ਟਰਾਲੀਆਂ ਕੋਲੋਂ ਤਾਂ ਵੱਡੇ ਹਾਈਵੇ ਤੋਂ ਵੀ ਸਾਈਡ ਲੈਣਾ ਬਹੁਤ ਹੀ ਔਖਾ ਕੰਮ ਹੁੰਦਾ ਹੈ ਤੇ ਜੇਕਰ ਮਾੜੀ ਕਿਸਮਤ ਨੂੰ ਲਿੰਕ ਸੜਕ ਤੇ ਤੁਹਾਨੂੰ ਇਨਾਂ ਦਾ ਸਾਹਮਣਾ ਕਰਨਾ ਪੈ ਜੇ ਤਾਂ ਤੁਹਾਡਾ ਰੱਬ ਹੀ ਰਾਖਾ ਹੈ। ਇਨਾਂ ਟਰਾਲੀਆਂ ਵਿਚ ਸਮਰੱਥਾ ਤੋਂ ਲੱਗਭੱਗ ਛੇ ਗੁਣਾ ਵੱਧ ਤੂੜੀ ਭਰੀ ਹੁੰਦੀ ਹੈ, ਜਿਸ ਕਾਰਨ ਆਮ ਹੀ ਇਹ ਟਰਾਲੀਆਂ ਪਲਟ ਜਾਂਦੀਆਂ ਹਨ ਤੇ ਇਨਾਂ ਟਰਾਲੀਆਂ ਦੇ ਕਿੰਨੇ ਹੀ ਟਰੈਕਟਰ ਚਾਲਕ ਤੇ ਹੋਰ ਮਜ਼ਦੂਰ ਚਪੇਟ ਵਿਚ ਆ ਕੇ ਆਪਣੀ ਜਾਨ ਗੁਆ ਚੁੱਕੇ ਹਨ ਤੇ ਅਣਗਿਣਤ ਹੋਰ ਸੜਕ ਚਲਦੇ ਅਣਗਿਣਤ ਨਿਰਦੋਸ਼ ਲੋਕਾਂ ਦੀਆਂ ਵੀ ਜਾਨਾਂ ਜਾ ਚੁੱਕੀਆਂ ਹਨ। ਉਪਰੋਂ ਅੱਜ ਕੱਲ ਇਨਾਂ ਦੇ ਟ੍ਰੈਕਟਰਾਂ ਤੇ ਤੇਜ਼ ਆਵਾਜ ਵਿਚ ਚੱਲਦੇ ਗਾਣਿਆਂ 'ਚ ਇਨਾਂ ਨੂੰ ਪਿੱਛੋਂ ਆ ਰਹੇ ਕਿਸੇ ਵੀ ਸਾਧਨ ਦੇ ਹਾਰਨ ਦੀ ਆਵਾਜ਼ ਸੁਣਾਈ ਹੀ ਨਹੀਂ ਦਿੰਦੀ, ਜਿਸ ਕਾਰਨ ਜਿੱਥੇ ਟ੍ਰੈਫਿਕ ਦੀ ਬਹੁਤ ਵੱਡੀ ਸਮੱਸਿਆ ਪੈਦਾ ਹੋ ਜਾਂਦੀ ਹੈ। ਉੱਥੇ ਹੀ ਕਈ ਵਾਰ ਐਂਬੂਲੈਂਸ ਵਰਗੇ ਐਮਰਜੈਂਸੀ ਵਾਹਨ ਵੀ ਇਸ ਭੰਬਲਭੂਸੇ ਵਿਚ ਉਲਝ ਕੇ ਰਹਿ ਜਾਂਦੇ ਹਨ ਤੇ ਸਮੇਂ ਦੀ ਬਰਬਾਦੀ ਕਾਰਨ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਰਾਤਾਂ ਨੂੰ ਤੇ ਧੁੰਦ ਦੇ ਖਤਰਨਾਕ ਮੌਸਮ ਵਿਚ ਤਾਂ ਹੋਰ ਵੀ ਬੁਰਾ ਹਾਲ ਏ ਕਿਉਂਕਿ ਇਹ ਟਰਾਲੀਆਂ ਬਿਲਕੁਲ ਹੀ ਨਜ਼ਰ ਨਹੀਂ ਆਉਂਦੀਆਂ, ਉਪਰੋਂ ਇਨਾਂ 'ਤੇ ਕਿਸੇ ਤਰਾਂ ਦੀ ਕੋਈ ਲਾਈਟ ਨਾ ਹੋਣ ਕਾਰਨ ਧੁੰਦ ਤੇ ਰਾਤ ਨੂੰ ਤਾਂ ਤੁਹਾਡਾ ਰੱਬ ਹੀ ਰਾਖਾ ਹੈ।

ਠੀਕ ਹੈ ਕਿ ਹਰੇਕ ਨੂੰ ਆਪਣਾ ਕਾਰੋਬਾਰ ਚਲਾਉਣ ਦਾ ਹੱਕ ਹੈ ਪਰ ਕਿਸੇ ਦੀ ਜਾਨ ਦੇ ਜੋਖਮ ਤੇ ਇਸ ਤਰਾਂ ਦੀ ਨਜਾਇਜ਼ ਆਵਾਜਾਈ ਰਾਹੀਂ ਪੈਸਾ ਕਮਾਉਣਾ ਕਿੱਥੋਂ ਤੱਕ ਜਾਇਜ਼ ਹੈ। ਸਰਕਾਰ ਨੂੰ ਇਸ ਮਹੱਤਵਪੂਰਨ ਮੁੱਦੇ 'ਤੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਤੇ ਸਖਤੀ ਨਾਲ ਇਨਾਂ ਮੌਤ ਵੰਡਦੀਆਂ ਟਰਾਲੀਆਂ 'ਤੇ ਰੋਕ ਲਗਾਉਣੀ ਚਾਹੀਦੀ ਹੈ। ਖਾਸਕਰ ਛੋਟੇ-ਵੱਡੇ ਲੀਡਰਾਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਕ੍ਰਿਪਾ ਕਰਕੇ ਇਨਾਂ ਨਾਜਾਇਜ਼ ਆਵਾਜਾਈ ਕਰਦੀਆਂ ਟਰਾਲੀਆਂ ਨੂੰ ਜਾਣ ਦੇਣ ਲਈ ਟ੍ਰੈਫਿਕ ਪੁਲਿਸ ਤੇ ਪ੍ਰਸ਼ਾਸਨ ਤੇ ਦਬਾਅ ਨਾ ਪਾਇਆ ਕਰੋ, ਕਿਉਂਕਿ ਇਨਾਂ ਸੜਕਾਂ ਦੀ ਵਰਤੋਂ ਤੁਹਾਡੇ ਅਜੀਜ ਵੀ ਕਰਦੇ ਹਨ। ਆਓ ਆਪਾਂ ਸਾਰੇ ਮਿਲ ਕੇ ਇਸ ਸੜਕੀ ਅੱਤਵਾਦ ਖਿਲਾਫ ਲਹਿਰ ਚਲਾਈਏ ਤਾਂ ਜੋ ਮੌਤ ਵੰਡਦੀਆਂ ਇਨਾਂ ਟਰਾਲੀਆਂ ਤੇ ਤੁਰੰਤ ਰੋਕ ਲੱਗ ਸਕੇ।






# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

## ਤੀਜੀ ਕਿਸ਼ਤ

ਜ਼ਕਰੀਆ ਖਾਂ ਦੀ ਦਮਨ ਨੀਤੀ ਅਸਫਲ ਹੋ ਗਈ। ਉਸ ਲਈ ਰਾਜ-ਭਾਗ ਚਲਾਉਣਾ ਅਸੰਭਵ ਹੋ ਗਿਆ। ਖਜਾਨਾ ਖਾਲੀ ਸੀ। ਸੈਨਾ ਨੂੰ ਤਨਖਾਹ ਦਿੱਤੀ ਜਾਏ ਤਾਂ ਕਿਵੇਂ ਦਿੱਤੀ ਜਾਏ? ਲਗਾਨ ਕਿਸ ਤੋਂ ਉਗਰਾਇਆ ਜਾਏ? ਖੇਤੀ, ਵਪਾਰ ਸਭ ਚੌਪਟ ਹੋ ਚੁੱਕਿਆ ਸੀ। ਜਿਹੜਾ ਮਾਮਲਾ ਉਗਰਾਹ ਕੇ ਦਿੱਲੀ ਭੇਜਿਆ ਜਾਂਦਾ ਸੀ, ਉਹ ਵੀ ਜਾਣਾ ਬੰਦ ਹੋ ਗਿਆ ਸੀ। ਸਿੱਖਾਂ ਨੂੰ ਖਤਮ ਕਰਨ ਦਾ ਸੁਪਨਾ ਚੂਰ-ਚੂਰ ਹੋ ਗਿਆ। ਉਹਨਾਂ ਦੀ ਗਿਣਤੀ ਹੁਣ ਉਸ ਗਿਣਤੀ ਨਾਲੋਂ ਦੁੱਗਣੀ ਹੋ ਚੁੱਕੀ ਸੀ, ਜਿਹੜੀ ਬੰਦਾ ਬਹਾਦਰ ਦੇ ਪੰਜਾਬ ਆਉਣ ਵੇਲੇ ਸੀ।

ਜ਼ਕਰੀਆ ਖਾਂ ਚੰਗਾ ਪ੍ਰਸ਼ਾਸਕ ਤੇ ਫਾਰਸੀ ਦਾ ਵਿਦਵਾਨ ਸੀ। ਉਸਨੇ ਸ਼ੇਖਸਾਦੀ ਦੀ 'ਗੁਲਿਸਤਾਂ-ਬੋਸਤਾਂ' ਦਾ ਅਧਿਅਨ ਵੀ ਕੀਤਾ ਹੋਇਆ ਸੀ ਤੇ ਉਸਦੇ ਕਠੋਰ ਹਿਰਦੇ ਵਿਚ ਇਕ ਕੋਮਲ ਸਥਾਨ ਵੀ ਸੀ। ਉਹ ਸੱਚਮੁੱਚ ਪੰਜਾਬ ਵਿਚ ਅਮਨ ਬਹਾਲ ਕਰਕੇ ਉਸਨੂੰ ਖ਼ੁਸ਼ਹਾਲ ਬਣਾਉਣਾ ਚਾਹੁੰਦਾ ਸੀ। ਹੁਣ ਸੱਤ ਸਾਲ ਦੇ ਖ਼ੂਨ-ਖਰਾਬੇ ਦਾ ਨਤੀਜਾ ਤਬਾਹੀ ਤੇ ਬਰਬਾਦੀ ਦੇਖ ਕੇ ਉਸਨੇ ਆਪਣੇ ਦੀਵਾਨ ਲਖਪਤ ਰਾਏ ਨਾਲ ਸਲਾਹ ਕਰਕੇ ਤੇ ਦਿੱਲੀ ਤੋਂ ਆਗਿਆ ਲੈ ਕੇ ਸਿੱਖਾਂ ਵੱਲ ਸੁਲਾਹ ਦਾ ਹੱਥ ਵਧਾਇਆ।

ਜਦੋਂ ਉਹ 1936 ਦੀ ਵਿਸਾਖੀ ਸਮੇਂ ਅੰਮ੍ਰਿਤਸਰ ਵਿਚ ਇਕੱਠੇ ਹੋਏ ਤਾਂ ਚਕਰੈਲ ਸਿੱਖ ਭਾਈ ਸੁਬੇਗ ਸਿੰਘ ਦੀ ਅਗਵਾਈ ਹੇਠ ਉਸ ਦਾ ਇਕ ਪ੍ਰਤੀਨਿਧ ਮੰਡਲ ਉਨਾਂ ਕੋਲ ਪਹੁੰਚਿਆ ਤੇ ਇਹ ਪੇਸ਼ਕਸ਼ ਕੀਤੀ ਕਿ ਜੇ ਸਿੱਖ ਸ਼ਾਂਤੀ ਨਾਲ ਰਹਿਣਾ ਮਨਜ਼ੂਰ ਕਰ ਲੈਣ ਤਾਂ ਉਹਨਾਂ ਨੂੰ ਇਕ ਲੱਖ ਰੁਪਏ ਦੀ ਜਾਗੀਰ, ਨਵਾਬ ਦੀ ਪਦਵੀ ਤੇ ਖਿਲਅਤ (ਰਾਜੇ ਜਾਂ ਬਾਦਸ਼ਾਹ ਵੱਲੋਂ ਸਨਮਾਨ ਵਜੋਂ ਦਿੱਤੀ ਗਈ ਪੁਸ਼ਾਕ- ਅਨੁ.) ਦਿੱਤੀ ਜਾਵੇਗੀ। ਸਿੱਖਾਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਤੁਣਕ ਕੇ ਬੋਲੇ, 'ਉਹ ਕੌਣ ਹੁੰਦਾ ਏ ਸਾਨੂੰ ਜਾਗੀਰਾਂ ਦੇਣ ਵਾਲਾ, ਮੁਲਕ ਉਸਦਾ ਨਹੀਂ ਸਾਡਾ ਏ। ਸਾਨੂੰ ਨਹੀਂ ਚਾਹੀਦੀ ਉਸਦੀ ਦਿੱਤੀ ਹੋਈ ਨਵਾਬੀ-ਸਰਦਾਰੀ ਉਹ ਜੋ ਪੰਥ ਵੱਲੋਂ ਮਿਲੇ।'

ਸੁਬੇਗ ਸਿੰਘ ਸ਼ਾਂਤ ਸੁਭਾਅ ਦਾ ਮਿੱਤ-ਭਾਸ਼ੀ ਆਦਮੀ ਸੀ। ਬੋਲਿਆ, 'ਸੁਲਾਹ ਵਿਚ ਪੰਥ ਦਾ ਫਾਇਦਾ ਏ। ਤੁਹਾਨੂੰ ਨਵਾਬ ਵਲੋਂ ਬੇਖਤਰਾ ਹੋ ਕੇ ਧਰਮ ਦਾ ਪ੍ਰਚਾਰ ਕਰਨ ਤੇ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲੇਗਾ।'

ਸੁਬੇਗ ਸਿੰਘ ਦੀ ਇਹ ਗੱਲ ਸਾਰਿਆਂ ਦੇ ਮਨ ਲੱਗੀ ਸੀ। ਜਾਗੀਰ ਲੈ ਲੈਣ ਦਾ ਮਤਾ ਪਾਸ ਹੋ ਗਿਆ। ਹੁਣ ਸਵਾਲ ਇਹ ਸੀ ਕਿ ਨਵਾਬ ਦੀ ਪਦਵੀ ਕਿਸ ਨੂੰ ਦਿੱਤੀ ਜਾਏ। ਕੋਈ ਵੀ ਪ੍ਰਮੁੱਖ ਸਰਦਾਰ ਇਸ ਲਈ ਤਿਆਰ ਨਹੀਂ ਸੀ। ਵਾਰੀ ਨਾਲ ਸਾਰਿਆਂ ਤੋਂ ਪੁੱਛਿਆ ਗਿਆ ਪਰ ਸਭ ਨੇ ਇਨਕਾਰ ਕਰ ਦਿੱਤਾ। ਕੁਝ ਬਜ਼ੁਰਗਾਂ ਨੇ ਰਾਏ ਦਿੱਤੀ ਕਿ ਪੰਥ ਦੇ ਸਭ ਤੋਂ ਪੁਰਾਣੇ ਨੇਤਾ ਸਰਦਾਰ ਦਰਬਾਰਾ ਸਿੰਘ ਨੂੰ ਇਹ ਪਦਵੀ ਦੇ ਦਿੱਤੀ ਜਾਏ। ਉਹਨਾਂ ਵੀ ਇਨਕਾਰ ਕਰ ਦਿੱਤਾ। ਨਵਾਬ ਦੀ ਪਦਵੀ ਤੇ ਖਿਲਅਤ ਉਹ ਫੁਟਬਾਲ ਬਣ ਗਈ ਸੀ, ਜਿਸ ਨੂੰ ਖੇਡ ਦੇ ਮੈਦਾਨ ਵਿਚ ਏਧਰੋਂ ਉਧਰ ਠੁਡਿਆਇਆ ਜਾ ਰਿਹਾ ਸੀ। ਦੀਵਾਨ ਸਜਿਆ ਹੋਇਆ ਸੀ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਰਿਹਾ ਸੀ। ਇਸੇ ਸਮੇਂ ਗ੍ਰੰਥੀ ਨੇ ਗੁਰੂ ਅਰਜਨ ਦੇਵ ਦਾ ਇਕ ਵਾਕ ਉਚਾਰਣ ਕੀਤਾ, ਜਿਸ ਤੋਂ ਪ੍ਰੇਰਨਾ ਲੈ ਕੇ ਇਕ ਸਿੱਖ ਬੋਲਿਆ, 'ਗੁਰੂ ਮਹਾਰਾਜ ਦਾ ਵਾਕ ਇਹ ਫਰਮਾਉਂਦਾ ਹੈ ਕਿ ਉੱਚੀ ਪਦਵੀ ਟਹਿਲ (ਸੇਵਾ) ਕਰਨ ਵਾਲੇ ਨੂੰ ਮਿਲਦੀ ਹੈ। ਗੁਰੂ ਦਾ ਹੁਕਮ ਮੰਨੋ। ਦੇਰ ਨਾ ਕਰੋ। ਸੇਵਾ ਕਰਨ ਵਾਲੇ ਸਿੰਘ ਨੂੰ ਇਹ ਪਦਵੀ ਦੇ ਦਿਓ।'

ਭਾਈ ਕਪੂਰ ਸਿੰਘ ਦੀਵਾਨ ਵਿਚ ਸੰਗਤ ਨੂੰ ਪੱਖਾਂ ਝੱਲ ਰਹੇ ਸਨ। ਪਿੱਛਲੇ ਦਿਨੀਂ ਰੋਪੜ ਵਿਚ ਗਸ਼ਤੀ ਫੌਜ ਨਾਲ ਹੋਈ ਟੱਕਰ ਵਿਚ ਉਹਨਾਂ ਦੇ ਮੱਥੇ 'ਤੇ ਸੱਟ ਲੱਗੀ ਸੀ, ਜ਼ਖ਼ਮ ਅਜੇ ਭਰਿਆ ਨਹੀਂ ਸੀ। ਇਸ ਦੇ ਬਾਵਜੂਦ ਉਹ ਬੜੀ ਤਤਪਰਤਾ ਨਾਲ ਇਧਰ-ਉਧਰ ਝੂਲ ਕੇ ਸੰਗਤ ਨੂੰ ਪੱਖਾਂ ਝੱਲ ਰਹੇ ਸਨ। ਉਸ ਸਿੰਘ ਨੇ ਸੁਝਾਅ ਦਿੱਤਾ ਕਿ ਨਵਾਬ ਦੀ ਪਦਵੀ ਤੇ ਖਿਲਅਤ ਭਾਈ ਕਪੂਰ ਸਿੰਘ ਨੂੰ ਦੇ ਦਿੱਤੀ ਜਾਏ।

ਦੀਵਾਨ ਵਿਚ ਇਕੱਤਰ ਸਰਬਤ ਖਾਲਸਾ ਨੂੰ ਇਹ ਸੁਝਾਅ ਬੜਾ ਚੰਗਾ ਲੱਗਿਆ ਤੇ ਉਹਨਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲ' ਦਾ ਜੈਕਾਰਾ ਛੱਡ ਕੇ ਆਪਣੀ ਸਹਿਮਤੀ ਦਾ ਐਲਾਨ ਕਰ ਦਿੱਤਾ। ਭਾਈ ਕਪੂਰ ਸਿੰਘ ਨੇ ਸੰਗਤ ਦੇ ਇਸ ਫੈਸਲੇ ਅੱਗੇ ਸਿਰ ਝੁਕਾਅ ਦਿੱਤਾ ਤੇ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੋਲੇ, 'ਜੇ ਸਾਧ ਸੰਗਤ ਦੀ ਇਹੀ ਇੱਛਾ ਹੈ ਤਾਂ ਖਿਲਅਤ, ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਛੁਹਾਅ ਕੇ ਪਵਿੱਤਰ ਕਰਨ ਪਿੱਛੋਂ, ਮੈਨੂੰ ਬਖ਼ਸ਼ੀ ਜਾਏ।' ਗੁਰੂ ਦੀ ਹਜ਼ੂਰੀ ਵਿਚ ਅਰਦਾਸ ਹੋਈ ਤੇ ਖਿਲਅਤ ਜਿਵੇਂ ਭਾਈ ਕਪੂਰ ਸਿੰਘ ਨੇ ਕਿਹਾ ਸੀ, ਓਵੇਂ ਹੀ ਉਸਨੂੰ ਬਖ਼ਸ਼ੀ ਗਈ। ਪਰਗਨਾ, ਚੂਹਨੀਆਂ, ਦਿਆਲਪੁਰ, ਕੰਗਨਵਾਲ ਤੇ ਝਬਾਲ ਆਦਿਕ ਬਾਰਾਂ ਪਿੰਡਾਂ ਦੀ ਜਮੀਨ ਗੁਰੂ ਚੱਕ ਸ਼੍ਰੀ ਅੰਮ੍ਰਿਤਸਰ ਦੇ ਨਾਂ ਕਰ ਦਿੱਤੀ ਗਈ ਤੇ ਖਾਲਸੇ ਨੂੰ ਖੁੱਲਾ ਘੁੰਮਣ-ਫਿਰਨ ਦੀਆਂ ਛੋਟਾਂ ਹੋ ਗਈਆਂ।

ਸਰਕਾਰ ਨਾਲ ਹੋਏ ਇਸ ਸਮਝੌਤੇ ਪਿੱਛੋਂ ਅਮਨ ਬਹਾਲ ਹੋਇਆ ਤਾਂ ਜੰਗਲਾਂ ਤੇ ਪਹਾੜਾਂ ਵਿਚੋਂ ਨਿਕਲ ਕੇ ਕੁਝ ਸਿੱਖ ਅੰਮ੍ਰਿਤਸਰ ਵਿਚ ਸ਼੍ਰੀ ਹਰਿਮੰਦਰ ਸਾਹਿਬ ਦੇ ਆਸ-ਪਾਸ ਆ ਵੱਸੇ। ਹਜ਼ਾਰਾਂ ਆਦਮੀਆਂ ਤੇ ਉਨਾਂ ਦੇ ਘੋੜਿਆਂ ਲਈ ਰਸਦ ਤੇ ਰਿਹਾਇਸ਼ ਦਾ ਪ੍ਰਬੰਧ ਕਰਨਾ ਬੜਾ ਮੁਸ਼ਕਿਲ ਕੰਮ ਸੀ। ਨੌਜਵਾਨਾਂ ਨੂੰ ਬਜ਼ੁਰਗਾਂ ਪ੍ਰਤੀ ਇਹ ਰੋਸ ਸੀ ਕਿ ਚੰਗੀ ਰਸਦ ਤੇ ਚੰਗਾ-ਚੰਗਾ ਖਾਣ ਪੀਣ ਵਾਲਾ ਹੋਰ ਸਾਮਾਨ ਉਹ ਲੈ ਜਾਂਦੇ ਹਨ, ਉਹਨਾਂ ਤੇ ਉਹਨਾਂ ਦੇ ਘੋੜਿਆਂ ਨੂੰ ਬਚਿਆ-ਖੁਚਿਆ ਮਾਲ ਮਿਲਦਾ ਹੈ। ਨਾਲੇ ਨਵੀਂ ਤੇ ਪੁਰਾਣੀ ਪੀੜੀ ਦਾ ਫ਼ਰਕ ਵੀ ਸੀ, ਸੋ ਵਾਦ-ਵਿਵਾਦ ਤੇ ਤਣਾਅ ਪੈਦਾ ਹੋਣਾ ਸੁਭਾਵਕ ਵੀ ਸੀ। ਨਵਾਬ ਕਪੂਰ ਸਿੰਘ ਨੇ ਇਸ ਸਮੱਸਿਆ ਦਾ ਮਨੋਵਿਗਿਆਨਕ ਹੱਲ ਕੱਢਿਆ, ਸਾਰੇ ਜਣਿਆਂ ਨੂੰ ਬੁੱਢਾ-ਦਲ ਤੇ ਤਰੂਣਾ-ਦਲ ਵਿਚ ਵੰਡ ਦਿੱਤਾ। ਤਰੂਣਾ-ਦਲ ਨੂੰ ਅੱਗੇ ਪੰਜ ਭਾਗਾਂ ਵਿਚ ਵੰਡਿਆ। ਹਰ ਭਾਗ (ਟੋਲੇ) ਦਾ ਆਪਣਾ ਨੇਤਾ ਤੇ ਆਪਣਾ ਡੇਰਾ ਸੀ। ਇੰਜ ਬੁੱਢਾ ਦਾਲ ਨੂੰ ਵੀ ਪੰਜ ਭਾਗਾਂ ਵਿਚ ਵੰਡ ਦਿੱਤਾ ਗਿਆ। ਉਨਾਂ ਦਾ ਵੀ ਆਪਣਾ-ਆਪਣਾ ਨੇਤਾ ਤੇ ਆਪਣਾ-ਆਪਣਾ ਡੇਰ ਸੀ।

ਸਿੱਖਾਂ ਨੂੰ ਬੰਦਾ ਬਹਾਦੁਰ ਦੀ ਸ਼ਹਾਦਤ ਪਿੱਛੋਂ ਪਹਿਲੀ ਵਾਰੀ ਨਵਾਬ ਕਪੂਰ ਸਿੰਘ ਦੇ ਰੂਪ ਵਿਚ ਇਕ ਸੁਯੋਗ ਤੇ ਪ੍ਰਭਾਵਸ਼ਾਲੀ ਨੇਤਾ ਮਿਲਿਆ ਸੀ। ਉਹ ਇਕ ਕੁਸ਼ਲ ਸੰਗਠਨਕਰਤਾ ਤੇ ਸਮੱਸਿਆਵਾਂ ਨੂੰ ਸੁਲਝਾਉਣ ਵਾਲਾ ਬੁੱਧੀਜੀਵੀ ਸੀ। ਸੋ ਬੜੀ ਛੇਤੀ ਹਰਮਨ ਪਿਆਰਾ ਹੋ ਗਿਆ। ਸਾਰੇ ਉਸਦਾ ਆਦਰ ਕਰਦੇ ਸਨ। ਉਹ ਜਿੱਥੇ ਵੀ ਜਾਂਦਾ, ਉੱਥੇ ਹੀ ਉਸਦਾ ਸ਼ਾਨਦਾਰ ਤੇ ਨਿੱਘਾ ਸਵਾਗਤ ਕੀਤਾ ਜਾਂਦਾ ਤੇ ਨੌਜਵਾਨ ਉਸਦੇ ਹੱਥੋਂ ਅੰਮ੍ਰਿਤ ਛਕ ਕੇ ਸਿੱਖ ਧਰਮ ਦੇ ਸੇਵਾਦਾਰ ਬਨਣ ਵਿਚ ਮਾਣ ਮਹਿਸੂਸ ਕਰਦੇ। ਇਨਾਂ ਸੇਵਾਦਾਰਾਂ ਨੂੰ ਅਸਤਰ-ਸ਼ਸਤਰ ਚਲਾਉਣ ਦੀ ਸਿੱਖਿਆ ਵੀ ਦਿੱਤੀ ਜਾਂਦੀ ਸੀ। ਸੰਗਤਾਂ ਦੀਆਂ ਜੁੱਤੀਆਂ ਸਾਫ ਕਰਨ, ਪੱਖਾ ਝੱਲਣ, ਲੰਗਰ ਦਾ ਪ੍ਰਬੰਧ ਕਰਨ, ਰਸਦ ਤੇ ਲੰਗਰ ਵਰਤਾਉਣ ਦਾ ਕੰਮ ਦੇ ਕੇ ਇਹ ਗੱਲ ਮਨਾਂ ਵਿਚ ਬਿਠਾਅ ਦਿੱਤੀ ਜਾਂਦੀ ਸੀ ਕਿ ਸੇਵਾ, ਤਿਆਗ ਅਤੇ ਅਨੁਸ਼ਾਸਨ ਹੀ ਖਾਲਸੇ ਦੇ ਵਿਸ਼ੇਸ਼ ਗੁਣ ਹਨ ਤੇ ਇਨਾਂ ਗੁਣਾ ਨੂੰ ਧਾਰਨ ਕਰਕੇ ਹੀ ਮਨੁੱਖ ਛੋਟੇ ਤੋ ਵੱਡਾ ਬਣਦਾ ਹੈ।

ਇਕ ਵਾਰੀ ਨਵਾਬ ਕਪੂਰ ਸਿੰਘ ਸਰਦਾਰ ਬਾਘ ਸਿੰਘ ਦੇ ਘਰ ਉਨਾਂ ਨੂੰ ਮਿਲਣ ਜਲੰਧਰ ਗਏ। ਉਹ ਜਿਸ ਕਮਰੇ ਵਿਚ ਬੈਠੇ ਗੱਲਾਂ ਕਰ ਰਹੇ ਸਨ, ਉਸੇ ਵਿਚ ਬਾਘ ਸਿੰਘ ਦੀ ਵਿਧਵਾ ਭੈਣ 'ਆਸਾ ਦੀ ਵਾਰ' ਦਾ ਕੀਰਤਨ ਕਰ ਰਹੀ ਸੀ। ਉਸਦੀ ਆਵਾਜ਼ ਬੜੀ ਸੁਰੀਲੀ ਸੀ ਤੇ ਉਹ ਦੋ ਤਾਰਾ ਬੜਾ ਸੋਹਣਾ ਵਜਾ ਰਹੀ ਸੀ। ਉਸਦੇ ਵਾਲ ਖੁੱਲੇ ਹੋਏ ਸਨ ਤੇ ਉਹ ਕੀਰਤਨ ਕਰਨ ਵਿਚ ਏਨੀ ਮਗਨ ਹੋਈ ਹੋਈ ਸੀ ਕਿ ਉਸਨੂੰ ਆਪਣੀ ਤੇ ਆਪਣੇ ਆਸੇ-ਪਾਸੇ ਦੀ ਕੋਈ ਸੁੱਧ ਹੀ ਨਹੀਂ ਸੀ ਜਾਪਦੀ। ਉਸਦੇ ਲਾਗੇ ਹੀ ਉਸਦਾ ਸਤਾਰਾਂ-ਅਠਾਰਾਂ ਵਰਿਆਂ ਦਾ ਪੁੱਤਰ, ਖੰਭੇ ਉਪਰ, ਤਲਵਾਰ ਦੀ ਯੁੱਧ ਕਲਾ ਦਾ ਅਭਿਆਸ ਕਰ ਰਿਹਾ ਸੀ। ਜਿਵੇਂ ਮਾਂ ਕੀਰਤਨ ਵਿਚ ਮਗਨ ਸੀ, ਓਵੇਂ ਹੀ ਪੁੱਤਰ ਆਪਣੇ ਅਭਿਆਸ ਵਿਚ। ਆਸੇ-ਪਾਸੇ ਕੀ ਹੋ ਰਿਹਾ ਹੈ, ਇਸ ਦੀ ਉਸਨੂੰ ਵੀ ਸੁੱਧ ਨਹੀਂ ਸੀ। ਸਾਹਮਣੇ ਖੜੇ ਕਲਪਿਤ ਦੁਸ਼ਮਣ ਉਪਰ ਇਕਾਗਰ-ਚਿੱਤ ਹੋ ਕੇ ਨਿਸ਼ਾਨਾ ਸਿੰਨਣ ਤੇ ਵਾਰ ਕਰਨ ਦਾ ਉਸਦਾ ਅੰਦਾਜ਼ ਤੇ ਉਸਦੇ ਹਾਵ-ਭਾਵ ਸਿਰਫ ਦੇਖਣ ਯੋਗ ਸਨ-ਬਿਆਨ ਨਹੀਂ ਸਨ ਕੀਤੇ ਜਾ ਸਕਦੇ।

ਨਵਾਬ ਕਪੂਰ ਸਿੰਘ ਨੇ ਇਕੋ ਨਜ਼ਰ ਵਿਚ ਉਸ ਨੌਜਵਾਨ ਦੀ ਵਿਲੱਖਣ ਪ੍ਰਤਿਭਾ ਨੂੰ ਪਛਾਣ ਲਿਆ। ਉਨਾਂ ਬਾਘ ਸਿੰਘ ਦਾ ਧਿਆਨ ਉਸ ਵੱਲ ਦਿਵਾਉਂਦਿਆਂ ਕਿਹਾ, 'ਤੁਹਾਡਾ ਭਾਣਜਾ ਜਿੰਨਾਂ ਸੋਹਣਾ ਏਂ, ਓਨਾਂ ਹੀ ਗੰਭੀਰ ਤੇ ਬੁੱਧੀਮਾਨ ਵੀ ਹੈ। ਇਸ ਦਾ ਮੁਖ-ਮੰਡਲ ਕਿਸੇ ਮਹਾਨ ਯੋਧੇ ਜਿਹਾ ਹੈ। ਮੇਰਾ ਖ਼ਿਆਲ ਐ ਕਿ ਦੇਸ਼ ਤੇ ਧਰਮ ਨੂੰ ਵਿਦੇਸ਼ੀਆਂ ਦੀ ਗ਼ੁਲਾਮੀ ਤੋਂ ਮੁਕਤ ਕਰਵਾਉਣ ਦਾ ਕਾਰਜ ਇਸ ਦੀ ਅਗਵਾਈ ਵਿਚ ਤੋੜ ਚੜੇਗਾ।'

ਜਦੋਂ ਇਹ ਭਵਿੱਖਬਾਣੀ ਹੋ ਰਹੀ ਸੀ, ਉਦੋਂ ਹੀ ਬਾਘ ਸਿੰਘ ਦੀ ਵਿਧਵਾ ਭੈਣ ਕੀਰਤਨ ਸਮਾਪਤ ਕਰਕੇ ਉੱਠੀ। ਨਵਾਬ ਕਪੂਰ ਸਿੰਘ ਤੇ ਬਾਘ ਸਿੰਘ ਦੀਆਂ ਨਜ਼ਰਾਂ ਨਿਸ਼ਾਨਾ 'ਸਾਧ' ਰਹੇ ਉਸਦੇ ਪੁੱਤਰ ਉਪਰ ਟਿਕੀਆਂ ਹੋਈਆਂ ਸਨ, ਇਸ ਲਈ ਉਹ ਵੀ ਉਧਰ ਹੀ ਦੇਖਣ ਲੱਗੀ।

ਮੁੰਡੇ ਦਾ ਨਾਂ ਜੱਸਾ ਸਿੰਘ ਸੀ। ਉਹ ਸੁਡੌਲ ਜੁੱਸੇ ਤੇ ਲੰਮੇ-ਝੰਮੇ ਕੱਦ ਦਾ ਨੌਜਵਾਨ ਸੀ। ਮਾਂ ਦਾ ਇਕਲੌਤਾ ਪੁੱਤਰ ਸੀ ਤੇ ਬਾਘ ਸਿੰਘ ਦੀ ਆਪਣੀ ਕੋਈ ਸੰਤਾਨ ਨਹੀਂ ਸੀ, ਇਸ ਲਈ ਉਸ ਨੇ ਜੱਸਾ ਸਿੰਘ ਨੂੰ ਆਪਣਾ ਮੁਤਬੰਨਾ-ਪੁੱਤਰ ਬਣਾ ਲਿਆ ਸੀ। ਮਜੇ ਦੀ ਗੱਲ ਇਹ ਸੀ ਕਿ ਨਵਾਬ ਕਪੂਰ ਸਿੰਘ ਦੇ ਆਪਣੇ ਵੀ ਕੋਈ ਬੱਚਾ-ਬੱਚੀ ਨਹੀਂ ਸੀ। ਉਸਦੇ ਮਨ ਵਿਚ ਜੱਸਾ ਸਿੰਘ ਨੂੰ ਆਪਣਾ ਮੁਤਬੰਨਾ-ਪੁੱਤਰ



ਬਣਾ ਲੈਣ ਦੀ ਇੱਛਾ ਪੈਦਾ ਹੋਈ। ਇਹ ਇੱਛਾ ਏਨੀ ਤੀਬਰ ਸੀ ਕਿ ਸਭ ਕੁਝ ਜਾਣਦਿਆਂ ਹੋਇਆਂ ਵੀ ਉਹ ਆਪਣੇ ਆਪ ਨੂੰ ਰੋਕ ਨਹੀਂ ਸਕੇ। ਵਿਧਵਾ ਮਾਂ ਵੱਲ ਦੇਖਦੇ ਹੋਏ ਬੋਲੇ-'ਭੈਣਾ, ਮੈਂ ਇਕ ਅਜਿਹੀ ਗੱਲ ਸੋਚ ਰਿਹਾਂ, ਜਿਸ ਨੂੰ ਕਹਿਣਾ ਤੇਰੇ ਨਾਲ ਤੇ ਭਾਈ ਬਾਘ ਸਿੰਘ ਨਾਲ ਜ਼ਿਆਦਤੀ ਹੋਏਗੀ। ਪਰ ਮੈਂ ਕਹੇ ਬਗੈਰ ਨਹੀਂ ਰਹਿ ਸਕਦਾ।'

'ਭਰਾ ਨਵਾਬ, ਤੁਸੀਂ ਆਪਣੀ ਗੱਲ ਬਿਨਾਂ ਸੰਕੋਚ ਕਹੋ। ਮੈਨੂੰ ਵਿਸ਼ਵਾਸ ਐ ਕਿ ਤੁਸੀਂ ਜੋ ਵੀ ਸੋਚਦੇ ਓ ਪੰਥ ਦੇ ਹਿੱਤ ਲਈ ਈ ਸੋਚਦੇ ਓ। ਤੁਹਾਤੋਂ ਕਿਸੇ ਨਾਲ ਜ਼ਿਆਦਤੀ ਹੋ ਈ ਨਹੀਂ ਸਕਦੀ।'

ਨੌਜਵਾਨ ਨੇ ਵੀ ਯੁੱਧ ਅਭਿਆਸ ਦਾ ਨਿੱਤ-ਕਰਮ ਪੂਰਾ ਕਰ ਲਿਆ ਸੀ ਤੇ ਉਹ ਵੀ ਸਤਿਕਾਰ ਵਜੋਂ ਝੁਕ ਕੇ ਨਵਾਬ ਦੇ ਕੋਲ ਆਣ ਖੜਾ ਹੋਇਆ ਸੀ।

ਨਵਾਬ ਕਪੂਰ ਸਿੰਘ ਨੇ ਉਸਦੇ ਚੌੜੇ ਮੱਥੇ ਉਪਰ ਹੱਥ ਰੱਖ ਕੇ, ਇਕ ਨਜ਼ਰ ਵਿਧਵਾ ਮਾਂ ਤੇ ਫੇਰ ਬਾਘ ਸਿੰਘ ਵੱਲ ਦੇਖਿਆ। ਕੁਝ ਪਲ ਮੌਨ ਵਿਚ ਬੀਤੇ। ਸਾਰੇ ਚੁੱਪ ਸਨ। ਵਾਤਾਵਰਣ ਵਿਚ ਸੰਨਾਟਾ ਸੀ।

'ਭੈਣਾ, ਮੈਂ ਚਾਹੁੰਦਾ ਹਾਂ...' ਨਵਾਬ ਕਪੂਰ ਸਿੰਘ ਨੇ ਦ੍ਰਿੜ ਆਵਾਜ਼ ਵਿਚ ਗੱਲ ਸ਼ੁਰੂ ਕੀਤੀ, '...ਤੇਰੇ ਏਸ ਇਕੋ-ਇਕ ਪੁੱਤਰ ਨੂੰ ਆਪਣੇ ਨਾਲ ਲੈ ਜਾਵਾਂ। ਇਸਨੂੰ ਆਪਣਾ ਪੁੱਤਰ ਸਮਝ ਕੇ ਆਪਣੇ ਕੋਲ ਰੱਖਾਂ ਤੇ ਇਸਦੀ ਸਿਖਲਾਈ-ਪੜਾਈ ਦੀ ਜ਼ਿੰਮੇਵਾਰੀ ਆਪਣੇ ਉਪਰ ਲੈ ਲਵਾਂ। ਮੈਂ ਜਾਣਦਾਂ ਕਿ ਤੇਰਾ ਦਿਲ ਮਾਂ ਦਾ ਦਿਲ ਏ- ਕੀ ਤੂੰ ਇਹ ਤਿਆਗ ਕਰ ਸਕੇਂਗੀ?'

'ਭਰਾ ਨਵਾਬ, ਤੁਹਾਡੀ ਗੱਲ ਸੁਣ ਕੇ ਮੈਨੂੰ ਬੜੀ ਖੁਸ਼ੀ ਹੋਈ ਏ- ਅੰਤਾਂ ਦੀ ਖੁਸ਼ੀ।' ਮਾਂ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ। ਉਸਨੇ ਆਪਣਾ ਸੱਜਾ ਹੱਥ ਪੁੱਤਰ ਦੇ ਮੋਢੇ ਉੱਤੇ ਰੱਖਿਆ, ਜਿਵੇਂ ਸੰਭਲਣ ਲਈ ਸਹਾਰਾ ਲੈ ਰਹੀ ਹੋਏ। ਫੇਰ ਉਹ ਬੋਲੀ, 'ਮੇਰਾ ਬੱਚਾ ਤੁਹਾਡਾ ਬੱਚਾ ਏ, ਪੰਥ ਦਾ ਬੱਚਾ ਏ। ਉਹ ਤੁਹਾਡੇ ਹੱਥੀਂ ਪ੍ਰਵਾਨ ਚੜੇ ਇਸ ਤੋਂ ਚੰਗੀ ਹੋਰ ਕਿਹੜੀ ਗੱਲ ਹੋ ਸਕਦੀ ਐ।'

ਕਪੂਰ ਸਿੰਘ ਨੌਜਵਾਨ ਜੱਸਾ ਸਿੰਘ ਨੂੰ ਆਪਣੇ ਨਾਲ ਲੈ ਆਏ। ਉਸਨੂੰ ਅਸਤਰ-ਸ਼ਸਤਰ ਤੇ ਘੋੜ ਸਵਾਰੀ ਦੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਤੇ ਨਾਲ ਹੀ ਪੰਥਕ ਪ੍ਰੰਪਰਾ ਅਨੁਸਾਰ ਨਿੱਕੇ ਵੱਡੇ ਕੰਮ ਸੌਂਪ ਕੇ ਉਸਦੇ ਮਨ ਵਿਚ ਸੇਵਾ ਭਾਵ ਵਿਕਸਤ ਕੀਤਾ।

ਸੌਣ ਮਹੀਨੇ ਦੀ ਘੁੱਪ ਹਨੇਰੀ ਰਾਤ ਸੀ। ਮੀਂਹ ਵਰ ਰਿਹਾ ਸੀ। ਨਵਾਬ ਕਪੂਰ ਸਿੰਘ ਨੇ ਕੈਂਪ ਵਿਚੋਂ ਕਈ ਵਾਰੀ ਪੁੱਛਿਆ, 'ਪਹਿਰੇ 'ਤੇ ਕੌਣ ਏਂ?' ਹਰ ਵਾਰੀ ਉਤਰ ਮਿਲਿਆ, 'ਜੱਸਾ ਸਿੰਘ ਜੀ।' ਕਪੂਰ ਸਿੰਘ ਉਸ ਦੀ ਫਰਜ਼ ਪ੍ਰਤੀ ਪ੍ਰਤੀਬੱਧਤਾ ਨੂੰ ਦੇਖ ਕੇ ਬੜੇ ਖੁਸ਼ ਹੋਏ।

ਇਸ ਪਿੱਛੋਂ ਜੱਸਾ ਸਿੰਘ ਦੇ ਜ਼ਿੰਮੇ ਘੋੜਿਆਂ ਦਾ ਰਾਤਬ (ਪਸ਼ੂਆਂ ਦੀ ਹਰ ਰੋਜ਼ ਦੀ ਖ਼ੁਰਾਕ-ਅਨੁ.) ਵੰਡਣ ਦਾ ਕੰਮ ਲਾ ਦਿੱਤਾ ਗਿਆ। ਇਹ ਕੰਮ ਦੇਖਣ ਵਿਚ ਮਾਮੂਲੀ ਸੀ ਪਰ ਬੜਾ ਹੀ ਮਹੱਤਵਪੂਰਨ ਸੀ। ਇਸ ਲਈ ਚੌਕਸੀ ਤੇ ਵਿਹਾਰਕ ਸਮਝਦਾਰੀ ਦੀ ਬੜੀ ਲੋੜ ਸੀ। ਜੱਸਾ ਸਿੰਘ ਦੇ ਪਿਤਾ ਦਿਆਲ ਸਿੰਘ ਉਹਦੇ ਬਚਪਨ ਵਿਚ ਹੀ ਚੱਲ ਵੱਸੇ ਸਨ। ਵਿਧਵਾ ਮਾਂ ਉਸਨੂੰ ਲੈ ਕੇ ਦਿੱਲੀ ਚਲੀ ਗਈ ਸੀ ਤੇ ਦਸ ਵਰੇ ਮਾਤਾ ਸੁੰਦਰੀ ਦੀ ਸੇਵਾ ਵਿਚ ਬਿਤਾਏ ਸਨ। ਪੁੱਤਰ ਦੀ ਪੜਾਈ ਲਿਖਾਈ ਉੱਥੇ ਹੀ ਹੋਈ ਸੀ। ਇਸ ਲਈ ਉਰਦੂ ਉਸ ਦੀ ਬੋਲੀ ਵਿਚ ਰਚ ਗਈ ਸੀ। ਸਿੱਖ ਸਵਾਰ ਜਦੋਂ ਰਾਤਬ ਲੈਣ ਆਉਂਦੇ ਤਾਂ ਉਸ ਨੂੰ 'ਹਮਕੋ-ਤੁਮਕੋ' ਕਹਿ ਕੇ ਚਿੜਾਉਂਦੇ ਸਨ। ਉਹਨਾਂ ਦੇ ਇੰਜ ਚਿੜਾਉਣ ਕਰਕੇ ਜੱਸਾ ਸਿੰਘ ਏਨਾ ਤੰਗ ਆ ਗਿਆ ਕਿ ਇਕ ਦਿਨ ਰੋਣ ਹਾਕਾ ਹੋ ਕੇ ਨਵਾਬ ਕਪੂਰ ਸਿੰਘ ਕੋਲ ਗਿਆ ਤੇ ਬੋਲਿਆ, 'ਮਹਾਰਾਜ ਮੈਥੋਂ ਇਹਨਾਂ ਲੋਕਾਂ ਦੇ ਘੋੜਿਆਂ ਦੀ ਦਾਨਾ ਵੰਡ ਨਹੀਂ ਹੁੰਦੀ। ਤੁਸੀਂ ਇਹ ਕੰਮ ਕਿਸੇ ਹੋਰ ਨੂੰ ਦੇ ਦਿਓ।'

ਨਵਾਬ ਕਪੂਰ ਸਿੰਘ ਮੁਸਕਰਾਏ ਤੇ ਉਸਦੀ ਪਿੱਠ ਉਤੇ ਹੱਥ ਫੇਰਦੇ ਹੋਏ ਬੋਲੇ, 'ਪੁੱਤਰ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਵਿਚ ਸੇਵਾ ਨਾਲ ਈ ਮੇਵਾ ਮਿਲਦਾ ਏ। ਇਹ ਬੜੇ ਭਲੇ ਲੋਕ ਨੇ। ਇਹਨਾਂ ਮੈਨੂੰ ਪੱਖਾਂ ਝੱਲਣ ਵਾਲੇ ਸੇਵਾਦਾਰ ਨੂੰ ਚੁੱਕ ਕੇ ਨਵਾਬ ਬਣਾ ਦਿੱਤਾ ਏ- ਤੈਨੂੰ ਸ਼ਾਇਦ ਬਾਦਸ਼ਾਹ ਬਣਾ ਦੇਣ।'

ਜੱਸਾ ਸਿੰਘ ਸ਼ਾਂਤ ਹੋ ਗਿਆ। ਉਹ ਤਨ-ਮਨ ਨਾਲ ਪੰਥ ਦੀ ਸੇਵਾ ਕਰਦਾ ਰਿਹਾ। ਸਿੱਟਾ ਇਹ ਕਿ ਉਸਨੇ ਏਨਾ ਸਨੇਹ ਤੇ ਸਨਮਾਨ ਪ੍ਰਾਪਤ ਕੀਤਾ ਕਿ ਸਾਰੇ ਉਸਨੂੰ 'ਬਾਦਸ਼ਾਹ' ਕਹਿਣ ਲੱਗ ਪਏ ਤੇ ਮੰਨੇ-ਪ੍ਰਮੰਨੇ ਸਰਦਾਰਾਂ ਵਿਚ ਉਸਦਾ ਦਰਜਾ ਏਨਾ ਉਚਾ ਹੋ ਗਿਆ ਕਿ ਨਵਾਬ ਕਪੂਰ ਸਿੰਘ ਪਿੱਛੋਂ ਦੂਜਾ ਪਦ ਉਸੇ ਦਾ ਗਿਣਿਆ ਜਾਣ ਲੱਗਿਆ।

ਜੱਸਾ ਸਿੰਘ ਦਾ ਜਨਮ ਲਾਹੌਰ ਦੇ ਨੇੜੇ ਆਹਲੂਵਾਲ ਪਿੰਡ ਵਿਚ ਹੋਇਆ ਸੀ। ਉਸਦੇ ਪਿਤਾ ਸ਼ਰਾਬ ਦਾ ਧੰਦਾ ਕਰਦੇ ਸਨ। ਪੰਜਾਬ ਵਿਚ ਸ਼ਰਾਬ ਦਾ ਧੰਦਾ ਕਰਨ ਵਾਲਿਆਂ ਨੂੰ 'ਕਲਾਲ' ਕਹਿੰਦੇ ਸਨ। ਇੰਜ ਉਹਨਾਂ ਦੀ ਇਕ ਵੱਖਰੀ ਕਲਾਲ ਜਾਤੀ ਬਣ ਗਈ ਸੀ। ਪਿੰਡ ਦੇ ਨਾਤੇ ਜੱਸਾ ਸਿੰਘ ਨੂੰ 'ਜੱਸਾ ਸਿੰਘ ਆਹਲੂਵਾਲੀਆ' ਤੇ ਪਿਓ ਦੇ ਪੇਸ਼ੇ ਦੇ ਨਾਤੇ 'ਜੱਸਾ ਸਿੰਘ ਕਲਾਲ' ਕਹਿੰਦੇ ਹਨ। ਪਿੱਛੋਂ ਉਹ ਜਿਸ ਮਿਸਲ ਦਾ ਆਗੂ ਬਣਿਆ, ਉਸਦਾ ਨਾਂ ਵੀ 'ਆਹਲੂਵਾਲੀਆ ਮਿਸਲ' ਪਿਆ। ਇਹੀ ਨਾਂ ਮਸ਼ਹੂਰ ਹੋ ਜਾਣ ਕਾਰਨ ਹੁਣ ਜਿੰਨੇ ਕਲਾਲ ਹਨ, ਉਹ ਆਪਣੇ ਆਪ ਨੂੰ ਆਹਲੂਵਾਲੀਆ ਲਿਖਦੇ ਹਨ।

# ਤੁਰ ਗਿਆ ਯਾਰ ਗੁਰਦੇਵ ਰੁਪਾਣਾ

**ਪੰਜਾਬੀ ਸਾਹਿਤ**



ਪ੍ਰਿੰ. ਸਰਵਣ ਸਿੰਘ

ਹਫ਼ਤਾ ਕੁ ਪਹਿਲਾਂ 'ਮੂੰਨ ਦੀ ਅੱਖ' ਵਾਲਾ ਕਹਾਣੀਕਾਰ ਮੋਹਨ ਭੰਡਾਰੀ ਚਲਾ ਗਿਆ। ਹੁਣ 'ਸ਼ੀਸ਼ਾ' ਤੇ 'ਹਵਾ' ਵਰਗੀਆਂ ਕਹਾਣੀਆਂ ਲਿਖਣ ਵਾਲਾ ਗੁਰਦੇਵ ਰੁਪਾਣਾ ਵੀ ਤੁਰ ਗਿਐ। ਓਵੇਂ, ਜਿਵੇਂ ਦੋ ਕੁ ਸਾਲ ਪਹਿਲਾਂ ਦਲੀਪ ਕੌਰ ਟਿਵਾਣਾ ਤੇ ਜਸਵੰਤ ਸਿੰਘ ਕੰਵਲ ਅੱਗੜ ਪਿੱਛੜ ਤੁਰ ਗਏ। ਸਿਆਣੇ ਸੱਚ ਕਹਿੰਦੇ ਹਨ ਜੋ ਆਇਆ ਸੋ ਚਲਸੀ। ਹਰ ਇੱਕ ਨੇ ਕਿਸੇ ਦਿਨ ਤੁਰ ਹੀ ਜਾਣਾ ਹੈ। ਥਿਰ ਨਾ ਕੋਈ ਜੱਗ ਰਿਹਾ। ਪਰ ਚਲੇ ਜਾਣ ਵਾਲੇ ਦਾ ਦੁੱਖ ਤਾਂ ਹੁੰਦਾ ਈ ਹੈ ਨਾ। ਰੁਪਾਣੇ ਦੇ ਜਾਣ ਦਾ ਵੀ ਬੜਾ ਦੁੱਖ ਹੋਇਆ। ਉਹਦੇ ਸੰਗ ਬਿਤਾਈਆਂ ਘੜੀਆਂ ਮੁੜ ਯਾਦ ਆ ਗਈਆਂ। ਯਾਦ ਕਰ ਕੇ ਅੱਖਾਂ ਭਰ ਆਈਆਂ। ਮਨ ਮਸੋਸਿਆ ਗਿਆ।

ਰੁਪਾਣਾ ਸਾਡਾ ਸ਼ੁਗਲੀ ਯਾਰ ਸੀ। ਸ਼ੁਗਲ ਕਰਦਿਆਂ ਨਾ ਅਗਲੇ ਨੂੰ ਬਖਸ਼ਦਾ ਸੀ, ਨਾ ਆਪਣੇ ਆਪ ਨੂੰ। ਲੱਗਦਾ ਨਹੀਂ ਸੀ, ਏਡੀ ਛੇਤੀ ਵਿਗੋਚਾ ਦੇ ਜਾਵੇਗਾ। ਨਾਲੇ ਹੁਣ ਹੀ ਤਾਂ ਉਸ ਨੂੰ ਮਾਣ ਸਨਮਾਨ ਮਿਲਣ ਲੱਗੇ ਸਨ। ਆਏ ਸਾਲ ਵੱਡੇ ਐਵਾਰਡ! ਕਦੇ ਢਾਹਾਂ ਐਵਾਰਡ, ਕਦੇ ਸਾਹਿਤ ਅਕਾਡਮੀ ਐਵਾਰਡ ਤੇ ਕਦੇ ਸ਼੍ਰੋਮਣੀ ਸਾਹਿਤਕਾਰ ਐਵਾਰਡ। ਮੈਂ ਮੁਬਾਰਕਾਂ ਦਿੰਦਾ ਤਾਂ ਉਹ ਪੁੱਛਦਾ, 'ਭਲਾ ਦਸ ਹਜ਼ਾਰ ਡਾਲਰਾਂ ਦੇ ਕਿੰਨੇ ਰੁਪਈਏ ਬਣਨਗੇ?' ਮੈਂ ਉਹਦੀ ਜ਼ਮੀਨ ਦੀ ਠੇਕੇ ਦੀ ਆਮਦਨ ਪੁੱਛ ਕੇ ਦੱਸਦਾ, 'ਜ਼ਮੀਨ ਦੇ ਠੇਕੇ ਤੋਂ ਦੁੱਗਣੇ।' ਮਚਲਾ ਬਣ ਕੇ ਉਹ ਆਖਦਾ, 'ਮੈਂ ਤਾਂ ਐਵਾਰਡ ਦੇਣ ਆਲਿਆਂ ਨੂੰ ਜਵਾਬ ਦੇਣ ਲੱਗਾ ਸੀ ਬਈ ਪੱਚੀ ਹਜ਼ਾਰ ਡਾਲਰ ਦੀ ਥਾਂ ਦਸ ਹਜ਼ਾਰ ਕਿਉਂ? ਮੈਂ ਨੀ ਲੈਣੇ, ਮੈਂ ਕੀਹਤੋਂ ਮਾੜਾਂ?'

ਮੈਂ ਝੇਡ ਕਰਦਾ, 'ਹੋਰ ਤੂੰ ਵੰਝ ਭਾਲਦੈਂ? ਲੈ-ਲੈ ਚੁੱਪ ਕਰ ਕੇ ਜਿੰਨੇ ਮਿਲਦੇ ਐ। ਨਹੀਂ ਕੋਈ ਹੋਰ ਲੈ-ਜੂ। ਪੰਜ ਲੱਖ ਥੋੜ੍ਹੇ?'

ਉਹ ਮੁਸ਼ਕੜੀਏਂ ਹੱਸਦਾ, 'ਓਏ ਆਹੋ, ਏਥੇ ਤਾਂ ਅਵਾਰਡਾਂ ਨੂੰ ਬਥੇਰੇ ਜੁੱਤੀਆਂ ਲਾਹੀ ਖੜ੍ਹੇ ਆ। ਚੱਲ ਤੇਰੇ ਆਖੇ ਲੈ ਈ ਲੈਨਾਂ। ਭਲਾ ਜਹਾਜ਼ ਦਾ ਕਿਰਾਇਆ ਕਿੰਨਾ ਲੱਗੂ?'

'ਕਿਰਾਇਆ ਐਵਾਰਡ ਦੇਣ ਵਾਲੇ ਲਾਉਣਗੇ, ਤੈਨੂੰ ਘਰ ਰੱਖੂੰ ਮੈਂ ਆਪਣੇ ਕੋਲ। ਸੇਵਾ ਪੂਰੀ। ਤੈਨੂੰ ਸਿਰਫ਼ ਪਾਸਪੋਰਟ ਬਣਾਉਣਾ ਪਊ। ਵੀਜ਼ਾ ਲੱਗ-ਜੂ। ਮੁਫ਼ਤ ਦਾ ਸੈਰ ਸਪਾਟਾ।' ਪਰ ਉਹ ਐਵਾਰਡ ਲੈਣ ਨਹੀਂ ਸੀ ਪਹੁੰਚਾ। ਰਕਮ ਜ਼ਰੂਰ ਰੁਪਾਣੇ ਪਹੁੰਚ ਗਈ ਜੀਹਦੀ ਉਹਨੂੰ ਤਲਬ ਵੀ ਸੀ।

ਕਦੇ ਕਦੇ ਚਾਂਭਲਿਆ ਕਹਿ ਦਿੰਦਾ ਸੀ, 'ਕੀ ਪਤਾ ਮੈਂ ਕੰਵਲ ਤੇ ਗੁਰਦਿਆਲ ਤੋਂ ਵੀ ਵੱਧ ਐਵਾਰਡ ਭੋਟ-ਲਾਂ।' ਸ਼ਾਇਦ ਭੋਟ ਵੀ ਜਾਂਦਾ ਜੇ ਸਿਹਤ ਸੰਭਾਲੀ ਰੱਖਦਾ। ਖਾਣ ਪੀਣ ਦਾ ਪਾਬੰਦ ਰਹਿੰਦਾ ਤੇ ਉਤੋਂ ਦੀ ਨਾ ਹੁੰਦਾ। ਪਰ ਜਿਵੇਂ ਕਹਿੰਦੇ ਹਨ, ਰੱਜ ਨਾ ਕੋਈ ਜੀਵਿਆ, ਉਹੀ ਗੱਲ ਰੁਪਾਣੇ ਨਾਲ ਹੋਈ। ਸੱਚੀ ਗੱਲ ਐ, ਦੁਨੀਆ ਚਲੋ-ਚੱਲੀ ਦਾ ਮੇਲਾ ਹੈ। ਕਿਹਾ ਕਰਦਾ ਸੀ, 'ਓੜਕ ਨੂੰ ਮਰ ਜਾਣਾ, ਚੱਲ ਮੇਲੇ ਚੱਲੀਏ।' ਮੈਨੂੰ ਉਹਦੇ ਪਿੰਡ ਨੇੜਲਾ ਮੁਕਤਸਰ ਦਾ ਮੇਲਾ ਯਾਦ ਆ ਜਾਂਦਾ। ਉਹ ਮੁੱਢਲੀ ਪੜ੍ਹਾਈ ਰੁਪਾਣੇ ਤੋਂ ਕਰ ਕੇ, ਖਾਲਸਾ ਹਾਈ ਸਕੂਲ ਮੁਕਤਸਰ ਵਿਚ ਪੜ੍ਹਿਆ ਜਿਥੇ ਫੁੱਟਬਾਲ ਵੀ ਖੇਡਿਆ। ਕਦੇ ਡਾਕਟਰ ਮਹਿੰਦਰ ਸਿੰਘ ਰੰਧਾਵਾ ਵੀ ਉਸੇ ਸਕੂਲ ਵਿੱਚ ਪੜ੍ਹਿਆ ਸੀ। ਦਿੱਲੀ ਯੂਨੀਵਰਸਿਟੀ ਦੀ ਮਾਸਟਰ ਡਿਗਰੀ ਦਾ ਗੋਲਡ ਮੈਡਲਿਸਟ ਸਾਡਾ ਸਾਂਝਾ ਮਿੱਤਰ ਗਿਆਨ ਸਿੰਘ ਸੰਧੂ ਉਹਦਾ ਜਮਾਤੀ ਸੀ। ਉਸ ਨੇ 1953 ਵਿੱਚ ਮੈਟ੍ਰਿਕ ਕੀਤੀ। ਫਿਰ ਉਹ ਜੇਬੀਟੀ ਕਰ ਕੇ ਬਾਅਦ ਵਿੱਚ ਬਣੇ ਸਰਕਾਰੀ ਕਾਲਜ ਮੁਕਤਸਰ ਵਿਚ ਪੜ੍ਹਿਆ ਤੇ ਚੰਡੀਗੜ੍ਹ ਤੋਂ ਬੀਐੱਡ ਕੀਤੀ। ਮੈਂ ਉਸ ਤੋਂ ਤਿੰਨ ਚਾਰ ਸਾਲ ਛੋਟਾ ਹੋਣ ਕਰਕੇ ਬਾਅਦ ਵਿੱਚ ਮੁਕਤਸਰ ਦੇ ਬੀਐੱਡ ਕਾਲਜ ਵਿੱਚ ਪੜ੍ਹਿਆ ਪਰ ਉਥੇ ਸਾਡਾ ਮੇਲ ਨਹੀਂ ਹੋ ਸਕਿਆ।

ਮੇਲ ਸਾਡਾ ਦਿੱਲੀ ਜਾ ਕੇ ਹੋਇਆ ਜਿਥੇ ਮੈਂ ਐੱਮਏ ਦਾ ਵਿਦਿਆਰਥੀ ਸਾਂ ਤੇ ਉਹ ਸਕੂਲ ਟੀਚਰ ਸੀ। ਦਿੱਲੀ ਵਿਚ ਪੰਜ ਸਾਲ ਸਾਡੀ ਜੋੜੀ ਬਣੀ ਰਹੀ। ਅਸੀਂ 'ਕੱਠੇ ਕਾਫੀ ਹਾਊਸ ਜਾਂਦੇ, 'ਕੱਠੇ ਸਾਹਿਤ ਸਭਾ ਵਿੱਚ ਕਹਾਣੀਆਂ ਸੁਣਾਉਂਦੇ ਤੇ 'ਕੱਠੇ ਖਾਂਦੇ ਪੀਂਦੇ। ਰੱਜ ਕੇ ਹਾਸਾ ਮਖੌਲ ਕਰਦੇ। ਉਹ ਰੌਣਕੀ ਤਾਂ ਸੀ ਪਰ ਪੰਗੇਹੱਥਾ ਵੀ ਪੂਰਾ ਸੀ। ਮੇਰੇ ਦਿੱਲੀ ਛੱਡਣ ਸਾਰ ਗੁਰਬਚਨ ਸਿੰਘ ਭੁੱਲਰ ਦਿੱਲੀ ਪੁੱਜਾ ਤਾਂ ਭੁੱਲਰ-ਰੁਪਾਣਾ ਜੋੜੀ ਬਣ ਗਈ ਜੋ ਲੰਮਾ ਸਮਾਂ ਨਿਭੀ। ਅਸੀਂ ਤਿੰਨਾਂ ਨੇ 'ਆਰਸੀ' ਨੂੰ ਰੰਗ ਭਾਗ ਲਾਉਣੇ ਸ਼ੁਰੂ ਕੀਤੇ ਤਾਂ 'ਆਰਸੀ' ਨੇ ਸਾਨੂੰ ਵੀ ਰੰਗ ਭਾਗ ਲਾ ਦਿੱਤੇ। ਸਾਡੀਆਂ ਪਲੇਠੀਆਂ ਪੁਸਤਕਾਂ ਨਵਯੁੱਗ ਪਬਲਿਸ਼ਰ ਦੇ ਭਾਪਾ ਪ੍ਰੀਤਮ ਸਿੰਘ ਨੇ ਪ੍ਰਕਾਸ਼ਿਤ ਕੀਤੀਆਂ। ਰੁਪਾਣੇ ਦੀ ਪਲੇਠੀ ਪੁਸਤਕ 'ਇਕ ਟੋਟਾ ਔਰਤ' 1970 ਵਿੱਚ ਛਪੀ। ਫੇਰ ਕਹਾਣੀ ਸੰਗ੍ਰਹਿ 'ਆਪਣੀ ਅੱਖ ਦਾ ਜਾਦੂ', 'ਡਿਫੈਂਸ ਲਾਈਨ', 'ਸ਼ੀਸ਼ਾ ਤੇ ਹੋਰ ਕਹਾਣੀਆਂ', 'ਰਾਂਝਾ ਵਾਰਿਸ ਹੋਇਆ', 'ਤੇਲਗੂ ਕਹਾਣੀਆਂ', 'ਪਾਸਤੋਵਸਕੀ ਦੀਆਂ ਕਹਾਣੀਆਂ ਵੀਰਾਨੇ ਤੇ ਬਹਾਰਾਂ', 'ਆਮ-ਖ਼ਾਸ', ਨਾਵਲ 'ਜਲ ਦੇਵ', 'ਗੋਰੀ', 'ਆਸੋ ਦਾ ਟੱਬਰ', 'ਸ੍ਰੀ ਪਾਰਵਾ' ਤੇ ਨਿਬੰਧ 'ਟੁਟਦੇ ਬੰਦਨ' ਛਪਦੀਆਂ ਗਈਆਂ। 'ਬੁੱਢਾ ਤੇ ਸਮੁੰਦਰ' ਤੇ 'ਪਾਕਿਸਤਾਨ ਮੇਲ' ਵਾਂਗ ਨਿੱਕ-ਆਕਾਰੀ ਨਾਵਲ 'ਗੋਰੀ' ਦੇ ਪੱਚੀ ਐਡੀਸ਼ਨ ਛਪੇ






ਜਿਸ ਦਾ ਮੁੱਖ ਬੰਦ ਜਸਵੰਤ ਸਿੰਘ ਕੰਵਲ ਨੇ ਲਿਖਿਆ, 'ਗੋਰੀ' ਇੱਕ ਸਾਹਿਤਕ ਵੰਨਗੀ : ਸ਼ੱਕਰ ਭਰੀ ਪਰਾਤ ਕੀ, ਮਿਸ਼ਰੀ ਕੀ ਏਕ ਡਲ਼ੀ। ਮੂਰਖ ਝਗੜੇ ਰਾਤ ਭਰ, ਚਤਰ ਕੀ ਏਕ ਘੜੀ। ਗੁਰਦੇਵ ਰੁਪਾਣਾ ਗੁੱਝੀਆਂ ਆਰਾਂ ਲਾਉਣ ਵਾਲਾ ਖੁੰਧਕੀ ਬੰਦਾ ਸੀ। ਹਾਸ-ਵਿਅੰਗ ਤੇ ਟਿੱਚਰਾਂ ਮਖੌਲਾਂ ਨਾਲ ਮੂੰਹੋਂ-ਮੂੰਹ ਭਰਿਆ ਹੋਇਆ। ਮੈਂ ਉਸ ਨੂੰ ਗਲਪ ਦਾ ਨੈਸ਼ਨਲ ਚੈਂਪੀਅਨ ਕਹਿੰਦਾ ਸਾਂ। ਵੇਖਣ ਨੂੰ ਉਹ ਓਡਾ ਨਹੀਂ ਸੀ ਲੱਗਦਾ ਜਿੱਡਾ ਸੀਗਾ। ਵੇਖਣ ਨੂੰ ਤਾਂ ਅਮਲੀ ਜਿਹਾ ਲੱਗਦਾ ਸੀ ਪਰ ਸੀਗਾ ਕਥਾ ਕਹਾਣੀਆਂ ਦਾ ਭਲਵਾਨ। ਖ਼ੁਸ਼ਵੰਤ ਸਿੰਘ ਵਾਂਗ ਅੰਗਰੇਜ਼ੀ ਵਿਚ ਲਿਖਦਾ ਹੁੰਦਾ ਤਾਂ ਸੰਭਵ ਸੀ ਇੰਟਰਨੈਸ਼ਨਲ ਚੈਂਪੀਅਨ ਬਣਦਾ। ਪਰ ਨਿਮਨ ਕਿਸਾਨੀ ਦੇ ਜੰਮੇ ਜਾਏ ਤੋਂ ਨਿੱਕੇ ਕਦਮਾਂ ਨਾਲ ਵੱਡੀ ਛਾਲ ਨਾ ਵੱਜ ਸਕੀ। ਕੁੱਝ ਉਹਦੀ ਬੋਲ ਬਾਣੀ ਲੈ ਬੈਠੀ। ਕਿਸੇ ਨੂੰ ਬਖਸ਼ਦਾ ਜੁ ਨਹੀਂ ਸੀ। ਉਸ ਨੇ 'ਕਾਦਰਯਾਰ-ਇੱਕ ਅਧਿਐਨ' ਵਿਸ਼ੇ 'ਤੇ ਪੀਐੱਚਡੀ ਕੀਤੀ ਸੀ। ਉਹਦੇ ਵਿੱਚ ਵਿਰਕਾਂ ਵਾਲੇ ਗੁਣ ਵੀ ਸਨ ਤੇ ਔਗਣ ਵੀ। ਬੋਲਬਾਣੀ ਐਸੀ ਕਿ ਬਣਦਾ ਕੰਮ ਵਿਗਾੜ ਬਹਿੰਦਾ ਸੀ। ਜੇਕਰ ਮਾੜਾ ਮੋਟਾ ਖ਼ੁਸ਼ਾਮਦੀ ਹੁੰਦਾ ਤਾਂ ਆਹ ਅਵਾਰਡ ਸ਼ਵਾਰਡ ਕਦੋਂ ਦੇ ਵੱਟ 'ਤੇ ਪਏ ਸਨ। 'ਹਵਾ' ਤੇ 'ਸ਼ੀਸ਼ਾ' ਵਰਗੀਆਂ ਕਲਾਸਿਕ ਕਹਾਣੀਆਂ ਕਦੋਂ ਦੀਆਂ ਲਿਖੀਆਂ ਜਾ ਚੁੱਕੀਆਂ ਸਨ। 'ਗੋਰੀ' ਨਾਵਲ ਦੇ ਪੱਚੀ ਐਡੀਸ਼ਨ ਛਪ ਚੁੱਕੇ ਸਨ।

ਉਹ ਆਮ ਵੀ ਸੀ ਤੇ ਖ਼ਾਸ ਵੀ। ਰੁਪਾਣੇ ਵਿਚ ਆਮ, ਦਿੱਲੀ 'ਚ ਖ਼ਾਸ। ਦੋਵੇਂ ਵੱਡੇ ਅਵਾਰਡ ਵੀ ਉਹਦੇ 'ਆਮ-ਖ਼ਾਸ' ਕਹਾਣੀ ਸੰਗ੍ਰਹਿ ਨੂੰ ਮਿਲੇ। ਆਪਣੇ ਨਾਂ ਨਾਲੋਂ ਵਿਰਕ ਉਸ ਨੇ ਇਸ ਕਰਕੇ ਲਈ ਹਟਾ ਲਿਆ ਸੀ ਕਿ ਉਹਦੀਆਂ ਚੰਗੀਆਂ ਕਹਾਣੀਆਂ ਕੁਲਵੰਤ ਸਿੰਘ ਵਿਰਕ ਦੇ ਖਾਤੇ ਵਿਚ ਨਾ ਪੈ ਜਾਣ ਤੇ ਵਿਰਕ ਦੀਆਂ ਮਾੜੀਆਂ ਉਹਦੇ ਖਾਤੇ ਨਾ ਚੜ੍ਹ ਜਾਣ, ਘਰ 'ਚ ਉਹਦਾ ਨਾਂ ਦੇਵ ਸੀ, ਹਾਣੀਆਂ ਦਾ ਦੇਬਾ, ਦਸਵੀਂ ਦਾ ਫਾਰਮ ਭਰਨ ਵੇਲੇ ਗੁਰਦੇਵ ਸਿੰਘ ਵਿਰਕ ਤੇ ਪੀਐਚਡੀ ਕਰਨ ਪਿੱਛੋਂ ਡਾ. ਗੁਰਦੇਵ ਸਿੰਘ ਵਿਰਕ। ਉਸ ਨੂੰ ਕਲਮੀ ਨਾਂ ਗੁਰਦੇਵ ਰੁਪਾਣਾ ਇਸ ਲਈ ਰੱਖਣਾ ਪਿਆ ਕਿ ਸੱਤ ਗੁਰਦੇਵ ਤਾਂ ਉਹਦੇ ਸਕੂਲ ਵਿਚ ਹੀ ਪੜ੍ਹਦੇ ਸਨ। ਲਿਖਣ ਵਾਲੇ ਕੀ ਪਤਾ ਸਤਾਰਾਂ ਹੋਣ?

ਉਹਦੀ ਪਹਿਲੀ ਕਹਾਣੀ ਦਸਵੀਂ ਵਿਚ ਪੜ੍ਹਦਿਆਂ ਪ੍ਰੋ. ਮੋਹਨ ਸਿੰਘ ਦੇ 'ਪੰਜ ਦਰਿਆ' ਵਿੱਚ ਛਪੀ ਸੀ। ਉਹ ਉਸ ਨੇ ਗੁਰਦੇਵ ਸਿੰਘ ਵਿਰਕ ਦੇ ਨਾਮ ਹੇਠ ਭੇਜੀ ਸੀ। ਕੰਪੋਜ਼ੀਟਰ ਨੇ ਲੋਹੜਾ ਮਾਰਿਆ ਕਿ ਵਿਰਕ ਦਾ ਵਿਰਦੀ ਬਣਾ ਧਰਿਆ। ਜੱਟ ਤੋਂ ਰਾਮਗੜ੍ਹੀਆ। ਇਹ ਵੀ ਇੱਕ ਕਾਰਨ ਸੀ ਨਾਂ ਨਾਲੋਂ ਵਿਰਕ ਲਾਹੁਣ ਦਾ। ਉਦੋਂ ਪੰਜ ਦਰਿਆ ਦਾ ਸਲਾਨਾ ਚੰਦਾ ਛੇ ਰੁਪਏ ਸੀ। ਕਹਾਣੀ ਛਪਣ ਦੀ ਭੇਟਾ ਵਜੋਂ ਉਸ ਨੂੰ 'ਪੰਜ ਦਰਿਆ' ਦੋ ਸਾਲ ਮੁਫ਼ਤ ਮਿਲਿਆ। 'ਟ੍ਰਿਬਿਊਨ' ਉਹ ਖਰੀਦ ਕੇ ਪੜ੍ਹਦਾ ਜੋ ਢਾਈ ਆਨਿਆਂ ਦਾ ਆਉਂਦਾ। ਉਹ ਮੁਕਤਸਰੋਂ ਟਾਂਗੇ ਵਾਲਾ ਲਿਆਉਂਦਾ।

ਗੁਰਦੇਵ ਰੁਪਾਣਾ ਨਾਂ ਥਾਂ-ਥਾਂ ਛਪਣ ਪਿੱਛੋਂ ਵੀ ਪਿੰਡ ਰੁਪਾਣੇ ਦੇ ਸੌ ਵਿਚੋਂ ਨੱਬੇ ਬੰਦਿਆਂ ਨੂੰ ਨਹੀਂ ਪਤਾ ਕਿ ਸਾਹਿਤ ਅਕਾਡਮੀ ਅਵਾਰਡ ਹਾਸਲ ਕਰਨ ਵਾਲਾ ਗੁਰਦੇਵ ਰੁਪਾਣਾ ਉਹਨਾਂ ਦੇ ਪਿੰਡ ਦਾ ਹੀ ਹੈ, ਮੈਂ ਦੋ ਕੁ ਸਾਲ ਪਹਿਲਾਂ ਉਹਨੂੰ ਮਿਲਣ ਗਿਆ ਤਾਂ ਸੱਥ 'ਚ ਬੈਠੇ ਬੰਦਿਆਂ ਤੋਂ ਪੁੱਛਿਆ, 'ਭਾਈ ਸਾਹਿਬ, ਗੁਰਦੇਵ ਰੁਪਾਣੇ ਦਾ ਘਰ ਕਿਧਰ ਹੈ?' ਕਿਸੇ ਤੋਂ ਪਤਾ ਨਾ ਲੱਗੇ। ਵੇਰਵੇ ਦੇ ਕੇ ਮੈਂ ਉਹਦਾ ਘਰ ਮਸਾਂ ਲੱਭਿਆ। ਅਸਲ ਵਿੱਚ ਪਿੰਡ ਵਿਚ ਉਹ ਗੁਰਦੇਵ ਰੁਪਾਣਾ ਨਹੀਂ 'ਗੁਰਦੇਵ ਦਿੱਲੀ ਵਾਲਾ' ਵੱਜਦਾ ਸੀ, ਤਦੇ ਉਹਦੇ ਨੜੋਏ ਨਾਲ ਬੜੇ ਘੱਟ ਰੁਪਾਣੀਏਂ ਗਏ।

ਉਹਦੀ ਪੀਐਚਡੀ ਦੀ ਗੱਲ ਵੀ ਸੁਣ ਲਓ। ਸਈਅਦ ਨਜ਼ਮ ਹੁਸੈਨ ਨੇ ਅੰਗਰੇਜ਼ੀ ਦੀ ਕਿਤਾਬ 'ਰਿਕਰੰਟ ਪੈਟਰਨ ਇਨ ਪੰਜਾਬੀ ਪੋਇਟਰੀ' ਅੰਮ੍ਰਿਤਾ ਪ੍ਰੀਤਮ ਨੂੰ ਭੇਜੀ। ਅੰਮ੍ਰਿਤਾ ਦਾ ਅੰਗਰੇਜ਼ੀ ਵਿੱਚ ਹੱਥ ਤੰਗ ਹੋਣ ਕਰਕੇ ਬੇਦੀ ਨੂੰ ਭੇਜ ਦਿੱਤੀ। ਉਹਦਾ ਹੱਥ ਓਦੂੰ ਵੀ ਤੰਗ। ਬੇਦੀ ਨੇ ਰੁਪਾਣੇ ਨੂੰ ਦੇ ਦਿੱਤੀ ਕਿ 'ਨਾਗਮਣੀ ਸ਼ਾਮ' ਵਿਚ ਅੰਮ੍ਰਿਤਾ ਨੂੰ ਮੋੜ ਦੇਈਂ। ਰੁਪਾਣੇ ਨੇ ਕਿਤਾਬ ਪੜ੍ਹ ਲਈ ਤੇ ਪ੍ਰੋ. ਅਤਰ ਸਿੰਘ ਨੂੰ ਜਾ ਪੜ੍ਹਾਈ। ਉਹ ਕਹਿੰਦਾ, 'ਤੂੰ ਇਸ ਪੈਟਰਨ 'ਤੇ ਪੀਐਚਡੀ ਕਰ ਸਕਦੈਂ। ਕਾਦਰਯਾਰ ਦੀ ਕਵਿਤਾ 'ਤੇ ਕਰ ਲੈ, ਮੈਂ ਤੇਰਾ ਗਾਈਡ ਬਣਜੂੰ।' ਰੁਪਾਣੇ ਅੰਦਰਲਾ ਦੇਬਾ ਫਿਰ ਜਾਗ ਪਿਆ, 'ਗਾਈਡ-ਗੂਡ ਨੀ ਮੈਂ ਤੈਨੂੰ ਬਣਾਉਣਾ। ਤਰਲੋਕ ਕੰਵਰ ਨੂੰ ਬਣਾਊਂ। ਚੱਲ ਗਾਈਡੈਂਸ ਤੈਥੋਂ ਈ ਲਈ ਜਾਊਂ।' ਅਤਰ ਸਿਓਂ ਦੂਰਅੰਦੇਸ਼ ਸੀ, ਰੁਪਾਣੇ ਦੀ ਰਮਜ਼ ਸਮਝਦਾ ਸੀ। ਇਉਂ ਹੋਈ ਉਹਦੀ ਪੀਐਚਡੀ। ਉਸ ਨੇ ਪ੍ਰਾਇਮਰੀ ਤੋਂ ਐੱਮਏ ਤਕ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ।

ਆਪਣੇ ਨਾਂ ਨਾਲ ਡਾਕਟਰ ਨਾ ਲਾਉਣ ਬਾਰੇ ਕੋਈ ਪੁੱਛਦਾ ਤਾਂ ਜਵਾਬ ਮਿਲਦਾ, 'ਪਹਿਲਾਂ ਈ ਸਾਹਿਤ ਦੇ ਡਾਕਟਰ ਬਹੁਤ ਨੇ। ਪਈ ਟਰ-ਟਰ ਹੋਈ ਜਾਂਦੀ ਐ, ਜੇ ਕੋਈ ਡਾ. ਗੁਰਦੇਵ ਰੁਪਾਣਾ ਕਹੂ ਤਾਂ ਲੱਗੂ ਜਿਵੇਂ ਮਰੀਜ਼ਾਂ ਦਾ ਡਾਕਟਰ ਹੋਊ। ਨਾਲੇ ਡਾਕਟਰ ਵੀ ਕਾਹਦਾ, ਅੱਖਾਂ ਦਾ, ਦੰਦਾ ਦਾ, ਡੰਗਰਾਂ ਦਾ, ਆਪਾਂ ਤੋਂ ਨੀ ਬਣ ਹੁੰਦਾ ਡੰਗਰ ਡਾਕਟਰ।'

ਸਰੀਰਕ ਮੌਤ ਭਾਵੇਂ ਬੰਦੇ ਦਾ ਬਹੁਤ ਕੁੱਝ ਲੈ ਜਾਂਦੀ ਹੈ ਪਰ ਸਾਰਾ ਕੁੱਝ ਨਹੀਂ। 5 ਦਸੰਬਰ 2021 ਨੂੰ ਮੌਤ ਰੁਪਾਣੇ ਦੇ ਦਰ 'ਤੇ ਆਈ ਤੇ ਉਹਦੀ ਜਿੰਦ ਲੈ ਕੇ ਤੁਰਦੀ ਹੋਈ। ਪਿੱਛੇ ਮੁਰਦਾ ਦੇਹ ਛੱਡ ਗਈ। ਪਿੰਡ ਰੁਪਾਣੇ ਵਿਚ ਹੀ 13 ਅਪ੍ਰੈਲ 1936 ਨੂੰ ਉਹਦਾ ਜਨਮ ਹੋਇਆ ਸੀ। ਕਿਹਾ ਜਾਂਦੈ ਕਿ ਮਨੁੱਖ ਨਾਸ਼ਵਾਨ ਹੈ। ਹਾਂ, ਨਾਸ਼ਵਾਨ ਹੈ, ਪਰ ਮਨੁੱਖ ਦਾ ਜੀਵਨ ਨਾਸ਼ਵਾਨ ਨਹੀਂ। ਬੰਦੇ ਦੀ ਮੁਰਦਾ-ਦੇਹ ਭਾਵੇਂ ਦੱਬ/ਸਾੜ ਦਿੱਤੀ ਜਾਂਦੀ ਹੈ ਪਰ ਉਹਦੀ ਨੇਕੀ ਜਿਊਂਦੀ ਰਹਿੰਦੀ ਹੈ। ਘਾਲ ਕਮਾਈਆਂ ਤੇ ਮਾਰੀਆਂ ਮੱਲਾਂ ਦੀ ਸ਼ੋਭਾ ਕਦੇ ਨਹੀਂ ਮਰਦੀ। ਰੁਪਾਣਾ ਭਾਵੇਂ ਓਥੇ ਤੁਰ ਗਿਐ ਜਿਥੋਂ ਕੋਈ ਮੁੜ ਕੇ ਨਹੀਂ ਪਰਤਦਾ। ਪਰ ਉਹ ਕਹਾਣੀਆਂ ਤੇ ਨਾਵਲਾਂ ਨਾਲ ਸਦਾ ਸਾਡੇ ਵਿਚਕਾਰ ਰਹੇਗਾ।

---

# ਹਰ.ਫਾਂ ਪਿੱਛੇ ਲੁਕਿਆ ਸੱਚ

ਹਰਪ੍ਰੀਤ ਸਿੰਘ ਜਵੰਦਾ

ਸ਼ਰਾਬੀ ਹੋਇਆ ਜਦੋਂ ਵੀ ਗਲੀ ਵਿਚ ਦੀ ਲੰਘਦਾ, ਮਾਵਾਂ ਨਿਆਣੇ ਅੰਦਰ ਵਾੜ ਬੂਹਾ ਭੇੜ ਲਿਆ ਕਰਦੀਆਂ।

ਸ਼ਕਲ ਤੋਂ ਬੜਾ ਹੀ ਖੌਫਨਾਕ, ਜਿੰਨੇ ਮੂੰਹ ਓਨੀਆਂ ਹੀ ਗੱਲਾਂ, ਭੇੜੀਆ, ਦੈਂਤ, ਰਾਖਸ਼, ਨਿੱਕੀਆਂ ਕੁੜੀਆਂ ਦਾ ਸ਼ੌਕੀਨ।

ਉਸ ਰਾਤ ਭਾਰੀ ਮੀਂਹ ਤੇ ਝੱਖੜ, ਨਸ਼ੇ ਵਿਚ ਧੁੱਤ, ਕੰਧਾਂ ਨੂੰ ਹੱਥ ਪਾਉਂਦਾ ਗਲੀ ਦੇ ਮੋੜ ਤੇ ਆਣ ਪਹੁੰਚਿਆ, ਅਚਾਨਕ ਇੱਕ ਪਰਛਾਵਾਂ ਜਿਹਾ ਉਸਦੇ ਅੱਗੋਂ ਦੀ ਲੰਘਿਆ ਤੇ ਕੰਧ ਓਹਲੇ ਜਾ ਗੁਆਚ ਗਿਆ।

ਸਾਰੀ ਪੀਤੀ ਲਹਿ ਗਈ, ਅੱਗੇ ਹੋ ਕੇ ਵੇਖਿਆ, ਪਾਣੀ ਨਾਲ ਗੜੁੱਚ ਨਿੱਕਾ ਜਿਹਾ ਇਕ ਵਜੂਦ ਗੋਡਿਆਂ ਵਿਚ ਸਿਰ ਦੇਈ ਸੁੰਗੜ ਕੇ ਕੰਧ ਨੂੰ ਢੋਅ ਲਾਈ ਬੈਠਾ ਸੀ।

ਹੱਥ ਨਾਲ ਟੋਹਿਆ, ਚੌਦਾਂ-ਪੰਦਰਾਂ ਵਰਿਆਂ ਦੀ ਕੁੜੀ ਸੀ, ਡਰੀ ਹੋਈ ਤੇ ਠੰਡ ਨਾਲ ਪੂਰੀ ਤਰਾਂ ਕੰਬਦੀ ਹੋਈ।

ਬਾਂਹ ਫੜ ਉਠਾ ਲਿਆ ਤੇ ਪੁੱਛਿਆ ਕੌਣ ਏਂ ਤੂੰ?

ਅੱਗੋਂ ਚੁੱਪ ਰਹੀ, ਉਹ ਗੁੱਸੇ ਨਾਲ ਫੇਰ ਚੀਕਿਆ, ਕੌਣ ਏਂ ਤੇ ਕਿਥੇ ਜਾਣਾ, ਦੱਸ ਮੈਨੂੰ, ਨਹੀਂ ਤੇ ਫੇਰ?

ਇਸ ਵਾਰ ਸ਼ਾਇਦ ਉਹ ਬੁਰੀ ਤਰਾਂ ਡਰ ਗਈ ਸੀ।

ਆਖਣ ਲੱਗੀ 'ਸ਼ਹਿਰੋਂ ਭੱਜ ਕੇ ਗੱਡੀ ਚੜ ਇਥੇ ਆਣ ਉੱਤਰੀ ਹਾਂ, ਉਹ ਟੇਸ਼ਨ ਤੋਂ ਹੀ ਮੇਰੇ ਪਿੱਛੇ, ਨਾਲ ਹੀ ਉਸਨੇ ਕੰਧ ਨਾਲ ਲੱਗ ਖਲੋਤੇ ਚਾਰ ਪਰਛਾਵਿਆਂ ਵੱਲ ਨੂੰ ਉਂਗਲ ਕਰ ਦਿੱਤੀ।

ਉਹ ਚੀਖਿਆ 'ਕੌਣ ਹੋ ਓਏ ਤੁਸੀਂ, ਦੌੜ ਜਾਓ ਨਹੀਂ ਤੇ ਲੱਗੀ ਜੇ ਗੋਲੀ ਆਉਣ, ਆਹ ਦੇਖੋ ਮੇਰੇ ਡੱਬ ਵਿਚ ਦਿੱਤਾ ਹੋਇਆ ਪਿਸਤੌਲ।'

ਏਨਾ ਸੁਣ ਉਹ ਚਾਰੇ ਪਰਛਾਵੇਂ ਹਨੇਰੇ ਵਿਚ ਕਿਧਰੇ ਅਲੋਪ ਹੋ ਗਏ। ਉਸ ਨੇ ਫੇਰ ਸਵਾਲ ਕੀਤਾ, 'ਕਿਥੇ ਜਾਵੇਂਗੀ ਹੁਣ, ਕੱਲੀ ਜਾਵੇਂਗੀ ਤਾਂ ਉਹ ਚਾਰ ਭੇੜੀਏ ਮੁੜ ਆਉਣਗੇ ਤੇ ਨਹੀਂ ਛੱਡਣਗੇ, ਨੋਚ ਨੋਚ ਖਾ ਜਾਣਗੇ।'



ਏਨਾ ਸੁਣ ਉਹ ਰੋ ਪਈ ਤੇ ਹੱਥ ਜੋੜ ਆਖਣ ਲੱਗੀ 'ਮੇਰਾ ਕੋਈ ਨਹੀਂ ਏ, ਕੱਲੀ ਹਾਂ, ਮਾਂ ਮਰ ਗਈ ਤੇ ਪਿਓ ਨੇ ਮੈਨੂੰ ਓਹਨਾ ਹਵਾਲੇ ਕਰ ਦੂਜਾ ਵਿਆਹ ਕਰਵਾ ਲਿਆ ਤੇ ਸ਼ਹਿਰ ਆਸ਼ਰਮ ਵਾਲੇ ਗੰਦੇ ਲੋਕ, ਏਨਾ ਸੁਣ ਉਸਨੇ ਕੁਝ ਸੋਚਿਆ ਤੇ ਮੁੜ ਆਖਣ ਲੱਗਾ 'ਚੱਲੇਂਗੀ ਮੇਰੇ ਨਾਲ..ਮੇਰੇ ਘਰ.. ਹਮੇਸ਼ਾ ਲਈ..ਰੋਟੀ ਦੇਵਾਂਗਾ..ਬਿਸਤਰਾ ਦੇਵਾਂਗਾ ਤੇ ਹੋਰ ਵੀ ਬਹੁਤ ਕੁਝ।'

'ਹੋਰ ਵੀ ਬਹੁਤ ਕੁਝ' ਸੁਣ ਉਹ ਆਸ਼ਰਮ ਵਾਲੇ ਰਸੋਈਏ ਪਹਿਲਵਾਨ ਬਾਰੇ ਸੋਚਣ ਲੱਗੀ, ਉਸਨੇ ਨੇ ਵੀ ਤਾਂ ਸ਼ਾਇਦ ਏਹੀ ਕੁਝ ਹੀ ਆਖਿਆ ਸੀ ਪਹਿਲੀ ਵਾਰ।

ਅਗਲੇ ਹੀ ਪਲ ਉਸਨੂੰ ਬਾਹੋਂ ਫੜ ਨਾਲ ਲਈ ਜਾ ਰਿਹਾ ਸੀ। ਕੁਝ ਵਾਟ ਤੇ ਦੂਰ ਬਾਹਰ ਖੇਤਾਂ ਵਿਚ ਬਣਿਆ ਇੱਕ ਸੁੰਨਸਾਨ ਜਿਹਾ ਘਰ, ਹਲਕਾ ਜਿਹਾ ਧੱਕਿਆ ਤਾਂ ਬੂਹਾ ਆਪੇ ਖੁੱਲ ਗਿਆ। ਸ਼ਾਇਦ ਪਹਿਲਾਂ ਤੋਂ ਹੀ ਖੁੱਲਾ ਸੀ, ਉਸਨੂੰ ਅੰਦਰ ਲੈ ਆਇਆ ਤੇ ਬੂਹੇ ਨੂੰ ਕੁੰਡੀ ਲਾ ਦਿੱਤੀ, ਮੀਂਹ ਝੱਖੜ ਕਾਰਨ ਹੁਣ ਬਿਜਲੀ ਵੀ ਜਾ ਚੁਕੀ ਸੀ, ਚਾਰੇ ਪਾਸੇ ਬੱਸ ਘੁੱਪ ਹਨੇਰਾ ਹੀ।

ਉਹ ਉਸਨੂੰ ਇੱਕ ਹਨੇਰੇ ਜਿਹੇ ਕਮਰੇ ਵੱਲ ਨੂੰ ਲੈ ਤੁਰਿਆ ਤੇ ਨੁੱਕਰ ਵੱਲ ਖੜਾ ਕਰ ਬੋਝੇ ਵਿਚੋਂ ਤੀਲਾਂ ਵਾਲੀ ਡੱਬੀ ਕੱਢੀ। ਫੇਰ ਅੱਗ ਦੀ ਲੋ ਵਿਚ ਦੂਜੇ ਪਾਸੇ ਨੂੰ ਮੂੰਹ ਕਰ ਆਖਣ ਲੱਗਾ 'ਪਿਆਰ ਕੁਰੇ, ਉੱਠ ਆ ਵੇਖ ਕੀ ਲਿਆਇਆ ਹਾਂ ਤੇਰੇ ਜੋਗਾ, 'ਧੀ' ਲਿਆਇਆਂ ਹਾਂ 'ਧੀ', ਜਿਉਂਦੀ ਜਾਗਦੀ ਗੱਲਾਂ ਕਰਦੀ ਧੀ, ਤੇਰੇ ਤੇ ਆਪਣੇ ਦੋਹਾਂ ਲਈ, ਹੁਣ ਕੋਈ ਮਾਈ ਦਾ ਲਾਲ ਤੈਨੂੰ 'ਬਾਂਝ' ਅਤੇ ਮੈਨੂੰ 'ਬੇਔਲਾਦਾ' ਆਖ ਕੇ ਤਾਂ ਦਿਖਾਵੇ'।

ਕੁਝ ਪਲਾਂ ਮਗਰੋਂ ਬਿਜਲੀ ਆ ਗਈ..ਗੱਜਦੇ ਬੱਦਲ ਸ਼ਾਂਤ ਹੋ ਗਏ ਤੇ ਐਨ ਸ਼ਿਖ਼ਰ ਤੇ ਅੱਪੜ ਗਿਆ ਪੂਰਨਮਾਸ਼ੀ ਦਾ ਚੰਨ ਆਪਣੇ ਪੂਰੇ ਜਲੌਅ ਵਿੱਚ ਆਇਆ ਪੂਰੀ ਕਾਇਨਾਤ ਨੂੰ 'ਦੁੱਧ ਧੋਤਾ ਚਾਨਣ' ਵੰਡ ਰਿਹਾ ਸੀ। ਚਿਰਾਂ ਤੋਂ ਮੰਜੇ 'ਤੇ ਪਈ ਪਿਆਰ ਕੌਰ ਅੱਜ ਨੌਂ-ਬਰ-ਨੌ ਲੱਗ ਰਹੀ ਸੀ।

# ਫੌਜ ਅਤੇ ਵਾਤਾਵਰਨ ਦਾ ਨੁਕਸਾਨ

**ਸੁਖਵੰਤ ਹੁੰਦਲ**

ਇਸ ਸਮੇਂ ਧਰਤੀ ਦੇ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਦੀ ਸਮੱਸਿਆ ਇਕ ਬਹੁਤ ਵੱਡੀ ਸਮੱਸਿਆ ਬਣ ਕੇ ਸਾਹਮਣੇ ਆ ਰਹੀ ਹੈ। ਵੱਡੀ ਪੱਧਰ ਉੱਤੇ ਇਹ ਵੀ ਮੰਨਿਆ ਜਾ ਚੁੱਕਾ ਹੈ ਕਿ ਧਰਤੀ ਉੱਪਰ ਵਾਪਰ ਰਹੀਆਂ ਮਨੁੱਖੀ ਸਰਗਰਮੀਆਂ ਇਸ ਸਮੱਸਿਆ ਨੂੰ ਦਿਨੋ ਦਿਨ ਹੋਰ ਡੂੰਘਾ ਕਰ ਰਹੀਆਂ ਹਨ। ਦੁਨੀਆ ਦੇ ਉੱਚ ਕੋਟੀ ਦੇ ਵਿਗਿਆਨੀਆਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਜੇ ਮਨੁੱਖੀ ਸਰਗਰਮੀਆਂ ਵੱਲੋਂ ਵਾਤਾਵਰਨ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਨੂੰ ਰੋਕਿਆ ਨਾ ਗਿਆ ਤਾਂ ਨੇੜ ਭਵਿੱਖ ਵਿੱਚ ਧਰਤੀ ਦਾ ਵਿਨਾਸ਼ ਹੋ ਜਾਣ ਦੀ ਸੰਭਾਵਾਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਅਸੀਂ ਇਸ ਸਮੱਸਿਆ ਨੂੰ ਚੰਗੀ ਤਰਾਂ ਸਮਝੀਏ ਅਤੇ ਇਸ ਦੇ ਹੱਲ ਲਈ ਆਪਣੀ ਆਪਣੀ ਪੱਧਰ ’ਤੇ ਆਪਣੀ ਸਮਰਥਾ ਅਨੁਸਾਰ ਕ੍ਰਿਆਸ਼ੀਲ ਹੋਈਏ। ਇਸ ਸਮੱਸਿਆ ਨੂੰ ਚੰਗੀ ਤਰਾਂ ਸਮਝਣ ਅਤੇ ਇਸ ਬਾਰੇ ਕ੍ਰਿਆਸ਼ੀਲ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਇਸ ਦੇ ਵੱਖ ਵੱਖ ਪਹਿਲੂਆਂ ਨੂੰ ਘੋਖੀਏ ਅਤੇ ਵਿਚਾਰੀਏ। ਇਸ ਸਮੱਸਿਆ ਦੇ ਉਨਾਂ ਪਹਿਲੂਆਂ ਨੂੰ ਜਾਣਨ ਦੀ ਖਾਸ ਕੋਸ਼ਿਸ਼ ਕਰੀਏ ਜਿਨਾਂ ਬਾਰੇ ਜਾਣਕਾਰੀ ਆਮ ਨਹੀਂ ਮਿਲਦੀ, ਇਸ ਸਮੱਸਿਆ ਦੇ ਵਿਅਕਤੀਗਤ ਪੱਧਰ ਦੇ ਕਾਰਨਾਂ ਅਤੇ ਹੱਲਾਂ ਨੂੰ

ਜਾਣਨ ਦੇ ਨਾਲ ਨਾਲ ਉਨਾਂ ਕਾਰਨਾਂ ਨੂੰ ਵੀ ਆਪਣੀ ਜਾਣਕਾਰੀ ਦਾ ਹਿੱਸਾ ਬਣਾਈਏ ਜਿਹਨਾਂ ਦਾ ਸੰਬੰਧ ਸਾਡੇ ਅੱਜ ਦੇ ਆਰਥਿਕ, ਸਿਆਸੀ ਅਤੇ ਸਮਾਜਕ ਪ੍ਰਬੰਧ ਨਾਲ ਹੈ. ਅਜਿਹਾ ਕਰਕੇ ਹੀ ਅਸੀਂ ਇਸ ਸਮੱਸਿਆ ਦੇ ਸਹੀ ਅਤੇ ਪਾਏਦਾਰ ਹੱਲ ਲੱਭਣ ਵਿੱਚ ਆਪਣਾ ਯੋਗਦਾਨ ਪਾ ਸਕਾਂਗੇ। ਇਸ ਲੇਖ ਦਾ ਮਕਸਦ ਅਜਿਹੇ ਹੀ ਇਕ ਮੁੱਦੇ ਵੱਲ ਧਿਆਨ ਦਿਵਾਉਣਾ ਹੈ ਜੋ ਸਾਡੇ ਆਰਥਿਕ ਅਤੇ ਸਿਆਸੀ ਪ੍ਰਬੰਧ ਨਾਲ ਬੱਝਾ ਹੋਇਆ ਹੈ, ਇਹ ਮੁੱਦਾ ਹੈ ਫੌਜ ਅਤੇ ਇਸ ਦੀਆਂ ਕਾਰਵਾਈਆਂ ਦੀ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਿੱਚ ਭੂਮਿਕਾ ? ਇਹ ਭੂਮਿਕਾ ਦੇਖਣ ਲਈ ਅਸੀਂ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਅਤੇ ਰੇਡੀਓਐਕਟਿਵ ਸਮੱਗਰੀ ਦੇ ਫੈਲਾਉਣ ਵਿੱਚ ਫੌਜ ਦੀ ਭੂਮਿਕਾ, ਬਾਰੂਦੀ ਸੁਰੰਗਾਂ (ਲੈਂਡਮਾਈਨਜ਼) ਦੇ ਵਿਛਾਉਣ ਨਾਲ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਹਥਿਆਰਾਂ ਦੇ ਉਤਪਾਦਨ ਅਤੇ ਸੰਭਾਲ ਦੌਰਾਨ ਵਾਤਾਵਰਨ ਦਾ ਨੁਕਸਾਨ ਅਤੇ ਜੰਗ ਦੌਰਾਨ ਜੰਗਲਾਂ ਦਾ ਨੁਕਸਾਨ ਕਰਨ ਵਿੱਚ ਫੌਜ ਅਤੇ ਉਸ ਦੀਆਂ ਕਾਰਵਾਈਆਂ ਦੀ ਭੂਮਿਕਾ ਉੱਤੇ ਨਜ਼ਰ ਮਾਰਾਂਗੇ। ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਫੈਲਾਉਣ ਵਿੱਚ ਫੌਜ ਦੀ ਭੂਮਿਕਾ : ਵਾਤਾਵਰਨ ਵਿੱਚ ਮੌਜੂਦ ਗਰੀਨ ਹਾਊਸ ਗੈਸਾਂ (ਕਾਰਬਨ ਡਾਇਔਕਸਾਈਡ, ਮਿਥੇਨ, ਨਾਇਟਰਸ ਔਕਸਾਈਡ ਅਤੇ ਫਲੋਰੋਕਾਰਬਨ ਆਦਿ) ਸੂਰਜ ਦੀ ਗਰਮੀ ਨੂੰ ਧਰਤੀ ਦੇ ਵਾਤਾਵਰਨ ਵਿੱਚ ਆਉਣ ਤਾਂ ਦਿੰਦੀਆਂ ਹਨ ਪਰ ਉਸ ਨੂੰ ਪੂਰੀ ਤਰਾਂ

ਵਾਤਾਵਰਨ ਵਿੱਚੋਂ ਬਾਹਰ ਨਹੀਂ ਨਿਕਲਣ ਦਿੰਦੀਆਂ, ਬੇਸ਼ੱਕ ਇਹ ਗੈਸਾਂ ਵਾਤਾਵਰਨ ਵਿੱਚ ਕੁਦਰਤੀ ਤੌਰ ਉੱਤੇ ਵੀ ਹੁੰਦੀਆਂ ਹਨ ਪਰ ਧਰਤੀ ਉੱਤੇ ਵਾਪਰ ਰਹੀਆਂ ਮਨੁੱਖੀ ਸਰਗਰਮੀਆਂ ਕਾਰਨ ਵਾਤਾਵਰਨ ਵਿੱਚ ਇਹਨਾਂ ਗੈਸਾਂ ਦੀ ਮਾਤਰਾ ਵੱਧ ਰਹੀ ਹੈ। ਨਤੀਜੇ ਵੱਜੋ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ ਜਿਸ ਨੂੰ ਵਿਗਿਆਨੀਆਂ ਨੇ ‘ਗਲੋਬਲ ਵਾਰਮਿੰਗ’ ਦਾ ਨਾਂ ਦਿੱਤਾ ਹੈ। ਵਿਗਿਆਨੀਆਂ ਅਨੁਸਾਰ ਤਾਪਮਾਨ ਦੇ ਇਸ ਵਾਧੇ ਨਾਲ ਧਰਤੀ ਉੱਤੇ ਆਉਣ ਵਾਲੀਆਂ ਕੁਦਰਤੀ ਆਫਤਾਂ ਵਿੱਚ ਵਾਧਾ ਹੋ ਸਕਦਾ ਹੈ ਅਤੇ ਧਰਤੀ ਉਤਲੇ ਜੀਵਨ ਦਾ ਖਾਤਮਾ ਵੀ ਹੋ ਸਕਦਾ ਹੈ।

ਮਨੁੱਖੀ ਸਰਗਰਮੀਆਂ ਵਿੱਚੋਂ ਇਕ ਸਰਗਰਮੀ ਜਿਹੜੀ ਇਕ ਗਰੀਨ ਹਾਊਸ ਗੈਸ- ਕਾਰਬਨ ਡਾਇਔਕਸਾਈਡ-ਨੂੰ ਪੈਦਾ ਕਰਨ ਵਿੱਚ ਵੱਡੀ ਭੂਮਿਕਾ ਨਿਭਾ ਰਹੀ ਹੈ ਉਹ ਹੈ : ਸਾਡੇ ਵੱਲੋਂ ਆਪਣੀਆਂ ਊਰਜਾ ਲੋੜਾਂ ਲਈ ਫਾਸਿਲ ਫਿਊਲ (ਪੈਟਰੋਲ, ਤੇਲ, ਕੋਲਾ, ਗੈਸਾਂ ਆਦਿ) ਦੀ ਵੱਡੀ ਪੱਧਰ ਉੱਤੇ ਵਰਤੋਂ, ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਗੱਡੀ ਵਿੱਚ ਬਲੇ ਪੈਟਰੋਲ ਦੀ ਇਕ ਗੈਲਨ ਵਾਤਾਵਰਨ ਵਿੱਚ 8.8 ਕਿਲੋਗ੍ਰਾਮ ਜਾਂ 19.4 ਪੌਂਡ ਕਾਰਬਨ ਡਾਇਔਕਸਾਈਡ ਫੈਲਾਉਂਦੀ ਹੈ ਅਤੇ ਡੀਜ਼ਲ ਦੀ ਇਕ ਗੈਲਨ ਵਾਤਾਵਰਨ ਵਿੱਚ 10.1 ਕਿਲੋਗ੍ਰਾਮ ਜਾਂ 22.2 ਪੌਂਡ ਕਾਰਬਨਡਾਇਔਕਸਾਈਡ ਫੈਲਾਉਂਦੀ ਹੈ. (1) ਇਹਨਾਂ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਅਸੀਂ ਇਹ ਦੇਖਾਂਗੇ ਕਿ ਫੌਜੀ ਕਾਰਵਾਈਆਂ ਦੌਰਾਨ ਕਿੰਨਾ ਕੁ ਤੇਲ ਬਲਦਾ ਹੈ ਅਤੇ ਇਹ ਬਲਿਆ ਤੇਲ ਗਰੀਨ ਹਾਊਸ ਗੈਸਾਂ ਨੂੰ ਵਾਤਾਵਰਨ ਵਿੱਚ ਫੈਲਾਉਣ ਵਿੱਚ ਕਿੱਡੀ ਕੁ ਵੱਡੀ ਭੂਮਿਕਾ ਨਿਭਾਉਂਦਾ ਹੈ। ਐਨਰਜੀ ਬੁਲਿਟਨ ਵਿੱਚ ਸੋਹਬਤ ਕਾਰਬੂਜ਼ ਦੇ ਛਪੇ ਇਕ ਆਰਟੀਕਲ ਅਨੁਸਾਰ 30 ਸਤੰਬਰ 2005 ਨੂੰ ਅਮਰੀਕਾ ਦੀ ਏਅਰਫੋਰਸ ਦੇ 5, 986 ਹਵਾਈ ਜਹਾਜ਼ ਸਰਵਿਸ ਵਿੱਚ ਸਨ. ਸੰਨ 2006 ਦੇ ਸ਼ੁਰੂ ਵਿੱਚ ਅਮਰੀਕਾ ਦੀ ਨੇਵੀ ਕੋਲ ਲੜਾਈ ਵਿੱਚ ਵਰਤੇ ਜਾਣ ਵਾਲੇ ਅਤੇ ਸਹਾਇਕ 285 ਸਮੁੰਦਰੀ ਜਹਾਜ਼ ਸਨ ਅਤੇ 4000 ਦੇ ਕਰੀਬ ਓਪਰੇਸ਼ਨਲ ਏਅਰਕਰਾਫਟ

(ਹਵਾਈ ਜਹਾਜ਼ ਅਤੇ ਹੈਲੀਕਾਪਟਰ) ਸਨ. ਸੰਨ 2005 ਦੇ ਅਖੀਰ ਵਿੱਚ ਅਮਰੀਕਾ ਦੀ ਆਰਮੀ ਕੋਲ 28,000 ਬਕਤਰਬੰਦ ਗੱਡੀਆਂ ਦਾ ਫਲੀਟ ਸੀ ਜਿਹਨਾਂ ਵਿੱਚ ਐਬਰੈਮਜ਼ ਟੈਂਕ ਅਤੇ ਬਰੈਡਲੀ ਫਾਈਟਿੰਗ ਵਿਹੀਕਲਜ਼ ਵਰਗੀਆਂ ਗੱਡੀਆਂ ਸ਼ਾਮਲ ਸਨ। ਇਨਾਂ ਤੋਂ ਇਲਾਵਾ ਅਮਰੀਕਾ ਦੀ ਆਰਮੀ ਅਤੇ ਮੈਰੀਨ ਕੌਰਪਸ ਕੋਲ 1, 40,000 ਹਾਈ-ਮੋਬਿਲਟੀ ਮਲਟੀਪਰਪਜ਼ ਵੀਲਡ ਵਿਹੀਕਲਜ਼ ਸਨ। ਇਸ ਦੇ ਨਾਲ ਨਾਲ ਆਰਮੀ ਕੋਲ 4000 ਜੰਗੀ ਹੈਲੀਕੌਂਪਟਰ ਅਤੇ ਕਈ ਸੌ ਵਿੰਗ ਏਅਰਕਰਾਫਟ ਸਨ। ਇਨਾਂ ਦੇ ਨਾਲ ਅਮਰੀਕਾ ਦੇ ਡਿਪਾਰਟਮੈਂਟ ਆਫ ਡਿਫੈਂਸ ਕੋਲ ਕਾਰਾਂ, ਬੱਸਾਂ, ਹਲਕੇ ਟਰੱਕਾਂ ਆਦਿ ਵਰਗੀਆਂ 1,

87, 493 ਗੱਡੀਆਂ ਹਨ, (2) ਦੀ ਗਰੀਨ ਜ਼ੋਨ: ਦੀ ਇਨਵਾਇਰਮੈਂਟਲ ਕੌਸਟਸ ਆਫ ਮਿਲਟਰੀਜ਼ਮ ਦੇ ਲੇਖਕ ਬੈਰੀ ਸੈਂਡਰਜ਼ ਅਨੁਸਾਰ ਅਮਰੀਕਾ ਦੀ

ਆਰਮੀ, ਨੇਵੀ ਅਤੇ ਏਅਰ ਫੋਰਸ ਕੋਲ 43 ਤਰਾਂ ਦੇ ਲੜਾਕੇ ਜਹਾਜ਼ (ਫਾਈਟਰ ਪਲੇਨਜ਼), 11 ਤਰਾਂ ਦੇ ਹਮਲਾਵਾਰੀ ਜਹਾਜ਼ (ਅਟੈਕ ਪਲੇਨਜ਼), 13 ਤਰਾਂ ਦੇ ਬੰਬਾਰ ਜਹਾਜ਼ (ਬੰਬਰਜ਼), 16 ਤਰਾਂ ਦੇ ਭਾਰ ਢੋਣ ਵਾਲੇ ਜਹਾਜ਼ (ਕਾਰਗੋ ਪਲੇਨਜ਼) ਅਤੇ ਨੌਂ ਵੱਖ ਵੱਖ ਕਿਸਮਾਂ ਦੇ ਹੈਲੀਕਾਪਟਰ ਹਨ। ਇਸ ਦੇ ਨਾਲ ਨਾਲ ਮਿਲਟਰੀ ਦੇ ਉੱਚ ਅਫਸਰਾਂ ਦੀ ਵਰਤੋਂ ਲਈ ਅਮਰੀਕਾ ਦੀ ਫੌਜ ਕੋਲ ਏਅਰ ਮੋਬਿਲਟੀ ਕਮਾਂਡ ਜਾਂ ਏ ਐੱਮ ਸੀ ਨਾਂ ਦੀ ਆਪਣੀ ਏਅਰਲਾਈਨ ਹੈ। ਇਸ ਤੋਂ ਇਲਾਵਾ ਫੌਜ ਦੇ ਜਰਨੈਲਾਂ ਅਤੇ ਐਡਮਾਇਰਲਾਂ ਦੀ ਨਿੱਜੀ ਵਰਤੋਂ ਲਈ ਮਿਲਟਰੀ ਕੋਲ 71 ਲੀਅਰ ਜੈੱਟ, 13 ਗਲਫਸਟਰੀਮ ਤਿੰਨ ਅਤੇ 17 ਸੈਸਨਾ ਸਾਈਟੇਸ਼ਨ ਲਗਜ਼ਰੀ ਜੈੱਟ ਹਨ, (3) ਅਮਰੀਕਨ ਫੌਜ ਦੀਆਂ ਇਹ ਮਸ਼ੀਨਾਂ ਕਿੰਨਾ ਕੁ ਤੇਲ ਖਾਂਦੀਆਂ ਹਨ ਅਤੇ ਕਿੰਨੀ ਕੁ ਕਾਰਬਨ ਡਾਇਔਕਸਾਈਡ ਵਾਤਾਵਰਨ ਵਿੱਚ ਛੱਡਦੀਆਂ ਹਨ, ਇਸ ਬਾਰੇ ਬੈਰੀ ਸੈਂਡਰਜ਼ ਨੇ ਆਪਣੀ ਕਿਤਾਬ ਵਿੱਚ ਬਹੁਤ ਵਿਸਥਾਰ ਨਾਲ ਲਿਖਿਆ ਹੈ। ਉਸ ਵਿੱਚ ਕੁੱਝ ਜਾਣਕਾਰੀ ਪਾਠਕਾਂ ਨਾਲ ਸਾਂਝੀਆਂ ਕਰਦੇ ਹਾਂ। ਸਭ ਤੋਂ ਪਹਿਲਾਂ ਅਮਰੀਕਨ ਆਰਮੀ ਵਲੋਂ ਹੁੰਦੀ ਤੇਲ ਦੀ ਖਪਤ ਬਾਰੇ ਕੁੱਝ ਤੱਥ : ‘ਐਬਰੈਮ ਟੈਂਕ ਇਕ ਮੀਲ ਦਾ ਫਾਸਲਾ ਤਹਿ ਕਰਨ ਲਈ 5 ਗੈਲਨ ਤੇਲ ਖਾਂਦਾ ਹੈ। ਇਸ ਟੈਂਕ ਦੇ ਟਰਬਾਈਨ ਨੂੰ ਸਟਾਰਟ ਕਰਨ ਲਈ ਹੀ 10 ਗੈਲਨ ਤੇਲ ਲੱਗ ਜਾਂਦਾ ਹੈ। ਲੜਾਈ ਦੌਰਾਨ, ਸੌਖੇ ਧਰਾਤਲ ਉੱਤੇ ਇਹ ਟੈਂਕ ਘੰਟੇ ਦਾ 252 ਗੈਲਨ ਤੇਲ (ਜੇ ਪੀ-8 ਜੈੱਟ ਫਿਊਲ) ਖਾ ਜਾਂਦਾ ਹੈ, ਇੱਥੇ ਨੋਟ ਕਰਨ ਵਾਲੀ ਗੱਲ ਹੈ ਕਿ ਜੇ ਪੀ-8 ਜੈੱਟ ਫਿਊਲ ਆਮ ਪੈਟਰੋਲ ਦੇ ਮੁਕਾਬਲੇ ਜ਼ਿਆਦਾ ਕਾਰਬਨ ਡਾਇਕਔਕਸਾਈਡ ਛੱਡਦਾ ਹੈ. ਟੈਂਕਾਂ ਦੀ ਇਕ ਡਿਵੀਜ਼ਨ, ਜਿਸ ਵਿੱਚ 348 ਟੈਂਕ ਹੁੰਦੇ ਹਨ, ਪੂਰੇ ਇਕ ਦਿਨ ਵਿੱਚ 5 ਲੱਖ ਗੈਲਨ ਤੇਲ ਛੱਕ ਜਾਂਦੀ ਹੈ, ਇਕ ਸਮੇਂ ਅਮਰੀਕੀ ਫੌਜ ਦੇ ਇਰਾਕ ਵਿੱਚ 1848 ਐਬਰੈਮ ਟੈਂਕ ਸਨ ਅਤੇ ਫੌਜ ਉਹਨਾਂ ਸਾਰਿਆਂ ਨੂੰ ਚੱਲਦਾ ਰੱਖਣ ਦੀ ਕੋਸ਼ਿਸ਼ ਕਰਦੀ ਸੀ. ਇਸ ਦਾ ਅਰਥ ਇਹ ਹੋਇਆ ਕਿ ਇਰਾਕ ਵਿੱਚ ਤਾਇਨਾਤ ਇਹ ਟੈਂਕ ਇਕ ਦਿਨ ਵਿੱਚ 26.5 ਲੱਖ ਗੈਲਨ ਦੇ ਕਰੀਬ ਤੇਲ ਖਪਤ ਕਰਦੇ ਸਨ, ਅਮਰੀਕਨ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਇਕ ਪਰਿਵਾਰਕ ਕਾਰ ਔਸਤਨ ਸਾਲ ਵਿੱਚ 500 ਗੈਲਨ ਤੇਲ ਖਾਂਦੀ ਹੈ, ਇਸ ਦਾ ਭਾਵ ਇਹ ਹੋਇਆ ਕਿ ਜਿੰਨਾ ਤੇਲ 1000 ਕਾਰਾਂ ਸਾਲ ਵਿੱਚ ਖਾਂਦੀਆਂ ਹਨ, ਉਨਾ ਤੇਲ ਐਬਰੈਮ ਟੈਂਕਾਂ ਦੀ ਇਕ ਡਿਵੀਜ਼ਨ ਇਕ ਦਿਨ ਵਿੱਚ ਖਾ ਜਾਂਦੀ ਹੈ. ‘ਆਰਮੀ ਦਾ ਅਪਾਚੀ ਹੈਲੀਕਾਪਟਰ ਇਕ ਗੈਲਨ ਜੈੱਟ ਫਿਊਲ ਨਾਲ ਅੱਧਾ ਮੀਲ ਕੱਢਦਾ ਹੈ, ਇਕ ਰਾਤ ਦੀ ਰੇਡ ਵਿੱਚ ਅਪਾਚੀ ਬਟਾਲੀਅਨ ਦੇ ਹੈਲੀਕੋਪਟਰਾਂ ਦਾ ਇਕ ਜੋੜਾ 60,000 ਗੈਲਨ ਜੈੱਟ ਫਿਊਲ ਖਾ ਜਾਂਦਾ ਹੈ। (4) ਅਮਰੀਕਨ ਨੇਵੀ ਵੱਲੋਂ ਕੀਤੀ ਜਾਂਦੀ ਤੇਲ ਦੀ ਖਪਤ ਦਾ ਆਪਣਾ ਹੀ ਅੰਦਾਜ਼ ਹੈ. ਸੰਨ 1991 ਵਿੱਚ ਅਮਰੀਕਨ ਨੇਵੀ ਦੇ

ਇਕ ਏਅਰਕਰਾਫਟ ਕੈਰੀਅਰ ਯੂ। ਐੱਸ। ਐੱਸ ਇੰਡੀਪੈਂਡਿਟ ਦੀ ਤੇਲ ਦੀ ਖਪਤ ਬਾਰੇ ਇਸ ਦੇ ਰਹਿ ਚੁੱਕੇ ਇਕ ਕਮਾਂਡਰ ਨੇ ਇਸ ਤਰਾਂ ਬਿਆਨ ਕੀਤਾ ਸੀ :ਵੀਅਤਨਾਮ ਦੇ ਸਮੁੰਦਰੀ ਤੱਟ ਨੇੜੇ ਤਾਇਨਾਤ ਇਹ ਜਹਾਜ਼ ਰੋਜ਼ ਦਾ 1,00000 ਗੈਲਨ ਤੇਲ ਖਾਂਦਾ ਹੈ। ਹਰ ਚੰਹੁ ਦਿਨਾਂ ਬਾਅਦ ਇੰਡੀਪੈਂਡਿਟ 10 ਲੱਖ ਗੈਲਨ ਤੇਲ ਲੈਂਦਾ ਸੀ- ਜਿਸ ਵਿੱਚੋਂ ਅੱਧਾ ਤੇਲ ਇਸ ਉੱਪਰਲੇ ਜੈੱਟ ਜਹਾਜ਼ ਖਪਤ ਕਰ ਦਿੰਦੇ ਸਨ। 14 ਦਿਨਾਂ ਵਿੱਚ ਫਾਰਸ ਦੀ ਖਾੜੀ (ਪਰਸ਼ੀਅਨ ਗਲਫ) ਤੱਕ ਪਹੁੰਚਣ ਲਈ ਇਹ ਸਮੁੰਦਰੀ ਜਹਾਜ਼ 20 ਲੱਖ ਗੈਲਨ ਤੋਂ ਵੱਧ ਤੇਲ ਖਾ ਜਾਵੇਗਾ। ਫਾਰਸ ਦੀ ਖਾੜੀ ਵਿੱਚ ਸਿਰਫ ਖੜਾ ਖੜਾ ਹੀ ਇਹ ਜਹਾਜ਼, ਹਰ ਰੋਜ਼ 3 ਲੱਖ 80 ਹਜ਼ਾਰ ਗੈਲਨ ਪਾਣੀ ਸਾਫ ਕਰਨ ਲਈ ਅਤੇ 40,000 ਲੋਕਾਂ ਦੀ ਵਸੋਂ ਵਾਲੇ ਇਕ ਸ਼ਹਿਰ ਦੀ ਲੋੜ ਜਿੰਨੀ ਬਿਜਲੀ ਪੈਦਾ ਕਰਨ ਲਈ ਵੱਡੀ ਮਾਤਰਾ ਵਿੱਚ ਤੇਲ ਖਾ ਜਾਵੇਗਾ। (5) ਕੁੱਲ ਮਿਲਾ ਕੇ ਅਮਰੀਕਨ ਨੇਵੀ ਕੋਲ 13 ਏਅਰਕਰਾਫਟ ਕੈਰੀਅਰ ਹਨ, ਬੇਸ਼ੱਕ ਯੂ।ਐੱਸ।ਐੱਸ। ਇੰਡੀਪੈਂਡਿਟ ਨੂੰ ਅਮਰੀਕਨ ਨੇਵੀ ਨੇ ਸੰਨ 1998 ਵਿੱਚ 48 ਸਾਲਾਂ ਦੀ ਵਰਤੋਂ ਤੋਂ ਬਾਅਦ ਰਿਟਾਇਰ ਕਰ ਦਿੱਤਾ ਸੀ (6) ਪਰ ਇਸ ਦੀ ਤੇਲ ਦੀ ਖਪਤ ਬਾਰੇ ਉਪਰੋਕਤ ਬਿਆਨ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਮਰੀਕਨ ਨੇਵੀ ਦੇ ਦੂਸਰੇ ਏਅਰਕਰਾਫਟ ਕੈਰੀਅਰ ਕਿੰਨੀ ਵੱਡੀ ਮਾਤਰਾ ਵਿੱਚ ਤੇਲ ਦੀ ਖਪਤ ਕਰਦੇ ਹੋਣਗੇ। ਅਮਰੀਕਾ ਦੀ ਏਅਰਫੋਰਸ ਫੌਜ ਦੀਆਂ ਸਾਰੀਆਂ ਸ਼ਾਖਾਵਾਂ ਤੋਂ ਵੱਧ ਤੇਲ ਦੀ ਖਪਤ ਕਰਦੀ ਹੈ.ਇਸ ਬਾਰੇ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ : ‘ਸੰਨ 2006 ਵਿੱਚ ਏਅਰਫੋਰਸ ਨੇ 2.6 ਅਰਬ ਗੈਲਨ ਜੈੱਟ ਫਿਊਲ ਵਰਤਿਆ ਸੀ। ਏਅਰਫੋਰਸ ਦੇ ਵੱਡੇ ਹੈਲੀਕਾਪਟਰ ਇਕ ਮੀਲ ਪਿੱਛੇ 5 ਗੈਲਨ ਤੇਲ ਖਾਂਦੇ ਹਨ। ਪਰ ਤੇਲ ਦੀ ਇਹ ਖਪਤ ਏਅਰ ਫੋਰਸ ਦੇ ਲੜਾਕੇ ਜਹਾਜ਼ਾਂ ਵੱਲੋਂ ਖਾਧੇ ਜਾਂਦੇ ਤੇਲ ਦੇ ਮੁਕਾਬਲੇ ਕੁੱਝ ਵੀ ਨਹੀਂ। ਉਦਾਹਰਨ ਲਈ ਐੱਫ-4 ਫੈਂਟਮ ਫਾਈਟਰ ਇਕ ਘੰਟੇ ਵਿੱਚ 1600 ਗੈਲਨ ਤੇਲ ਖਾਂਦਾ ਹੈ। ਐੱਫ-15 ਇਕ ਘੰਟੇ ਵਿੱਚ

1580 ਗੈਲਨ ਤੇਲ ਖਾਂਦਾ ਹੈ ਅਤੇ ਐੱਫ-16 ਇਕ ਘੰਟੇ ਵਿੱਚ 1680 ਗੈਲਨ ਤੇਲ ਖਾਂਦਾ ਹੈ। ਅਸੀਂ ਦੇਖ ਸਕਦੇ ਹਾਂ ਕਿ ਜਿੰਨਾ ਤੇਲ ਇਕ ਪਰਿਵਾਰਕ ਕਾਰ ਤਿੰਨਾਂ ਸਾਲਾਂ ਵਿੱਚ ਖਾਂਦੀ ਹੈ, ਉਨਾ ਜਾਂ ਉਸ ਤੋਂ ਵੱਧ ਤੇਲ ਇਹ ਫਾਈਟਰ ਜਹਾਜ਼ ਇਕ ਘੰਟੇ ਵਿੱਚ ਖਾ ਜਾਂਦੇ ਹਨ। ਜਦੋਂ ਕਿਸੇ ਲੜਾਕੇ ਜਹਾਜ਼ ਨੂੰ ਸੁਪਰਸੌਨਿਕ ਸਪੀਡ (ਅਵਾਜ਼ ਦੀ ਰਫਤਾਰ, 1236 ਕਿਲੋਮੀਟਰ ਪ੍ਰਤੀ ਘੰਟਾ, ਨਾਲੋਂ ਵੱਧ ਸਪੀਡ) ’ਤੇ ਉਡਾਉਣਾ ਹੁੰਦਾ ਹੈ ਤਾਂ ਪਾਇਲਟ ਲਈ ਜਹਾਜ਼ ਦੇ ਆਫਟਰਬਰਨਰਾਂ ਨੂੰ ਚਾਲੂ ਕਰਨਾ ਜ਼ਰੂਰੀ ਹੈ। ਇਸ ਨਾਲ ਜਹਾਜ਼ ਦੀ ਸਪੀਡ ਤਿੰਨ ਗੁਣਾਂ ਤੱਕ ਹੋ ਸਕਦੀ ਹੈ ਅਤੇ ਤੇਲ ਦੀ ਖਪਤ 20 ਗੁਣਾਂ ਵੱਧ ਜਾਂਦੀ ਹੈ, ਜਦੋਂ ਐੱਫ-15 ਲੜਾਕੇ ਜਹਾਜ਼ ਦੇ ਆਫਟਰਬਰਨਰ ਚਾਲੂ ਹੁੰਦੇ ਹਨ ਤਾਂ ਇਹ ਇਕ ਸਕਿੰਟ ਵਿੱਚ ਚਾਰ ਗੈਲਨ ਭਾਵ ਇਕ ਘੰਟੇ ਵਿੱਚ 14, 400 ਗੈਲਨ ਤੇਲ ਖਾਂਦਾ ਹੈ। ਏਅਰਫੋਰਸ ਦਾ ਬੀ-52 ਬੰਬਾਰ ਜਹਾਜ਼ ਆਫਟਰ ਬਰਨਰਾਂ ਤੋਂ ਬਿਨਾਂ ਇਕ ਘੰਟੇ ਵਿੱਚ 3334 ਗੈਲਨ ਤੇਲ ਖਾਂਦਾ ਹੈ। ਇਹ ਜਹਾਜ਼ 10

ਮਿਨਟਾਂ ਵਿੱਚ ਉਨਾ ਤੇਲ ਖਾ ਜਾਂਦਾ ਹੈ ਜਿੰਨਾ ਔਸਤਨ ਤੇਲ ਇਕ ਪਰਿਵਾਰਕ ਕਾਰ ਸਾਲ ਵਿੱਚ ਖਾਂਦੀ ਹੈ, ਜੇ ਬੀ-52 ਬੰਬਾਰ ਜਹਾਜ਼ ਦੀ ਵਰਤੋਂ ਲੰਮੇ ਸਮੇਂ ਲਈ ਕਰਨੀ ਹੋਵੇ ਤਾਂ ਇਸ ਵਿੱਚ ਅਸਮਾਨ ਵਿੱਚ ਦੁਬਾਰਾ ਤੇਲ ਪਾਉਣਾ ਪੈਂਦਾ ਹੈ. ਅਮਰੀਕਨ ਏਅਰਫੋਰਸ ਕੇ ਸੀ-135 ਸਟਰੈਟੋਟੈਂਕਰ ਅਤੇ ਕੇ ਸੀ-10 ਐਕਸਟੈਂਡਰ ਨਾਮੀ ਜਹਾਜ਼ ਅਸਮਾਨ ਵਿੱਚ ਦੂਸਰੇ ਜਹਾਜ਼ਾਂ ਵਿੱਚ ਤੇਲ ਪਾਉਣ ਲਈ ਵਰਤਦੀ ਹੈ। ਕੇ ਸੀ-10 ਐਕਸਟੈਂਡਰ ਦੇ ਤੇਲ ਸਟੋਰ ਕਰਨ ਦੀ ਸਮਰੱਥਾ 60,000 ਗੈਲਨ ਹੈ। ਜਿੰਨਾ ਤੇਲ ਇਹ ਜਹਾਜ਼ ਸਟੋਰ ਕਰ ਸਕਦਾ ਹੈ ਉਸ ਨਾਲ ਇਕ ਪਰਿਵਾਰ ਔਸਤਨ ਤੌਰ ਉੱਤੇ 120 ਸਾਲਾਂ ਲਈ ਆਪਣੀ ਕਾਰ ਚਲਾ ਸਕਦਾ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਮਰੀਕਨ ਏਅਰ ਫੋਰਸ ਕੋਲ 94 ਬੀ-52 ਐੱਚ ਬੰਬਾਰ ਜਹਾਜ਼ ਹਨ। (7) ਉਂਝ ਤਾਂ ਏਅਰਫੋਰਸ ਦੀ ਤੇਲ ਦੀ ਖਪਤ ਬਾਰੇ ਉਪਰਲੇ ਤੱਥ ਕਾਫੀ ਜਾਣਕਾਰੀ ਦੇ ਦਿੰਦੇ ਹਨ ਪਰ ਅਸੀਂ ਇਸ ਸਬੰਧ ਵਿੱਚ ਇਕ ਹੋਰ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਨੀ ਚਾਹਾਂਗੇ। ਇਹ ਜਾਣਕਾਰੀ ਜੰਗ ਦੇ ਦੌਰਾਨ ਏਅਰਫੋਰਸ ਦੇ ਬੰਬਾਰ ਜਹਾਜ਼ਾਂ ਵੱਲੋਂ ਡਕਾਰੇ ਜਾਂਦੇ ਤੇਲ ਨਾਲ ਸਬੰਧਤ ਹੈ। ‘ਜਦੋਂ 7 ਅਕਤੂਬਰ 2001 ਨੂੰ ਅਮਰੀਕਾ ਨੇ ਅਫਗਾਨਿਸਤਾਨ ਉੱਤੇ ਹਵਾਈ ਹਮਲਾ ਕੀਤਾ ਤਾਂ ਇਸ ਹਮਲੇ ਵਿੱਚ ਨੇਵੀ ਅਤੇ ਏਅਰਫੋਰਸ ਦੇ ਬੀ-2, ਐੱਫ-14, ਐੱਫ/ਏ-18, ਬੀ-52 ਬੰਬਾਰ ਆਦਿ ਜਹਾਜ਼ਾਂ ਨੇ ਹਿੱਸਾ ਲਿਆ। ਨੇਵੀ ਦੇ ਜਹਾਜ਼ਾਂ ਨੇ ਆਪਣੇ ਨਿਸ਼ਾਨੇ ਤੋਂ 500 ਮੀਲ ਦੂਰ ਅਰਬ ਸਾਗਰ ਵਿਚਲੇ ਏਅਰਕਰਾਫਟ ਕੈਰੀਅਰ ਤੋਂ ਅਤੇ ਏਅਰਫੋਰਸ ਦੇ ਜਹਾਜ਼ਾਂ ਨੇ ਹਿੰਦ ਮਹਾਂ ਸਾਗਰ ਵਿਚਲੇ ਏਅਰਬੇਸ ਡੀਗੋ ਗਾਰਸੀਆ ਤੋਂ ਉਡਾਣਾ ਭਰੀਆਂ। ਹੋਰ ਲੜਾਕੇ ਜਹਾਜ਼ਾਂ ਨੇ ਫਾਰਸ ਦੀ ਖਾੜੀ (ਪਰਸ਼ੀਅਨ ਗਲਫ) ਵਿੱਚੋਂ ਉਡਾਣਾਂ ਭਰੀਆਂ. ਡੀਗੋ ਗਾਰਸੀਆ ਤੋਂ ਉਡਾਣਾਂ ਭਰਨ ਵਾਲੇ ਜਹਾਜ਼ਾਂ ਨੇ 12-15 ਘੰਟੇ ਦੇ ਸਮੇਂ ਲਈ ਉਡਾਣਾਂ ਭਰੀਆਂ ਅਤੇ 5,500 ਮੀਲ ਦੇ ਨੇੜੇ ਤੇੜੇ ਸਫਰ ਕੀਤਾ. ਯਾਦ ਰਹੇ ਕਿ ਇਕ ਬੀ-52 ਬੰਬਾਰ ਜਹਾਜ਼ ਇਕ ਘੰਟੇ ਵਿੱਚ 3334 ਗੈਲਨ ਜੈੱਟ ਫਿਊਲ ਖਾਂਦਾ ਹੈ, ਇਸ ਲਈ 12-15 ਘੰਟੇ ਦੀ ਫਲਾਈਟ ਦੌਰਾਨ ਹਰ ਇਕ ਬੀ-52 ਬੰਬਾਰ ਜਹਾਜ਼ ਨੇ 40000-50,000 ਗੈਲਨ ਦੇ ਨੇੜੇ ਤੇਲ ਖਾਧਾ। ਉਸ ਰਾਤ ਦੇ ਹਵਾਈ ਹਮਲੇ ਵਿੱਚ 10 ਬੀ-52 ਬੰਬਾਰਾਂ ਨੇ ਹਿੱਸਾ ਲਿਆ। ਜਿਸ ਦਾ ਅਰਥ ਹੈ ਕਿ ਇਕੱਲੇ ਬੀ-52 ਬੰਬਾਰ ਜਹਾਜਾਂ ਨੇ ਹੀ ਉਸ ਇਕ ਰਾਤ ਵਿੱਚ 5,00,000 ਗੈਲਨ ਤੇਲ ਖਾਧਾ। (8) ਇਸ ਦੇ ਨਾਲ ਜੇ ਅਸੀਂ ਦੂਸਰੇ ਬੰਬਾਰ ਜਹਾਜ਼ਾਂ, ਫਾਰਸ ਦੀ ਖਾੜੀ ਵਿੱਚ ਖੜੇ ਨੇਵੀ ਦੇ ਏਅਰਕਰਾਫਟ ਕੈਰੀਅਰ ਜਹਾਜ਼ਾਂ, ਅਤੇ ਅਸਮਾਨ ਵਿੱਚ ਜਹਾਜ਼ਾਂ ਨੂੰ ਤੇਲ ਸਪਲਾਈ ਕਰਨ ਵਾਲੇ ਜਹਾਜ਼ਾਂ ਵੱਲੋਂ ਖਾਧੇ ਤੇਲ ਦੀ ਮਾਤਰਾ ਵੀ ਜੋੜ ਲਈਏ ਤਾਂ ਇਸ ਹਵਾਈ ਹਮਲੇ ਦੌਰਾਨ ਹਰ ਇਕ ਰਾਤ ਵਿੱਚ ਖਪਤ ਹੋਏ ਕੁੱਲ ਤੇਲ ਦੀ ਮਾਤਰਾ ਬੀ-52 ਬੰਬਾਰ ਜਹਾਜ਼ਾਂ ਵੱਲੋਂ ਖਾਧੇ ਤੇਲ ਦੀ ਮਾਤਰਾ ਨਾਲ ਕਿਤੇ ਜ਼ਿਆਦਾ ਵੱਧ ਜਾਂਦੀ ਹੈ। ਇੱਥੇ ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਕਿ 7 ਅਕਤੂਬਰ 2001 ਨੂੰ ਸ਼ੁਰੂ ਹੋਇਆ ਇਹ ਹਵਾਈ ਹਮਲਾ ਕਈ ਦਿਨ ਚੱਲਦਾ ਰਿਹਾ ਸੀ. ਸੋ ਇਸ ਹਮਲੇ ਦੌਰਾਨ ਕਿੰਨੀ ਕਾਰਬਨ ਡਾਇਔਕਸਾਈਡ ਵਾਤਾਵਰਨ ਵਿੱਚ ਗਈ ਹੋਵੇਗੀ, ਇਸ ਦਾ ਅੰਦਾਜ਼ਾ ਪਾਠਕ ਆਪ ਹੀ ਲਾ ਸਕਦੇ ਹਨ। ਇਸ ਹੀ ਤਰਾਂ ਜਦੋਂ 19 ਮਾਰਚ 2003 ਨੂੰ ਅਮਰੀਕਾ ਵੱਲੋਂ ਇਰਾਕ ਉੱਤੇ ਹਮਲਾ ਕੀਤਾ ਗਿਆ ਤਾਂ ਉਸ ਰਾਤ ਬਗਦਾਦ ਉੱਪਰ ਹਮਲਾ ਕਰਨ ਲਈ 1700 ਹਵਾਈ ਜਹਾਜ਼ਾਂ ਨੇ ਹਿੱਸਾ ਲਿਆ ਜਿਹਨਾਂ ਵਿੱਚ ਬੰਬਾਰ, ਲੜਾਕੇ ਅਤੇ ਹੋਰ ਕਈ ਤਰਾਂ ਦੇ ਜੰਗੀ ਜਹਾਜ਼ ਸ਼ਾਮਲ ਸਨ। (9) ਇਹਨਾਂ ਜਹਾਜ਼ਾਂ ਨੇ ਕਿੰਨਾ ਤੇਲ ਖਾਧਾ ਹੋਵੇਗਾ ਅਤੇ ਕਿੰਨੀ ਕਾਰਬਨ ਡਾਇਔਕਸਾਈਡ ਵਾਤਾਵਰਨ ਵਿੱਚ ਛੱਡੀ ਹੋਵੇਗੀ ਇਸ ਦੀ ਕਲਪਨਾ ਪਾਠਕ ਆਪ ਕਰ ਸਕਦੇ ਹਨ.

ਅਮਰੀਕੀ ਫੌਜ ਦੀਆਂ ਕੁੱਝ ਵੱਖ ਵੱਖ ਮਸ਼ੀਨਾਂ ਵਲੋਂ ਖਪਤ ਕੀਤੇ ਜਾਂਦੇ ਤੇਲ ਦੀ ਮਾਤਰਾ ਬਾਰੇ ਪੜ ਕੇ ਮਨ ਵਿੱਚ ਇਹ ਸਵਾਲ ਉੱਠਣਾ ਸੁਭਾਵਕ ਹੀ ਹੈ ਕਿ ਅਮਰੀਕਨ ਫੌਜ ਸਾਲ ਵਿੱਚ ਕਿੰਨਾ ਤੇਲ ਖਪਤ ਕਰਦੀ ਹੈ। ਬੈਰੀ ਸੈਂਡਰਜ਼ ਅਨੁਸਾਰ ਅਮਰੀਕਾ ਦੀ ਫੌਜ ਹਰ ਰੋਜ਼ 10 ਲੱਖ ਬੈਰਲ ਤੇਲ ਖਪਤ ਕਰਦੀ ਹੈ ਅਤੇ ਹਰ ਰੋਜ਼ 40 ਕਰੋੜ ਪੌਂਡ ਜਾਂ ਦੋ ਲੱਖ ਟਨ ਦੇ ਬਰਾਬਰ ਗਰੀਨਹਾਊਸ ਗੈਸਾਂ ਵਾਤਾਵਰਨ ਵਿੱਚ ਫੈਲਾਉਂਦੀ ਹੈ. ਜੇ ਅਸੀਂ ਸਾਲ ਦਾ ਹਿਸਾਬ ਲਾਈਏ ਤਾਂ ਅਮਰੀਕਾ ਦੀ ਫੌਜ ਹਰ ਸਾਲ 146 ਅਰਬ ਪੌਂਡ ਜਾਂ 7 ਕ੍ਰੋੜ 30 ਲੱਖ ਟੰਨ ਕਾਰਬਨ ਵਾਤਾਵਰਨ ਵਿੱਚ ਫੈਲਾਉਂਦੀ ਹੈ। (10) ਨੇਸ਼ਨਮਾਸਟਰ।

ਬਾਕੀ ਸਫ਼ਾ 31 ’ਤੇ

## ਦਰਬਾਰ ਸਾਹਿਬ ਤੋਂ...

ਉਨਾਂ ਕਿਹਾ ਕਿ ਗੁਰੂ ਸਾਹਿਬ ਦੇ ਇਸ ਪਾਵਨ ਅਸਥਾਨ ਤੋਂ ਅਰਦਾਸ ਕਰਕੇ ਇਹ ਮੋਰਚਾ ਸ਼ੁਰੂ ਹੋਇਆ ਸੀ ਅਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਦਕਾ ਹੀ ਮੋਰਚੇ ਨੂੰ ਜਿੱਤ ਪ੍ਰਾਪਤ ਹੋਈ ਹੈ। ਸ੍ਰੀ ਟਿਕੈਤ ਤੇ ਯੁੱਧਵੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਵਲੋਂ ਮੋਰਚੇ ਦੌਰਾਨ ਦਿੱਤੀਆਂ ਸੇਵਾਵਾਂ ਅਤੇ ਸਨਮਾਨ ਲਈ ਧੰਨਵਾਦ ਕੀਤਾ।

**ਸਨਮਾਨੇ ਗਏ ਆਗੂ**

ਸ਼੍ਰੋਮਣੀ ਕਮੇਟੀ ਵਲੋਂ ਸਨਮਾਨ ਲਈ ਬੋਲੇ ਗਏ ਕਿਸਾਨ ਆਗੂਆਂ ਦੇ ਨਾਵਾਂ ਵਿਚ ਸ: ਰਾਜੇਵਾਲ ਤੇ ਸ: ਚੜੂਨੀ ਤੇ ਟਿਕੈਤ ਤੋਂ ਇਲਾਵਾ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਡਾ. ਸਵੈਮਾਨ ਸਿੰਘ, ਡਾ: ਦਰਸ਼ਨਪਾਲ, ਯੁੱਧਵੀਰ ਸਿੰਘ, ਕੁਲਵੰਤ ਸਿੰਘ ਸੰਧੂ, ਪ੍ਰਗਟ ਸਿੰਘ, ਬੂਟਾ ਸਿੰਘ ਬੁਰਜ ਗਿੱਲ, ਮਨਜੀਤ ਸਿੰਘ ਰਾਏ, ਰੁਲਦੂ ਸਿੰਘ ਮਾਨਸਾ, ਬਲਦੇਵ ਸਿੰਘ ਨਿਹਾਲਗੜ, ਨਿਰਭੈ ਸਿੰਘ ਢੁਡੀਕੇ, ਹਰਜਿੰਦਰ ਸਿੰਘ ਟਾਂਡਾ, ਹਰਮੀਤ ਸਿੰਘ ਕਾਦੀਆਂ, ਕੁਲਦੀਪ ਸਿੰਘ ਵਜੀਦਪੁਰ, ਬਲਵੰਤ ਸਿੰਘ, ਮੁਕੇਸ਼ ਚੰਦਰ ਸ਼ਰਮਾ, ਜੰਗਵੀਰ ਸਿੰਘ ਚੌਹਾਨ, ਕਿਰਪਾ ਸਿੰਘ, ਸੁਖਪਾਲ ਸਿੰਘ ਡੋਫਰ, ਹਰਪਾਲ ਸਿੰਘ ਸੰਘਾ, ਮੇਜਰ ਸਿੰਘ ਪੁੰਨਾਂਵਾਲਾ, ਬਲਵਿੰਦਰ ਸਿੰਘ ਔਲਖ, ਕਿਰਨਜੀਤ ਸਿੰਘ ਸੇਖੋਂ, ਬੋਘ ਸਿੰਘ ਮਾਨਸਾ, ਮਨਜਿੰਦਰ ਸਿੰਘ ਬੁੱਟਰ, ਸੁੱਚਾ ਸਿੰਘ, ਹਰਦੇਵ ਸਿੰਘ ਸੰਧੂ, ਬਲਦੇਵ ਸਿੰਘ ਜੀਰਾ, ਕੰਵਲਪ੍ਰੀਤ ਸਿੰਘ ਪੰਨੂ, ਗੁਰਬਖ਼ਸ਼ ਸਿੰਘ ਬਰਨਾਲਾ, ਹਰਿੰਦਰ ਸਿੰਘ ਲੱਖੋਵਾਲ, ਗੁਰਪ੍ਰੀਤ ਸਿੰਘ ਕੱਟਿਆਵਾਲੀ, ਬੀਬੀ ਜੋਬਾ ਖਾਨ ਝਾਰਖੰਡ, ਮਨਦੀਪ ਸਿੰਘ ਨਥਵਾਨ, ਆਦਿ ਸ਼ਾਮਲ ਸਨ। ਇਸ ਦੌਰਾਨ ਕਿਸਾਨੀ ਸੰਘਰਸ਼ ਵਿਚ ਲਗਾਤਾਰ ਸੇਵਾ ਨਿਭਾਉਣ ਵਾਲੀਆਂ ਕਬੱਡੀ ਜਗਤ ਦੀਆਂ ਨਾਮਵਰ ਸ਼ਖ਼ਸੀਅਤਾਂ, ਉੱਘੇ ਖੇਡ ਪ੍ਰਮੋਟਰ ਟੋਨੀ ਸੰਧੂ ਰੁੜਕਾ ਕਲਾਂ ਜਲੰਧਰ ਆਦਿ ਨੂੰ ਵੀ ਸਨਮਾਨਤ ਕੀਤਾ ਗਿਆ। ਸਮਾਗਮ ਵਿਚ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਕਥਾਵਾਚਕ ਗਿਆਨੀ ਜਸਵੰਤ ਸਿੰਘ, ਭਾਈ ਰਾਜਿੰਦਰ ਸਿੰਘ ਮਹਿਤਾ, ਭਗਵੰਤ ਸਿੰਘ ਸਿਆਲਕਾ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰ ਅਤੇ ਸੀਨੀਅਰ ਅਧਿਕਾਰੀ ਤੇ ਕਰਮਚਾਰੀ ਤੇ ਹੋਰ ਸੰਗਤਾਂ ਹਾਜ਼ਰ ਸਨ।

## ਅਮਰੀਕਾ ਵਿਚ ਤੂਫਾਨ...

ਉਨਾਂ ਕਿਹਾ ਕਿ ਬਿਜਲੀ ਤੋਂ ਬਿਨਾਂ ਰਹਿਣਾ ਬੇਹੱਦ ਮੁਸ਼ਕਿਲ ਹੈ ਤੇ ਅਸੀਂ ਇਸ ਨੂੰ ਬਹਾਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ। ਉਨਾਂ ਕਿਹਾ ਕਿ ਲਾਪਤਾ ਵਿਅਕਤੀਆਂ ਨੂੰ ਲੱਭਿਆ ਜਾ ਰਿਹਾ ਹੈ, ਬਿਜਲੀ ਗ੍ਰਿਡਾਂ ਦੀ ਮੁਰੰਮਤ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਤੇ ਬੇਘਰਿਆਂ ਲਈ ਪਾਰਕਾਂ ਵਿਚ ਆਰਜੀ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਉਨਾਂ ਲਈ ਪੀਣ ਵਾਲੇ ਪਾਣੀ ਤੇ ਹੋਰ ਲੋੜੀਂਦੇ ਸਮਾਨ ਦੀ ਸਪਲਾਈ ਕੀਤੀ ਜਾ ਰਹੀ ਹੈ।

ਬਾਈਡਨ ਬੁੱਧਵਾਰ ਕਰਨਗੇ ਦੌਰਾ- ਰਾਸ਼ਟਰਪਤੀ ਜੋਅ ਬਾਈਡਨ ਬੁੱਧਵਾਰ ਨੂੰ ਕੈਂਟੁਕੀ ਦਾ ਦੌਰਾਨ ਕਰਨਗੇ ਜਿਸ ਦੌਰਾਨ ਉਹ ਹੋਏ ਨੁਕਸਾਨ ਦਾ ਜਾਇਜ਼ਾ ਲੈਣਗੇ। ਰਾਸ਼ਟਰਪਤੀ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਉਨਾਂ ਦੀ ਹਰ ਸੰਭਵ ਮੱਦਦ ਕਰਨ ਦਾ ਐਲਾਨ ਕੀਤਾ ਹੈ। ਉਨਾਂ ਕਿਹਾ ਹੈ ਕਿ ਉਹ ਇਸ ਗੱਲ ਦਾ ਧਿਆਨ ਰਖਣਗੇ ਕਿ ਉਨਾਂ ਦੇ ਦੌਰੇ ਨਾਲ ਬਚਾਅ ਤੇ ਸਹਾਇਤਾ ਸੇਵਾਵਾਂ ਵਿਚ ਵਿਘਨ ਨਾ ਪਵੇ।

## 'ਬਲੈਕ ਹੋਲ' ਅਤਿ...

ਬਲੈਕ ਹੋਲ ਦੀ ਤਸਵੀਰ ਅਤੇ ਈਵੈਂਟ ਹੌਰਾਈਜ਼ਨ ਦੂਰਬੀਨ ਬਾਰੇ : ਤਸਵੀਰ ਦੀ ਗੱਲ ਕਰੀਏ ਤਾਂ ਹੁਣ ਤੱਕ, ਬਲੈਕ ਹੋਲ ਤੌਰ 'ਤੇ ਨਹੀਂ ਦੇਖਿਆ ਜਾਂਦਾ ਸੀ ਸਗੋਂ ਇਸਦੇ ਆਸ ਪਾਸ ਦੇ ਤਾਰਿਆਂ ਦੇ ਪੰਧ ਦੇਖ ਕੇ ਅੰਦਾਜ਼ਾ ਲਗਾਇਆ ਜਾਂਦਾ ਸੀ ਪਰ ੧੦ ਅਪ੍ਰੈਲ 2019 ਨੂੰ ਆਈ ਇੱਕ ਤਸਵੀਰ ਨੇ ਸਭ ਬਦਲ ਕੇ ਰੱਖ ਦਿੱਤਾ।

ਈਵੈਂਟ ਹੌਰਾਈਜ਼ਨ ਦੂਰਬੀਨ ਇੱਕ ਰੇਡੀਓ ਦੂਰਬੀਨ ਹੈ। ਬਲੈਕ ਹੋਲ ਤੋਂ ਆ ਰਹੀਆਂ ਰੇਡੀਓ ਤਰੰਗਾਂ ਦੀ ਲੰਬਾਈ ਬਹੁਤ ਜ਼ਿਆਦਾ ਹੁੰਦੀ ਹੈ। ਸੋ ਇਹਨਾਂ ਦਾ ਵਿਸ਼ਲੇਸ਼ਣ ਕਰਨ ਲਈ ਬਹੁਤ ਵੱਡੀ, ਅਸਲ ਚ ਧਰਤੀ ਦੇ ਆਕਾਰ ਜਿੱਡੀ, ਦੂਰਬੀਨ ਚਾਹੀਦੀ ਹੈ। ਅਜਿਹਾ ਨਾ ਹੀ ਹੋ ਸਕਦਾ ਹੈ ਤੇ ਨਾ ਹੀ ਕੀਤਾ ਗਿਆ। 58" ਪ੍ਰੋਜੈਕਟ ਨੂੰ ਕਈ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਧਰਤੀ ਦੇ ਦੁਆਲੇ 6 ਦੇਸ਼ਾਂ ਵਿੱਚ 8 ਰੇਡੀਓ ਡਿਸ਼ਾਂ ਲਗਾਈਆਂ ਗਈਆਂ ਜੋ ਕਿ ਬਲੈਕ ਹੋਲ ਤੋਂ ਆਉਂਦੀਆਂ ਤਰੰਗਾਂ ਨੂੰ ਫੜ ਕੇ ਇੱਕ ਦੂਜੇ ਨਾਲ ਸੰਤੁਲਨ ਵਿੱਚ ਕੰਮ ਕਰਦੀਆਂ ਹੋਇਆਂ ਸਾਰੇ ਡਾਟੇ ਨੂੰ ਇੱਕ ਥਾਂ ਤੇ ਇਕੱਠਾ ਕਰਦੀਆਂ ਗਈਆਂ। ਇਸ ਕੰਮ ਵਿੱਚ ਸਭ ਤੋਂ ਜ਼ਰੂਰੀ ਸੀ ਸਭ ਡਿਸ਼ਾਂ ਤੇ ਸਮੇਂ ਦਾ ਸਹੀ ਹੋਣਾ ਤੇ ਇੱਕੋ ਹੋਣਾ। ਇਸ ਦੇ ਲਈ ਪ੍ਰਮਾਣੂ ਘੜੀਆਂ ਨੂੰ ਵਰਤਿਆ ਗਿਆ ਜੋ ਕਿ ੧੦ ਲੱਖ ਸਾਲਾਂ ਦੇ ਬਾਅਦ ਇੱਕ ਸੈਕਿੰਡ ਦਾ ਫ਼ਰਕ ਪਾਉਂਦੀਆਂ ਹਨ।

58" ਵਲੋਂ 2006 ਵਿੱਚ ਕੰਮ ਸ਼ੁਰੂ ਕੀਤਾ ਗਿਆ ਸੀ ਤੇ 2017 ਤੱਕ ਇਹ ਪੂਰਾ ਹੋ ਗਿਆ। ਇਕੱਠਾ ਕੀਤਾ ਡਾਟਾ ਐਨਾ ਸੀ ਕਿ ਇਸਨੂੰ ਤਸਵੀਰ ਵਿੱਚ ਬਦਲਣ ਲਈ 2 ਸਾਲ ਦਾ ਸਮਾਂ ਲੱਗ ਗਿਆ. ਇਸਨੇ 2 ਬਲੈਕ ਹੋਲਾਂ ਦੀਆਂ ਤਸਵੀਰਾਂ ਲਈਆਂ, ਇੱਕ ਸਾਡੀ ਆਕਾਸ਼ ਗੰਗਾ ਦੇ ਕੇਂਦਰ ਦਾ 'ਬਲੈਕ ਹੋਲ ਤੇ ਦੂਸਰਾ 87 ਗਲੈਕਸੀ ਦੇ ਕੇਂਦਰ ਦਾ ਬਲੈਕ ਹੋਲ। ਸਭ ਨੂੰ ਹੀ ਆਕਾਸ਼ ਗੰਗਾ ਦੇ ਬਲੈਕ ਹੋਲ ਦੀ ਤਸਵੀਰ ਦਾ ਇੰਤਜ਼ਾਰ ਸੀ ਪਰ ਜੋ ਤਸਵੀਰ ਯੂਰਪੀਅਨ ਕਮਿਸ਼ਨ ਨੇ ਜਾਰੀ ਕੀਤੀ ਹੈ ਉਹ 87 ਦੇ ਬਲੈਕ ਹੋਲ ਦੇ ਈਵੈਂਟ ਹੌਰਾਈਜ਼ਨ ਦੀ ਹੈ, ਦੀ ਤਸਵੀਰ ਇਸ ਲਈ ਨਹੀਂ ਜਾਰੀ ਕੀਤੀ ਗਈ ਕਿਉਂਕਿ ਇਹ 87 ਗਲੈਕਸੀ ਦੇ ਬਲੈਕ ਹੋਲ ਮੁਕਾਬਲੇ ਬਹੁਤ ਛੋਟਾ ਹੈ।

ਇਸ ਤਸਵੀਰ ਦੇ ਕੇਂਦਰ ਵਿੱਚ ਕਾਲਾ ਥਾਂ ਈਵੈਂਟ ਹੌਰਾਈਜ਼ਨ ਹੈ ਜਿੱਥੋਂ ਕੋਈ ਵੀ ਪ੍ਰਕਾਸ਼ ਨਹੀਂ ਆ ਸਕਦਾ। ਬਾਹਰ ਦਾ ਪ੍ਰਕਾਸ਼ ਇਸਦੇ ਦੁਆਲੇ ਬਹੁਤ ਤੇਜ਼ੀ ਨਾਲ ਘੁੰਮ ਰਹੇ ਬਹੁਤ ਹੀ ਗਰਮ ਮਾਦੇ, ਜਿਸਨੂੰ ਐਕਰੀਸ਼ਨ ਡਿਸਕ ਕਹਿੰਦੇ ਹਨ, ਦੁਆਰਾ ਪੈਦਾ ਕੀਤਾ ਹੋਇਆ ਹੈ। ਹਾਲਾਂਕਿ ਅਸੀਂ ਇੱਕ ਇਕਸਾਰ ਛੱਲੇ ਦੀ ਕਿਆਸ ਕਰ ਸਕਦੇ ਹਾਂ ਪਰ ਮਾਦੇ ਦੇ ਘੁੰਮਣ ਕਰਕੇ ਇਸਦੀ ਤੀਬਰਤਾ ਜਿਸ ਪਾਸਿਓਂ ਮਾਦਾ ਸਾਡੇ ਵੱਲ ਆ ਰਿਹਾ ਹੈ ਉਸ ਪਾਸੇ ਵਧ ਜਾਂਦੀ ਹੈ ਤੇ ਦੂਜੇ ਪਾਸੇ ਘੱਟ ਜਾਂਦੀ ਹੈ। ਇਸਨੂੰ ਡੌਪਲਰ ਬੀਮਿੰਗ ਕਹਿੰਦੇ ਹਨ। ਸਭ ਤੋਂ ਮਜ਼ੇਦਾਰ ਗੱਲ ਇਹ ਹੈ ਕਿ ਇਸ ਤਸਵੀਰ ਵਿੱਚ ਐਕਰੀਸ਼ਨ ਡਿਸਕ ਦਾ ਬਲੈਕ ਹੋਲ ਦੇ ਸਾਹਮਣੇ ਵਾਲਾ ਪਾਸਾ ਹੀ ਨਹੀਂ, ਬਲਕਿ ਇਸਦਾ ਬਲੈਕ ਹੋਲ ਦੇ ਪਿੱਛੇ ਵਾਲਾ ਪਾਸਾ ਵੀ ਦਿਖ ਰਿਹਾ ਹੈ। ਇਸਦਾ ਕਾਰਣ ਬਲੈਕ ਹੋਲ ਦੀ ਗੁਰੂਤਾ ਹੈ ਜੋਕਿ ਬਲੈਕ ਹੋਲ ਦੇ ਪਿੱਛੇ ਵਾਲੇ ਪ੍ਰਕਾਸ਼ ਮੋੜ ਕੇ ਅੱਗੇ ਵੱਲ ਭੇਜ ਦਿੰਦੀ ਹੈ। ਇਹ ਨਿਰੀਖਣ ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਦੇ ਬਿਲਕੁਲ ਫਿੱਟ ਬੈਠਦਾ ਹੈ। ਇਸ ਤਸਵੀਰ ਨਾਲ ਜੋ ਵੀ ਜਾਣਕਾਰੀ ਮਿਲੀ ਹੈ ਉਹ ਸਾਪੇਖਤਾ ਦੇ ਸਿਧਾਂਤਾਂ ਤੇ ਬਿਲਕੁਲ ਖਰੀ ਉੱਤਰੀ ਹੈ ਅਤੇ ਆਈਨਸਟਾਈਨ ਇੱਕ ਵਾਰ ਫ਼ਿਰ ਆਪਣੀ ਉੱਤਮਤਾ ਸਿੱਧ ਕਰਨ ਵਿੱਚ ਕਾਮਯਾਬ ਰਿਹਾ ਹੈ।

ਬਲੈਕ ਹੋਲ ਦੀ ਪਹਿਲੀ ਤਸਵੀਰ ਭਾਵੇਂ ਜਿਆਦਾ ਸਾਫ਼ ਨਹੀਂ ਹੈ ਪਰ ਵਿਗਿਆਨ ਦੇ ਖੇਤਰ ਵਿੱਚ ਬਹੁਤ ਵੱਡੀ ਪੁਲਾਂਘ ਹੈ। ਪਿਛਲੇ ਦਿਨੀਂ ਵਿਗਿਆਨੀਆਂ ਨੇ ਇੱਕ ਕਦਮ ਹੋਰ ਅੱਗੇ ਜਾਂਦਿਆਂ 58" ਨਾਲ ਇਸੇ ਬਲੈਕ ਹੋਲ ਦੇ ਪ੍ਰਕਾਸ਼ ਦੇ ਪੋਲਾਰਾਈਜ਼ਡ ਹੋਣ ਦੀ ਪੁਸ਼ਟੀ ਕੀਤੀ ਹੈ ਜੋਕਿ ਬਲੈਕ ਹੋਲ ਦੇ ਆਲੇ ਦੁਆਲੇ ਚੁੰਬਕੀ ਖੇਤਰ ਹੋਣ ਦੀ ਹਾਮੀ ਭਰਦਾ ਹੈ। ਇਸ ਚੁੰਬਕੀ ਖੇਤਰ ਨਾਲ ਹੀ ਬਲੈਕ ਹੋਲਜ਼ ਵਿੱਚੋਂ ਨਿਕਲਣ ਵਾਲੀਆਂ ਪ੍ਰਕਾਸ਼ ਦੀਆਂ ਤੇਜ਼ ਕਿਰਨਾਂ (jet) ਨੂੰ ਸਮਝਾਇਆ ਜਾ ਸਕਦਾ ਹੈ। ਭਵਿੱਖ ਵਿੱਚ ਹੋਰ ਵੀ ਸਾਫ਼ ਤਸਵੀਰਾਂ ਆਉਣ ਦੀ ਉਮੀਦ ਹੈ ਜੋ ਕਿ ਬਲੈਕ ਹੋਲਜ਼ ਬਾਰੇ ਸਾਡੀ ਸਮਝ ਨੂੰ ਹੋਰ ਅੱਗੇ ਲਈ ਕੇ ਜਾਵੇਗਾ।

## ਵਾਤਾਵਰਣਵਾਦ ਵਿਚ..

ਵਾਤਾਵਰਣ ਪ੍ਰਤੀ ਅਧਿਆਤਮਿਕ ਪਹੁੰਚ ਦੀ ਇੱਕ ਸ਼ੁਰੂਆਤੀ ਉਦਾਹਰਨ ਬਾਇਓਡਾਇਨਾਮਿਕ ਖੇਤੀ ਸੀ, ਜੋ ਕਿ 1924 ਦੀ ਹੈ ਜਦੋਂ ਆਸਟ੍ਰੀਆ ਦੇ ਦਾਰਸ਼ਨਿਕ ਅਤੇ ਸਵੈ-ਘੋਸ਼ਿਤ ਮਨੋਵਿਗਿਆਨੀ ਰੁਡੋਲਫ ਸਟੀਨਰ ਨੇ ਜਰਮਨ ਸ਼ਹਿਰ ਬਰੇਸਲੌ ਵਿੱਚ ਇੱਕ ਨਵੇਂ ਅਨੁਸ਼ਾਸਨ 'ਤੇ ਲੈਕਚਰ ਦੀ ਇੱਕ ਲੜੀ ਦਿੱਤੀ ਜਿਸਨੂੰ 'ਮਾਨਵ ਵਿਗਿਆਨ' ਕਿਹਾ ਜਾਂਦਾ ਸੀ। ਸਟੀਨਰ ਵਾਤਾਵਰਣ ਨੂੰ ਨੁਕਸਾਨ ਪਹੁੰਚਾਏ ਬਿਨਾਂ ਖੇਤੀ ਉਪਜ ਨੂੰ ਸੁਧਾਰਨ ਵਿੱਚ ਦਿਲਚਸਪੀ ਰੱਖਦਾ ਸੀ। ਉਹ ਜਿਸ ਚੀਜ਼ ਵਿੱਚ ਦਿਲਚਸਪੀ ਨਹੀਂ ਰੱਖਦਾ ਸੀ ਉਹ ਇਸ ਮਹੱਤਵਪੂਰਨ ਕਾਰਨ ਦੀ ਵਿਗਿਆਨ ਜਾਂ ਮੂਲ ਤਰਕ ਨਾਲ ਜਾਂਚ ਕਰ ਰਿਹਾ ਸੀ। ਕੋਈ ਵੀ ਵਿਅਕਤੀ ਜੋ ਉਸ ਦੇ ਲੈਕਚਰ ਪੜ੍ਹ ਸਕਦਾ ਹੈ, ਉਹ ਆਪਣੇ ਆਪ ਨੂੰ ਹਜ਼ਮ ਨਾ ਕਰਨ ਵਾਲੇ ਸ਼ਬਦ ਸਲਾਦ ਨੂੰ ਨਿਗਲ ਲੈਂਦਾ ਹੈ। ਇੱਕ ਵਾਕ ਵਿੱਚ, ਸਟੀਨਰ ਜੋਤਿਸ਼, ਰੇਡੀਏਸ਼ਨ, ਈਥਰ, ਅਤੇ ਗਾਵਾਂ ਦੇ ਮੈਟਾਬੋਲਿਜ਼ਮ ਨੂੰ ਮਾਨਵ ਵਿਗਿਆਨ ਦੇ ਕਾਰਜਾਂ ਦੀ ਵਿਆਖਿਆ ਕਰਨ ਲਈ ਅਪੀਲ ਕਰਦਾ ਹੈ। ਕਿਤੇ ਹੋਰ, ਉਹ ਪੌਦਿਆਂ ਅਤੇ ਜਾਨਵਰਾਂ ਦੀ ਜੀਵਨ ਸ਼ਕਤੀ 'ਤੇ ਬ੍ਰਹਿਮੰਡੀ ਸ਼ਕਤੀਆਂ, ਕਰਮ, ਅਤੇ 'ਚੰਨ ਦੀਆਂ ਕਿਰਨਾਂ' ਦੇ ਕਲਪਿਤ ਪ੍ਰਭਾਵਾਂ ਦੀ ਚਰਚਾ ਕਰਦਾ ਹੈ, ਜਿਸਨੂੰ ਉਹ ਮੰਨਦਾ ਹੈ ਕਿ ਵਾਤਾਵਰਣ ਅਤੇ ਖੇਤੀਬਾੜੀ ਪ੍ਰਕਿਰਿਆਵਾਂ ਦੇ ਕੇਂਦਰ ਵਿੱਚ ਹਨ। ਆਖਰਕਾਰ, ਸਟੀਨਰ ਦਲੀਲ ਦਿੰਦਾ ਹੈ-ਬਿਨਾ ਸਬੂਤ ਦੇ-ਕਿ ਧਰਤੀ ਰਹੱਸਮਈ ਅਤੇ ਜਾਦੂਈ ਸ਼ਕਤੀਆਂ ਦੀ ਇੱਕ ਸ਼੍ਰੇਣੀ ਦਾ ਘਰ ਹੈ ਅਤੇ ਇਹ ਕਿ ਇਨਾਂ ਸ਼ਕਤੀਆਂ ਦੀ ਵਰਤੋਂ ਕਰਕੇ ਖੇਤੀਬਾੜੀ ਵਿੱਚ ਕ੍ਰਾਂਤੀ ਲਿਆਈ ਜਾ ਸਕਦੀ ਹੈ।

ਸਟੀਨਰ ਵਲੋਂ ਦਿੱਤੇ ਲੈਕਚਰ ਪਰਭਾਵਸ਼ਾਲੀ ਸਨ। ਹਾਲਾਂਕਿ ਕੁਝ ਮਹੀਨਿਆਂ ਬਾਅਦ ਉਸਦੀ ਮੌਤ ਹੋ ਗਈ,। ਇਸ ਸਮਰਪਿਤ ਅਨੁਯਾਈ ਨੇ ਬਾਇਓਡਾਇਨਾਮਿਕਸ ਦੇ ਨਵੇਂ ਨਾਮ ਹੇਠ ਆਪਣੀਆਂ ਸਿੱਖਿਆਵਾਂ ਨੂੰ ਜਾਰੀ ਰੱਖਿਆ । ਕਈ ਕਾਰਨਾਂ ਕਰਕੇ ਲੋਕ ਇਸ ਵੱਲ ਆਕਰਸ਼ਿਤ ਹੋਏ। ਆਧੁਨਿਕ ਖੇਤੀਬਾੜੀ ਤਰੀਕਿਆਂ ਤੋਂ ਸੁਚੇਤ ਲੋਕ ਉਦਯੋਗੀਕਰਨ ਲਈ ਇਸਦੀ ਨਫ਼ਰਤ ਵੱਲ ਖਿੱਚੇ ਗਏ ਸਨ। ਆਧੁਨਿਕ ਸੰਸਾਰ ਦੀ ਨਸਬੰਦੀ ਅਤੇ ਵਿਵਸਥਾ ਦੁਆਰਾ ਠੰਡੇ ਰਹਿਣ ਵਾਲੇ ਲੋਕਾਂ ਨੂੰ ਇਸ ਦੇ ਰਹੱਸਵਾਦ ਵਿੱਚ ਆਰਾਮ ਮਿਲਿਆ। ਅਸਲ ਵਿੱਚ, ਬਾਇਓਡਾਇਨਾਮਿਕ ਖੇਤੀ ਬਾਰੇ ਕੁਝ ਵੀ ਸਤਿਕਾਰਯੋਗ ਨਹੀਂ ਸੀ। ਪ੍ਰਾਚੀਨ ਬੁੱਧੀ ਪ੍ਰਤੀ ਉਸਦੇ ਅਕਸਰ ਸੰਕੇਤਾਂ ਦੇ ਬਾਵਜੂਦ, ਸਟੀਨਰ ਨੇ 1920 ਦੇ ਦਹਾਕੇ ਵਿੱਚ ਆਪਣੇ ਮਾਨਵ-ਵਿਗਿਆਨਕ ਵਿਸ਼ਵ ਦ੍ਰਿਸ਼ਟੀਕੋਣ ਦੀ ਖੋਜ ਪੂਰੀ ਤਰਾਂ ਸ਼ੁਰੂ ਤੋਂ ਕੀਤੀ।

ਬਾਇਓਡਾਇਨਾਮਿਕ ਖੇਤੀ ਕਿਵੇਂ ਕੰਮ ਕਰਦੀ ਹੈ? ਖ਼ੈਰ, ਸੰਖੇਪ ਵਿੱਚ, ਅਜਿਹਾ ਨਹੀਂ ਹੁੰਦਾ. ਬਾਇਓਡਾਇਨਾਮਿਕ ਕਿਸਾਨ ਮਿੱਟੀ ਵਿੱਚ 'ਤਿਆਰੀਆਂ' ਵਜੋਂ ਜਾਣੇ ਜਾਂਦੇ ਪੋਸ਼ਨ, ਸਿੱਧੇ ਤੌਰ 'ਤੇ ਜਾਂ ਫੈਲਣ ਤੋਂ ਪਹਿਲਾਂ ਇਸਨੂੰ ਖਾਦ ਵਿੱਚ ਮਿਲਾ ਕੇ, ਖੇਤੀ ਦੀ ਜੀਵਨ ਸ਼ਕਤੀ ਨੂੰ ਵਧਾਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਤਿਆਰੀਆਂ ਕੁਦਰਤੀ ਪਦਾਰਥਾਂ ਨੂੰ ਅਜੀਬੋ-ਗਰੀਬ, ਲੰਬੀਆਂ ਪ੍ਰਕਿਰਿਆਵਾਂ ਦੀ ਇੱਕ ਲੜੀ ਦੇ ਅਧੀਨ ਕਰਕੇ ਨਿਸ਼ਚਿਤ ਤੌਰ 'ਤੇ ਤਿਆਰ ਕੀਤੀਆਂ ਜਾਂਦੀਆਂ ਹਨ।ਜਿਸ ਵਿਚ ਗਊ ਖਾਦ ਦੀ ਲੋੜ ਹੁੰਦੀ ਹੈ ਅਤੇ ਫਿਰ ਪੂਰੀ ਸਰਦੀਆਂ ਲਈ ਜ਼ਮੀਨ ਦੇ ਹੇਠਾਂ ਪੰਜਾਹ ਸੈਂਟੀਮੀਟਰ ਦੱਬਿਆ ਜਾਂਦਾ ਹੈ। ਇੱਕ ਹੋਰ ਹਿਰਨ ਦੇ ਬਲੈਡਰ ਨੂੰ ਯਾਰੋ ਦੇ ਫੁੱਲਾਂ ਨਾਲ ਟੰਗਣ ਅਤੇ ਗਰਮੀਆਂ ਦੀ ਧੁੱਪ ਵਿੱਚ ਛੱਡਣ ਲਈ ਕਹਿੰਦਾ ਹੈ। ਅਤੇ ਭਾਵੇਂ ਨਤੀਜੇ ਵਜੋਂ ਦਵਾਈਆਂ ਨੇ ਕਿਸੇ ਤਰਾਂ ਕੰਮ ਕੀਤਾ, ਬਾਇਓਡਾਇਨਾਮਿਕ ਖੇਤੀ ਇਸ ਗੱਲ 'ਤੇ ਜ਼ੋਰ ਦੇ ਕੇ ਆਪਣੀ ਬੇਕਾਰਤਾ ਦੀ ਗਾਰੰਟੀ ਦਿੰਦੀ ਹੈ ਕਿ ਤਿਆਰੀਆਂ ਨੂੰ ਹੋਮਿਓਪੈਥਿਕ ਮਾਤਰਾ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ, ਕੁਝ ਪ੍ਰਕਿਰਿਆਵਾਂ ਦੇ ਨਾਲ ਪ੍ਰਤੀ ਦਸ ਟਨ ਖਾਦ ਦੇ ਇੱਕ ਗ੍ਰਾਮ ਦੇ ਬਰਾਬਰ ਦੀ ਮੰਗ ਕੀਤੀ ਜਾਂਦੀ ਹੈ ।ਜਿਵੇਂ ਕਿ ਸਟੀਨਰ ਨੇ ਖੁਦ ਕਬੂਲ ਕੀਤਾ: 'ਸਾਡੇ ਆਧੁਨਿਕ ਤਰੀਕੇ ਨਾਲ ਸੋਚਣ ਲਈ, ਸਾਡੇ ਭਵਿਖ ਨੂੰ ਰੋਸ਼ਨ ਕਰਦਾ ਹੈ।

ਕੁਦਰਤ ਨੂੰ ਪਿਆਰ ਕਰਨ ਵਾਲਾ ਹਰ ਇਕ ਇਨਸਾਨ ਅੱਜ ਵਾਤਾਵਰਨ ਲਈ ਚਿੰਤਤ ਹੈ । ਵਿਗਿਆਨਿਕਾਂ ਦੁਆਰਾ ਕੱਢੀਆਂ ਜਾ ਰਹੀਆਂ ਖੋਜਾਂ ਨੇ ਵਾਤਾਵਰਨ ਨੂੰ ਲਗਾਤਾਰ ਪ੍ਰਭਾਵਿਤ ਕੀਤਾ ਹੈ, ਇਸ ਦੇ ਬਾਵਜੂਦ ਵੀ ਵਿਸ਼ਵ ਪੱਧਰੀ ਹੋ ਰਹੇ ਵਾਤਾਵਰਨ ਨਾਲ ਸਬੰਧਤ ਸੈਮੀਨਾਰ ਇੱਕ ਆਸ ਜਗਾਉਂਦੇ ਹਨ ਕਿ ਭਵਿੱਖ ਵਿਚ ਜੋ ਵੀ ਖੋਜਾਂ ਕੀਤੀਆਂ ਜਾਣਗੀਆਂ ਉਨਾਂ ਨੂੰ ਵਾਤਾਵਰਨ ਦੇ ਸਨਮੁੱਖ ਰੱਖ ਕੇ ਕੀਤੀਆਂ ਜਾਣਗੀਆਂ ।

## ਕਿਰਤੀ-ਮਜ਼ਦੂਰਾਂ ਲਈ

'ਬਦਲ ਕੀ ਹੈ' ਅਤੇ 'ਮੋਦੀ ਨਹੀਂ ਤਾਂ ਕੌਣ' ਵਰਗੇ ਸਵਾਲਾਂ ਦਾ ਨਿਯਮਿਤ ਉਚਾਰਨ ਕਰਨ 'ਚ ਅੱਗੇ ਰਹਿਣ ਵਾਲੇ ਇਹ ਕਰਮਚਾਰੀ ਆਪਣੇ ਅੰਦੋਲਨ ਰੂਪੀ ਕਰਮਕਾਂਡ ਨਾਲ ਕਿਸੇ ਵੀ ਤਰਾਂ ਦਾ ਡਰ ਸੱਤਾਸੀਨ ਰਾਜਨੀਤਕ ਅਗਵਾਈ ਦੇ ਮਨ ਨਹੀਂ ਜਗਾ ਪਾਏ। ਇਹੀ ਹਾਲ ਨੋਟਬੰਦੀ ਅਤੇ ਜੀ.ਐਸ.ਟੀ. ਦੀ ਮਾਰ ਨਾਲ ਕਰਾਹ ਰਹੇ ਛੋਟੇ ਅਤੇ ਮੱਧਮ ਕਾਰੋਬਾਰੀ ਤਬਕੇ ਦਾ ਵੀ ਹੈ। ਇਸ ਨੂੰ ਅਸੀਂ ਰਾਜਨੀਤਕ ਪੈਨਲ 'ਤੇ ਸ਼ਹਿਰੀ ਮੱਧ ਵਰਗ ਦੇ ਉਸ ਇਖ਼ਲਾਕੀ ਪਤਨ ਨਾਲ ਵੀ ਜੋੜ ਸਕਦੇ ਹਾਂ, ਜੋ ਉਨਾਂ ਨੂੰ ਉਨਾਂ ਦੇ ਹਿਤਾਂ ਤੋਂ ਵਾਂਝਾ ਕਰ ਰਿਹਾ ਹੈ। ਫ਼ਿਲਹਾਲ ਦੇਸ਼ ਦੇ ਕਿਰਤ ਕਾਨੂੰਨਾਂ ਦੇ ਦਾਅਰੇ 'ਚ ਆਉਣ ਵਾਲੇ ਸੰਗਠਿਤ ਅਤੇ ਅਸੰਗਠਿਤ ਖੇਤਰ ਦੇ ਕੰਮਗਾਰਾਂ ਨੂੰ ਕਿਸਾਨਾਂ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਕਿਉਂਕਿ ਕਿਸਾਨ ਅੰਦੋਲਨ ਤੋਂ ਡਰੀ ਸਰਕਾਰ ਨੇ ਨਾ ਸਿਰਫ਼ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਨੂੰ ਮਨਜ਼ੂਰ ਕੀਤਾ ਹੈ, ਸਗੋਂ ਉਸੇ ਡਰ ਨਾਲ ਉਹ ਕਿਰਤ ਸੁਧਾਰ ਦੇ ਨਾਂ 'ਤੇ ਬਣਾਏ ਗਏ ਨਵੇਂ ਕਿਰਤ ਕਾਨੂੰਨਾਂ ਨੂੰ ਵੀ ਹੁਣ ਟਾਲਣ ਦੀ ਤਿਆਰੀ ਵਿਚ ਜਾਪਦੀ ਹੈ।

## ਫਤਿਹ ਪਿੱਛੋਂ ਕਿਸਾਨ...

ਝੁਕਣੇ ਨਹੀਂ ਦੇਂਦੀ ਸਾਨੂੰ ਤਾਕਤ ਉਹ ਕਿਹੜੀ ਹੈ? ਚੇਤੇ, ਅਸੀਂ ਕੀਹਦੀ ਹਾਂ ਔਲਾਦ ਰੱਖਿਓ, ਜਦੋਂ ਮੁੜੋਗੇ ਪੰਜਾਬ ਨੂੰ, ਇਕੱਲੀ ਇਕੱਲੀ ਗੱਲ ਨੂੰ ਯਾਦ ਰੱਖਿਓ। ਇਹ ਕੀ ਹੈ? ਇਹੋ ਹੀ ਤਾਂ ਸਿੱਖ-ਬਿਰਤਾਂਤ ਹੈ। ਇਹੋ ਸਿੱਖ-ਯਾਦ ਹੈ, ਇਹੋ ਸਾਂਝਾ-ਸਬਕ ਹੈ। ਇਸੇ ਬਿਰਤਾਂਤ ਦੇ ਵੰਨ ਸੁਵੰਨੇ ਫੁੱਲ ਅਸਾਂ ਖਿੜਾਉਣੇ ਹਨ।ਸਾਰੇ ਤਰਕ, ਦਲੀਲਾਂ, ਸਾਰੇ ਅਨੁਭਵ ਅਤੇ ਤਜਰਬੇ ਇਸੇ ਬਿਰਤਾਂਤ ਦੀ ਝੋਲੀ ਵਿੱਚ ਪਾਉਣ ਲਈ ਸਾਨੂੰ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ।

ਇਹ ਠੀਕ ਹੈ ਕਿ ਅਗਲੇ ਸੰਘਰਸ਼ ਖੇਤੀ ਬਾਰੇ ਨਵੀਆਂ ਨੀਤੀਆਂ ਅਤੇ ਨਵੇਂ ਪ੍ਰੋਗਰਾਮ ਲਾਗੂ ਕਰਨ ਲਈ ਲੜੇ ਜਾਣਗੇ ਪਰ ਮੀਂਹ, ਹਨੇਰੀਆਂ, ਝੱਖੜਾਂ, ਕੱਕਰਾਂ ਵਾਲੀਆਂ ਰਾਤਾਂ ਅਤੇ ਸਿਖਰ ਦੁਪਹਿਰਾਂ ਵਿੱਚ ਕੱਟੇ ਦਿਨ ਤੇ ਰਾਤਾਂ ਦੀਆਂ ਯਾਦਾਂ ਨੂੰ ਅਸੀਂ ਸਿੱਖ ਬਿਰਤਾਂਤ ਵਿਚ ਕਿਵੇਂ ਪਲਟਣਾ ਹੈ, ਕਿਵੇਂ ਬਦਲਣਾ ਹੈ-ਇਹ ਉਨ੍ਹਾਂ ਸਭ ਵੀਰਾਂ ਭੈਣਾਂ ਅੱਗੇ ਵੱਡੀ ਚੁਣੌਤੀ ਤੇ ਜ਼ਿੰਮੇਵਾਰੀ ਹੈ ਜੋ ਸੋਸ਼ਲ ਮੀਡੀਆ 'ਤੇ ਅਕਸਰ ਹੀ ਸਿੱਖ ਦਰਦ ਨੂੰ ਹਰ ਰੋਜ਼ ਕਿਸੇ ਨਾ ਕਿਸੇ ਰੂਪ ਵਿੱਚ ਸਾਂਝਾ ਕਰਦੇ ਰਹਿੰਦੇ ਹਨ। ਇਸੇ ਤਰ੍ਹਾਂ 26 ਜਨਵਰੀ ਦਾ ਸਿੱਖ ਬਿਰਤਾਂਤ ਸਿਰਜਣ ਲਈ ਵੀ ਸਾਨੂੰ ਵੱਡੀਆਂ, ਪੁਖ਼ਤਾ ਤੇ ਦਰਦਮੰਦਾਂ ਦੀਆਂ ਕਲਮਾਂ ਦੀ ਉਡੀਕ ਰਹੇਗੀ। ਸਾਡੀਆਂ ਉਡੀਕਾਂ ਨੇ ਅਜੇ ਦਮ ਨਹੀਂ ਤੋੜਿਆ।

## ਦੋ ਗੱਲਾਂ.....

ਜਿੱਥੇ ਕਦਰ ਨਾ ਹੋਵੇ ਧੇਲਾ ਦੀ,
ਉੱਥੇ ਭੁੱਲ ਕੇ ਵੀ ਕਦੇ ਜਾਓ ਨਾ,
ਜੇ ਬੁਖਾਰ ਹੋਵੇ ਕਾਫ਼ੀ ਚੜ੍ਹਿਆ,
ਤਾਂ ਕਦੇ ਵੀ ਤੁਸੀਂ ਨਹਾਓ ਨਾ,
ਗਰਮੀ ਭਾਵੇਂ ਜਿੰਨੀ ਮਰਜ਼ੀ ਹੋਵੇ ,
ਪਰ ਵਾਰ-ਵਾਰ ਆਈਸਕ੍ਰੀਮ ਖਾਓ ਨਾ ,
ਆਪਣਿਆਂ ਕੋਲੋਂ ਹਾਰ ਜਾਣਾ ਹੁੰਦਾ ਚੰਗਾ,
ਪਰ ਆਪਣਿਆਂ ਨੂੰ ਕਦੇ ਵੀ ਹਰਾਓ ਨਾ,
ਸੁਆਦਲਾ ਭੋਜਨ ਲਗਦਾ ਬਹੁਤ ਚੰਗਾ,
ਪਰ ਬਹੁਤੀ ਮਿਰਚ ਕਦੇ ਵੀ ਖਾਓ ਨਾ,
ਦੋ ਭਰਾਵਾਂ ਦਾ ਪਿਆਰ ਹੁੰਦਾ ਬਹੁਤ ਉੱਚਾ-ਸੁੱਚਾ,
ਦੋਵਾਂ ਵਿੱਚ ਫੁੱਟ ਕਦੇ ਵੀ ਪਾਓ ਨਾ,
ਪੈਸੇ ਦੇ ਲੈਣ- ਦੇਣ ਵਿੱਚ ਰਹੋ ਹਮੇਸ਼ਾ ਕੋਰੇ,
ਇਸ ਵਿਸ਼ੇ 'ਤੇ ਕਦੇ ਵੀ ਸ਼ਰਮਾਓ ਨਾ,
ਹੱਕ-ਹਲਾਲ ਦੀ ਕਮਾਈ ਹੁੰਦੀ ਚੰਗੀ,
ਹੱਕ ਪਰਾਇਆ ਕਦੇ ਵੀ ਖਾਓ ਨਾ,
ਪੈ ਕੇ ਅੰਧ - ਵਿਸ਼ਵਾਸਾਂ ਵਿੱਚ ਕਦੇ ਵੀ ,
ਆਪਣਾ ਧਨ ਅਤੇ ਸਮਾਂ ਗੁਆਓ ਨਾ,
ਕਹਿੰਦੇ 'ਪਰ-ਨਾਰੀ ਪੈਨੀ ਛੁਰੀ',
ਪਰ-ਨਾਰੀ 'ਤੇ ਕਦੇ ਵੀ ਮਨ ਭਟਕਾਓ ਨਾ,
ਜਿੱਥੇ ਦੁੱਖ-ਦਰਦ ਵੰਡਾਉਣ ਵਾਲਾ ਨਾ ਹੋਵੇ ਕੋਈ,
ਉੱਥੇ ਭੁੱਲ ਕੇ ਵੀ ਦੁਖ ਆਪਣਾ ਸੁਣਾਊ ਨਾ,
ਜਲਦਬਾਜ਼ੀ ਵਿੱਚ ਨਾ ਕਰੋ ਕੋਈ ਫ਼ੈਸਲਾ,
ਗੁੱਸੇ ਵਿੱਚ ਵੀ ਫ਼ੈਸਲਾ ਕੋਈ ਸੁਣਾਓ ਨਾ,
ਸੁਣੋ ਸਭ ਦੀ, ਪਰ ਕਰੋ ਆਪਣੀ ਮਰਜ਼ੀ,
ਗੱਲਾਂ ਬਹੁਤੀਆਂ ਵਿੱਚ ਕਿਸੇ ਦੇ ਆਓ ਨਾ।



**ਮਾਸਟਰ ਸੰਜੀਵ ਧਰਮਾਣੀ**
੯੪੭੮੫੬੧੩੫੬

## ਪੰਜਾਬ ਅਸੈਂਬਲੀ ਚੋਣਾਂ ਤੋਂ...

ਇਸ ਦੇ ਉਲਟ ਭਾਈਚਾਰੇ ਦੇ ਨੇਤਾ ਇਹ ਗਿਲਾ ਕਰਦੇ ਹਨ ਕਿ ਚੋਣਾਂ ਸਮੇਂ ਕੀਤੇ ਗਏ ਵਾਅਦਿਆਂ ਨੂੰ ਚੋਣਾਂ ਤੋਂ ਬਾਅਦ ਕੋਈ ਬੂਰ ਨਹੀਂ ਪੈਂਦਾ।ਪੰਜਾਬ ਵਿਚ ਪਿੱਛੜੀਆਂ ਜਾਤਾਂ ਵਿਚ 25 ਪ੍ਰਤੀਸ਼ਤ ਮਜ਼ਹਬੀ ਸਿੱਖ ਹਨ ਅਤੇ 20 ਪ੍ਰਤੀਸ਼ਤ ਰਾਮਦਾਸੀਆ ਸਿੱਖ ਹਨ।ਪੂਰੇ ਪੰਜਾਬ ਵਿਚ ਪੰਜਾਹ ਸੀਟਾਂ ਉੱਪਰ ਦਲਿਤ ਭਾਈਚਾਰੇ ਦਾ ਦਬਦਬਾ ਰਹਿੰਦਾ ਹੈ।ਇਹ ਦੇਖਣਾ ਕਾਫੀ ਦਿਲਚਸਪ ਹੈ ਕਿ ਜੱਟਾਂ ਦਾ ਵੋਟ ਹਿੱਸਾ ਮਹਿਜ਼ ਅਠਾਰਾਂ ਪ੍ਰਤੀਸ਼ਤ ਹੈ, ਪਰ ਫਿਰ ਵੀ ਉਹ ਸੂਬੇ ਵਿਚ ਸੱਤਾ ਦੇ ਗਲਿਆਰਿਆਂ ਵਿਚ ਹੀ ਰਹਿੰਦੇ ਹਨ। 2022 ਦੀਆਂ ਚੋਣਾਂ ਤੋਂ ਮਸਾਂ ਹੀ ਛੇ ਕੁ ਮਹੀਨੇ ਪਹਿਲਾਂ ਕਾਂਗਰਸ ਪਾਰਟੀ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ। ਬਹੁਤ ਸਾਰੇ ਰਾਜਨੀਤਿਕ ਮਾਹਿਰ ਇਸ ਨੂੰ ਕਾਂਗਰਸ ਦੁਆਰਾ ਭਾਈਚਾਰੇ ਦੀਆਂ ਵੋਟਾਂ ਲੈਣ ਦਾ ਦਾਅ ਮੰਨਦੇ ਹਨ। ਪਰ ਦਲਿਤ ਭਾਈਚਾਰੇ ਨਾਲ ਸਬੰਧਤ ਨੇਤਾ ਇਸ ਵਿਚਾਰ ਨਾਲ ਮੁਤਫਿਕ ਨਹੀਂ ਹਨ।

ਅਕਾਲੀ ਦਲ ਨੇ ਇਸ ਸਮੇਂ ਬਸਪਾ ਨਾਲ ਗਠਜੋੜ ਕੀਤਾ ਹੈ।ਇਸ ਗਠਜੋੜ ਰਾਹੀ ਅਕਾਲੀ ਦਲ ਮਾਲਵੇ ਅਤੇ ਦੁਆਬੇ ਵਿਚੋਂ ਜਿਆਦਾ ਤੋਂ ਜਿਆਦਾ ਵੋਟਾਂ ਪ੍ਰਾਪਤ ਕਰਨਾ ਚਾਹੁੰਦਾ ਹੈ।ਪਰ ਪਿਛਲੇ ਕੁਝ ਸਾਲਾਂ ਵਿਚ ਬਸਪਾ ਦੇ ਵੋਟ ਹਿੱਸੇ ਵਿਚ ਭਾਰੀ ਕਮੀ ਆਈ ਹੈ।ਕਿਸੇ ਸਮੇਂ ਹਾਸ਼ੀਆਗ੍ਰਸਿਤ ਲੋਕਾਂ ਦੀ ਪਾਰਟੀ ਵਜੋਂ ਜਾਣੀ ਜਾਂਦੀ ਬਸਪਾ ਹੁਣ ਮੁੱਖਧਾਰਾ ਦੀਆਂ ਪਾਰਟੀਆਂ ਦੇ ਇਸ਼ਾਰੇ 'ਤੇ ਹੀ ਕੰਮ ਕਰਦੀ ਹੈ।ਚਰਨਜੀਤ ਸਿੰਘ ਚੰਨੀ ਨੂੰ ਇਸ ਸਮੇਂ ਫਾਇਦਾ ਮਿਲ ਸਕਦਾ ਹੈ ਕਿਉਂਕਿ ਬਹੁਤ ਸਾਰੇ ਲੋਕਾਂ ਉਸ ਦੇ ਮੁੱਖ ਮੰਤਰੀ ਬਣਨ ਨੂੰ ਭਾਈਚਾਰੇ ਲਈ ਮਜਬੂਤ ਕਦਮ ਮੰਨਦੇ ਹਨ।ਕਾਂਸ਼ੀ ਰਾਮ ਦੇ ਭਤੀਜੇ ਬਲਵੰਤ ਨੇ ਕਿਹਾ ਕਿ ਇਹ ਭਾਈਚਾਰੇ ਦੀ ਮਹੱਤਵਪੂਰਨ ਪ੍ਰਾਪਤੀ ਹੈ।ਦਲਿਤ ਨੇਤਾ ਇਸ ਬਾਰੇ ਵੀ ਆਪਣੇ ਸ਼ੱਕ ਪ੍ਰਗਟ ਕਰ ਰਹੇ ਹਨ ਕਿ ਅਗਰ ਚੰਨੀ ਨੂੰ ਮਹੱਤਵਪੂਰਨ ਫੈਸਲੇ ਨਹੀਂ ਲੈਣ ਦਿੱਤਾ ਜਾਂਦਾ ਤਾਂ ਇਸ ਦਾ ਭਾਈਚਾਰੇ ਨੂੰ ਕੋਈ ਜਿਆਦਾ ਫਾਇਦਾ ਨਹੀਂ ਹੋਵੇਗਾ।

2017 ਦੀਆਂ ਪੰਜਾਬ ਚੋਣਾਂ ਸਮੇਂ ਐਗਜ਼ਿਟ ਪੋਲ ਕਾਫੀ ਗਲਤ ਸਾਬਿਤ ਹੋਇਆ ਸੀ। ਕਈਆਂ ਨੇ ਆਮ ਆਦਮੀ ਪਾਰਟੀ ਦੀ ਜਿੱਤ ਦੀ ਭਵਿੱਖਬਾਣੀ ਕੀਤੀ ਸੀ ਅਤੇ ਬਹੁਤ ਘੱਟ ਪੋਲ ਵਿਚ ਕਾਂਗਰਸ ਨੂੰ ਬਹੁਮਤ ਦਿਖਾਇਆ ਗਿਆ ਸੀ। 2019 ਦੀਆਂ ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਪੰਜਾਬ ਵਿਚ ਸਭ ਤੋਂ ਵੱਡਾ ਬਦਲਾਅ ਅਕਾਲੀ ਦਲ ਅਤੇ ਭਾਜਪਾ ਦਾ ਗਠਬੰਧਨ ਟੁੱਟਣਾ ਹੀ ਹੈ।ਅਕਾਲੀ ਦਲ ਦੇ ਖੇਤੀ ਕਾਨੂੰਨਾਂ ਪ੍ਰਤੀ ਵਿਰੋਧ ਨੂੰ ਧਿਆਨ ਵਿਚ ਰੱਖਦੇ ਹੋਏ ਭਾਜਪਾ ਤੋਂ ਆਪਣਾ ਰਾਹ ਵੱਖ ਕਰ ਲਿਆ ਸੀ। 2014 ਵਿਚ ਸੁਨਹਿਰੀ ਸ਼ੁਰੂਆਤ ਤੋਂ ਬਾਅਦ ਆਮ ਆਦਮੀ ਪਾਰਟੀ ਆਪਣੇ ਅੰਦਰਲੇ ਕਲੇਸ਼ ਅਤੇ ਬਾਗੀ ਸੁਰਾਂ ਨਾਲ ਹੀ ਨਜਿੱਠ ਰਹੀ ਹੈ।ਪਾਰਟੀ ਆਪਣੇ ਦਮ ਤੇ ਬਹੁਮਤ ਪ੍ਰਾਪਤ ਕਰਨ ਜਾਂ ਤਿੰਨ ਮੁੱਖ ਪਾਰਟੀਆਂ ਦੀ ਕਮਜ਼ੋਰੀ ਕਰਕੇ ਪੈਦਾ ਹੋਏ ਖਲਾਅ ਤੋਂ ਫਾਇਦਾ ਮਿਲਣ ਦੀ ਉਮੀਦ ਕਰ ਰਹੀ ਹੈ।ਅਗਰ ਆਮ ਆਦਮੀ ਪਾਰਟੀ ਮੁੱਖ ਮੰਤਰੀ ਦਾ ਚਿਹਰਾ ਘੋਸ਼ਿਤ ਕਰ ਦਿੰਦੀ ਹੈ ਤਾਂ ਉਨਾਂ ਨੂੰ ਸ਼ਾਇਦ ਜਿੱਤ ਪ੍ਰਾਪਤ ਹੋ ਸਕਦੀ ਹੈ।ਭਾਜਪਾ ਦਾ ਅਧਾਰ ਸੂਬੇ ਦੇ ਉੱਚ ਜਾਤੀ ਹਿੰਦੂਆਂ ਵਿਚ ਹੀ ਹੈ, ਹੋਰ ਭਾਈਚਾਰਿਆਂ ਤੋਂ ਉਨਾਂ ਨੂੰ ਸਮਰਥਨ ਮਿਲਣ ਦੀ ਉਮੀਦ ਬਹੁਤ ਘੱਟ ਹੈ।ਅਕਾਲੀਆਂ ਨਾਲ ਤੋੜ-ਵਿਛੋੜਾ ਹੋਣ ਤੋਂ ਬਾਅਦ ਉਨਾਂ ਨੇ 117 ਅਸੈਂਬਲੀ ਸੀਟਾਂ ਉੱਪਰ ਆਪਣੇ ਉਮੀਦਵਾਰ ਖੜੇ ਕਰਨ ਦਾ ਫੈਸਲਾ ਲਿਆ ਹੈ। ਉਹ ਜੱਟ-ਸਿੱਖਾਂ ਦੇ ਵਿਰੋਧ ਦਲਿਤ ਅਤੇ ਹੋਰ ਪਿਛੜੀਆਂ ਜਾਤਾਂ ਦੇ ਹਿੰਦੂਆਂ ਅਤੇ ਸਿੱਖਾਂ ਨੂੰ ਇਕੱਠਾ ਕਰਨ ਦੀ ਉਮੀਦ ਕਰ ਰਹੀ ਹੈ। 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੀ ਤਰਾਂ ਪੰਜਾਬ ਦੀ ਚੋਣਾਂ ਦੋ-ਪੱਖੀ ਨਹੀਂ ਹੋਣਗੀਆਂ ਅਤੇ ਨਾ ਹੀ ਤਿੰਨ ਪੱਖੀ, ਬਲਕਿ ਚਾਰ ਮੁੱਖ ਪਾਰਟੀਆਂ ਅਤੇ ਹੋਰ ਛੋਟੀਆਂ ਪਾਰਟੀਆਂ ਕਰਕੇ ਇਹ ਬਹੁ-ਪੱਖੀ ਹੋਣਗੀਆਂ। ਮੌਜੂਦਾ ਸਮੇਂ ਵਿਚ ਕਾਂਗਰਸ ਸੱਤਾਧਾਰੀ ਪਾਰਟੀ ਹੈ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਵੀ ਇਸ ਦੀ ਕਾਰਗੁਜ਼ਾਰੀ ਚੰਗੀ ਸੀ।ਪਰ ਪਿਛਲੇ ਕੁਝ ਕੁ ਮਹੀਨਿਆਂ ਵਿਚ ਪੰਜਾਬ ਵਿਚ ਕਾਫੀ ਕੁਝ ਬਦਲ ਚੁੱਕਿਆ ਹੈ। ਪੰਜਾਬ ਵਿਚ ਭਾਰਤ ਦੇ ਕਿਸੇ ਵੀ ਹੋਰ ਸੂਬੇ ਦੇ ਮੁਕਾਬਲੇ ਜਿਆਦਾ ਦਲਿਤ ਅਬਾਦੀ ਹੈ, ਪਰ ਉਹ ਰਾਜਨੀਤਿਕ ਜਾਂ ਆਰਥਿਕ ਰੂਪ ਵਿਚ ਸਸ਼ਕਤ ਨਹੀਂ ਹਨ ਅਤੇ ਨਾ ਹੀ ਚੋਣਾਂ ਵਿਚ ਉਨਾਂ ਦੀ ਕਾਰਗੁਜ਼ਾਰੀ ਸੰਤੁਸ਼ਟਦਾਇਕ ਹੈ।ਪੰਜਾਬ ਵਿਚ ਸਭ ਤੋਂ ਸ਼ਕਤੀਸ਼ਾਲੀ ਭਾਈਚਾਰਾ ਜੱਟ ਭਾਈਚਾਰਾ ਹੈ ਜਿਸ ਦਾ ਸੂਬੇ ਦੀ ਸੱਤਾ ਵਿਚ ਦਬਦਬਾ ਹੈ।ਉੱਚ ਜਾਤੀ ਹਿੰਦੂ ਤਬਕਾ ਸ਼ਹਿਰੀ ਇਲਾਕਿਆਂ ਵਿਚ ਆਪਣਾ ਪ੍ਰਭਾਵ ਰੱਖਦਾ ਹੈ।ਹੋਰ ਪਿਛੜੀਆਂ ਜਾਤਾਂ ਦੀ ਵੱਡੀ ਗਿਣਤੀ ਇਕ ਕਾਰਨ ਹੈ ਕਿ ਉਨਾਂ ਵਿਚ ਏਕਤਾ ਨਹੀਂ ਹੈ। 2011 ਦੀ ਜਨਗਣਨਾ ਅਨੁਸਾਰ, ਪੰਜਾਬ ਵਿਚ ਸਿੱਖ ਭਾਈਚਾਰਾ ਸਭ ਤੋਂ ਵੱਡਾ ਹੈ ਜਿਸ ਵਿਚ ਹਿੰਦੂ ਦੂਜੇ ਨੰਬਰ 'ਤੇ ਆਉਂਦੇ ਹਨ।ਪੰਜਾਬ ਵਿਚ ਤਿੰਨ ਪ੍ਰਮੁੱਖ ਖਿੱਤੇ ਹਨ ਜੋ ਕਿ ਬਿਆਸ, ਰਾਵੀ ਅਤੇ ਸਤਲੁਜ ਦੁਆਰਾ ਵੰਡੇ ਹੋਏ ਹਨ।ਇਹਨਾਂ ਖਿੱਤਿਆਂ ਦੀਆਂ ਬੋਲੀ, ਖਾਣ-ਪੀਣ ਅਤੇ ਜਾਤੀ ਸਮੀਕਰਨ ਪੱਖੋਂ ਆਪਣੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਹਨ।ਰਾਜਨੀਤਿਕ ਆਲੋਚਕ ਪੰਜਾਬ ਵਿਚ ਸੀਟਾਂ ਤਿੰਨ ਖਿੱਤਿਆਂ ਅਨੁਸਾਰ ਵੰਡ ਕੇ ਆਪਣਾ ਵਿਸ਼ਲੇਸ਼ਣ ਕਰਦੇ ਹਨ।

2017 ਤੋਂ ਬਾਅਦ ਅਕਾਲੀ ਦਲ ਖਿਲਾਫ ਲੋਕਾਂ ਵਿਚ ਅਜੇ ਵੀ ਗੁੱਸਾ ਬਰਕਰਾਰ ਹੈ ਜਿਸ ਕਰਕੇ ਇਹ ਸੱਤਾ ਵਿਰੋਧੀ ਹਵਾ ਤੋਂ ਕੋਈ ਵੀ ਫਾਇਦਾ ਲੈਣ ਵਿਚ ਅਸਮਰੱਥ ਹੈ।ਪੂਰਬੀ ਮਾਲਵਾ ਅਤੇ ਦੁਆਬਾ ਖਿੱਤਿਆਂ ਵਿਚ ਕਾਂਗਰਸ ਦਾ ਅਧਾਰ ਵੀ ਲਗਾਤਾਰ ਘੱਟ ਰਿਹਾ ਹੈ।ਭਾਜਪਾ ਅਤੇ ਕਾਂਗਰਸ ਨੂੰ ਨੁਕਸਾਨ ਪਹੁੰਚਾਉਣ ਵਿਚ ਕਿਸਾਨ ਅੰਦੋਲਨ ਨੇ ਵੀ ਵੱਡਾ ਹਿੱਸਾ ਪਾਇਆ ਹੈ ਅਤੇ ਆਪ ਇਸ ਦਾ ਫਾਇਦਾ ਲੈਣ ਦੀ ਕੋਸ਼ਿਸ਼ ਕਰ ਰਹੀ ਹੈ।ਆਉਣ ਵਾਲੀਆਂ ਚੋਣਾਂ ਵਿਚ ਤਿੰਨ ਪ੍ਰਮੁੱਖ ਪ੍ਰਤੀਯੋਗੀ ਹਨ :

1) ਸੱਤਾਧਾਰੀ ਕਾਂਗਰਸ ਪਾਰਟੀ ਸੂਬੇ ਵਿਚ ਆਪਣੀ ਸੱਤਾ ਨੂੰ ਬਣਾਈ ਰੱਖਣ ਲਈ ਪੁਰਜ਼ੋਰ ਕੋਸ਼ਿਸ਼ ਕਰ ਰਹੀ ਹੈ।ਸੱਤਾ ਵਿਰੋਧੀ ਮਜਬੂਤ ਲਹਿਰ ਕਰਕੇ ਅਤੇ ਆਪਣੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਵਿਚ ਨਾਕਾਮ ਰਹਿਣ ਕਰਕੇ ਸਾਬਕਾ ਮੁੱਖ ਮੰਤਰੀ ਨੂੰ ਆਪਣੇ ਅਹੁਦੇ ਤੋਂ ਅਲਹਿਦਾ ਹੋਣਾ ਪਿਆ, ਪਰ ਪਾਰਟੀ ਉਸ ਵਿਰੋਧ ਅਤੇ ਅਸੰਤੁਸ਼ਟੀ ਨੂੰ ਘੱਟ ਕਰਨ ਦੀ ਕੋਸ਼ਿਸ਼ ਵਿਚ ਹੈ।ਇਸੇ ਕਰਕੇ ਪਾਰਟੀ ਨੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਇਆ।ਪਾਰਟੀ ਦਲਿਤ ਮੁੱਖ ਮੰਤਰੀ ਬਣਾ ਕੇ ਕੁਝ ਨਾਕਾਰਾਤਮਕ ਪੱਖਾਂ ਨੂੰ ਬਦਲਣ ਦੀ ਕੋਸ਼ਿਸ਼ ਵਿਚ ਹੈ, ਪਰ ਇਸ ਤੋਂ ਪਾਰਟੀ ਦਾ ਅੰਦਰੂਨੀ ਕਾਟੋ-ਕਲੇਸ਼ ਨਹੀਂ ਸੰਭਲ ਰਿਹਾ।ਅਸਤੀਫਾ ਦਿੱਤੇ ਜਾਣ ਤੋਂ ਖ਼ਫ਼ਾ ਹੋ ਕੇ ਕੈਪਟਨ ਨੇ ਆਪਣੀ ਪਾਰਟੀ ਬਣਾ ਲਈ ਹੈ ਅਤੇ ਉਹ ਭਾਜਪਾ ਅਤੇ ਹੋਰ ਅਕਾਲੀ ਗਰੁੱਪਾਂ ਨਾਲ ਸਹਿਯੋਗ ਕਰਨ ਨੂੰ ਤਿਆਰ ਹੈ।

2) ਅਕਾਲੀ ਦਲ, ਜੋ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਸੱਤਾ ਵਿਚ ਮੁੜ ਆਉਣਾ ਲੋਚਦਾ ਹੈ, ਉਸ ਨੇ ਆਪਣਾ ਟੀਚਾ ਪੂਰਾ ਕਰਨ ਲਈ ਬਸਪਾ ਨਾਲ ਗਠਬੰਧਨ ਕੀਤਾ ਹੈ। ਆਉਣ ਵਾਲੀਆਂ ਚੋਣਾਂ ਵਿਚ ਅਕਾਲੀ ਦਲ ਦੀ ਇਕ ਹੋਰ ਹਾਰ ਬਾਦਲ ਪਰਿਵਾਰ ਲਈ ਰਾਜਨੀਤੀ ਵਿਚ ਅੰਤ ਹੋ ਸਕਦਾ ਹੈ।

3) ਆਮ ਆਦਮੀ ਪਾਰਟੀ ਲੋਕਾਂ ਵਿਚ ਸੱਤਾ ਪ੍ਰਤੀ ਗੁੱਸਾ ਅਤੇ ਅਸੰਤੁਸ਼ਟੀ ਦੀ ਭਾਵਨਾ ਕਰਕੇ ਸੱਤਾ ਵਿਚ ਆਉਣ ਦੀ ਉਮੀਦ ਲਗਾਈ ਬੈਠੀ ਹੈ ਅਤੇ ਉਨਾਂ ਕੋਲ ਜਿੱਤਣ ਦਾ ਮੌਕਾ ਵੀ ਹੈ। ਪਾਰਟੀ ਨੇ ਪਹਿਲਾਂ ਹੀ ਸਿੱਖ ਮੁੱਖ ਮੰਤਰੀ ਚਿਹਰੇ ਬਾਰੇ ਵਾਅਦਾ ਕੀਤਾ ਹੈ, ਪਰ ਕੀ ਇਹ ਇਕੱਠੇ ਹੋ ਕੇ ਕਾਂਗਰਸ ਨੂੰ ਹਰਾ ਪਾਵੇਗੀ ? ਵੱਖ-ਵੱਖ ਸਰਵੇ ਇਹ ਦਿਖਾਉਂਦੇ ਹਨ ਕਿ ਆਮ ਆਦਮੀ ਪਾਰਟੀ ਕਾਂਗਰਸ ਨੂੰ ਹਰਾ ਸਕਦੀ ਹੈ ਅਤੇ ਇਕਹਰੀ ਮਜਬੂਤ ਪਾਰਟੀ ਵਜੋਂ ਉੱਭਰ ਸਕਦੀ ਹੈ। ਸਰਵੇ ਵਿਚ ਆਮ ਆਦਮੀ ਪਾਰਟੀ ਦੁਆਰਾ 51 ਤੋਂ 57 ਸੀਟਾਂ ਜਿੱਤਣ ਦੀ ਭਵਿੱਖਬਾਣੀ ਕੀਤੀ ਗਈ ਹੈ। ਜਿਸ ਵਿਚ 39-46 ਸੀਟਾਂ ਨਾਲ ਕਾਂਗਰਸ ਦੂਜੇ ਨੰਬਰ ਤੇ ਅਤੇ 16-24 ਸੀਟਾਂ ਨਾਲ ਅਕਾਲੀ ਦਲ ਤੀਜੇ ਨੰਬਰ 'ਤੇ ਦਿਖਾਇਆ ਗਿਆ ਹੈ।

## ਸਾਹਿਬ ਲੇਖਾ ਮੰਗਸੀ

ਕਿਉਂਕਿ ਉਹ ਤਾਂ ਗੁਰਦਵਾਰੇ ਜਾ ਕੇ ਉਂਗਲ ਨਾਲ ਮਿੱਟੀ ਤੇ ਅੱਖਰ ਲਿਖਣੇ ਸਿੱਖੀ ਸੀ ।

'ਜਗ ਰਚਨਾ ਸਭ ਝੂਠ ਹੈ'

ਹੁਣ ਤਾਂ ਮਾਂ ਸਦਾ ਲਈ ਵਿਛੜ ਗਈ ਏ ਵਾਹਿਗੁਰੂ ਜੀ, ਕੋਈ ਮਾਂ ਵਾਂਗੂ ਆਵਾਜ ਨਹੀ ਮਾਰਦਾ । ਇਹੋ ਗਮ ਹੈ। ਪਰ ਮੇਰੀ ਮਾਂ ਦੇ ਨੰਬਰ ਨਾ ਕੱਟ ਦਿਓ ਕਿਉਂਕਿ ਉਹ ਜਾਂਦੇ ਵਕਤ ਕਹਿ ਕੇ ਗਈ ਸੀ।' ਮਾਵਾਂ ਧੀਆਂ ਦਾ ਮੋਹ ਤਾਂ ਹੁੰਦਾ ਏ ਤੂੰ ਗਮ ਨਾ ਕਰੀਂ 'ਮੈਂ ਆਪ ਜੀ ਨੂੰ ਚਿੱਠੀ ਲਿਖਦੀ ਲਿਖਦੀ ਭਾਵੁਕ ਹੋ ਗਈ ਹਾਂ।'

'ਜਗ ਰਚਨਾ ਸਭ ਝੂਠ ਹੈ' ਉਹ ਹਮੇਸ਼ਾ ਚੇਤੰਨ ਕਰਦੀ।

ਵਾਹਿਗੁਰੂ ਜੀ! ਮੇਰੀ ਮਾਂ ਨੇ ਮੈਨੂੰ ਛੋਟੀ ਉਮਰੇ ਹੀ ਸਮਝਾ ਦਿੱਤਾ ਸੀ ਕਿ ਦੁਨੀਆਂ ਦੇ ਰੰਗ ਤਮਾਸ਼ੇ ਝੂਠ ਹਨ ।

ਪਾਕਿਸਤਾਨ ਦੀ ਵੰਡ ਸਮੇਂ ਭਰੇ ਭਰਾਏ ਘਰ ਛੱਡਣ ਦੀ ਕਹਾਣੀ ਵਾਰ ਵਾਰ ਸੁਣਾਇਆ ਕਰਦੀ ਸੀ। 13 ਸਾਲ ਦੀ ਉਮਰੇ ਖਾਲੀ ਹੱਥੀ ਵਿਆਹ ਦਿੱਤੀ ਸੀ ਨਾਨਕਿਆਂ ਨੇ। ਸੂਹਾ ਸੂਟ ਵੀ ਨਹੀਂ ਸੀ ਜੁੜਿਆ ਮਾਂ ਨੂੰ ਅਨੰਦ ਕਾਰਜ ਸਮੇਂ । ਬਾਪੂ ਜੀ 26 ਸਾਲ ਪਹਿਲਾਂ ਹੀ ਸਾਥ ਛੱਡ ਗਏ । ਧੀਆਂ ਵਿਆਹ ਦਿੱਤੀਆਂ ਤੇ ਪੁੱਤ ਅਮਰੀਕਾ ਚਲਾ ਗਿਆ। ਜਮੀਨ ਜਾਇਦਾਦ ਹੁੰਦਿਆਂ ਸੁੰਦਿਆਂ ਦੋ ਬੈਗ, ਉਸ ਦਾ ਚਲਦਾ ਫਿਰਦਾ ਘਰ ਹੁੰਦੇ ਸਨ ਜੋ ਅਮਰੀਕਾ, ਲੁਧਿਆਣੇ ਤੇ ਹੁਸ਼ਿਆਰਪੁਰ ਘੁੰਮਦੇ ਰਹਿੰਦੇ । ਉਸ ਦਾ ਤਨ ਸੰਸਾਰ ਵਿਚ ਘੁੰਮਦਾ ਪਰ ਮਨ 24 ਘੰਟੇ ਦਰਬਾਰ ਸਾਹਿਬ ਸੱਚਖੰਡ ਹਰਮੰਦਿਰ ਸਾਹਿਬ।

ਪਰ ਜੋ ਨਾਮ ਧਨ ਮੇਰੀ ਮਾਂ ਜੋੜਦੀ ਰਹੀ ਉਸ ਦਾ ਹਿਸਾਬ ਤਾਂ ਆਪ ਜੀ ਪਾਸ ਹੈ । ਮੈਂ ਲੇਖਾ ਕਰਨ ਯੋਗ ਨਹੀਂ।ਧੰਨ ਗੁਰੂ ਰਾਮ ਦਾਸ ਦੇ ਘਰ ਅੰਮ੍ਰਿਤ ਵੇਲੇ ਤੋਂ ਹਾਜ਼ਰੀ ਭਰਦੀ ਸੀ। ਚੌਕੜੀ ਮਾਰ ਇਕਾਗਰ ਚਿੱਤ ਹੋ ਕੇ ਆਸਾ ਦੀ ਵਾਰ ਸਰਵਣ ਕਰਦੀ , ਕਥਾ ਉਪਰੰਤ ਹੀ ਨਾਸ਼ਤਾ ਕਰਦੀ ਸੀ ।

ਵਾਹਿਗੁਰੂ ਜੀ, ਆਪ ਜੀ ਤਾਂ ਜਾਣੀ ਜਾਣ ਹੋ। ਮੈਂ ਤਾਂ ਮਮਤਾ ਦੀ ਮਾਰੀ ਮਾਂ ਦੀ ਲੇਖਾ ਰਿਪੋਰਟ ਭੇਜਣ ਵਿੱਚ ਜਜ਼ਬਾਤੀ ਵੀ ਹੋ ਸਕਦੀ ਹਾਂ । ਆਪ ਜੀ ਧੰਨ ਗੁਰੂ ਰਾਮ ਦਾਸ ਜੀ ਪਾਸੋਂ ਤਸਦੀਕ ਕਰਵਾ ਲੈਣਾ ਅਤੇ ਸਾਰੀ ਰਿਪੋਰਟ ਚਿਤਰਗੁਪਤ ਦੇ ਰਿਕਾਰਡ ਨਾਲ ਟੈਲੀ ਕਰ ਲੈਣਾ । ਮੈਂ ਭੁੱਲਣਹਾਰ ਹਾਂ ।

ਆਪ ਜੀ ਮੈਨੂੰ ਅੰਤਾਂ ਦਾ ਪਿਆਰ ਕਰਦੇ ਹੋ । ਮਾਂ ਰੱਬ ਦਾ ਰੂਪ ਹੁੰਦੀ ਹੈ। ਜੋ ਇਹ ਤਨ ਮਾਂ ਨੇ ਦਿੱਤਾ ਹੈ ਇਸ ਵਿੱਚ ਵਸਦਾ ਮਨ ਤਾਂ ਆਪ ਜੀ ਦੀ ਹੀ ਜੋਤ ਹੈ ਨਾ। ਇਹ ਰਿਪੋਰਟ ਮਨ ਨੇ ਹੀ ਲਿਖੀ ਹੈ । ਪਿਆਰੇ ਪ੍ਰੀਤਮ, ਮੇਰੇ ਮਨ ਦੀ ਅਰਦਾਸ ਬੇਨਤੀ ਸੁਣ ਲਈਂ, ਮੇਰੀ ਮਾਂ ਨੂੰ ਆਪਣੀ ਗੋਦ ਵਿਚ ਰੱਖੀ ਜਨਮ ਮਰਨ ਦੇ ਗੇੜ ਵਿਚ ਦੁਬਾਰਾ ਨਾ ਭੇਜੀ ਮੇਰੇ ਪ੍ਰੀਤਮ। ਚਿੱਠੀ ਵਿੱਚ ਹੋਈਆਂ ਮੇਰੀਆਂ ਭੁੱਲਾਂ ਲਈ ਵਾਹਿਗੁਰੂ ਜੀ ਮੈਨੂੰ ਬਖ਼ਸ਼ ਦੇਣਾ, ਸੇਈ ਪਿਆਰੇ ਮੇਲਿ ਜਿੰਨਾ ਮਿਲਿਆ ਤੇਰਾ ਨਾਮ ਚਿੱਤ ਆਵੇ।

ਨਾਨਕ ਨਾਮ ਚੜਦੀ ਕਲਾ ॥

ਤੇਰੇ ਭਾਣੇ ਸਰਬੱਤ ਦਾ ਭਲਾ॥

## ਜ਼ਫ਼ਰਨਾਮਾ

ਆਨੰਦਪੁਰ ਨੂੰ ਪਾਇਆ ਛੇ ਮਹੀਨਿਆਂ ਤੋਂ ਵੱਡਾ ਘੇਰਾ ਯਾਦ ਆਇਆ, ਉਸ ਨੂੰ ਸ਼ਰਮਿੰਦਗੀ ਮਹਿਸੂਸ ਹੋਈ। ਪਹਾੜੀ ਰਾਜਿਆਂ ਨਾਲ ਦੋਸਤੀ ਦਾ ਚੇਤਾ ਆਇਆ, ਬੁਤ ਪ੍ਰਸਤਾਂ ਨਾਲ ਕੀਤੀ ਸੰਧੀ ਨੇ ਉਸ ਨੂੰ ਹਲੂਣ ਕੇ ਰੱਖ ਦਿੱਤਾ। ਉਹ ਆਪਣੇ ਆਪ ਨੂੰ ਮੁਹੰਮਦ ਸਾਹਿਬ ਦਾ ਵੀ ਦੋਸ਼ੀ ਮੰਨਣ ਲੱਗਾ। ਉਹਨੇ ਸੋਚਿਆ ਹੁਣ ਤਾਂ ਪੱਕਾ ਉਹ ਦੋਜ਼ਖ ਵਾਸੀ ਬਣੇਗਾ। ਦੁਨੀਆ ਦੀ ਕੋਈ ਤਾਕਤ ਮੈਨੂੰ ਦੋਜ਼ਖ ਵਿਚ ਸੜਨ ਤੋਂ ਬਚਾ ਨਹੀਂ ਸਕਦੀ। ਬੁੱਤ ਪ੍ਰਸਥਾ ਨਾਲ ਸੰਧੀ ਤੇ ਬੁਤ-ਸ਼ਿਕਨਾਂ ਨਾਲ ਮੱਥਾ, 'ਓ ਅਲਾ ਤਾਲਾ ਮੈਨੂੰ ਕੀ ਹੋ ਗਿਆ ਸੀ' ਉਸਨੇ ਜ਼ੋਰ ਨਾਲ ਕੰਧ 'ਤੇ ਮੱਥਾ ਮਾਰਿਆ। ਇਕ ਗਰਮ ਤਤੀਰੀ ਉਸਦੇ ਪੈਰਾਂ 'ਤੇ ਵੱਜੀ, ਉਹ ਤ੍ਰਭਕ ਪਿਆ, ਉਸ ਨੂੰ ਆਪਣਾ ਖੂਨ ਕਾਲਾ ਸਿਆਹ ਜਾਪਿਆ, ਦੁਬਾਰਾ ਕੰਧ 'ਤੇ ਮਥਾ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਹਿੰਮਤ ਨਾ ਪਈ। ਉਸ ਨੂੰ ਲੱਗਿਆ ਸ਼ਾਇਦ ਸਾਹਿਬਜ਼ਾਦੇ ਕਿਤੇ ਆਸ ਪਾਸ ਹੋਣ ਤੇ ਉਸਦੀ ਹਾਲਤ ਤੇ ਹੱਸ ਰਹੇ ਹੋਣ। ਸ਼ੀਸ਼ਾ ਜੜੀ ਦੀਵਾਰ ਵਿਚੋਂ ਉਹ ਫਤਹਿ ਦਾ ਜੈਕਾਰਾ ਗਜਾਉਂਦੇ ਸਾਹਮਣੇ ਪ੍ਰਤਖ ਨਜ਼ਰ ਆ ਗਏ। ਫੁੱਲਾਂ ਵਾਂਗ ਲਟਕਦੇ ਚਿਹਰੇ ਜਿਵੇਂ ਇਸਦੇ ਬੋਥੜ ਚਿਹਰੇ ਦਾ ਮਜ਼ਾਕ ਉਡਾ ਰਹੇ ਹੋਣ। ਉਸ ਨੇ ਛੇਤੀ ਨਾਲ ਆਪਣਾ ਚਿਹਰਾ ਦੋਨਾਂ ਹੱਥਾਂ ਵਿਚ ਲਕੋ ਲਿਆ, ਦੋਨੋਂ ਹੱਥ ਖੂਨ ਨਾਲ ਲਥ-ਪਥ ਹੋਏ ਸੀ। ਉਹ ਦੁਬਾਰਾ ਤ੍ਰਭਕ ਗਿਆ, ਉਹਦੇ ਹੱਥ ਮਜਲੂਮਾਂ ਦੇ ਖੂਨ ਨਾਲ ਰੰਗੇ ਹੋਏ ਸੀ, ਉਸ ਨੂੰ ਮਹਿਲ ਦੇ ਕਿਸੇ ਨੁਕਰੋਂ ਬੋਲੇ ਸੋ ਨਿਹਾਲ ਦੇ ਨਾਹਰੇ ਸੁਣਾਈ ਦੇਣ ਲੱਗੇ। ਉਹ ਦੌੜ ਕੇ ਰੋਸ਼ਨਦਾਨ ਤੋਂ ਹੇਠਾਂ ਦੇਖਣ ਲੱਗ ਪਿਆ। ਦੂਰੋਂ ਦਿਸਦੇ ਤੱਕ ਸੁੰਨ-ਸਾਨ ਰਾਤ ਜਿਵੇਂ ਉਸ ਨੂੰ ਨਿਗਲਣ ਲਈ ਕਾਹਲੀ ਹੋਵੇ। ਉਹ ਛੇਤੀ ਨਾਲ ਹੇਠਾਂ ਉਤਰ ਆਇਆ। ਉਸ ਨੂੰ ਅਜੇ ਵੀ ਸਵਾ ਸਵਾ ਨਾਲ ਇਕ ਇਕ ਸਿੱਖ ਲੜਦਾ ਨਜ਼ਰ ਆ ਰਿਹਾ ਸੀ । ਚਮਕੌਰ ਦੀ ਗੜੀ ਚੇਤੇ ਆ ਗਈ, ਇਕ ਪਾਸੇ ਗਿਣਤੀ ਦੇ ਭੁੱਖੇ-ਭਾਣੇ ਚਾਲੀ ਸਿੱਖ ਤੇ ਦੂਜੇ ਪਾਸੇ ੧੦੦੦੦੦੦ ਲੱਖ ਦੀ ਫੌਜ । ਉਸ ਨੂੰ ਲਗਿਆ ਜਿਵੇਂ ਇਕ ਇਕ ਸਿੱਖ ਕਿਲੇ ਨੂੰ ਢਾਹ ਕੇ ਉਸਦੇ ਵਜੂਦ ਵਿਚ ਦਾਖਲ ਹੋ ਰਿਹਾ ਹੈ। ਉਹ ਜ਼ਖਮੀ ਸੱਪ ਦੀ ਤਰਾਂ ਪਲਸੇਟੇ ਮਾਰਨ ਲੱਗਾ। ਸਾਹਮਣੇ ਤਖਤਪੋਸ਼ ਤੇ ਗੁਰੂ ਗੋਬਿੰਦ ਸਿੰਘ ਦੇ ਖਤ ਵਿਚ ਲਿਖੀ ਉਹ ਸਤਰ ਯਾਦ ਆਉਣ ਲੱਗੀ, 'ਕੀ ਹੋਇਆ ਜੇ ਤੂੰ ਮੇਰੇ ਚਾਰ ਸਾਹਿਬਜ਼ਾਦੇ ਮਾਰ ਦਿੱਤੇ ਹਨ, ਕੁੰਡਲੀ ਵਾਲਾ ਸੱਪ ਅਜੇ ਵੀ ਬਾਕੀ ਹੈ । ਉਸ ਨੂੰ ਲੱਗਾ ਹੁਣੇ ਹੀ ਕੁੰਡਲੀ ਵਾਲਾ ਸੱਪ ਉਸ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ। ਉਸ ਨੂੰ ਡੰਗ ਮਾਰੇਗਾ ਤੇ ਇਹ ਜ਼ਫ਼ਰਨਾਮਾ ਸਚਮੁੱਚ ਉਸਦੀ ਮੌਤ ਦਾ ਪੈਗਾਮ ਹੋਵੇਗਾ । ਉਸਦੀ ਚੀਕ ਨਿਕਲ ਗਈ, ਭੈਅਭੀਤ ਹੋ ਗਿਆ। ਚੋਬਦਾਰ ਹਾਜ਼ਰ ਸਨ, ਬਾਦਸ਼ਾਹ ਦੀ ਮੰਦੀ ਹਾਲਤ ਦੇਖ ਕੇ ਚਿੰਤਾਜਨਕ ਹੋ ਗਏ। ਵੈਦ, ਹਕੀਮ ਬੁਲਾਏ ਗਏ, ਮੱਥੇ 'ਤੇ ਮਲਮ ਲਗਾਈ, ਜਿਸਨੇ ਬਲਦੀ ਅੱਗ ਤੇ ਘਿਉ ਦਾ ਕੰਮ ਕੀਤਾ। ਬਾਦਸ਼ਾਹ ਦਾ ਗੁੱਸਾ ਆਸਮਾਨ ਪਾੜਨ ਲੱਗਾ, ਹਕੀਮ ਤੇ ਚੋਬਦਾਰ ਬਾਹਰ ਹੋ ਗਏ। ਦਰਵਾਜ਼ਾ ਬੰਦ ਹੋ ਗਿਆ ਬਾਦਸ਼ਾਹ ਨੂੰ ਬੋਲੇ ਸੋ ਨਿਹਾਲ ਦੇ ਨਾਹਰੇ ਤੇ ਘੋੜਿਆਂ ਦੇ ਸੁੰਮਾ ਦੀ ਅਵਾਜ਼ ਜੋ ਹੋਰ ਨੇੜੇ, ਹੋਰ ਨੇੜੇ ਆਈ ਜਾ ਰਹੀ ਸੀ। ਉਸ ਨੂੰ ਜਾਪਿਆ ਜਿਵੇਂ ਘੋੜੇ ਦੇ ਸੁੰਮ ਤਾੜ ਤਾੜ ਉਸਦੀ ਛਾਤੀ ਤੇ ਚੜ ਗਏ ਹੋਣ। ਉਹ ਦੌੜ ਕੇ ਰੋਸ਼ਨਦਾਨ ਕੋਲ ਆ ਗਿਆ। ਉਸ ਨੂੰ ਲੱਗਿਆ ਸਿੰਘ ਹੱਥ ਵਿਚ ਤੇਗ ਤੇ ਨੇਜੇ ਫੜੀ ਚਾਂਦਨੀ ਚੌਕ ਵੱਲ ਵੱਧ ਰਹੇ ਹੋਣ, ਅਚਾਨਕ ਉਸਦੀ ਅੱਖਾਂ ਦੀ ਲੋਅ ਤੇਜ਼ ਹੋ ਗਈ। ਉਸ ਨੂੰ ਲੱਗਾ ਕਿ ਨੀਲੇ ਘੋੜੇ ਤੇ ਅਸਵਾਰ ਕਲਗੀਆਂ ਵਾਲੇ ਖੁਦ ਸਿੰਘਾਂ ਦੀ ਅਗਵਾਈ ਕਰ ਰਹੇ ਹੋਣ, ਉਸਨੇ ਮੰਨ ਬਣਾਇਆ' ਉਹ ਤੇਗ ਨਹੀਂ ਚੁਕੇਗਾ, ਉਹ ਇਤਿਹਾਸ ਨਹੀਂ ਦੁਹਰਾਏਗਾ, ਉਹ ਇਸ ਦਰਵੇਸ਼ ਦੇ ਕਦਮਾਂ 'ਤੇ ਢਹਿ ਕੇ ਆਪਣੇ ਗੁਨਾਹਾਂ ਤੋਂ ਤੌਬਾ ਕਰ ਲਵੇਗਾ। ਉਹ ਉਨਾਂ ਦੇ ਖ਼ਤ ਨੂੰ ਸੋਨੇ ਚਾਂਦੀ ਵਿਚ ਮੜਾਏਗਾ, ਜਿਸ ਨੇ ਤੱਬਸਮ ਵਿਚ ਸੁੱਤੀ ਉਸਦੀ ਰੂਹ ਦੁਬਾਰਾ ਜਗਾ ਦਿੱਤੀ। ਉਹ ਵਾਰੀ ਵਾਰੀ ਖਤ ਨੂੰ ਚੁੰਮ ਰਿਹਾ ਸੀ। ਉਸ ਦੀਆਂ ਅੱਖਾਂ ਵਿਚੋਂ ਪਰਲ ਪਰਲ ਨੀਰ ਵਹਿ ਰਿਹਾ ਸੀ। ਉਹ ਦੁਬਾਰਾ ਸੇਜ 'ਤੇ ਆ ਟਿਕਿਆ ਉਹਨੇ ਖਤ ਨੂੰ ਪਲਕਾਂ ਤੇ ਟਿਕਾ ਲਿਆ ਉਸ ਨੂੰ ਡਾਢਾ ਸਕੂਨ ਮਿਲ ਰਿਹਾ ਸੀ। ਪਹੁ ਫੁਟਾਲਾ ਹੋਣ ਲੱਗਾ, ਚਿੜੀਆਂ ਦੇ ਚੂਕਣ ਦੀ ਅਵਾਜ਼ ਆਈ, ਔਰੰਗਾ ਬੜੀ ਗੂੜੀ ਨੀਂਦ ਵਿਚ ਸੀ ਜਿਵੇਂ ਕਈ ਜਨਮਾਂ ਤੋਂ ਸੁਤਾ ਨਾ ਹੋਵੇ ।

ਜ਼ਫਰਨਾਮਾ ਪੜਨ ਤੋਂ ਬਾਅਦ ਹੀ ਉਸਨੇ ਇਕ ਹੁਕਮਨਾਮਾ ਜਾਰੀ ਕੀਤਾ ਸੀ, ਕਿ ਗੁਰੂ ਗੋਬਿੰਦ ਸਿੰਘ ਜੀ ਜਿੱਥੇ ਵੀ ਰਹਿਣ, ਜੋ ਵੀ ਕਰਨ ਉਸ ਵਿਚ ਕੋਈ ਦਖਲ-ਅੰਦਾਜੀ ਨਹੀਂ ਹੋਣੀ ਚਾਹੀਦੀ। ਔਰੰਗਜ਼ੇਬ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਦੀ ਬੇਨਤੀ ਕੀਤੀ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਵਾਨ ਕਰ ਲਈ, ਪਰ ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਹੀ ਔਰੰਗਜ਼ੇਬ ਦੀ ਮੌਤ ਹੋ ਗਈ। ਔਰੰਗਜ਼ੇਬ ਨੇ ਆਖਿਆ ਸੀ ਮੈਂ ਬਹੁਤ ਪਾਪੀ ਬਾਦਸ਼ਾਹ ਹਾਂ, ਮੇਰੀ ਕਬਰ ਬਹੁਤ ਸਾਦੀ ਬਣਾਈ ਜਾਵੇ, ਨਾ ਹੀ ਮੇਰੀ ਕਬਰ ਲਾਗੇ ਕੋਈ ਰੁੱਖ ਹੋਵੇ, ਕਿਉਂਕਿ ਮੇਰੇ ਵਰਗੇ ਪਾਪੀ ਦੀ ਕਬਰ ਨੂੰ ਛਾਂ ਵੀ ਨਸੀਬ ਨਹੀਂ ਹੋਣੀ ਚਾਹੀਦੀ।

## 'ਖਾਮੋਸ਼' ਰੂਹ ਦੀ ਥਾਂ

ਘੋਲ ਕਿਸਾਨੀ ਵਿੱਚ ਅਸੀਂ ਤਾਂ ਰੜ ਗਏ ,
ਜਿੱਤ ਦੇ ਜਸ਼ਨ ਮਨਾਕੇ ਸੀਨੇ ਠਰ ਗਏ।
ਜੇਠ ਹਾੜ ਦੀਆਂ ਧੁੱਪਾਂ ਲੂ ਵੀ ਵਗਦੀ ਸੀ ,
ਮਾਂ ਖੁੱਸਣ ਦਾ ਡਰ, ਪਿੰਡਿਆਂ 'ਤੇ ਜਰ ਗਏ।
ਪੋਹ ਮਾਘ ਦੀਆਂ ਰਾਤਾਂ ਸੀਤ ਦੀ ਠਾਰੀ ਸੀ,
ਜੋਸ਼ 'ਚ ਨਾਹਰੇ ਲਾ ਲਾ, ਜਿੱਤਕੇ ਘਰ ਗਏ।
ਬਵੰਜਾ ਇੰਚੀ ਸੁੰਘੜ ਕੇ ਰਹਿ ਗਈ ਅੱਧੀ ਸੀ,
ਸ਼ਾਂਤ ਸੰਘਰਸ਼ 'ਚ ਬਾਜੀ ਲਾ ਸਿਰ ਧੜ ਗਏ।
ਸ਼ਹੀਦ ਹੋ ਗਏ ਕੌਮ ਦੇ ਲੇਖੇ ਲਾ ਜਿੰਦੜੀ ਸੀ,
ਉਡੀਕਣ ਬੱਚੇ-ਅੰਮੀ ਬਾਬਲ ਨਾ ਮੁੜ ਘਰ ਗਏ।
ਸਰਕੀ ਨਾ ਜਦ ਜੂੰ ਸਮੇਂ ਦੇ ਹਾਕਮ ਦੇ ਕੰਨ 'ਤੇ,
ਗਲ਼ ਪਾ ਫਾਹੀਆਂ ਕਈ ਇਹਦੀ ਭੇਂਟ ਚੜ ਗਏ।
ਮਾਈਆਂ ਰੱਬ ਰਜਾਈਆਂ ਏਥੇ ਰਹਿ ਗਈਆਂ,
ਅੱਗ ਬਲ਼ੀ ਨਾ ਵਿਹੜੇ ਮਘਦੇ ਚੁੱਲੇ ਠਰ ਗਏ।
ਪਾੜੇ ਸਿਰ ਮੱਥੇ ਸਾਡੇ ਵਗੀਆਂ ਘਰਾਲ਼ਾਂ ਲਹੂ,
ਅੰਗ ਟੁੱਟੇ, ਮਨੀ ਰੋਸੇ, ਸ਼ਾਂਤ ਰਹਿ ਹੱਥ ਘੁੱਟ ਫੜ ਲਏ।
ਸਵੈਮਾਨ ਕਾਇਮ ਰਹਿ ਕੇ ਮਲਮ ਪੱਟੀ ਕਰਦਾ,
ਗੈਰਤ ਜਿਉਂਦੀ ਸਾਡੀ ਪਰ ਧੱਕਾ ਮੁੱਕਾ ਜ਼ਰ ਗਏ।
ਜਿਸਨੇ ਵਰਾਈਆਂ ਡਾਗਾਂ ਪੁੱਤ ਵੀ ਉਹ ਆਪਣੇ,
ਲੰਗਰ ਛਕਾਇਆ ਭੁੱਖੇ ਢਿੱਡ ਓਹ ਵੀ ਭਰ ਗਏ।
ਪੋਹ ਦਾ ਮਹੀਨਾ ਪਾਣੀ ਠੰਡੇ ਦੀ ਬੁਛਾਰ ਪੈਂਦੀ,
ਦਿਲਾਂ 'ਚ ਰੋਸ ਲੱਖ ਖਾਮੋਸ਼ ਰਹਿ ਕੇ ਜ਼ਰ ਗਏ।

ਕਮਲਜੀਤ 'ਮਾਨ'

## ਫੌਜ ਅਤੇ ਵਾਤਾਵਰਨ...

ਕਾਮ ਉੱਪਰ 2007 ਦੇ ਹਿਸਾਬ ਅਨੁਸਾਰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਲੋਂ ਤੇਲ ਦੀ ਰੋਜ਼ਾਨਾ ਖਪਤ ਦੇ ਅੰਕੜੇ ਦਿੱਤੇ ਗਏ ਹਨ। ਇਹਨਾਂ ਅੰਕੜਿਆਂ ਅਨੁਸਾਰ ਦੁਨੀਆਂ ਦੇ ਸਿਰਫ ਅਠਾਰਾਂ ਦੇਸ਼ ਅਜਿਹੇ ਹਨ ਜੋ ਹਰ ਰੋਜ਼ ਦਸ ਲੱਖ

ਬੈਰਲ ਨਾਲੋਂ ਵੱਧ ਤੇਲ ਖਪਤ ਕਰਦੇ ਹਨ। ਕ੍ਰਮਵਾਰ ਇਹ ਦੇਸ਼ ਹਨ : ਅਮਰੀਕਾ, ਚੀਨ, ਜਾਪਾਨ, ਰੂਸ, ਭਾਰਤ, ਜਰਮਨੀ, ਬਰਾਜ਼ੀਲ, ਕਨੇਡਾ, ਸਾਊਦੀ ਅਰਬੀਆ, ਦੱਖਣੀ ਕੋਰੀਆ, ਮੈਕਸੀਕੋ, ਫਰਾਂਸ, ਇੰਗਲੈਂਡ, ਇਟਲੀ, ਇਰਾਨ, ਸਪੇਨ ਅਤੇ ਇੰਡੋਨੇਸ਼ੀਆ। (11) ਇਸ ਦਾ ਅਰਥ ਇਹ ਹੋਇਆ ਕਿ ਅਮਰੀਕਾ ਦੀ ਫੌਜ ਇਨਾਂ ਦੇਸ਼ਾਂ ਤੋਂ ਬਿਨਾਂ ਦੁਨੀਆਂ ਦੇ ਹੋਰ ਇਕੱਲੇ ਇਕੱਲੇ ਦੇਸ਼ ਨਾਲੋਂ ਵੱਧ ਤੇਲ ਖਪਤ ਕਰਦੀ ਹੈ ਅਤੇ ਇਸ ਕਾਰਨ ਉਨਾਂ ਦੇਸ਼ਾਂ ਤੋਂ ਵੱਧ ਕਾਰਬਨ ਡਾਇਔਕਸਾਈਡ ਵਾਤਾਵਰਨ ਵਿੱਚ ਫੈਲਾਉਂਦੀ ਹੈ। ਇਸ ਦੇ ਨਾਲ ਹੀ ਇਕ ਹੋਰ ਤੱਥ ਨੋਟ ਕਰਨ ਵਾਲਾ ਹੈ ਕਿ ਇਕ ਪਰਿਵਾਰਕ ਕਾਰ ਸਾਲ ਵਿੱਚ 10 ਹਜ਼ਾਰ ਪੌਂਡ ਦੇ ਬਰਾਬਰ ਦੀ ਕਾਰਬਨ ਡਾਇਔਕਸਾਈਡ ਵਾਤਵਰਨ ਵਿੱਚ ਫੈਲਾਉਂਦੀ ਹੈ। ਇਸ ਹਿਸਾਬ ਨਾਲ ਅਮਰੀਕਾ ਦੀ ਮਿਲਟਰੀ ਇਕ

ਸਾਲ ਵਿੱਚ ਉਨੀ ਕਾਰਬਨ ਡਾਇਔਕਸਾਈਡ ਵਾਤਾਵਰਨ ਵਿੱਚ ਛੱਡਦੀ ਹੈ ਜਿੰਨੀ ਕਾਰਬਨ ਡਾਇਕਔਕਸਾਈਡ 1 ਕਰੋੜ 46 ਲੱਖ ਕਾਰਾਂ ਸਾਲ ਵਿੱਚ ਛੱਡਦੀਆਂ ਹਨ। ਵਾਤਾਵਰਨ ਵਿੱਚ ਰੇਡੀਓਐਕਟਿਵ ਸਮੱਗਰੀ ਫੈਲਾਉਣ ਵਿੱਚ ਫੌਜ ਦੀ ਭੂਮਿਕਾ: ਪਿਛਲੇ ਕੁੱਝ ਸਾਲਾਂ ਦੌਰਾਨ ਸਾਹਮਣੇ ਆਈਆਂ ਵੱਖ ਵੱਖ ਰਿਪੋਰਟਾਂ ਤੋਂ ਇਹ ਗੱਲ ਸਾਫ ਹੋਈ ਹੈ ਕਿ ਅਮਰੀਕਾ ਅਤੇ ਉਸ ਦੀਆਂ ਭਾਈਵਾਲ ਫੌਜਾਂ ਨੇ ਇਰਾਕ ਅਤੇ ਅਫਗਾਨਿਸਤਾਨ ਵਿੱਚ ਅਤੇ ਨੈਟੋ ਦੀਆਂ ਫੌਜਾਂ ਨੇ ਕੋਸਵੋ ਵਿੱਚ ਅਜਿਹੇ ਹਥਿਆਰਾਂ ਦੀ ਵਰਤੋਂ ਕੀਤੀ ਹੈ ਜਿਹਨਾਂ ਵਿੱਚ ਡਿਪਲੀਟਿਡ ਯੁਰੇਨੀਅਮ ਵਰਤਿਆ ਗਿਆ ਸੀ। ਜਦੋਂ ਕੁਦਰਤੀ ਯੁਰੇਨੀਅਮ ਨੂੰ ਪਰਮਾਣੂ ਬਿਜਲੀ ਪੈਦਾ ਕਰਨ ਵਾਲੇ ਰੀਐਕਟਰਾਂ ਵਿੱਚ ਬਾਲਣ ਲਈ ਤਿਆਰ (ਇਨਰਿੱਚ) ਕੀਤਾ ਜਾਂਦਾ ਹੈ ਤਾਂ ਉਸ ਅਮਲ ਦੌਰਾਨ

ਬਾਈ ਪ੍ਰੋਡਕਟ (ਰਹਿੰਦ ਖੂਹੰਦ) ਦੇ ਰੂਪ ਵਿੱਚ ਡਿਪਲੀਟਿਡ ਯੂਰੇਨੀਅਮ ਪੈਦਾ ਹੁੰਦਾ ਹੈ. ਇਹ ਯੁਰੇਨੀਅਮ ਬਹੁਤ ਖਤਰਨਾਕ ਪੱਧਰ ਤੱਕ ਰੇਡੀਓਐਕਟਿਵ ਹੁੰਦਾ ਹੈ. ਪਰ ਇਸ ਦੀ ਇਕ ਖੂਬੀ ਇਹ ਵੀ ਹੈ ਕਿ ਇਹ ਟੈਂਕਾਂ ਅਤੇ ਕੰਕਰੀਟ ਦੇ ਮੋਰਚਿਆਂ ਨੂੰ ਬਹੁਤ ਸੌਖਿਆਂ ਹੀ ਤੋੜ ਸਕਦਾ ਹੈ। ਪੈਂਟਾਗਨ ਦੇ ਆਪਣੇ ਸ਼ਬਦਾਂ ਵਿੱਚ, ਜਿਸ ਤਰਾਂ 'ਇਕ ਗਰਮ ਚਾਕੂ ਮੱਖਣ ਨੂੰ ਕੱਟਦਾ ਹੈ'।

(12) ਉਸ ਤਰਾਂ ਡਿਪਲੀਟਡ ਯੁਰੇਨੀਅਮ ਟੈਂਕਾਂ ਅਤੇ ਹੋਰ ਫੌਜੀ ਬਕਤਰਬੰਦ ਗੱਡੀਆਂ ਨੂੰ ਕੱਟਦਾ ਹੈ। ਇਸ ਲਈ ਪਿਛਲੇ ਕੁੱਝ ਦਹਾਕਿਆਂ ਦੌਰਾਨ ਫੌਜ ਨੇ ਇਸ ਨੂੰ ਬੰਬਾਂ, ਮਿਜ਼ਾਇਲਾਂ ਅਤੇ ਗੋਲਿਆਂ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਹੈ। ਜਦੋਂ ਡਿਪਲੀਟਿਡ ਯੁਰੇਨੀਅਮ ਦੇ ਸਿਰੇ ਵਾਲਾ ਗੋਲਾ ਜਾਂ ਮਿਜ਼ਾਇਲ ਕਿਸੇ ਟੈਂਕ ਜਾਂ ਕੰਕਰੀਟ ਦੇ ਮੋਰਚੇ ਨਾਲ ਵੱਜ ਕੇ ਫੱਟਦਾ ਹੈ ਤਾਂ ਇਹ ਬਹੁਤ ਉੱਚੇ ਤਾਪਮਾਨ ਉੱਤੇ ਬਲਦਾ ਹੋਇਆ ਇਕ ਅੱਗ ਦਾ ਭਾਂਬੜ ਪੈਦਾ ਕਰਦਾ ਹੈ, ਉੱਚੇ ਤਾਪਮਾਨ ਕਾਰਨ ਇਹ ਟੈਂਕ ਦੀ ਮੋਟੀ ਚਾਦਰ ਜਾਂ ਮੋਰਚੇ ਦੀ ਕਈ ਮੀਟਰ ਮੋਟੀ ਕੰਕਰੀਟ ਦੀ ਤਹਿ ਨੂੰ ਪਾੜਦਾ ਹੋਇਆ ਆਪਣੇ ਸੰਪਰਕ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਰਾਖ ਵਿੱਚ ਤਬਦੀਲ ਕਰ ਦਿੰਦਾ ਹੈ, ਯੁਰੇਨੀਅਮ ਔਕਸਾਈਡ ਨਾਲ ਭਰਪੂਰ ਇਹ ਰਾਖ ਬਹੁਤ ਹੀ ਰੇਡੀਓਐਕਟਿਵ ਹੁੰਦੀ ਹੈ ਅਤੇ ਹਵਾ ਨਾਲ ਉੱਡ ਕੇ ਕਈ ਮੀਲਾਂ ਤੱਕ ਜਾ ਸਕਦੀ ਹੈ, ਸਾਹ ਲੈਣ ਨਾਲ ਮਨੁੱਖੀ ਸਰੀਰ ਅੰਦਰ ਦਾਖਲ ਹੋ ਸਕਦੀ ਹੈ, ਬੂਟਿਆਂ ਅਤੇ ਦਰੱਖਤਾਂ ਅਤੇ ਜਾਨਵਰਾਂ ਵਲੋਂ ਜਜ਼ਬ ਕੀਤੀ ਜਾ ਸਕਦੀ ਹੈ ਅਤੇ ਸਾਡੀਆਂ ਖਾਣ ਪੀਣ ਦੀਆਂ ਵਸਤਾਂ ਦਾ ਹਿੱਸਾ ਬਣ ਸਕਦੀ ਹੈ। ਧਰਤੀ ਵਿੱਚ ਜਜ਼ਬ ਹੋਣ ਤੋਂ ਬਾਅਦ ਇਹ ਧਰਤੀ ਹੇਠਲੇ ਪਾਣੀ ਵਿੱਚ ਰਲ ਸਕਦੀ ਹੈ ਅਤੇ ਉਸ ਵਿੱਚ ਯੁਰੇਨੀਅਮ ਦੀ ਮਿਕਦਾਰ ਨੂੰ ਸੈਂਕੜੇ ਗੁਣਾਂ ਵਧਾ ਸਕਦੀ ਹੈ।

(13) ਇਕ ਵਾਰ ਵਾਤਾਵਰਨ ਵਿੱਚ ਫੈਲਣ ਤੋਂ ਬਾਅਦ ਡਿਪਲੀਟਡ ਯੁਰੇਨੀਅਮ ਵਾਤਾਵਰਨ ਵਿੱਚ ਅਰਬਾਂ ਸਾਲ ਰਹਿੰਦਾ ਹੈ ਕਿਉਂਕਿ ਇਸ ਦੀ 'ਹਾਫ-ਲਾਈਫ' 4.5 ਅਰਬ ਸਾਲ ਹੈ। ਵਾਤਾਵਰਨ ਤੋਂ ਮਨੁੱਖੀ ਸਰੀਰ ਵਿੱਚ ਪਹੁੰਚਿਆ ਡਿਪਲੀਟਡ ਯੁਰੇਨੀਅਮ ਮਨੁੱਖਾਂ 'ਤੇ ਕਈ ਤਰਾਂ ਦੇ ਮਾਰੂ ਅਸਰ ਪਾਉਂਦਾ ਹੈ। ਇਸ ਨਾਲ ਕੈਂਸਰ ਹੋ ਸਕਦੀ ਹੈ. ਇਸ ਦੀ ਮਾਰ ਹੇਠ ਆਏ ਮਾਪਿਆਂ ਦੇ ਜੰਮਣ ਵਾਲੇ ਬੱਚੇ ਅਪੰਗ ਪੈਦਾ ਹੋ ਸਕਦੇ ਹਨ। ਇਸ ਨਾਲ ਮਨੁੱਖ ਦੇ ਅੰਦਰਲੇ ਅੰਗ ਫੇਲ ਹੋ ਸਕਦੇ ਹਨ ਅਤੇ ਵਿਅਕਤੀ ਵਿੱਚ ਏਡਜ਼ ਵਰਗੇ ਲੱਛਣ ਪੈਦਾ ਹੋ ਸਕਦੇ ਹਨ।

(14) ਪਿਛਲੇ ਕੁੱਝ ਸਾਲਾਂ ਦੌਰਾਨ ਜੰਗਾਂ ਵਿੱਚ ਅਮਰੀਕੀ ਅਤੇ ਉਸ ਦੀਆਂ ਭਾਈਵਾਲ ਫੌਜਾਂ ਨੇ ਕਿੰਨਾ ਕੁ ਡਿਪਲੀਟਡ ਯੂਰੇਨੀਅਮ ਵਾਤਾਵਰਣ ਵਿੱਚ ਫੈਲਾਇਆ ਹੈ ? ਇਸ ਬਾਰੇ ਵੱਖ ਵੱਖ ਰਿਪੋਰਟਾਂ ਵਿੱਚ ਦਿੱਤੀ ਜਾਣਕਾਰੀ ਵਿੱਚੋਂ ਕੁੱਝ ਅੰਕੜੇ ਸ਼ਾਮਲ ਹਨ। ਦਾਹਰ ਜਮੇਲ ਅਨੁਸਾਰ ਸੰਨ 2003 ਦੇ ਹਮਲੇ ਦੌਰਾਨ ਅਮਰੀਕਾ ਅਤੇ ਬਰਤਾਨੀਆ ਦੀਆਂ ਫੌਜਾਂ ਨੇ ਇਰਾਕ ਵਿੱਚ 1700 ਟਨ ਤੋਂ ਵੱਧ ਡਿਪਲੀਟਡ ਯੂਰੇਨੀਅਮ ਵਰਤਿਆ ਸੀ ਅਤੇ 1991 ਦੀ ਖਾੜੀ ਦੀ ਜੰਗ (ਗਲਫ ਵਾਰ) ਦੌਰਾਨ 320 ਟਨ ਡਿਪਲੀਟਡ ਯੂਰੇਨੀਅਮ ਵਰਤਿਆ ਗਿਆ ਸੀ. (15) ਬੈਰੀ ਸੈਂਡਰਜ਼ ਅਨੁਸਾਰ ਸੰਨ 1991 ਦੀ ਖਾੜੀ ਜੰਗ ਸਮੇਂ ਅਮਰੀਕੀ ਫੌਜਾਂ ਉੱਤੇ ਬੰਦਸ਼ਾਂ ਸਨ ਕਿ ਉਹ ਡਿਪਲਿਟਡ ਯੁਰੇਨੀਅਨ ਦੀ ਵਰਤੋਂ ਮਾਰੂਥਲ ਵਿੱਚ ਮਨੁੱਖੀ ਵਸੋਂ ਤੋਂ ਦੂਰ ਹੀ ਕਰ ਸਕਦੀਆਂ ਸਨ। ਪਰ 2003 ਦੀ ਇਰਾਕ ਦੀ ਜੰਗ ਦੌਰਾਨ ਇਸ ਤਰਾਂ ਦੀਆਂ ਬੰਦਸ਼ਾਂ ਨਹੀਂ ਸਨ। ਨਤੀਜੇ ਵਜੋਂ ਇਸ ਵਾਰ ਫੌਜ ਵਲੋਂ ਡਿਪਲੀਟਡ ਯੂਰੇਨੀਅਮ ਦੀ ਵਰਤੋਂ ਵਸੋਂ ਵਾਲੇ ਇਲਾਕਿਆਂ ਵਿੱਚ ਵੀ ਕੀਤੀ ਗਈ.(16) ਲਿਉਰੈਨ ਮੋਰੈਟ ਅਨੁਸਾਰ ਸੰਨ 2001 ਵਿੱਚ ਅਫਗਾਨਿਸਤਾਨ ਵਿੱਚ 800 ਤੋਂ 1000 ਟਨ ਡਿਪਲੀਟਡ ਯੁਰੇਨੀਅਮ ਵਰਤਿਆ ਗਿਆ ਸੀ।

(17) ਇਰਾਕ ਅਤੇ ਅਫਗਾਨਿਸਤਾਨ ਵਿੱਚ ਡਿਪਲੀਟਡ ਯੂਰੇਨੀਅਮ ਦੀ ਵਰਤੋਂ ਉੱਥੋਂ ਦੇ ਲੋਕਾਂ ਦੀ ਸਿਹਤ ਉੱਪਰ ਬਹੁਤ ਹੀ ਮਾਰੂ ਅਸਰ ਪਾ ਰਹੀ ਹੈ। ਇਰਾਕ ਬਾਰੇ ਛਪੀਆਂ ਬਹੁਤ ਸਾਰੀਆਂ ਰਿਪੋਰਟਾਂ ਅਤੇ ਅਧਿਅਨ ਇਹ ਦਰਸਾਉਂਦੇ ਹਨ ਕਿ ਇਰਾਕ ਦੀਆਂ ਦੋਵੇਂ ਜੰਗਾਂ ਤੋਂ ਬਾਅਦ ਉੱਥੋਂ ਦੇ ਲੋਕਾਂ ਵਿੱਚ ਕੈਂਸਰ ਦੀ ਬੀਮਾਰੀ ਬਹੁਤ ਜ਼ਿਆਦਾ ਵੱਧ ਗਈ ਹੈ। ਇਰਾਕ ਦੀ ਕਲਾਕਾਰਾ ਅਤੇ ਲੇਖਕਾ ਨੁਹਾ ਅਲ ਰਾਦੀ ਦੀ ਡਾਇਰੀ (ਬਗਦਾਦ ਡਾਇਰੀਜ਼) ਵਿੱਚੋਂ ਕੁੱਝ ਸ਼ਬਦ ਇਸ ਸਥਿਤੀ ਦਾ ਇਸ ਤਰਾਂ ਬਿਆਨ ਕਰਦੇ ਹਨ : ਜਾਪਦਾ ਹੈ ਕਿ ਹਰ ਕੋਈ ਕੈਂਸਰ ਨਾਲ ਮਰ ਰਿਹਾ ਹੈ. ਹਰ ਰੋਜ਼ ਕਿਸੇ ਦੋਸਤ ਜਾਂ ਮਿੱਤਰ ਦੇ ਮਰਨ ਦੀ ਖਬਰ ਸੁਣਨ ਨੂੰ ਮਿਲਦੀ ਹੈ। ਹਸਪਤਾਲਾਂ ਵਿੱਚ ਹੋਰ ਕਿੰਨੇ ਲੋਕ ਮਰਦੇ ਹਨ ਜਿਨਾਂ ਨੂੰ ਅਸੀਂ ਨਹੀਂ ਜਾਣਦੇ. ਜ਼ਾਹਰਾ ਤੌਰ 'ਤੇ 30 ਫੀਸਦੀ ਤੋਂ ਵੱਧ ਇਰਾਕੀ ਲੋਕਾਂ ਨੂੰ ਕੈਂਸਰ ਹੈ ਅਤੇ ਬਹੁਤ ਸਾਰੇ ਬੱਚਿਆਂ ਨੂੰ ਲਕੀਮੀਆ। ਅਮਰੀਕਾ ਦੇ ਬੰਬਾਂ ਕਾਰਨ ਪਿੱਛੇ ਰਹਿ ਗਏ ਯੁਰੇਨੀਅਮ ਨੇ ਇਰਾਕ ਨੂੰ ਕੈਂਸਰ ਪੀੜਤ ਦੇਸ਼ ਬਣਾ ਦਿੱਤਾ ਹੈ। ਆਉਣ ਵਾਲੇ ਸੈਂਕੜੇ ਸਾਲਾਂ ਦੌਰਾਨ ਡਿਪਲੀਟਡ ਯੂਰੇਨੀਅਮ ਇਰਾਕ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਆਪਣਾ ਕਹਿਰ ਵਰਤਾਉਂਦਾ ਰਹੇਗਾ।

(18) ਫਰਵਰੀ 2010 ਵਿੱਚ ਅਲਜਜ਼ੀਰਾ ਦੇ ਵੈੱਬਸਾਈਟ ਉੱਪਰ ਛਪੇ ਇਕ ਆਰਟੀਕਲ ਵਿੱਚ ਜਲਾਲ ਗਾਜ਼ੀ ਲਿਖਦਾ ਹੈ ਕਿ ਬਗਦਾਦ ਦੇ ਦੱਖਣ ਦੇ ਸੂਬੇ ਬਾਬਿਲ ਵਿੱਚ 2004 ਵਿੱਚ ਕੈਂਸਰ ਦੀ ਬੀਮਾਰੀ ਦੇ 500 ਕੇਸ ਸਨ ਅਤੇ ਸੰਨ 2009 ਵਿੱਚ ਇਨਾਂ ਕੇਸਾਂ ਦੀ ਗਿਣਤੀ 9082 ਤੱਕ ਪਹੁੰਚ ਗਈ ਸੀ। ਇਸ ਹੀ ਤਰਾਂ ਸੰਨ 2005 ਵਿੱਚ ਇਰਾਕ ਦੇ ਸ਼ਹਿਰ ਬਸਰੇ ਵਿੱਚ ਕੈਂਸਰ ਦੇ 1885 ਕੇਸ ਸਨ ਅਤੇ ਸੰਨ 2007 ਵਿੱਚ ਇਹ ਗਿਣਤੀ 3071 ਹੋ ਗਈ ਸੀ। ਉੱਥੋਂ ਦੇ ਕੈਂਸਰ ਨਾਲ ਸਬੰਧਤ ਸੈਂਟਰ ਦੇ ਡਾਇਰੈਕਟਰ ਦਾ ਕਹਿਣਾ ਹੈ ਕਿ ਹੁਣ ਹਰ ਮਹੀਨੇ 1250 ਤੋਂ 1500 ਕੈਂਸਰ ਦੇ ਮਰੀਜ਼ ਉਸ ਦੇ ਸੈਂਟਰ ਵਿੱਚ ਆਉਂਦੇ ਹਨ। (19) ਇਨਾਂ ਇਲਾਕਿਆਂ ਦੇ ਵਾਤਾਵਰਨ ਵਿੱਚ ਡਿਪਲੀਟਡ ਯੂਰੇਨੀਅਮ ਦੇ ਫੈਲਣ ਕਾਰਨ ਉੱਥੋਂ ਦੇ ਲੋਕਾਂ ਵਿੱਚ ਸਿਰਫ ਕੈਂਸਰ ਦੀ ਬੀਮਾਰੀ ਹੀ ਨਹੀਂ ਵੱਧ ਰਹੀ ਸਗੋਂ ਉੱਥੇ ਜੰਮਣ ਵਾਲੇ ਬੱਚੇ ਵੀ ਅਪੰਗ ਪੈਦਾ ਹੋ ਰਹੇ ਹਨ। ਸੰਨ 2004 ਵਿੱਚ ਅਮਰੀਕਾ

ਦੀਆਂ ਫੌਜਾਂ ਨੇ ਫਲੂਜਾ ਉੱਪਰ ਬਹੁਤ ਵੱਡੀ ਬੰਬਾਰੀ ਕੀਤੀ ਸੀ। ਨਤੀਜੇ ਵੱਜੋਂ ਇਸ ਸਮੇਂ ਉੱਥੇ ਜੰਮਣ ਵਾਲੇ 25 ਫੀਸਦੀ ਬੱਚਿਆਂ ਵਿੱਚ ਕੋਈ ਨਾ ਕੋਈ ਗੰਭੀਰ ਵਿਗਾੜ ਹੁੰਦਾ ਹੈ। (20) ਇਕ ਹੋਰ ਰਿਪੋਰਟ ਅਨੁਸਾਰ ਦੱਖਣੀ ਇਰਾਕ ਵਿੱਚ ਬਹੁਤ ਸਾਰੇ ਅਜਿਹੇ ਬੱਚੇ ਪੈਦਾ ਹੋ ਰਹੇ ਹਨ ਜਿਨਾਂ ਦੇ ਦਿਮਾਗ ਨਹੀਂ ਹਨ, ਜਿਹਨਾਂ ਦੇ ਅੰਦਰੂਨੀ ਅੰਗ ਸਰੀਰ ਦੇ ਬਾਹਰ ਹਨ, ਕਈ ਬੱਚਿਆਂ ਦੇ ਜਣਨ-ਅੰਗ ਨਹੀਂ ਹਨ, ਕਈਆਂ ਦੇ ਰੀੜ ਦੀਆਂ ਹੱਡੀਆਂ ਨਹੀਂ ਹਨ। ਇਰਾਕ ਵਿੱਚ ਜੰਮਣ ਵਾਲੇ ਬੱਚਿਆਂ ਵਿੱਚ ਕੋਈ ਗੰਭੀਰ ਵਿਗਾੜ ਹੋਣ ਦਾ ਏਨਾ ਵੱਡਾ ਖਤਰਾ ਹੈ ਕਿ ਆਮ ਤੌਰ 'ਤੇ ਬੱਚੇ ਦੇ ਜਨਮ 'ਤੇ ਮਾਵਾਂ ਇਹ ਨਹੀਂ ਪੁੱਛਦੀਆਂ ਕਿ ਬੱਚਾ ਮੁੰਡਾ ਹੈ ਜਾਂ ਕੁੜੀ ਸਗੋਂ ਇਹ ਪੁੱਛਦੀਆਂ ਹਨ ਕਿ ਬੱਚੇ ਵਿੱਚ ਕੋਈ ਵਿਗਾੜ ਤਾਂ ਨਹੀਂ।

(21) ਅਫਗਾਨਿਸਤਾਨ ਦੇ ਜਿਨਾਂ ਇਲਾਕਿਆਂ ਵਿੱਚ ਵੀ ਡਿਪਲੀਟਡ ਯੂਰੇਨੀਅਮ ਵਾਲੇ ਬੰਬਾਂ ਦੀ ਵਰਤੋਂ ਕੀਤੀ ਗਈ ਸੀ, ਉਨਾਂ ਇਲਾਕਿਆਂ ਵਿੱਚ ਵੀ ਕਈ ਤਰਾਂ ਨਾਲ ਅਪੰਗ ਬੱਚੇ ਪੈਦਾ ਹੋ ਰਹੇ ਹਨ। ਅਫਗਾਨ ਡਿਪਲੀਟਡ ਯੁਰੇਨੀਅਮ ਅਤੇ ਰੀਕਵਰੀ ਫੰਡ ਦੇ ਡਾਇਰੈਕਟਰ ਡਾ. ਦਾਊਦ ਮਿਰਾਕੀ ਦਾ ਕਹਿਣਾ ਹੈ ਕਿ ਪੱਛਮੀ ਅਤੇ ਦੱਖਣੀ-ਪੱਛਮੀ ਅਫਗਾਨਿਸਤਾਨ ਵਿੱਚ ਜੰਮਣ ਵਾਲੇ ਬੱਚਿਆਂ ਵਿੱਚੋਂ ਕਈਆਂ ਦੇ ਅੱਖਾਂ ਨਹੀਂ ਹੁੰਦੀਆਂ, ਕਈਆਂ ਦੇ ਹੱਥ-ਪੈਰ ਨਹੀਂ ਹੁੰਦੇ ਅਤੇ ਕਈਆਂ ਦੇ ਮੂੰਹਾਂ ਅਤੇ ਅੱਖਾਂ ਵਿੱਚ ਬਾਹਰ ਨੂੰ ਵਧੀਆਂ ਹੋਈਆਂ ਰਸੌਲੀਆਂ ਹੁੰਦੀਆਂ ਹਨ।

(22) ਬੇਸ਼ੱਕ ਅਮਰੀਕੀ ਫੌਜ ਵੱਲੋਂ ਇਹ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿ ਇਰਾਕ ਅਤੇ ਅਫਗਾਨਿਸਤਾਨ ਵਿੱਚ ਲੋਕਾਂ ਵਿੱਚਕਾਰ ਇਸ ਤਰਾਂ ਦੀਆਂ ਬੀਮਾਰੀਆਂ ਦੇ ਵਾਧੇ ਅਤੇ ਇਹਨਾਂ ਦੇਸ਼ਾਂ ਦੀਆਂ ਜੰਗਾਂ ਦੌਰਾਨ ਵਰਤੇ ਗਏ ਡਿਪਲੀਟਡ

ਯੂਰੇਨੀਅਮ ਦਾ ਕੋਈ ਸਬੰਧ ਹੈ, ਪਰ ਬਹੁਤ ਸਾਰੇ ਲੋਕ ਅਤੇ ਡਾਕਟਰ ਇਹ ਦਾਅਵਾ ਕਰ ਰਹੇ ਹਨ ਕਿ ਇਨਾਂ ਦੋਹਾਂ ਦਾ ਸਿੱਧਾ ਸਬੰਧ ਹੈ। ਜਿਵੇਂ ਪਹਿਲਾਂ ਕਿਹਾ ਜਾ ਚੁੱਕਾ ਹੈ ਕਿ ਇਕ ਵਾਰ ਵਾਤਾਵਰਨ ਵਿੱਚ ਫੈਲਿਆ ਯੂਰੇਨੀਅਮ ਆਉਣ ਵਾਲੇ ਹਜ਼ਾਰਾਂ ਸਾਲਾਂ ਤੱਕ ਰਹਿੰਦਾ ਹੈ, ਇਸ ਲਈ ਇਹ ਨਤੀਜਾ ਕੱਢਣਾ ਕੋਈ ਗਲਤ ਨਹੀਂ ਕਿ ਬੇਸ਼ੱਕ ਇਹ ਜੰਗਾਂ ਖਤਮ ਵੀ ਹੋ ਜਾਣ ਅਤੇ ਵਿਦੇਸ਼ੀ ਫੌਜਾਂ ਇਨਾਂ ਦੇਸ਼ਾਂ ਤੋਂ ਬਾਹਰ ਵੀ ਆ ਜਾਣ, ਫਿਰ ਵੀ ਇਨਾਂ ਦੇਸ਼ਾਂ ਦੇ ਲੋਕ ਵਾਤਾਵਰਨ ਦੇ ਇਸ ਪ੍ਰਦੂਸ਼ਨ ਕਾਰਨ ਆਉਣ ਵਾਲੇ ਲੰਮੇ ਸਮੇਂ ਤੱਕ ਦੁੱਖ ਝਲਦੇ ਰਹਿਣਗੇ।

ਬੇਸ਼ੱਕ ਇੱਥੇ ਅਸੀਂ ਅਮਰੀਕਾ ਅਤੇ ਉਸ ਦੇ ਭਾਈਵਾਲਾਂ ਵੱਲੋਂ ਡਿਪਲੀਟਡ ਯੂਰੇਨੀਅਮ ਵਾਲੇ ਹਥਿਆਰ ਵਰਤਣ ਦੀਆਂ ਉਦਾਹਰਨਾਂ ਹੀ ਦਿੱਤੀਆਂ ਹਨ ਪਰ ਕੈਂਪਨ ਅਗੇਂਸਟ ਡਿਪਲੀਟਡ ਯੂਰੇਨੀਅਮ ਦੇ ਇਕ ਲੀਫਲੈੱਟ ਅਨੁਸਾਰ ਇਸ ਸਮੇਂ

ਦੁਨੀਆ ਵਿੱਚ 18 ਦੇਸ਼ਾਂ ਕੋਲ ਇਹ ਹਥਿਆਰ ਹਨ. ਇਹ ਦੇਸ਼ ਹਨ: ਯੂ.ਕੇ., ਅਮਰੀਕਾ, ਫਰਾਂਸ, ਰੂਸ, ਚੀਨ, ਗਰੀਸ,

ਤੁਰਕੀ, ਥਾਈਲੈਂਡ, ਤਾਇਵਾਨ, ਇਜ਼ਰਾਇਲ, ਬਹਿਰੀਨ, ਮਿਸਰ, ਕੁਵੈਤ, ਸਾਊਦੀ ਅਰਬੀਆ, ਹਿੰਦੁਸਤਾਨ, ਬੈਲਰੂਸ, ਪਾਕਿਸਤਾਨ ਅਤੇ ਓਮਾਨ। ਸਾਫ ਹੈ ਕਿ ਇਨਾਂ ਦੇਸ਼ਾਂ ਵੱਲੋਂ ਇਹ ਹਥਿਆਰ ਵਰਤੇ ਜਾਣ ਦੀ ਸੰਭਾਵਨਾ ਸਦਾ ਬਣੀ ਰਹੇਗੀ। ਇਹਨਾਂ ਦੇਸ਼ਾਂ ਵਿੱਚ ਬਹੁਤਿਆਂ ਨੂੰ ਇਹ ਹਥਿਆਰ ਅਮਰੀਕਾ ਵੱਲੋਂ ਵੇਚੇ ਗਏ ਹਨ ਪਰ ਯੂ.ਕੇ. ਫਰਾਂਸ ਅਤੇ ਪਾਕਿਸਤਾਨ ਨੇ ਇਹ ਹਥਿਆਰ ਆਪਣੇ ਤੌਰ ਉੱਤੇ ਤਿਆਰ ਕੀਤੇ ਹਨ।


Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H

(Ex Homeopathic Medical officer Punjab Govt.)



ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:

510-240-5949

Email:asrtimes@gmail.com



jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com